28-May-Sunday.qxd 5/27/2023 10:41 PM Page 1




ਜੀ ਐੱਨ ਦੇਵੀ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ

# ਨਵਾਂ ਜ਼ਮਾਨਾ ਐਤਵਾਰਤਾ

ਅੱਖਰਾਂ ਦੀ ਤਪਸ਼ ਨਾਲ
ਬੇਦਾਵੇ ਪਿਘਲ ਜਾਂਦੇ
ਅਹਿਸਾਸ ਦਿਲਾਂ ਦੇ ਹਵਾਵਾਂ ਨੂੰ
ਸੁਣਾਉਂਦੇ ਨੇ ਅੱਖਰ।
-ਪ੍ਰੋ. ਕੁਲਵੰਤ ਔਜਲਾ

Regd. No : Pb/JL-123/2021-2023, (R.N.I.)-00068/57 | ਜਲੰਧਰ : ਐਤਵਾਰ, 28 ਮਈ 2023 | www.nawanzamana.in | ਕੀਮਤ 5.00 ਰੁਪਏ


ਸਫ਼ਰਨਾਮਾ

## ਜਗਤਾਰ ਸਿੰਘ ਭੁੰਗਰਨੀ

# ਨਾਗਰਿਕ ਅਧਿਕਾਰ ਲਹਿਰ ਦੇ ਆਗੂ ਮਾਰਟਿਨ ਲੂਥਰ ਕਿੰਗ

ਭਾਵੇਂ ਅਮਰੀਕਾ ਦੀ ਮੇਰੀ ਇਹ ਚੌਥੀ ਫੇਰੀ ਹੈ, ਮੈਨੂੰ ਭਾਵੇਂ ਯੂ ਐੱਸ ਏ ਦੀਆਂ ਵੱਖ-ਵੱਖ ਸਟੇਟਾਂ ਵਿੱਚ ਘੁੰਮਣ ਦਾ ਮੌਕਾ ਵੀ ਮਿਲਿਆ, ਜਿਵੇਂ ਫਲੋਰੀਡਾ ਸਟੇਟ, ਔਰਲਾਂਡੋ ਦਾ ਡਿਜ਼ਨੀਵਰਡ ਤੇ ਯੂਨੀਵਰਸਲ ਹੋਵੇ, ਸਾਊਥ ਕੈਰਲੀਨਾ ਦੇ ਵੈਸਟ ਕੋਲੰਬੀਆ ਦਾ ਇਤਿਹਾਸਿਕ ਸਟੇਟ ਹਾਊਸ, ਨਿਊਯਾਰਕ ਦਾ 9/11 ਦਾ ਇਤਿਹਾਸਕ ਵਰਲਡ ਟਰੇਡ ਸੈਂਟਰ, ਜਰਸੀ ਸਟੇਟ 'ਚ ਸਵਾਮੀ ਨਰਾਇਣ ਦਾ ਬਹੁਤ ਸੁੰਦਰ ਉਸਰ ਰਿਹਾ ਮੰਦਰ, ਵਰਜੀਨੀਆ ਸਮੁੰਦਰ 'ਚ 13 ਮੀਲ ਲੰਮੀ ਫੋਰ ਲੇਨ ਵਿਛਾਈ ਟਨਲ (ਸੁਰੰਗ) ਅਤੇ ਉੱਪਰ ਵੱਡੇ-ਵੱਡੇ ਜਹਾਜ਼ ਚੱਲਦੇ ਹਨ ਅਤੇ ਹੋਰ ਇਤਿਹਾਸਕ ਥਾਂਵਾਂ 'ਤੇ ਜਾਣ ਦਾ ਮੌਕਾ ਮਿਲਿਆ।

ਇਸ ਵਾਰ ਮੈਨੂੰ ਕਾਲੇ ਜਾਤੀ ਨਾਲ ਜਾਣੇ ਜਾਂਦੇ ਅਫਰੀਕੀ-ਅਮਰੀਕੀ ਨਾਲ ਪਿਛਲੇ ਸਮਿਆਂ ਦੌਰਾਨ ਕੀਤੇ ਜਾਂਦੇ ਵਿਤਕਰਿਆਂ ਬਾਰੇ ਅਤੇ ਉਹਨਾਂ ਵੱਲੋਂ ਕੀਤੇ ਸੰਘਰਸ਼ਾਂ ਬਾਰੇ ਕੁਝ ਪੜ੍ਹਨ ਲਈ ਮਿਲਿਆ, ਜਿਸ ਦੀ ਜਾਣਕਾਰੀ ਹਾਸਲ ਕਰਨ ਵਾਰੇ ਸਾਊਥ ਕੇਰੋਲੀਨਾ ਦੀ ਕਾਲਿਆਂ ਵਜੋਂ ਜਾਣੀ ਜਾਂਦੀ ਯੂਨੀਵਰਸਿਟੀ ਦੇਖਣ ਲਈ ਗਿਆ, ਜਿੱਥੇ ਮੈਂ ਅਫਰੀਕੀ-ਅਮਰੀਕੀ ਕਾਲੇ ਦੇ ਲੱਗੇ ਆਦਮ-ਕੱਦ ਬੁੱਤ ਬਾਰੇ ਜਾਣਕਾਰੀ ਲੈਣ 'ਤੇ ਪਤਾ ਚੱਲਿਆ ਕਿ ਜਿਸ ਸਮੇਂ ਇਨ੍ਹਾਂ ਕਾਲੇ ਲੋਕਾਂ ਨੂੰ ਇਨ੍ਹਾਂ ਦੇਸ਼ਾਂ ਵਿਚ ਵਿਤਕਰਾ ਅਤੇ ਨਫਰਤ ਦੀ ਨਿਗਾਹ ਨਾਲ ਦੇਖਿਆ ਜਾਂਦਾ ਸੀ ਅਤੇ ਵਿਦਿਆਰਥੀ ਲਾਈਨ ਤੋਂ ਦੂਰ ਰੱਖਿਆ ਜਾਂਦਾ ਸੀ ਅਤੇ ਬੱਸਾਂ ਵਿੱਚ ਵੀ ਬਰਾਬਰ ਸੀਟ 'ਤੇ ਬੈਠਣ ਦਾ ਹੱਕ ਨਹੀਂ ਸੀ ਅਤੇ ਸੀਟ 'ਤੇ ਬੈਠੇ ਕਾਲੇ ਵਿਆਕਤੀ ਨੂੰ ਗੋਰੇ ਨੂੰ ਸੀਟ ਦੇਣ ਲਈ ਖੜੇ ਹੋਣਾ ਪੈਂਦਾ ਸੀ। ਉਨ੍ਹਾਂ ਮੌਕਿਆਂ 'ਤੇ ਗਰੀਬ ਪਰਵਾਰ ਨਾਲ ਸੰਬੰਧਤ ਇਕ ਅਫਰੀਕੀ-ਅਮਰੀਕੀ ਕਾਲੇ ਨੇ ਇਸੇ ਯੂਨੀਵਰਸਿਟੀ ਤੋਂ ਉੱਚ ਵਿੱਦਿਆ ਹਾਸਲ ਕਰਕੇ ਯੂ ਐੱਸ ਏ ਦਾ ਬਹੁਤ ਵੱਡਾ ਅਹੁਦਾ ਹਾਸਲ ਕੀਤਾ। ਦੱਸਣਯੋਗ ਹੈ ਕਿ ਇਸੇ ਸਟੇਟ ਵਿੱਚ ਹਿੰਦੋਸਤਾਨ ਤੋਂ ਪੰਜਾਬ ਦੀ ਜੰਮਪਲ ਧੀ ਨਿੱਕੀ ਹੈਲੀ (ਨਿਮਰਤਾ) ਪੁੱਤਰੀ ਮਾਤਾ ਰਾਜ ਕੌਰ, ਪਿਤਾ ਅਜੀਤ ਸਿੰਘ ਰੰਧਾਵਾ ਇੱਥੋਂ ਦੇ ਗਵਰਨਰ ਅਤੇ ਯੂ ਐੱਨ ਓ ਦੇ ਅੰਬੈਸਡਰ ਵੀ ਰਹੇ ਹਨ। ਪਿਛਲੇ ਦਿਨੀਂ ਅਸੀਂ ਪਰਵਾਰ ਸਮੇਤ ਸਾਊਥ ਕੈਰੇਲੀਨਾ ਸਟੇਟ ਦੇ ਵੈੱਸਟ ਕੋਲੰਬੀਆ ਸਿਟੀ ਤੋਂ ਮੈਰੀਲੈਂਡ ਸਟੇਟ ਦੇ ਬਾਲਟੀਮੋਰ ਸਿਟੀ ਲਈ ਆਪਣੇ ਰਿਸ਼ਤੇਦਾਰ ਪਰਵਾਰ ਦੇ ਇਕ ਲੋਹੜੀ ਸਮਾਗਮ 'ਚ ਸ਼ਾਮਲ ਹੋਣ ਲਈ ਕਾਰ ਰਾਹੀਂ 95 ਹਾਈਵੇ ਲੈ ਕੇ ਚੱਲੇ। ਅੱਠ ਘੰਟੇ ਦਾ ਸਫਰ ਲਗਭਗ 11 ਘੰਟੇ ਵਿੱਚ ਕਰਕੇ ਤੜਕੇ 2 ਵਜੇ ਪਹੁੰਚੇ, ਕਿਉਂਕਿ ਮੀਂਹ ਅਤੇ ਹਨੇਰੀ ਕਾਰਨ ਹਾਈਵੇ 'ਤੇ ਇਕ ਵੱਡਾ ਦਰਖੱਤ ਡਿਗਣ ਕਾਰਨ ਕਈ ਮੀਲ ਲੰਮਾ ਟ੍ਰੈਫਿਕ ਜਾਮ ਲੱਗ ਗਿਆ ਸੀ। ਇੱਥੇ ਇਹ ਜ਼ਿਕਰ ਵੀ ਕਰਨਾ ਬਣਦਾ ਹੈ ਕਿ ਹਰ ਇਕ ਹਾਈਵੇ 'ਤੇ 25-30 ਮੀਲ 'ਤੇ ਇਕ ਫੋਕਲ ਪੁਆਇੰਟ ਹੁੰਦਾ ਹੈ, ਜਿਸ ਨੂੰ ਰੈਸਟ ਏਰੀਆ ਕਹਿੰਦੇ ਹਨ, ਏਅਰ ਕੰਡੀਸ਼ਨਰ ਹੁੰਦਾ ਹੈ, ਉਥੇ ਯਾਤਰੀਆਂ ਦੇ ਰੁਕਣ ਲਈ ਕਾਰ ਪਾਰਕਿੰਗ, ਸਾਫ-ਸੁਥਰੇ ਆਟੋਮੈਟਿਕ ਵਾਸ਼ਰੂਮ ਦਾ ਪ੍ਰਬੰਧ, ਬੈਠਣ ਅਤੇ ਖਾਣ-ਪੀਣ ਦਾ ਵਧੀਆ ਪ੍ਰਬੰਧ ਹੁੰਦਾ ਹੈ। ਕੋਈ ਵੀ ਖੁੱਲ੍ਹੇ ਵਿੱਚ ਵਾਸ਼ਰੂਮ ਨਹੀ ਕਰ ਸਕਦਾ, ਕੋਈ ਵੀ ਕਚਰਾ ਬਾਹਰ ਨਹੀਂ ਸੁੱਟ ਸਕਦਾ। ਬਾਲਟੀਮੋਰ (ਮੈਰੀਲੈਂਡ) ਦਾ ਇਕ ਵੱਡਾ ਸਿਟੀ ਹੈ, ਇੱਥੇ ਬੰਦਰਗਾਹ ਵੀ ਹੈ ਅਤੇ ਇਸ ਸਿਟੀ ਵਿੱਚ ਵਰਜੀਨੀਆ ਵਾਲੇ ਪਾਸੇ ਤੋਂ ਦਾਖਲ ਹੋਣ ਲਈ ਸਮੁੰਦਰ ਵਿੱਚੋਂ ਲੰਘਦੀ ਲਗਭਗ 2-3 ਮੀਲ ਲੰਮੀ, ਡੂੰਘੀ ਟਨਲ (ਸੁਰੰਗ) ਹੈ, ਜਿਸ ਦੇ ਵਿੱਚੋਂ ਚਾਰ ਮਾਰਗਾਂ ਵਾਲੀ ਹਾਈਵੇ ਲੰਘਦੀ ਹੈ ਅਤੇ ਉੱਪਰ ਵੱਡੇ ਸ਼ਿੱਪ ਚਲਦੇ ਹਨ। ਸਾਡੇ ਕੋਲ ਅਗਲਾ ਦਿਨ ਵਿਹਲਾ ਹੋਣ ਕਾਰਨ ਸਵੇਰੇ ਗੁਰਦਵਾਰਾ ਸਾਹਿਬ ਮੱਥਾ ਟੇਕਣ ਗਏ। ਉੱਥੇ ਸਾਡੇ ਇਲਾਕੇ ਤੋਂ ਗਏ ਮਸ਼ਹੂਰ ਕੀਰਤਨੀਏ ਭਾਈ ਤਰਲੋਕ ਸਿੰਘ ਨਸੀਰਾਬਾਦ ਤੇ ਉਹਨਾ ਦੇ ਸਾਥੀ ਭਾਈ ਗੁਰਚਰਨ ਸਿੰਘ ਫੁਗਲਾਣਾ, ਭਾਈ ਸਰਬਜੀਤ ਸਿੰਘ ਨੂੰ ਵੀ ਮਿਲੇ ਅਤੇ ਸ਼ਾਮ ਨੂੰ ਇਸੇ ਸ਼ਹਿਰ ਰਹਿੰਦੇ ਮੋਨਾਂ ਕਲਾਂ ਤੋਂ ਮੇਰੇ ਦੋਸਤ ਮੱਖਣ ਸਿੰਘ ਅਤੇ ਪੰਜਾਬ ਰੋਡਵੇਜ਼ ਦੇ ਰਿਟਾਇਰਡ ਸਾਥੀ ਦਿਲਬਾਗ ਸਿੰਘ ਹੁਰਾਂ ਦੇ ਪਰਵਾਰ ਨੂੰ ਵੀ ਮਿਲਣ ਲਈ ਗਏ। ਸ਼ਾਮ ਨੂੰ ਲੋਹੜੀ ਦਾ ਸਮਾਗਮ ਵੀ ਪੰਜਾਬ ਦੇ ਸਾਰੇ ਮਿੱਤਰਾਂ-ਦੋਸਤਾਂ ਅਤੇ ਸਕੇ-ਸੰਬੰਧੀਆਂ ਨੇ ਇਕੱਠੇ ਹੋ ਕੇ ਧੂਮ-ਧਾਮ ਨਾਲ ਮਨਾਇਆ। ਦੋ ਦਿਨ ਠਹਿਰਨ ਉਪਰੰਤ ਪਹਿਲਾਂ ਤਹਿ ਕੀਤੇ ਪ੍ਰੋਗਰਾਮ ਅਨੁਸਾਰ ਜਸਵੀਰ ਸਿੰਘ ਕਾਹਮਾ, ਜੋ ਇਸੇ ਸਮਾਗਮ 'ਤੇ ਆਏ ਸਨ, ਉਹਨਾ ਨਾਲ ਕਾਰ ਰਾਹੀਂ 4 ਘੰਟੇ ਦਾ ਸਫਰ ਤਹਿ ਕਰਦੇ ਡੈਲਵੇਅਰ ਅਤੇ ਜਰਸੀ ਰਾਹੀਂ ਹੁੰਦੇ ਹੋਏ ਨਿਊ ਯਾਰਕ ਲਈ ਰਵਾਨਾ ਹੋਏ। ਰਸਤੇ ਵਿੱਚ ਡੈਲਵੇਅਰ ਦਰਿਆ 'ਤੇ ਇਕ ਬਹੁਤ ਮਸ਼ਹੂਰ ਪੁਲ ਅਤੇ ਨਿਊ ਯਾਰਕ ਏਰੀਜੋਨਾ ਦੇ ਪੁਲ ਤੋਂ ਗੁਜ਼ਰ ਕੇ ਨਿਊ ਯਾਰਕ ਚ 15 ਜਨਵਰੀ ਨੂੰ ਪ੍ਰਵੇਸ਼ ਕੀਤਾ। ਰਾਤ ਠਹਿਰਨ ਉਪਰੰਤ ਸਵੇਰ 16 ਜਨਵਰੀ ਸੋਮਵਾਰ ਬਾਹਰ ਘੁੰਮਣ ਨਿਕਲੇ, ਬਹੁਤ ਜ਼ਿਆਦਾ ਠੰਢ ਹੋਣ ਕਾਰਨ ਮੋਟੀਆਂ ਜੈਕਟਾਂ ਪਹਿਨ ਕੇ ਲਾਗੇ ਮਾਰਕੀਟ ਗਏ ਤਾਂ ਦੇਖਿਆ ਕਿ ਸਾਰੀਆਂ ਮਾਰਕੀਟਾਂ ਬੰਦ ਸਨ ਅਤੇ ਕੁਝ ਇੰਡੀਅਨ ਸਟੋਰ ਖੁੱਲ੍ਹੇ ਨਜ਼ਰ ਆਏ।

ਮੈਂ ਆਪਣੇ ਰਿਸ਼ਤੇਦਾਰ ਜਸਵੀਰ ਸਿੰਘ ਕਾਹਮਾ ਅਤੇ ਜੋਗਾ ਸਿੰਘ ਲੌਂਗੀਆ, ਜੋ ਮੇਰੇ ਨਾਲ ਸਨ, ਮਾਰਕੀਟਾਂ ਬੰਦ ਹੋਣ ਵਾਰੇ ਪੁੱਛਿਆ ਤਾਂ ਉਹਨਾਂ ਦੱਸਿਆ ਕਿ ਅੱਜ ਅਮਰੀਕਾ ਦੇ ਇਕ ਉੱਘੇ ਨਾਗਰਿਕ ਅਧਿਕਾਰ ਲਹਿਰ ਦੇ ਆਗੂ (ਜਿਸ ਨੂੰ ਹਿੰਦੁਸਤਾਨ ਦਾ ਗਾਂਧੀ ਵੀ ਕਿਹਾ ਜਾਂਦਾ ਹੈ)। ਮਾਰਟਿਨ ਲੂਥਰ ਕਿੰਗ ਜੂਨੀਅਰ ਦਾ ਜਨਮ ਦਿਨ ਹੈ। ਇਸ ਲਈ ਅੱਜ ਸਮੁੱਚੇ ਅਮਰੀਕਾ ਵਿੱਚ ਨੈਸ਼ਨਲ ਛੁੱਟੀ ਹੈ। ਇਸ ਬਾਰੇ ਮੈਂ ਵਿਸਥਾਰ ਸਹਿਤ ਜਾਣਕਾਰੀ ਇਕੱਤਰ ਕਰਨੀ ਸ਼ੁਰੂ ਕੀਤੀ। ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਮੰਗਲਵਾਰ 15 ਜਨਵਰੀ, 1929 ਨੂੰ ਆਪਣੀਆਂ ਅੱਖਾਂ ਖੋਲ੍ਹੀਆਂ। ਉਹ ਇਕ ਕਾਲਾ ਜਾਤੀ ਨਾਲ ਸੰਬੰਧ ਰੱਖਦਾ ਸੀ। ਇੱਥੇ ਮੈਂ ਇਹ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਕਿਸੇ ਸਮੇਂ ਹਿੰਦੋਸਤਾਨ ਵਿੱਚ ਵੀ ਗੋਰੀ ਸਰਕਾਰ ਭਾਰਤ ਵਾਸੀਆਂ ਨਾਲ ਇਸ ਤਰਾਂ ਦਾ ਸਲੂਕ ਕਰਿਆ ਕਰਦੀ ਸੀ। ਭਾਰਤ ਵਾਸੀਆਂ ਨੇ ਹਜ਼ਾਰਾਂ ਕੁਰਬਾਨੀਆਂ ਕਰਕੇ ਅਜ਼ਾਦੀ ਪ੍ਰਾਪਤ ਕੀਤੀ ਸੀ। ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਜਾਰਜੀਆ ਦੇ ਵੱਖ-ਵੱਖ ਸਕੂਲਾਂ ਵਿਚ ਸਿੱਖਿਆ ਪ੍ਰਾਪਤ ਕੀਤੀ ਅਤੇ ਪੰਦਰਾਂ ਸਾਲਾਂ ਦੀ ਉਮਰ ਵਿਚ ਗ੍ਰੈਜੂਏਟ ਦੀ ਡਿਗਰੀ ਪ੍ਰਾਪਤ ਕਰ ਲਈ। ਉਸ ਨੇ ਮੋਰ ਹਾਊਸ ਕਾਲਜ ਤੋਂ 1948 ਵਿਚ ਬੀ ਏ. ਦੀ ਡਿਗਰੀ ਪ੍ਰਾਪਤ ਕੀਤੀ। ਇਹ ਐਟਲਾਂਟਾ ਦੀ ਪ੍ਰਸਿੱਧ ਨੀਗਰੋ ਸੰਸਥਾ ਸੀ। ਪੈਨਸਿਲਸਿਲਵਾਨੀਆ ਵਿਚ ਕ੍ਰੋਜਰ ਥੀਆਲੋਜੀਕਲ ਸੈਗੀਨਰੀ ਵਿਚ ਤਿੰਨ ਸਾਲ ਦੇ ਧਰਮ-ਸ਼ਾਸਤਰ ਦੇ ਅਧਿਐਨ ਤੋਂ ਬਾਅਦ ਉਹ ਇਸ ਕਰਕੇ ਗੋਰੀ ਸੀਨੀਅਰ ਕਲਾਸ ਦਾ ਪ੍ਰੈਜ਼ੀਡੈਂਟ ਚੁਣਿਆ ਗਿਆ। 1951 ਵਿਚ ਬੀ ਡੀ ਦੀ ਡਿਗਰੀ ਪ੍ਰਾਪਤ ਕਰ ਲਈ। ਕ੍ਰੋਜਰ ਤੋਂ ਫੈਲੋਸ਼ਿਪ



ਪ੍ਰਾਪਤ ਕਰਕੇ ਉਸ ਨੇ ਬੋਸਟਨ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਸਤੰਬਰ 1951 ਵਿਚ ਕਿੰਗ ਨੇ ਬੋਸਟਨ ਯੂਨੀਵਰਸਿਟੀ ਦੇ ਸਕੂਲ ਆਫ ਥਿਓਲੋਜੀ ਵਿਚ ਡਾਕਟਰੀ ਅਧਿਐਨ ਵਿਚ ਹਿੱਸਾ ਲਿਆ। 1951 ਵਿਚ ਕਿੰਗ ਨੇ ਆਪਣੀ ਕਲਾਸ ਦੇ ਸਿਖਰ 'ਤੇ ਗ੍ਰੈਜੂਏਸ਼ਨ ਕੀਤੀ। ਇਕ ਡਿਗਰੀ ਕਾਲਜ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਜੇ. ਲੈਵਿਸ ਕਰੇਜਸ ਫੈਲੋਸ਼ਿਪ ਦਾ ਦਰਜਾ ਪ੍ਰਾਪਤ ਕੀਤਾ ਅਤੇ 1953 ਵਿਚ ਆਪਣੇ ਡਾਕਟਰੇਟ ਦਾ ਕੋਰਸ ਪੂਰਾ ਕਰਕੇ 1955 ਵਿਚ ਡਿਗਰੀ ਹਾਸਲ ਕੀਤੀ।

1954 ਵਿਚ ਮਾਰਟਿਨ ਲੂਥਰ ਕਿੰਗ ਮਿੰਟਗੁਮਰੀ, ਅਲਾਬਾਮਾ ਦੇ ਡੈਕਸਾਰ ਐਵਿਨਿਊ ਚਰਚ ਦਾ ਪਾਦਰੀ ਬਣ ਗਿਆ। ਉਹ ਸਦਾ ਹੀ ਆਪਣੀ ਨਸਲ ਦੇ ਲੋਕਾਂ ਦੇ ਨਾਗਰਿਕ ਅਧਿਕਾਰ ਲਈ ਇਕ ਤਕੜਾ ਵਰਕਰ ਰਿਹਾ। ਬੋਸਟਨ ਵਿਚ ਉਸ ਦੀ ਮੁਲਾਕਾਤ ਇਕ ਆਸਾਧਾਰਨ ਬੁੱਧੀਮਾਨ ਅਤੇ ਕਲਾਤਮਕ ਪ੍ਰਾਪਤੀਆਂ ਵਾਲੀ ਇਸਤਰੀ ਕੋਰੇਟਾ ਸਕਾਟ ਨਾਲ ਹੋਈ ਅਤੇ ਉਸ ਨਾਲ ਉਸ ਦਾ ਵਿਆਹ ਹੋ ਗਿਆ। ਉਹ ਸਦਾ ਹੀ ਆਪਣੀ ਨਸਲ ਦੇ ਲੋਕਾਂ ਦੇ ਨਾਗਰਿਕ ਅਧਿਕਾਰ ਲਈ ਇਕ ਤਕੜਾ ਵਰਕਰ ਰਿਹਾ।

ਮਾਰਟਿਨ ਲੂਥਰ ਕਿੰਗ ਰਾਸ਼ਟਰ ਵਿਚ ਆਪਣੀ ਪ੍ਰਕਾਰ ਦੇ ਉੱਘੇ ਸੰਗਠਨ ਕਾਲੇ ਲੋਕਾਂ ਦੀ ਤਰੱਕੀ ਸੰਬੰਧੀ ਰਾਸ਼ਟਰੀ ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ ਬਣ ਗਿਆ। ਉਹ ਸੰਯੁਕਤ ਰਾਜ ਵਿਚ ਸਮਕਾਲੀ ਸਮਿਆਂ ਦੇ ਪਹਿਲੇ ਨੀਗਰੋ ਅਹਿੰਸਾਤਮਕ ਪ੍ਰਦਰਸ਼ਨ ਦਾ ਲੀਡਰ ਬਣ ਗਿਆ। ਇਸ ਸੰਸਥਾ ਨੇ ਉਸ ਨੂੰ 1955 ਵਿੱਚ ਮਿੰਟਗੁਮਰੀ ਬੱਸ ਬਾਈਕਾਟ ਦੇ ਸੰਘਰਸ਼ ਲਈ ਚੁਣਿਆ, ਜੋ 382 ਦਿਨ ਜਾਰੀ ਰਿਹਾ। 1956 ਵਿਚ ਸੰਯੁਕਤ ਰਾਜ ਦੀ ਸੁਪਰੀਮ ਕੋਰਟ ਦੁਆਰਾ ਬੱਸਾਂ ਦੇ ਵਖਰੇਵੇਂ ਦੀ ਮੰਗ ਕਰਦੇ ਕਾਨੂੰਨਾਂ ਨੂੰ ਅਸੰਵਿਧਾਨਕ ਕਰ ਦੇਣ ਤੋਂ ਬਾਅਦ ਨੀਗਰੋ ਅਤੇ ਗੋਰੇ ਸਮਾਨ ਰੂਪ ਵਿਚ ਬੱਸਾਂ ਤੇ ਸਵਾਰ ਹੋਣ ਲੱਗ ਪਏ। ਇਨ੍ਹਾਂ ਬਾਈਕਾਟ ਦੇ ਦਿਨਾਂ ਵਿਚ ਕਿੰਗ ਗ੍ਰਿਫਤਾਰ ਹੋਇਆ, ਉਸ ਦੇ ਘਰ 'ਤੇ ਬੰਬਾਰੀ ਹੋਈ ਅਤੇ ਉਸ ਨੂੰ ਗਾਲ੍ਹਾਂ ਕੱਢੀਆਂ ਗਈਆਂ, ਪਰੰਤੂ ਇਸ ਦੇ ਨਾਲ ਹੀ ਉਹ ਪਹਿਲੇ ਦਰਜੇ ਦਾ ਨੀਗਰੋ ਲੀਡਰ ਬਣ ਗਿਆ। 1957 ਵਿਚ ਉਸ ਨੂੰ ਦੱਖਣੀ ਈਸਾਈ ਲੀਡਰਸ਼ਿਪ ਕਾਨਫਰੰਸ ਦਾ ਲੀਡਰ ਚੁਣ ਲਿਆ ਗਿਆ। ਇਹ ਸੰਗਠਨ ਬੁਰਜੂਆ ਨਾਗਰਿਕ ਅਧਿਕਾਰ ਅੰਦੋਲਨ ਨੂੰ ਨਵੀਂ ਲੀਡਰਸ਼ਿਪ ਪ੍ਰਦਾਨ ਕਰਨ ਲਈ ਬਣਾਇਆ ਗਿਆ ਸੀ। ਇਸ ਸੰਗਠਨ ਲਈ ਉਸ ਨੇ ਸਿਧਾਂਤ ਈਸਾਈ ਧਰਮ ਤੋਂ ਅਤੇ ਇਸ ਦੀਆਂ ਸੰਚਾਲਨ ਤਕਨੀਕਾਂ ਗਾਂਧੀ ਜੀ ਤੋਂ ਲਈਆਂ ਸਨ। ਉਹ ਗਾਂਧੀ ਹੀ ਸਨ, ਜਿਨਾਂ ਨਫਰਤ ਅਤੇ ਹੋਰ ਅਹਿੰਸਾ ਨਾਲ ਨਜਿੱਠਿਆ ਸੀ। ਇਸੇ ਸੰਕਲਪ ਨਾਲ ਭਾਰਤ ਨੇ ਅਜ਼ਾਦੀ ਪ੍ਰਾਪਤਕੀਤੀ ਸੀ। ਕਿੰਗ ਨੇ ਅਖੀਰ ਵਿਚ ਗਾਂਧੀਵਾਦੀ ਸਿਧਾਂਤ ਦੇ ਢੰਗ ਰਾਹੀਂ ਕੰਮ ਕਰਨਾ, ਇਕ ਜ਼ਾਲਮ ਲੋਕਾਂ ਲਈ ਵਰਤੇ ਜਾਣ ਵਾਲਾ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਇਹ ਹੀ ਹੋ ਸਕਦਾ ਹੈ। ਇਸ ਸਮੇਂ ਕਿੰਗ ਨੂੰ ਕੇਵਲ ਗਾਂਧੀ ਦੀ ਵਿਧੀ ਦੇ ਬੌਧਿਕ ਗਿਆਨ ਦੀ ਹੀ ਕਦਰ ਸੀ, ਇਸ ਲਈ ਕਿੰਗ ਨੂੰ ਇਹ ਅਹਿਸਾਸ ਨਹੀਂ ਸੀ ਕਿ ਵਿਧੀ ਦੀ ਜਾਂਚ ਕਰਨ ਦਾ ਮੌਕਾ ਜਲਦੀ ਹੀ ਸੰਭਵ ਹੋ ਜਾਵੇਗਾ।

ਗਿਆਰਾਂ ਸਾਲਾਂ ਦੇ ਸਮੇਂ ਦੌਰਾਨ ਕਿੰਗ ਨੇ ਛੇ ਮਿਲੀਅਨ ਮੀਲਾਂ ਦਾ ਸਫਰ ਕੀਤਾ ਅਤੇ 2500 ਵਾਰ ਉਸ ਨੇ ਭਾਸ਼ਣ ਦਿੱਤੇ, ਜਿਥੇ ਕਿਥੇ ਅਨਿਆਂ, ਰੋਸ ਪ੍ਰਗਟਾਵਾ ਅਤੇ ਕਾਰਵਾਈ ਕਰਨੀ ਹੁੰਦੀ ਸੀ, ਕਿੰਗ ਉਥੇ ਹਾਜ਼ਰ ਹੁੰਦਾ ਸੀ। ਮਾਰਟਿਨ ਲੂਥਰ ਕਿੰਗ ਜੂਨੀਅਰ ਯੂਨਾਈਟਿਡ ਸਟੇਟ ਵਿੱਚ ਸਿਵਲ ਰਾਈਟਸ ਅੰਦੋਲਨ ਦਾ ਕ੍ਰਿਸ਼ਮਈ ਨੇਤਾ ਸੀ। ਫਿਰ ਕਿੰਗ ਨੇ ਅਫਰੀਕਨ-ਅਮਰੀਕਨ ਕੌਮ ਲਈ ਇਕ ਨਾਗਰਿਕ ਅਧਿਕਾਰ ਪ੍ਰਾਪਤ ਕਰਨ ਦੇ ਆਪਣੇ ਯਤਨਾਂ ਵਿੱਚ ਪੱਕੇ ਤੌਰ 'ਤੇ ਕੰਮ ਕੀਤਾ। ਉਸ ਨੇ ਅਹਿੰਸਾ ਦੇ ਵਿਰੋਧਾਂ ਦਾ ਤਾਲਮੇਲ ਕਰਨ ਲਈ ਦੱਖਣੀ ਕ੍ਰਿਸਚੀਅਨ ਲੀਡਰਸ਼ਿਪ ਕਾਨਫਰੰਸ (ਐੱਸ ਸੀ ਐੱਲ ਸੀ) ਦਾ ਗਠਨ ਕੀਤਾ ਅਤੇ ਅਮਰੀਕਾ ਦੇ ਨਸਲੀ ਬੇਇਨਸਾਫੀ ਨੂੰ ਸੰਬੋਧਨ ਕਰਦੇ ਹੋਏ 2500 ਭਾਸ਼ਣ ਦਿੱਤੇ। ਬਹੁਤ ਸਾਰੇ ਲੋਕਾਂ ਲਈ ਮਾਰਟਿਨ ਲੂਥਰ ਕਿੰਗ ਜੂਨੀਅਰ ਇੱਕ ਨਾਇਕ ਸੀ, ਇੱਕ ਸਪੈੱਲਮੈਨ ਕਾਲਜ ਦੇ ਗ੍ਰੈਜੂਏਟ ਅਤੇ ਅਲਬਰਟਾ ਵਿਲੀਅਮਜ਼ ਤੋਂ ਪੈਦਾ ਹੋਏ ਕਿੰਗ ਆਪਣੇ ਮਾਂ ਅਤੇ ਦਾਦਾ-ਦਾਦੀ ਦੇ ਵਿਕਟੋਰੀਅਨ ਘਰਾਂ ਵਿੱਚ ਆਪਣੇ ਮਾਤਾ-ਪਿਤਾ ਅਤੇ ਵੱਡੀ ਭੈਣ ਵਿਲੀ ਕ੍ਰਿਸਟੀਨ ਦੇ ਨਾਲ ਇੱਕ ਪਾਲਣ-ਪੋਸ਼ਣ ਵਾਤਾਵਰਣ ਵਿੱਚ ਰਹਿੰਦਾ ਸੀ। ਮਾਰਟਿਨ ਅਤੇ ਉਸ ਦੇ ਭੈਣ-ਭਰਾ ਨੇ ਆਪਣੀ ਮਾਂ ਤੋਂ ਪੜ੍ਹਨਾ ਅਤੇ ਪਿਆਨੋ ਪਾਠ ਪੜ੍ਹੇ, ਜਿਨ੍ਹਾਂ ਉਨ੍ਹਾਂ ਨੂੰ ਆਤਮ-ਸਨਮਾਨ ਸਿਖਾਉਣ ਲਈ ਲਗਨ ਨਾਲ ਕੰਮ ਕੀਤਾ। ਉਸ ਦੇ ਪਿਤਾ ਲਈ ਕਿੰਗ ਸੀਨੀਅਰ ਰਾਜਾ ਦਾ ਇੱਕ ਦਲੇਰਾਨਾ ਰੋਲ ਮਾਡਲ ਸੀ।

ਐੱਨ ਏ ਐੱਸ ਪੀ (ਨੈਸ਼ਨਲ ਐਸੋਸੀਏਸ਼ਨ ਫਾਰ) ਸਮੇਂ ਦੇ ਦੌਰਾਨ ਉਸ ਨੇ ਪੰਜ ਪੁਸਤਕਾਂ ਅਤੇ ਅਣਗਿਣਤ ਲੇਖ ਲਿਖੇ। ਉਸ ਨੇ ਬਰਮਿੰਘਮ ਅਲਬਾਮਾ ਵਿਚ ਵੀ ਭਾਰੀ ਲੋਕ ਪ੍ਰਦਰਸ਼ਨ ਦੀ ਅਗਵਾਈ ਕੀਤੀ, ਜਿਸ ਨੇ ਸਾਰੇ ਸੰਸਾਰ ਦਾ ਧਿਆਨ ਉਸ ਵੱਲ ਖਿੱਚਿਆ ਅਤੇ ਉਸ ਨੂੰ ਚੇਤਨਾ-ਸੰਜੋਗ ਪ੍ਰਾਪਤ ਹੋਇਆ ਅਤੇ ਉਸ ਨੇ ਨੀਗਰੋ ਕ੍ਰਾਂਤੀ ਦਾ ਮੈਨੀਫੈਸਟੋ ਤਿਆਰ ਕੀਤਾ। ਉਸ ਨੇ ਅਲਾਬਾਮਾ ਵਿਚ ਨੀਗਰੋਆਂ ਦੀ ਵੋਟਰਾਂ ਵਜੋਂ ਰਜਿਸਟਰੇਸਨ ਲਈ ਮੁਹਿੰਮਾਂ ਦੀ ਯੋਜਨਾਬੰਦੀ ਕੀਤੀ। ਉਸ ਨੇ 2,50000 ਲੋਕਾਂ ਦੇ ਵਾਸ਼ਿੰਗਟਨ ਡੀ ਸੀ ਵਿਚ ਸ਼ਾਂਤੀ ਮਾਰਚ ਦੀ ਅਗਵਾਈ ਕੀਤੀ ਅਤੇ ਕਿਹਾ ਕਿ 'ਮੇਰਾ ਇਹ ਇਕ ਸੁਪਨਾ ਹੈ'। ਉਸ ਨੇ ਪ੍ਰੈਜ਼ੀਡੈਂਟ ਜਾਹਨ ਐਫ ਕੈਨੇਡੀ ਨਾਲ ਗੱਲਬਾਤ ਕੀਤੀ, ਪਰੰਤੂ ਉਸ ਨੇ ਲਿਨਤਾਨ ਜੀ ਜਾਹਨਸਨ ਪ੍ਰੈਜ਼ੀਡੈਂਟ ਲਈ ਪ੍ਰਚਾਰ ਕੀਤਾ। ਉਹ ਵਾਰ-ਵਾਰ ਗ੍ਰਿਫਤਾਰ ਹੋਇਆ ਅਤੇ ਘੱਟੋ ਘੱਟ ਚਾਰ ਵਾਰ ਉਸ 'ਤੇ ਹਮਲਾ ਹੋਇਆ। ਉਸ ਨੇ ਪੰਜ ਆਨਰੇਰੀ ਡਿਗਰੀਆਂ ਪ੍ਰਾਪਤ ਕੀਤੀਆਂ ਅਤੇ 1963 ਵਿਚ 'ਟਾਈਮ ਮੈਗਜ਼ੀਨ' ਨੇ ਉਸ ਨੂੰ ਸਾਲ ਦਾ ਸਰਵੋਤਮ ਮਨੁੱਖ ਕਰਾਰ ਦਿੱਤਾ। ਉਹ ਨਾ ਕੇਵਲ ਅਮਰੀਕੀ ਕਾਲਿਆਂ ਦਾ ਪ੍ਰਤੀਕ ਨੇਤਾ ਬਣ ਗਿਆ, ਸਗੋਂ ਸੰਸਾਰ ਦਾ ਇਕ ਪ੍ਰਸਿੱਧ ਵਿਅਕਤੀ ਹੋ ਗਿਆ। ਪੈਂਤੀ ਸਾਲਾਂ ਦੀ ਉਮਰ ਵਿਚ ਸਾਰਿਆਂ ਨਾਲੋਂ ਛੋਟੀ ਉਮਰ ਵਿਚ ਉਸ ਨੇ ਨੋਬਲ ਸ਼ਾਂਤੀ ਪੁਰਸਕਾਰ ਜਿੱਤਿਆ। ਜਦੋਂ ਉਸ ਦੀ ਚੋਣ ਨੂੰ ਅਧਿਸੂਚਿਤ ਕੀਤਾ ਗਿਆ ਤਾਂ ਉਸ ਨੇ ਘੋਸ਼ਣਾ ਕੀਤੀ ਕਿ ਉਹ ਪੁਰਸਕਾਰ ਦੀ ਸਾਰੀ ਰਕਮ 54,123 ਡਾਲਰ ਨਾਗਰਿਕ ਅਧਿਕਾਰ ਅੰਦੋਲਨ ਲਈ ਦੇਵੇਗਾ। ਸਤੰਬਰ 1948 ਵਿਚ ਕਿੰਗ ਨੇ ਪੈਨਸਿਲਵੇਨੀਆ ਵਿਚ ਕਰਜ਼ੇਰ ਥੀਓਲਾਜੀਕਲ ਸੈਮੀਨਰੀ ਵਿਚ ਦਾਖਲਾ ਲਿਆ। ਮੋਰਾ ਹਾਊਸ ਦੇ ਉਲਟ ਕਿੰਗ ਨੇ ਪ੍ਰਮੁੱਖ ਤੌਰ 'ਤੇ ਚਿੱਟੇ ਮੈਡੀਕਲ ਸਕੂਲ ਦੀ ਪੜ੍ਹਾਈ ਕੀਤੀ ਅਤੇ ਉਹ ਬਹੁਤ ਮਸ਼ਹੂਰ ਸੀ, ਖਾਸ ਕਰਕੇ ਔਰਤਾਂ ਦੇ ਨਾਲ। ਕਿੰਗ ਇਕ ਚਿੱਟੇ ਕੈਫੇਟੇਰੀਆ ਦੇ ਵਰਕਰ ਨਾਲ ਰਲ ਗਿਆ, ਪਰ ਉਸ ਨੂੰ ਦੱਸਿਆ ਗਿਆ ਕਿ ਇਕ ਅੰਤਰਰਾਸ਼ਟਰੀ ਰੋਮਾਂਸ ਨਾਲ ਕਿਸੇ ਵੀ ਕੈਰੀਅਰ ਦਾ ਰੁਝਾਨ ਟੁੱਟ ਜਾਵੇਗਾ। ਕਿੰਗ ਨੇ ਰਿਸ਼ਤੇ ਨੂੰ ਰੁਕਵਾ ਦਿੱਤਾ, ਪਰ ਦਿਲ ਦੁਖੀ ਹੋਇਆ। ਆਪਣੇ ਲੋਕਾਂ ਦੀ ਮਦਦ ਕਰਨ ਲਈ ਸੰਘਰਸ਼ ਕਰਦੇ ਹੋਏ ਕਿੰਗ ਮਹਾਨ ਧਰਮ ਸ਼ਾਸਤਰੀਆਂ ਦੇ ਕੰਮਾਂ ਨੂੰ ਸਮਝ ਲਿਆ। ਉਸ ਨੇ ਰਿਨਹੋਲਡ ਨੀਬੂਹਰ ਦੀ ਨੁਮਾਇੰਦਗੀ ਦਾ ਅਧਿਐਨ ਕੀਤਾ, ਨਫਰਤ ਅਤੇ ਹੋਰ ਹਿੰਸਾ ਨਾਲ ਨਜਿੱਠਿਆ। ਇਸ ਹੀ ਸੰਕਲਪ ਨਾਲ ਭਾਰਤ ਨੇ ਆਪਣੀ ਆਜ਼ਾਦੀ ਪ੍ਰਾਪਤ ਕੀਤੀ। ਕਿੰਗ ਨੇ ਅਖੀਰ ਗਾਂਧੀਵਾਦੀ ਅਵਿਆਪਕਰਨ ਦੇ ਢੰਗ ਨਾਲ 1 ਸਤੰਬਰ 1951 'ਚ ਬੋਸਟਨ ਯੂਨੀਵਰਸਿਟੀ ਦੇ ਸਕੂਲ ਆਫ ਥਿਓਲੋਜੀ ਵਿਚ ਡਾਕਟਰੀ ਅਧਿਐਨ ਵਿਚ ਹਿੱਸਾ ਲਿਆ। 1951 ਵਿਚ ਕਿੰਗ ਨੇ ਆਪਣੀ ਕਲਾਸ ਦੇ ਸਿਖਰ 'ਤੇ ਗ੍ਰੈਜੂਏਸ਼ਨ ਕੀਤੀ। ਇਕ ਡਿਗਰੀ ਕਾਲਜ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਜੇ. ਲੈਵਿਸ ਕਰੇਜਸ ਫੈਲੋਸ਼ਿਪ ਦਾ ਦਰਜਾ ਪ੍ਰਾਪਤ ਕੀਤਾ।

ਮਿੰਟਗੁਮਰੀ ਬੱਸ ਬਾਈਕਾਟ

ਜਦੋਂ 25 ਸਾਲ ਦਾ ਰਾਜਾ 1954 ਵਿਚ ਮਾਂਟਗੋਮਰੀ ਵਿਚ ਪਾਦਰੀ ਡਿਜਟਰ ਐਵੇਨਿਊ ਬੈਪਟਿਸਟ ਚਰਚ ਆਇਆ ਤਾਂ ਉਸ ਨੇ ਨਾਗਰਿਕ ਅਧਿਕਾਰਾਂ ਦੀ ਲਹਿਰ ਦੀ ਅਗਵਾਈ ਕਰਨ ਦੀ ਯੋਜਨਾ ਨਹੀਂ ਬਣਾਈ ਸੀ, ਪਰ ਕਿਸਮਤ ਨੂੰ ਐੱਨ ਏ ਏ ਸੀ ਪੀ ਦੇ ਸਥਾਨਕ ਚੈਪਟਰ ਦੇ ਸਕੱਤਰ ਰੋਜ਼ਾ ਪਾਰਕ ਨੇ ਇਕ ਸਫੈਦ ਆਦਮੀ ਨੂੰ ਬੱਸ ਦੀ ਸੀਟ ਛੱਡਣ ਤੋਂ ਇਨਕਾਰ ਕਰਨ 'ਤੇ ਗ੍ਰਿਫਤਾਰ ਕੀਤਾ ਗਿਆ ਸੀ। 1 ਦਸੰਬਰ 1955 ਨੂੰ ਪਾਰਕਾਂ ਦੀ ਗ੍ਰਿਫਤਾਰੀ ਨੇ ਟਰਾਂਜ਼ਿਟ ਪ੍ਰਣਾਲੀ ਦੇ ਖਾਤਮੇ ਲਈ ਇਕ ਮਜ਼ਬੂਤ ਕੇਸ ਬਣਾਉਣ ਦਾ ਸਹੀ ਮੌਕਾ ਪੇਸ਼ ਕੀਤਾ। ਸਥਾਨਕ ਨੈਕਏਪ ਦੇ ਅਧਿਆਪਕਾਂ ਦੇ ਸਾਬਕਾ ਮੁਖੀ ਐਡਨਿਕਸਨ ਅਤੇ ਰੇਵੇਲ ਰਾਲਫ ਅਬਰਨੇਤੀ ਨੇ ਕਿੰਗ ਅਤੇ ਦੂਜੇ ਪਾਦਰੀਆਂ ਨਾਲ ਇਕ ਸ਼ਹਿਰ-ਵਿਆਪੀ ਬੱਸ ਬਾਈਕਾਟ ਦੀ ਯੋਜਨਾ ਬਣਾਉਣ ਲਈ ਸੰਪਰਕ ਕੀਤਾ।

ਬਾਈਕਾਟ ਦੇ ਆਯੋਜਕਾਂ-ਐੱਨ ਏ ਐੱਸ ਪੀ ਅਤੇ ਵੂਮੈਨਜ਼ ਪੋਲੀਟੀਕਲ ਕੌਂਸਲ (ਡਬਲ ਯੂ ਪੀ ਸੀ) ਕਿੰਗ ਦੇ ਚਰਚ ਦੇ ਤਹਿਖਾਨੇ ਵਿਚ ਮਿਲੇ ਸਨ, ਜਿਨ੍ਹਾਂ ਉਸ ਨੂੰ ਪੇਸ਼ਕਸ਼ ਕੀਤੀ ਸੀ। ਗਰੁੱਪ ਨੇ ਬੱਸ ਕੰਪਨੀ ਲਈ ਮੰਗਾਂ ਦਾ ਖਰੜਾ ਤਿਆਰ ਕੀਤਾ। ਮੰਗਾਂ ਨੂੰ ਸੁਰੱਖਿਅਤ ਕਰਨ ਲਈ ਅਫਰੀਕੀ-ਅਮਰੀਕਨ ਸੋਮਵਾਰ, 5 ਦਸੰਬਰ ਨੂੰ ਬੱਸਾਂ ਦੀ ਸਵਾਰੀ ਨਹੀਂ ਕਰਨਗੇ, ਅਖਬਾਰਾਂ ਅਤੇ ਰੇਡੀਓ 'ਤੇ ਅਚਾਨਕ ਪ੍ਰਚਾਰ ਪ੍ਰਾਪਤ ਕਰਨ ਵਾਲੇ ਯੋਜਨਾਬੱਧ ਵਿਰੋਧ ਦਾ ਲੀਫਲੈਟ ਵੰਡਿਆ ਗਿਆ।

ਕਾਲ ਦਾ ਜਵਾਬ-5 ਦਸੰਬਰ, 1955 ਨੂੰ ਕਰੀਬ 20,000 ਕਾਲੇ ਨਾਗਰਿਕਾਂ ਨੇ ਬੱਸਾਂ ਦੀ ਸਫਾਈ ਤੋਂ ਨਾਂਹ ਕਰ ਦਿੱਤੀ, ਕਿਉਂਕਿ ਕਾਲੀਆਂ ਟ੍ਰਾਂਜ਼ਿਟ ਸਿਸਟਮ ਦੇ ਯਾਤਰੀਆਂ ਵਿੱਚੋਂ 90% ਬਣੀਆਂ ਜ਼ਿਆਦਾਤਰ ਬੱਸਾਂ ਖਾਲੀ ਸਨ। ਇਕ ਦਿਨ ਦਾ ਬਾਈਕਾਟ ਸਫਲ ਹੋ ਗਿਆ ਸੀ, ਇਸ ਲਈ ਬਾਈਕਾਟ ਦਾ ਵਿਸਤਾਰ ਕਰਨ ਲਈ ਈ ਡੀ ਨਿਕਸਨ ਨੇ ਦੂਜੀ ਬੈਠਕ ਕੀਤੀ। ਮੀਟਿੰਗ ਦੇ ਅੰਤ ਤੱਕ ਮੋਂਟਗੋਮਰੀ ਸੁਧਾਰ ਐਸੋਸੀਏਸ਼ਨ (ਐੱਮ ਆਈ ਏ) ਦੀ ਸਥਾਪਨਾ ਕੀਤੀ ਗਈ ਅਤੇ ਕਿੰਗ ਨੂੰ ਰਾਸ਼ਟਰਪਤੀ ਚੁਣ ਲਿਆ ਗਿਆ। ਉਹ ਬੁਲਾਰਿਆਂ ਵਜੋਂ ਬਾਈਕਾਟ ਦੀ ਅਗਵਾਈ ਕਰਨ ਲਈ ਸਹਿਮਤ ਹੋਏ ਸਨ। ਉਸ ਸ਼ਾਮ ਕਿੰਗ ਨੇ ਹੋਲਟ ਸਟਰੀਟ ਬੈਪਟਿਸਟ ਚਰਚ ਵਿੱਚ ਸੈਂਕੜਿਆਂ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ ਵਿਰੋਧ ਦੇ ਇਲਾਵਾ ਹੋਰ ਕੋਈ ਬਦਲ ਨਹੀਂ ਸੀ। 381 ਦਿਨ ਬਾਅਦ ਬੱਸ ਬਾਈਕਾਟ ਦੇ ਸਮੇਂ ਤਕ ਮੋਂਟਗੋਮਰੀ ਦੀ ਆਵਾਜਾਈ ਪ੍ਰਣਾਲੀ ਅਤੇ ਸ਼ਹਿਰ ਦੇ ਵਪਾਰ ਲਗਭਗ ਦੀਵਾਲੀਆ ਹੋ ਗਏ ਸਨ।

20 ਦਸੰਬਰ 1956 ਨੂੰ ਯੂਨਾਈਟਿਡ ਸਟੇਟਸ ਦੀ ਸੁਪਰੀਮ ਕੋਰਟ ਨੇ ਇਹ ਫੈਸਲਾ ਕੀਤਾ ਕਿ ਜਨਤਕ ਆਵਾਜਾਈ ਨੂੰ ਅਲੱਗ-ਅਲੱਗ ਰੱਖਣ ਵਾਲੇ ਕਾਨੂੰਨ ਅਸੰਵਿਧਾਨਕ ਸਨ। ਬਾਈਕਾਟ ਨੇ ਕਿੰਗ ਦੀ ਜ਼ਿੰਦਗੀ ਅਤੇ ਮਿੰਟਗੁਮਰੀ ਦਾ ਸ਼ਹਿਰ ਬਦਲ ਦਿੱਤਾ। ਬਾਈਕਾਟ ਨੇ ਕਿਸੇ ਵੀ ਕਿਤਾਬ ਨੂੰ ਪੜ੍ਹਣ ਤੋਂ ਇਲਾਵਾ ਅਹਿੰਸਾ ਦੀ ਤਾਕਤ ਬਾਦਸ਼ਾਹ ਨੂੰ ਦਿਖਾਈ ਸੀ ਅਤੇ ਉਸ ਨੇ ਇਸ ਨੂੰ ਜੀਵਨ ਦੇ ਰਾਹ ਵਜੋਂ ਸਮਰਪਿਤ ਕੀਤਾ ਸੀ। ਮਿੰਟਗੁਮਰੀ ਬੱਸ ਬਾਈਕਾਟ ਦੀ ਸਫਲਤਾ ਤੋਂ ਉਤਸ਼ਾਹਤ ਅੰਦੋਲਨ ਦੇ ਆਗੂਆਂ ਨੇ ਜਨਵਰੀ 1957 ਵਿਚ ਐਟਲਾਂਟਾ ਵਿਚ ਮੁਲਾਕਾਤ ਕੀਤੀ ਅਤੇ ਦੱਖਣੀ ਕ੍ਰਿਸ਼ੀ ਲੀਡਰਸ਼ਿਪ ਕਾਨਫਰੰਸ (ਐੱਸ ਸੀ ਐੱਲ ਸੀ) ਬਣਾਈ। ਗਰੁੱਪ ਦਾ ਉਦੇਸ਼ ਅਹਿੰਸਾ ਵਿਰੋਧੀ ਪ੍ਰਦਰਸਨਾਂ ਦੇ ਤਾਲਮੇਲ ਲਈ ਕਾਲੇ ਲੋਕਾਂ ਦੀ ਸ਼ਕਤੀ ਨੂੰ ਵਰਤਣਾ ਸੀ। ਕਿੰਗ ਨੂੰ ਰਾਸ਼ਟਰਪਤੀ ਚੁਣ ਲਿਆ ਗਿਆ। ਫਰਵਰੀ 1959 ਨੂੰ ਭਾਰਤ ਦੀ ਗਾਂਧੀ ਪੀਸ ਫਾਊਂਡੇਸਨ ਦੀ ਯਾਤਰਾ ਵਾਲੀਆਂ ਰੋਸ ਦੀਆਂ ਰਣਨੀਤੀਆਂ ਅਪਣਾਈਆ। ਅਪਰੈਲ 1963 ਵਿੱਚ ਕਿੰਗ ਅਤੇ ਐੱਸ ਸੀ ਐੱਲ ਸੀ ਅਲੱਗਬਾਮੀ ਕ੍ਰਿਸਚੀਅਨ ਮੂਵਮੈਂਟ ਫਾਰ ਹਿਊਮਨ ਰਾਈਟਸ ਦੇ ਰੇਵ ਫਰੇਟ ਸਟਲਸਵਰਥ ਨਾਲ ਮਿਲ ਕੇ ਅਲੱਗਵਾਦ ਖਤਮ ਕਰਨ ਅਤੇ ਬਰਮਿੰਘਮ, ਅਲਾਬਾਮਾ ਵਿੱਚ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਡਾ. ਸੁਧੀਰ ਸ਼ਰਮਾ

ਅਨੁ: ਇਕਬਾਲ ਪ੍ਰੇਮੀ ਰਾਮਗੜ੍ਹ

# ਕੀ ਕਰਦਾ ਜੇ ਅੱਜ ਮੰਟੋ ਜਿਉਂਦਾ ਹੁੰਦਾ?

ਜੇਕਰ ਮੰਟੋ ਹੁੰਦਾ ਤਾਂ...! ਨਿਹਾਇਤ ਹੀ ਅਜੀਬ ਜਿਹੀ ਗੱਲ। ਫਰਜ਼ ਕਰੋ ਕਿ ਅੱਜ ਮੰਟੋ ਹੁੰਦਾ ਤਾਂ...? ਮੰਟੋ ਹੁੰਦਾ ਤਾਂ ਕੀ ਹੁੰਦਾ? ਕੀ ਉਸ ਨੂੰ ਵੈਸੇ ਹੀ ਅਦਾਲਤਾਂ ਦੇ ਚੱਕਰ ਲਗਾਉਣੇ ਪੈਂਦੇ, ਜਿਵੇਂ ਉਸ ਨੇ ਲਾਹੌਰ 'ਚ ਲਗਾਏ ਸਨ? ਜਾਂ ਫਿਰ ਉਸ ਨੂੰ ਬਿਹਤਰ ਜ਼ਿੰਦਗੀ ਨਸੀਬ ਹੁੰਦੀ? ਹਕੂਮਤ ਉਸ 'ਤੇ ਕੋੜੇ ਵਰਸਾਉਂਦੀ ਜਾਂ ਤਵੱਜੋ ਦਿੰਦੀ? ਮੰਟੋ ਹੁੰਦਾ ਤਾਂ ਕੀ ਉਸ ਨੂੰ ਬਖਸ਼ਿਆ ਹੁੰਦਾ, ਜਿਨ੍ਹਾ ਦੇ ਚਿਹਰੇ-ਮੁਖੌਟਿਆਂ ਦੇ ਪਿੱਛੇ ਛੁਪੇ ਹੁੰਦੇ ਹਨ ਅਤੇ ਜੋ ਆਪਣੀਆਂ ਉਂਗਲੀਆਂ ਨੂੰ ਇਸ ਮਕਸਦ ਨਾਲ ਜੇਬਾਂ 'ਚ ਪਾ ਲੈਂਦੇ ਹਨ ਕਿ ਉਹਨਾਂ 'ਤੇ ਲੱਗੇ ਖੂਨ ਦੇ ਧੱਬੇ ਲੋਕਾਂ ਨੂੰ ਨਜ਼ਰ ਨਾ ਆਉਣ।

ਮੰਟੋ ਜ਼ਿਆਦਾ ਦਿਨ ਜਿਊਂਦਾ ਨਾ ਰਹਿ ਸਕਿਆ। ਕੁਲ ਜਮ੍ਹਾਂ 42 ਸਾਲ ਅੱਠ ਮਹੀਨੇ ਅਤੇ ਸੱਤ ਦਿਨ। ਸਾਅਦਤ ਹਸਨ ਮੰਟੋ ਨਾਮਕ ਸ਼ਖਸ 11 ਮਈ 1912 ਤੋਂ 18 ਜਨਵਰੀ 1953 ਦੇ ਦਰਮਿਆਨ ਸਾਡੇ 'ਚ ਰਿਹਾ। ਇਸ ਦਰਮਿਆਨ ਉਸ ਨੇ ਕਈ ਸ਼ਹਿਰਾਂ ਦੀ ਖਾਕ ਛਾਣੀ। ਅਫਸਾਨੇ ਲਿਖੇ। ਗ੍ਰਿਫਤਾਰ ਹੋ ਗਿਆ। ਪਾਗਲਖਾਨੇ 'ਚ ਰਿਹਾ। ਉਸ ਨੂੰ ਗੋਡੇ ਟੇਕਣੇ ਗਵਾਰਾ ਨਹੀਂ ਸਨ। ਸਾਲ ਦੇ ਸ਼ੁਰੂਆਤੀ ਮਹੀਨੇ ਦੀ ਇੱਕ ਸਰਦ ਸਵੇਰ ਉਸ ਨੇ ਡਬਲ ਪੈੱਗ ਮੰਗਿਆ, ਅੰਗੜਾਈ ਲਈ ਅਤੇ ਉਸ ਸੰਘਣੀ ਧੁੰਦ 'ਚ ਗੁਆਚ ਗਿਆ, ਜਿੱਥੋਂ ਵਾਪਸੀ ਕਦੀ ਮੁਮਕਿਨ ਨਹੀਂ ਹੁੰਦੀ।

ਅੱਜ ਦਾ ਵਕਤ ਔਖਾ ਅਤੇ ਮੁਸ਼ਕਲ ਹੈ, ਪਰ ਉਹ ਵਕਤ ਵੀ ਸੌਖਾ ਨਹੀਂ ਸੀ, ਜਦ ਮੰਟੋ ਇਸ ਦੁਨੀਆ 'ਚ ਸੀ। ਉਹ ਵਿਦੇਸ਼ੀ ਹਕੂਮਤ ਦਾ ਖੌਫਨਾਕ ਦੌਰ ਸੀ ਅਤੇ ਉਹ ਸਾਰੀਆਂ ਮੁਸ਼ਕਲਾਂ ਸਨ, ਜੋ ਅੱਜ ਵੀ ਹਨ। ਮੰਟੋ ਅੱਜ ਹੁੰਦਾ ਤਾਂ ਕੁਝ ਜ਼ਿਆਦਾ ਹੀ ਫਿਕਰਮੰਦ, ਪਰੇਸ਼ਾਨ ਅਤੇ ਮੁਸੀਬਤ 'ਚ ਹੁੰਦਾ। ਵਜ੍ਹਾ ਇਹ ਸੀ ਕਿ ਮੰਟੋ ਕਸ਼ਮੀਰੀ ਵੀ ਸੀ ਅਤੇ ਪੰਜਾਬੀ ਵੀ। ਉਹ ਕਸ਼ਮੀਰੀ-ਪੰਜਾਬੀ ਸੀ। ਪੈਦਾਇਸ਼ ਪੰਜਾਬ ਦੀ ਅਤੇ ਜੜ੍ਹਾਂ ਕਸ਼ਮੀਰ 'ਚ। ਉਸ ਦੇ ਪੁਰਖੇ ਕਸ਼ਮੀਰੀ ਸਨ, ਕਸ਼ਮੀਰੀ ਪੰਡਤ। ਜਿਨ੍ਹਾਂ ਪੰਡਤਾਂ ਨੇ ਇਸਲਾਮ ਕਬੂਲ ਕੀਤਾ, ਉਹ ਮੰਟੋ ਕਹਾਏ। ਮੰਟੋ ਸ਼ਬਦ ਵੀ ਕਸ਼ਮੀਰੀ ਜ਼ੁਬਾਨ ਦਾ ਹੈ। ਮੰਟੋ ਮਤਲਬ ਡੇਢ ਸੇਰ ਦਾ ਵੱਟਾ। ਮੰਟੋ ਨੂੰ ਵਾਰ-ਵਾਰ ਲੱਗਦਾ ਸੀ ਕਿ ਉਹ ਹਾਤੂ ਹੈ, ਕਸ਼ੂਰ (ਕਸ਼ਮੀਰੀ) ਹੈ।

ਉਸ ਨੂੰ ਹੈਰਾਨੀ ਹੁੰਦੀ ਕਿ ਉਸ ਦੇ ਪੁਰਖਿਆਂ ਨੇ ਘਾਟੀ ਛੱਡ ਕੇ ਕਿਉਂ ਪੰਜਾਬ ਵੱਲ ਰੁਖ ਕੀਤਾ ਸੀ? ਮੰਟੋ ਦੇ ਮਿਜ਼ਾਜ ਨੂੰ ਦੇਖੋ ਅਤੇ ਅੰਦਾਜ਼ਾ ਲਗਾਵੋ ਕਿ ਮੰਟੋ ਅੱਜ ਕਿਹੜੀ ਹਾਲਤ 'ਚ ਹੁੰਦਾ ਅਤੇ ਕੀ ਕਰਦਾ?

ਲਿਖਣਾ ਮੰਟੋ ਦਾ ਸ਼ੁਗਲ ਨਹੀਂ ਸੀ। ਉਹ ਉਸ ਦੀ ਬੇਚੈਨੀ ਸੀ। ਜਿਉਣ ਦੀ ਸ਼ਰਤ ਸੀ, ਜ਼ਰੂਰਤ ਸੀ। ਲਿਹਾਜ਼ਾ ਜ਼ਾਹਿਰ ਹੈ ਕਿ ਉਹ ਲਿਖਦਾ ਅਤੇ ਖੂਬ ਲਿਖਦਾ। ਲਿਖੇ ਬਿਨਾਂ ਉਹ ਰਹਿ ਨਹੀਂ ਸਕਦਾ ਸੀ। ਸਿੱਟੇ ਵਜੋਂ ਜੰਮੂ-ਕਸ਼ਮੀਰ ਉਸ ਦਾ ਕਥਾਨਕ ਹੁੰਦਾ। ਉਸ ਨੇ ਕਸ਼ਮੀਰੀ ਪੰਡਤਾਂ ਦੀ ਤ੍ਰਾਸਦੀ 'ਤੇ ਵੀ ਲਿਖਿਆ ਹੁੰਦਾ ਅਤੇ ਕਸ਼ਮੀਰੀ ਨੌਜਵਾਨਾਂ ਦੇ ਗੁੰਮਰਾਹ ਹੋਣ ਅਤੇ ਉੱਥੋਂ ਦੀ ਦਹਿਸ਼ਤਗਰਦੀ 'ਤੇ ਵੀ। ਉਹ ਚਿਨਾਰ ਦੇ ਦਰੱਖਤਾਂ ਦੇ ਨਾਲ-ਨਾਲ ਕਸ਼ਮੀਰੀਆਂ ਦੇ ਜਜ਼ਬਾਤਾਂ ਦੀ ਵੀ ਗੱਲ ਕਰਦਾ ਅਤੇ ਉਹਨਾਂ ਨੂੰ ਲਾਹਨਤਾਂ ਘੱਲਦਾ, ਜੋ ਧਰਤੀ 'ਤੇ ਮੌਜੂਦ ਇਸ ਜੰਨਤ ਦੀ ਬਰਬਾਦੀ ਦੇ ਲਈ ਜ਼ਿੰਮੇਵਾਰ ਹਨ ਅਤੇ ਉੱਥੋਂ ਦੀ ਹਫੜਾ-ਦਫੜੀ ਦੇ ਲਈ ਜ਼ਿੰਮੇਵਾਰ ਹਨ। ਇਸ ਕਤਲੋਗਾਰਤ ਦੇ ਆਦੀ ਵਹਿਸ਼ੀ ਲੋਕਾਂ ਦੇ ਨਾਲ ਉਸ ਦੀ ਕਲਮ ਉਹੀ ਸਲੂਕ ਕਰਦੀ, ਜੋ ਗੁਨਾਹਗਾਰਾਂ ਦੇ ਨਾਲ ਕੀਤਾ ਜਾਂਦਾ ਹੈ। ਉਸ ਦੀਆਂ ਨਜ਼ਰਾਂ ਵਿੱਚ ਦੰਗਾ-ਫਸਾਦ ਕਰਨ ਵਾਲੇ ਹਿੰਦੂ ਜਾਂ ਮੁਸਲਮਾਨ ਨਾ ਹੋ ਕੇ ਦੰਗਾਈ ਅਤੇ ਫਸਾਦੀ ਸਨ, ਜਿਨ੍ਹਾਂ ਦਾ ਇਨਸਾਨੀਅਤ ਨਾਲ ਕੋਈ ਵਾਸਤਾ ਨਹੀਂ ਸੀ।



ਦੇਸ਼ ਦੇ ਆਜ਼ਾਦ ਹੋਣ 'ਤੇ ਉਸ ਨੇ ਲਿਖਿਆ ਸੀ, ਹਿੰਦੁਸਤਾਨ ਆਜ਼ਾਦ ਹੋ ਗਿਆ ਸੀ। ਪਾਕਿਸਤਾਨ ਵਜੂਦ 'ਚ ਆਉਂਦਿਆਂ ਹੀ ਆਜ਼ਾਦ ਹੋ ਗਿਆ ਸੀ। ਇਨਸਾਨ ਰਾਜਾਂ ਦਾ ਗੁਲਾਮ ਸੀ, ਹੱਠਧਰਮੀ ਦਾ ਗੁਲਾਮ, ਮਜ਼੍ਹਬੀ ਜਨੂੰਨ ਦਾ ਗੁਲਾਮ ਪਸ਼ੂਤਾ ਅਤੇ ਕਰੂਰਤਾ ਦਾ ਗੁਲਾਮ। ਮੰਟੋ ਨੂੰ ਹੈਰਤ ਹੁੰਦੀ ਕਿ ਇਹ ਕਿਹੋ ਜਿਹੀ ਆਜ਼ਾਦੀ ਹੈ, ਜੋ ਤਕਸੀਮ ਦੇ ਨਾਲ ਆਈ ਹੈ। ਜਿਨ੍ਹਾਂ ਨੇ ਤਕਸੀਮ ਦੀ ਗੱਲ ਕੀਤੀ, ਉਹ ਪਾਕਿਸਤਾਨ ਬਣਿਆ, ਉੱਥੇ ਅੱਜ ਕੌਣ ਖੁਸ਼ ਹੈ? ਨਾ ਬਲੋਚੀ ਅਤੇ ਨਾ ਹੀ ਮੁਹਾਜਰ। ਪਾਕਿਸਤਾਨ ਆਪਣੇ ਬੀਜੇ ਦੀ ਫਸਲ ਕੱਟ ਰਿਹਾ ਹੈ।

ਮੰਟੋ ਵੀ ਪਾਕਿਸਤਾਨ ਚਲਾ ਗਿਆ ਸੀ। ਪਾਕਿਸਤਾਨ 'ਚ ਵੀ ਸਭ ਤੋਂ ਰੌਣਕਦਾਰ, ਖੂਬਸੂਰਤ ਅਤੇ ਅਦਬ ਦੇ ਮਰਕਜ਼ ਲਾਹੌਰ, ਪਰ ਉੱਥੇ ਉਸ ਨੂੰ ਨਾ ਖੁਸ਼ੀ ਮਿਲੀ ਅਤੇ ਨਾ ਸਕੂਨ। ਉਹ ਹਿੰਦੁਸਤਾਨ ਆਉਣ ਲਈ ਤਰਸਣ ਲੱਗਾ। ਪਾਕਿਸਤਾਨ ਦਾ ਮਾਹੌਲ ਉਸ ਨੂੰ ਰਾਸ ਨਹੀਂ ਆਇਆ। ਉਸ ਨੇ ਗਰਦਿਸ਼ ਅਤੇ ਦੁੱਖ ਦੇ ਦਿਨਾਂ 'ਚ ਇਸਮਤ ਚੁਗਤਾਈ ਨੂੰ ਖਤ ਲਿਖਿਆ ਸੀ ਕਿ ਉਹ ਉਸ ਦੇ ਮੁੰਬਈ ਜਾਣ ਦਾ ਕੋਈ ਰਾਹ ਕੱਢੇ। ਕਾਸ਼ ਕਿ ਇਹ ਮੁਮਕਿਨ ਹੁੰਦਾ ਤਾਂ ਸ਼ਾਇਦ ਮੰਟੋ ਕੁਝ ਸਾਲ ਹੋਰ ਜਿਉਂਦਾ ਤਾਂ ਸਾਨੂੰ ਉਸ ਦੀ ਕਲਮ ਤੋਂ ਕੁਝ ਹੋਰ ਨਾਯਾਬ ਕਹਾਣੀਆਂ ਨਸੀਬ ਹੁੰਦੀਆਂ।

ਗੌਰ ਕਰੋ ਮੰਟੋ ਨੇ ਉੱਥੇ ਖੋਲ ਦੋ, ਠੰਢਾ ਗੋਸ਼ਤ ਅਤੇ ਟੋਬਾ ਟੇਕ ਸਿੰਘ ਜਿਹੀਆਂ ਕਹਾਣੀਆਂ ਲਿਖੀਆਂ, ਜਿਨ੍ਹਾਂ ਨੇ ਉਸ ਦੇ ਜੀਵਨੀਕਾਰ ਨਰੇਂਦਰ ਮੋਹਨ 'ਪਾਗਲ' ਬਣਾ ਦੇਣ ਵਾਲੇ ਮਾਹੌਲ 'ਚ ਇਕੱਲਾ ਪੈ ਜਾਣ ਦੀਆਂ ਕਹਾਣੀਆਂ ਕਰਾਰ ਦਿੰਦੇ ਹਨ। ਮੰਟੋ ਟੋਬਾ ਨੂੰ ਬੇਰਹਿਮ ਸੱਤਾ ਦੇ ਸਾਹਮਣੇ ਖੜ੍ਹਾ ਕਰਦਾ ਹੈ। ਨੋ ਮੈਂਨਸ ਲੈਂਡ 'ਚ ਉਸ ਦਾ ਪਛਾੜ ਖਾ ਕੇ ਡਿੱਗਣਾ ਮਜ਼੍ਹਬੀ ਜਨੂੰਨ ਤੋਂ ਉਪਜੇ ਦੋ ਰਾਸ਼ਟਰਾਂ ਦੇ ਬੇਮਤਲਬ ਅਤੇ ਫਿਤਰਤੀ ਸਿਧਾਂਤ ਦੇ ਸਾਹਮਣੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ।

ਵਟਵਾਰੇ (ਵੰਡ) ਅਤੇ ਕਸ਼ਮੀਰ ਨਾਲ ਜੁੜੇ ਮਸਲਿਆਂ ਦੇ ਲਿਹਾਜ਼ ਨਾਲ ਆਖਰੀ ਸੈਲੂਟ ਅਤੇ ਟਿਨਵਾਲ ਦਾ ਕੁੱਤਾ ਵੀ ਗੌਰਤਲਬ ਹਨ। ਇਹਨਾਂ 'ਚ ਮੰਟੋ ਦਾ ਨਜ਼ਰੀਆ ਵੀ ਦੇਖਿਆ ਜਾ ਸਕਦਾ ਹੈ। ਜਮਹੂਰੀਅਤ, ਕਸ਼ਮੀਰੀਅਤ ਅਤੇ ਇਨਸਾਨੀਅਤ ਦੇ ਅੱਜ ਦੇ ਜੁਮਲੇ ਅਤੇ ਤਕਾਜ਼ੇ ਦੇ ਲਿਹਾਜ਼ ਨਾਲ ਇਹ ਦੇਖਣਾ ਸੱਚਮੁੱਚ ਦਿਲਚਸਪ ਹੁੰਦਾ ਕਿ ਮੰਟੋ ਅੱਜ ਕੀ ਲਿਖਦਾ? ਇਹ ਇਸ ਲਈ ਵੀ ਕਿ ਸਿਆਹ ਹਕੀਕਤ ਨੂੰ ਬਿਆਨ ਕਰਦੀਆਂ ਉਸ ਦੀਆਂ ਕਹਾਣੀਆਂ ਦਾ ਮੈਸੇਜ਼ ਨੇਕ ਖਿਆਲਾਂ ਨਾਲ ਰੋਸ਼ਨ ਹੋਇਆ ਕਰਦਾ ਸੀ। ਇਸ 'ਚ ਦੋ ਰਾਵਾਂ ਨਹੀਂ ਕਿ ਮੰਟੋ ਦਾ ਮਜ਼੍ਹਬ ਇਨਸਾਨੀਅਤ ਸੀ। ਉਹੀ ਉਸ ਦਾ ਦੀਨੋ-ਇਮਾਨ ਸੀ। ਹਰ ਤਰ੍ਹਾਂ ਦੀ ਤਕਸੀਮ ਦੇ ਖਿਲਾਫ ਖੜ੍ਹਾ ਮੰਟੋ ਨਿਸ਼ਚਿਤ ਹੀ ਵੱਖਵਾਦੀਆਂ ਨੂੰ ਪਸੰਦ ਨਾ ਆਉਂਦਾ। ਇਹ ਉਹੀ ਮੋੜ ਹੈ, ਜਿੱਥੇ ਮੰਟੋ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਅਤੇ ਲੋਕ ਉਸ ਦੇ ਲਿਖੇ ਤੇ ਕਹੇ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ।

ਹੈਰਾਨੀ ਨਹੀਂ ਜੇਕਰ ਮੰਟੋ ਇਸ ਮੁਸਲਸਲ ਜੰਗ 'ਚ ਜਲਾਵਤਨ ਕਸ਼ਮੀਰੀ ਪੰਡਤਾਂ ਦੇ ਨਾਲ ਨਜ਼ਰ ਆਉਂਦਾ ਅਤੇ ਆਪਣੀ ਕਲਮ ਨੂੰ ਦਹਿਸ਼ਤਗਰਦਾਂ, ਵੱਖਵਾਦੀਆਂ ਦੀਆਂ ਬੰਦੂਕਾਂ ਦੇ ਖਿਲਾਫ ਹਥਿਆਰ ਦੀ ਤਰ੍ਹਾਂ ਇਸਤੇਮਾਲ ਕਰਦਾ। ਮੰਟੋ ਨੂੰ ਸਵਾਲਾਤ ਨੇਜ਼ੇ ਦੇ ਵਾਂਗ ਚੁੱਭਦੇ ਸਨ। ਉਸ ਦਾ ਕਿਨਾਰਾ ਕਰਨ ਜਾਂ ਕੰਨੀਂ ਕਤਰਾਉਣ 'ਚ ਯਕੀਨ ਨਹੀਂ ਸੀ। ਉਹ ਨੰਗੀਆਂ ਸੱਚਾਈਆਂ ਦੀਆਂ ਚੱਟਾਨਾਂ ਅਤੇ ਕੰਧਾਂ ਨਾਲ ਇਸ ਗੱਲ ਦੀ ਚਿੰਤਾ ਕੀਤੇ ਬਿਨਾਂ ਸਿੱਧਾ ਮੱਥਾ ਲਾਉਂਦਾ ਕਿ ਉਸ ਦੇ ਮੱਥੇ 'ਤੇ ਧਮੋਟ ਨਿਕਲ ਆਏਗਾ ਜਾਂ ਜਿਸਮ ਲਹੂ-ਲੁਹਾਨ ਹੋ ਜਾਏਗਾ।

ਹਿੰਦੁਸਤਾਨ 'ਚ ਦੰਗਿਆਂ ਦੀ ਦਹਿਸ਼ਤ ਤੋਂ ਘਬਰਾ ਕੇ ਉਹ ਬੜੀ ਉਲਝਣ 'ਚ ਹਿੰਦੁਸਤਾਨ ਤੋਂ ਪਾਕਿਸਤਾਨ ਪਹੁੰਚਿਆ ਸੀ। ਅੱਜ ਦੋਵਾਂ ਮੁਲਕਾਂ ਦੇ ਹਾਲਾਤ ਕੀ ਹਨ? ਇੱਥੇ ਬਦ, ਉੱਥੇ ਬਦਤਰ। ਪਾਕਿਸਤਾਨ ਅਜੇ ਵੀ ਗਏ-ਗੁਜ਼ਰੇ ਮੱਧਯੁਗੀ ਮਾਨਸਿਕਤਾ 'ਚ ਜੀ ਰਿਹਾ ਹੈ। ਉਹ ਅੱਲ੍ਹਾ ਅਮਰੀਕਾ ਅਤੇ ਆਰਮੀ ਦੇ ਰਹਿਮੋ-ਕਰਮ 'ਤੇ ਹੈ। ਉਹ ਆਪਣੇ ਹੀ ਅੰਦਰਲੇ ਵਿਰੋਧੀਆਂ ਨਾਲ ਘਿਰ ਚੁੱਕਾ ਹੈ। ਉਹ ਚੱਕਰਵਿਊ ਦੇ ਇਹੋ ਜਿਹੇ ਚੱਕਰ 'ਚ ਪਹੁੰਚ ਗਿਆ ਹੈ, ਜਿੱਥੇ ਉਸ ਦੇ ਕੋਲ ਬਾਹਰ ਆਉਣ ਦਾ ਕੋਈ ਰਾਹ ਨਹੀਂ ਬਚਿਆ ਹੈ ਅਤੇ ਹਿੰਦੁਸਤਾਨ? ਇੱਥੇ ਵੀ ਅਜੀਬ ਮੰਜ਼ਰ ਹੈ। ਪ੍ਰਸ਼ਨਾਂ ਦੇ ਉੱਤਰ ਭਵਿੱਖ ਦੀ ਬਜਾਏ ਅਤੀਤ 'ਚ ਲੱਭੇ ਜਾ ਸਕਦੇ ਹਨ। ਤੰਗ-ਖਿਆਲੀ ਅਤੇ ਵੈਲੇਨਟਾਇਨ ਡੇ ਪੁਨਰ-ਜੀਵਨਵਾਦੀ ਤਾਕਤਾਂ ਸਿਰ ਚੁੱਕ ਰਹੀਆਂ ਹਨ। ਇਹਨਾਂ ਤਾਕਤਾਂ ਨੂੰ ਨਾ ਤਾਂ ਵੈਲੇਨਟਾਇਨ 'ਤੇ ਪ੍ਰੇਮ-ਨਿਵੇਦਨ ਚੰਗਾ ਲੱਗਦਾ ਹੈ ਅਤੇ ਨਾ ਹੀ ਗੰਗਾ-ਜਮਨਾ ਤਹਿਜ਼ੀਬ ਦੀ ਤਰਲ ਧਾਰਾ।

ਸਭ ਤੋਂ ਵੱਧ ਮੁਸੀਬਤ 'ਚ ਹਨ ਦਲਿਤ। ਗਾਂ ਦਾ ਚਮੜਾ ਸਾਫ ਕਰਨ ਤਾਂ ਤਾੜਨਾ ਅਤੇ ਸਾਫ ਕਰਨ ਤੋਂ ਇਨਕਾਰ ਕਰਨ ਤਾਂ ਵੀ ਤਾੜਨਾ। ਉਹ ਕਿੱਥੇ ਪਨਾਹ ਲੈਣ? ਕੌਣ ਹੈ ਉਨ੍ਹਾਂ ਦਾ ਹਿਤੈਸ਼ੀ?

ਵਕਤ ਇਹੋ ਜਿਹਾ ਹੈ ਕਿ ਕਥਾਨਕਾਂ ਅਤੇ ਕਿਰਦਾਰਾਂ ਦੀ ਕਮੀ ਨਹੀਂ ਹੈ। ਪਹਿਲਾਂ ਨਾਲੋਂ ਵੱਧ ਕਥਾਨਕ ਅਤੇ ਪਹਿਲਾਂ ਨਾਲੋਂ ਵੱਧ ਕਿਰਦਾਰ। ਚੰਦ ਚਾਲਾਕ ਅਤੇ ਹਿੰਸਕ। ਪਹਿਲਾਂ ਨਾਲੋਂ ਵੱਧ ਅਡੰਬਰ। ਪਹਿਲਾਂ ਨਾਲੋਂ ਵੱਧ ਸ਼ੋਅ ਅਤੇ ਸ਼ੋਸ਼ੇਬਾਜ਼ੀ। ਮਖੌਟੇ ਇਹੋ ਜਿਹੇ ਕਿ ਅਸਲੀ ਚਿਹਰੇ ਜਿਹੇ ਲੱਗਣ। ਤੀਰ ਚੱਲਣ, ਪਰ ਤਰਕਸ਼ ਨਾ ਦਿਸੇ ਅਤੇ ਤੀਰ ਵੀ ਸਾਦੇ ਨਹੀਂ, ਜ਼ਹਿਰ ਬੁਝੇ। ਬਿਨਾਂ ਸ਼ੱਕ ਕਹਿ ਸਕਦੇ ਹਾਂ ਮੰਟੋ ਹੁੰਦਾ ਤਾਂ ਬਿਹਤਰ ਲਿਖਦਾ। ਉਹ ਦਿਲਚਸਪ ਕਿਰਦਾਰਾਂ ਦੇ ਜ਼ਰੀਏ ਸਾਡੇ ਵਕਤ ਨੂੰ ਆਪਣੀਆਂ ਕਹਾਣੀਆਂ 'ਚ ਦਲੇਰੀ ਨਾਲ ਬਿਨਾਂ ਕਿਸੇ ਡਰ ਦੇ ਦਰਜ ਕਰਦਾ।

ਉਹ ਆਪਣੀ ਕਲਮ ਨੂੰ ਲਹੂ 'ਚ ਡੋਬ ਕੇ ਲਿਖਣ ਤੋਂ ਬਾਜ਼ ਨਾ ਆਉਂਦਾ। ਪ੍ਰਸ਼ਨ ਉੱਠਦਾ ਹੈ ਕਿ ਇਹੋ ਜਿਹਾ ਕਰਦੇ ਹੋਏ ਕੀ ਉਹ ਇਹਨਾਂ ਦਾ ਖਮਿਆਜ਼ਾ ਭੁਗਤਣ ਤੋਂ ਬਚ ਸਕਦਾ ਸੀ? ਕਦੇ ਨਹੀਂ। ਭੁਗਤਣ ਤੋਂ ਉਹ ਉਦੋਂ ਵੀ ਕਿੱਥੇ ਬਚਿਆ ਸੀ? ਉਹ ਸੁਧਾਰਵਾਦੀਆਂ ਦੀ ਨਜ਼ਰ 'ਚ ਅਸ਼ਲੀਲ ਲੇਖਕ ਸੀ। ਹਕੂਮਤ ਦੀ ਨਜ਼ਰ 'ਚ ਕਮਿਊਨਿਸਟ। ਕਦੀ ਉਹ ਅਦਾਲਤ ਦੇ ਕਟਹਿਰੇ 'ਚ ਸੀ ਤਾਂ ਕਦੀ ਹਸਪਤਾਲ 'ਚ ਅਤੇ ਕਦੀ ਪਾਗਲਖਾਨੇ 'ਚ। ਕਹਿਣਾ ਸਹੀ ਹੈ ਕਿ ਮੰਟੋ ਅੱਜ ਵੀ ਜਿਉਂਦਾ ਹੈ। ਮੰਟੋ ਮਰਿਆ ਨਹੀਂ ਕਰਦੇ। ਕੋਈ ਕਿੰਨੀ ਨਫਰਤ ਕਿਉਂ ਨਾ ਕਰੇ। ਮੰਟੋ ਨਾਲ ਪਿਆਰ ਕਰਨ ਵਾਲਿਆਂ ਦੀ ਕਮੀਂ ਨਹੀਂ ਹੈ। ਮੰਟੋ ਸਾਡੇ ਵਕਤ ਦੀ ਜ਼ਰੂਰਤ ਹੈ ਦੋਸਤੋ।

ਮੋ: 94631-61691

CMYK

28-May-Sunday.qxd 5/27/2023 10:45 PM Page 5



# ਸਾਹਮਣੇ ਆਣ ਡਿੱਗਦੀਆਂ ਤੇ ਪਤਾ ਨਹੀਂ ਕੀ-ਕੀ ਕੁਝ ਕਹੀ ਜਾਂਦੀਆਂ ਹਨ ਖ਼ਬਰਾਂ !

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਲੰਮੇ ਸਮੇਂ ਤੋਂ ਲਗਾਤਾਰ ਬਿਨਾਂ ਨਾਗਾ ਖਬਰਾਂ ਨਾਲ ਵਾਸਤਾ ਰਹਿਣ ਕਰ ਕੇ ਅੱਜਕੱਲ੍ਹ ਹਰ ਸਵੇਰ ਨਹੀਂ, ਹਰ ਪਲ ਅਤੇ ਹਰ ਘੜੀ ਕਿਸੇ ਵੀ ਹੋਰ ਗੱਲ ਤੋਂ ਵੱਧ ਧਿਆਨ ਖਬਰਾਂ ਵੱਲ ਰੱਖਣ ਦੀ ਆਦਤ ਪੱਕ ਗਈ ਹੈ। ਖਬਰਾਂ ਦੀ ਦੁਨੀਆ ਪਹਿਲਾਂ ਵਾਲੀ ਨਹੀਂ ਰਹਿ ਗਈ, ਸੰਸਾਰ ਦੇ ਕਿਸੇ ਵੀ ਖੂੰਜੇ ਵਿੱਚ ਹੋਈ ਕਿਸੇ ਘਟਨਾ ਜਾਂ ਦੁਰਘਟਨਾ ਬਾਰੇ ਖਬਰ ਅਗਲੇ ਕੁਝ ਪਲਾਂ ਵਿੱਚ ਸਾਰੀ ਦੁਨੀਆ ਦੇ ਲੋਕਾਂ ਤੀਕ ਪਹੁੰਚ ਜਾਂਦੀ ਹੈ। ਬਹੁਤ ਸਾਰੇ ਲੋਕ ਸੁਣਦੇ ਅਤੇ ਨਾਲ ਹੀ ਭੁਲਾ ਦੇਣ ਦੀ ਆਦਤ ਵਾਲੇ ਹੁੰਦੇ ਹਨ ਅਤੇ ਇਸੇ ਕਰ ਕੇ ਦਿਮਾਗੀ ਖਿਚਾਅ ਤੋਂ ਬਚੇ ਰਹਿੰਦੇ ਹਨ, ਪਰ ਜਿਹੜੇ ਲੋਕ ਖਬਰਾਂ ਪਿੱਛੇ ਛੁਪੀ ਸੱਚਾਈ ਤੇ ਕਾਰਨਾਂ ਨੂੰ ਜਾਨਣ ਦੀ ਇੱਛਾ ਰੱਖਣ ਵਾਲੇ ਹਨ, ਉਹ ਹਰ ਖਬਰ ਦੇ ਬਾਅਦ ਕਈ ਦੇਰ ਤੱਕ ਉਸ ਖਬਰ ਦੇ ਚੰਗੇ ਜਾਂ ਮਾੜੇ ਪੱਖ ਦੇ ਅਸਰ ਹੇਠੋਂ ਨਹੀਂ ਨਿਕਲ ਸਕਦੇ। ਇਸ ਦੇ ਬਾਵਜੂਦ ਪੱਤਰਕਾਰੀ ਖੇਤਰ ਵਿੱਚ ਸਾਡੇ ਵਰਗੇ ਲੋਕਾਂ ਦੀ ਮਜਬੂਰੀ ਹੁੰਦੀ ਹੈ ਕਿ ਪਲ-ਪਲ ਦੀ ਖਬਰ ਰੱਖੀਏ ਤੇ ਫਿਰ ਇਸ ਦਾ ਤਣਾਅ ਵੀ ਭੁਗਤਦੇ ਰਹੀਏ।

ਪਾਠਕਾਂ ਲਈ ਆਪਣੀ ਹਫਤਵਾਰੀ ਲਿਖਤ ਵਾਸਤੇ ਇਸ ਵਾਰੀ ਅਸੀਂ ਜਦੋਂ ਕਲਮ ਚੁੱਕਣ ਲੱਗੇ ਤਾਂ ਸਾਹਮਣੇ ਪਏ ਅਖਬਾਰਾਂ ਦੀਆਂ ਖਬਰਾਂ ਫਿਰ ਘੇਰਾ ਪਾ ਕੇ ਇਹ ਕਹਿੰਦੀਆਂ ਜਾਪਣ ਲੱਗ ਪਈਆਂ ਕਿ ਉਨ੍ਹਾਂ ਵਿੱਚੋਂ ਕਿਹੜੀ ਛੱਡਣ ਵਾਲੀ ਹੈ ਤੇ ਕਿਹੜੀ ਰਹਿ ਗਈ ਤਾਂ ਬੇਇਨਸਾਫੀ ਹੋਵੇਗੀ! ਇਸ ਖਿੱਚੋਤਾਣ ਵਿੱਚ ਅਸੀਂ ਹੋਰ ਸਭ ਕੁਝ ਤੋਂ ਪਹਿਲਾਂ ਇਹ ਖਬਰ ਚੁੱਕੀ ਕਿ ਸਰਕਾਰਾਂ ਤੋਂ ਮਿਲੀਆਂ ਛੋਟਾਂ ਦੀਆਂ ਪੰਡਾਂ ਨਾਲ ਦਿਨ ਕੱਟਣ ਦੀ ਆਦਤ ਪਾਈ ਜਾਂਦੇ ਲੋਕਾਂ ਵਿੱਚ ਨਵਾਂ ਰੁਝਾਨ ਇਹ ਵਧਦਾ ਜਾਂਦਾ ਹੈ ਕਿ ਜਿਨ੍ਹਾਂ ਦੇ ਘਰਾਂ ਵਿੱਚ ਕਿਸੇ ਤਰ੍ਹਾਂ ਦੀ ਕਮੀ-ਕਮਜ਼ੋਰੀ ਨਹੀਂ, ਉਹ ਵੀ ਨਿਤਾਣੇ ਤੇ ਗਰੀਬ ਜਿਹੇ ਬਣ ਕੇ ਇਨ੍ਹਾਂ ਛੋਟਾਂ ਦਾ ਨਾਜਾਇਜ਼ ਲਾਭ ਲਈ ਜਾਂਦੇ ਹਨ। ਇਸੇ ਦੀ ਇੱਕ ਮਿਸਾਲ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਪਿੱਛੋਂ ਨਵੀਂ ਸਰਕਾਰ ਨੇ ਜਾਂਚ ਕਰਵਾਈ ਤਾਂ ਭੇਦ ਖੁੱਲ੍ਹਾ ਕਿ ਪੰਜਾਬ ਵਿੱਚ ਸਸਤੇ ਰਾਸ਼ਨ ਦੇ ਚਾਲੀ ਲੱਖ ਅਠਾਹਠ ਹਜ਼ਾਰ ਕਾਰਡਾਂ ਵਿੱਚੋਂ ਤਿੰਨ ਲੱਖ ਤੀਹ ਹਜ਼ਾਰ ਤੋਂ ਵੱਧ ਨਾਜਾਇਜ਼ ਬਣਾਏ ਗਏ ਸਨ। ਭਾਰਤ ਸਰਕਾਰ ਸਪੱਸ਼ਟ ਕਹਿ ਚੁੱਕੀ ਸੀ ਕਿ ਜਾਲ੍ਹੀ ਕਾਰਡਾਂ ਲਈ ਰਾਸ਼ਨ ਨਹੀਂ ਦੇਣਾ ਅਤੇ ਇਸ ਫੈਸਲੇ ਪਿੱਛੋਂ ਰਾਜ ਸਰਕਾਰ ਦੇ ਨਹੀਂ ਸਕਦੀ। ਪਿਛਲੇ ਸਾਲ ਹੁਸ਼ਿਆਰਪੁਰ ਵਿੱਚ ਲਗਜ਼ਰੀ ਕਾਰ ਉੱਤੇ ਇੱਕ ਬੰਦਾ ਸਸਤੇ ਭਾਅ ਦਾ ਰਾਸ਼ਣ ਲੈਣ ਲਈ ਡੀਪੂ ਵਾਲੇ ਕੋਲ ਆਇਆ ਤਾਂ ਉਹ ਫੋਟੋ ਅਖਬਾਰਾਂ ਵਿੱਚ ਅਤੇ ਟੀ ਵੀ ਚੈਨਲਾਂ ਉੱਤੇ ਲੋਕਾਂ ਨੇ ਵੇਖੀ ਸੀ। ਇਸ ਮਈ ਵਿੱਚ ਇੱਕ ਦਿਨ ਖਬਰ ਆਈ ਕਿ ਸੈਂਕੜਿਆਂ ਦੀ ਗਿਣਤੀ ਵਿੱਚ ਮਰ ਚੁੱਕੇ ਲੋਕਾਂ ਦਾ ਰਾਸ਼ਨ ਪੰਜਾਬ ਵਿੱਚ ਜਾਰੀ ਹੋ ਰਿਹਾ ਹੈ ਅਤੇ ਏਥੇ ਮ੍ਰਿਤਕਾਂ ਦੀ ਪੈਨਸ਼ਨ ਵੀ ਲਗਾਤਾਰ ਚਲਦੀ ਹੈ। ਮੁਕਤਸਰ ਜ਼ਿਲ੍ਹੇ ਵਿੱਚ ਪੈਨਸ਼ਨ ਲੈਣ ਆਈ ਔਰਤ ਉੱਤੇ ਇੱਕ ਬੈਂਕ ਮੈਨੇਜਰ ਨੂੰ ਸ਼ੱਕ ਪੈ ਗਿਆ ਤਾਂ ਉਸ ਦੇ ਪਿੰਡ ਦੇ ਸਰਪੰਚ ਨੂੰ ਫੋਨ ਉੱਤੇ ਪੁੱਛ ਲਿਆ ਅਤੇ ਅੱਗੋਂ ਸਰਪੰਚ ਨੇ ਦੱਸਿਆ ਕਿ ਉਸ ਔਰਤ ਦੀ ਮੌਤ ਹੋ ਚੁੱਕੀ ਹੈ। ਫਿਰ ਸਰਪੰਚ ਓਥੇ ਆ ਗਿਆ। ਉਸ ਔਰਤ ਨੂੰ ਪੁਲਸ ਨੇ ਫੜਿਆ ਤਾਂ ਉਸ ਨੇ ਦੋ ਨੌਜਵਾਨ ਫੜਾ ਦਿੱਤੇ, ਜਿਹੜੇ ਉਸ ਜਵਾਨ ਔਰਤ ਨੂੰ 'ਬੇਬੇ' ਬਣਾ ਕੇ ਪੈਨਸ਼ਨ ਲੈਣ ਆਏ ਅਤੇ ਬੈਂਕ ਦੇ ਬਾਹਰ ਖੜੇ ਸਨ।

ਮਨ ਇਸ ਖਬਰ ਨੇ ਖਰਾਬ ਕੀਤਾ ਤਾਂ ਦੂਸਰੀ ਖਬਰ ਨਾਲ ਲੱਗਦੇ ਹਰਿਆਣੇ ਦੀ ਸਾਹਮਣੇ ਆ ਗਈ ਕਿ ਕਰੀਬ ਬਾਰਾਂ ਸਾਲ ਪਹਿਲਾਂ ਓਥੇ ਜਾਲ੍ਹੀ ਪੈਨਸ਼ਨਾਂ ਦਾ ਇੱਕ ਘੋਟਾਲਾ ਹੋਇਆ ਸੀ, ਉਸ ਦੀ ਜਾਂਚ ਇਸ ਹਫਤੇ ਕੇਂਦਰ ਦੀ ਜਾਂਚ ਏਜੰਸੀ ਸੀ ਬੀ ਆਈ ਨੂੰ ਸੌਂਪੀ ਗਈ ਹੈ। ਖਬਰ ਦਾ ਸਾਰ ਕਹਿੰਦਾ ਹੈ ਕਿ ਜਦੋਂ ਇਹ ਘੋਟਾਲਾ ਹੋਇਆ ਤਾਂ ਓਥੇ ਕਾਂਗਰਸ ਦੇ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਸੀ, ਇਹ ਸਾਰਾ ਕੁਝ ਉਸ ਦੇ ਬੰਦਿਆਂ ਨੇ ਕੀਤਾ ਸੀ ਤੇ ਜ਼ਿੰਮੇਵਾਰੀ ਉਸ ਦੇ ਸਿਰ ਵੀ ਆਉਂਦੀ ਹੈ। ਸਵਾਲ ਇਹ ਸੀ ਕਿ ਫਿਰ ਇਹ ਮੁੱਦਾ ਬਾਰਾਂ ਸਾਲ ਦੱਬਿਆ ਕਿਉਂ ਰਿਹਾ ਅਤੇ ਏਨੇ ਸਾਲਾਂ ਪਿੱਛੋਂ ਕੱਢਣ ਦੀ ਨੌਬਤ ਕਿਉਂ ਆਈ! ਕਾਰਨ ਇਹ ਕਿ ਪਹਿਲਾਂ ਕਾਂਗਰਸ ਮਰੀ ਹੋਣ ਕਾਰਨ ਕੇਸ ਖੋਲ੍ਹਣ ਦੀ ਲੋੜ ਨਹੀਂ ਸੀ, ਅਗਲੇ ਸਾਲ ਦੀਆਂ ਚੋਣਾਂ ਨੇੜੇ ਆਉਣ ਅਤੇ ਕਾਂਗਰਸ ਅੱਗੇ ਵਧਦੀ ਵੇਖ ਕੇ ਕਾਂਗਰਸੀ ਆਗੂਆਂ ਦੇ ਗਲ਼ ਰੱਸਾ ਪਾਉਣ ਦੀ ਲੋੜ ਪੈ ਗਈ ਹੈ। ਉਨ੍ਹਾਂ ਨੇ ਕੀਤਾ ਹੈ ਤਾਂ ਭੁਗਤਣਗੇ। ਉਨ੍ਹਾਂ ਤੋਂ ਪਹਿਲਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਏਸੇ ਤਰ੍ਹਾਂ ਜੇ ਬੀ ਟੀ ਟੀਚਰਾਂ ਦੀ ਭਰਤੀ ਦੇ ਸਕੈਂਡਲ ਵਿੱਚ ਫਸ ਕੇ ਦਸ ਸਾਲ ਜੇਲ੍ਹ ਵਿੱਚ ਕੱਟ ਆਇਆ ਹੈ। ਅੱਜ ਉਹ ਵੀ ਕਾਂਗਰਸ ਦੇ ਭ੍ਰਿਸ਼ਟਾਚਾਰ ਦੀ ਅਸਲੀ ਗੱਲ ਕਰ ਕੇ ਆਪਣੇ ਵਕਤ ਦੇ ਕਾਲੇ ਦੌਰ ਨੂੰ ਢੱਕਣ ਦੀ ਕੋਸ਼ਿਸ਼ ਕਰ ਸਕਦਾ ਹੈ।

ਤੀਸਰੀ ਖਬਰ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਦੀ ਹੈ। ਸਾਨੂੰ ਸਾਰਿਆਂ ਨੂੰ ਯਾਦ ਹੈ ਕਿ ਕਈ ਹਫਤੇ ਪਹਿਲਾਂ ਇੱਕ ਅਫਰੀਕੀ ਦੇਸ਼ ਵਿੱਚ ਭਾਰਤ ਤੋਂ ਗਈ ਦਵਾਈ ਨਾਲ ਕਈ ਬੱਚੇ ਮਰ ਜਾਣ ਦੀ ਖਬਰ ਆਈ ਸੀ। ਉਸ ਬਾਰੇ ਪਹਿਲਾਂ ਤਾਂ ਭਾਰਤ ਸਰਕਾਰ ਨੇ ਜ਼ਿੰਮੇਵਾਰੀ ਲੈਣ ਤੋਂ ਬਚਣਾ ਚਾਹਿਆ, ਪਰ ਜਦੋਂ ਵਿਸ਼ਵ ਸਿਹਤ ਸੰਗਠਨ ਨੇ ਇਹ ਸਾਫ ਕਹਿ ਦਿੱਤਾ ਕਿ ਮੌਤਾਂ ਦਾ ਕਾਰਨ ਭਾਰਤ ਤੋਂ ਗਈ ਦਵਾਈ ਸੀ ਤਾਂ ਹਰਿਆਣੇ ਦੀ ਉਹ ਕੰਪਨੀ ਬੰਦ ਕਰਨੀ ਪਈ। ਬਹੁਤਾ ਸਮਾਂ ਨਹੀਂ ਸੀ ਬੀਤਿਆ ਕਿ ਏਦਾਂ ਦੀ ਘਟਨਾ ਉਜ਼ਬੇਕਿਸਤਾਨ ਵਿੱਚ ਵਾਪਰ ਗਈ ਅਤੇ ਓਥੇ ਜਿਸ ਦੂਸਰੀ ਕੰਪਨੀ ਦੀ ਦਵਾਈ ਭੇਜੀ ਸੀ, ਫਿਰ ਉਹ ਵੀ ਬੰਦ ਕਰਨੀ ਪਈ। ਤਾਜ਼ਾ ਖਬਰ ਹਿਮਾਚਲ ਪ੍ਰਦੇਸ਼ ਦੀ ਹੈ ਕਿ ਰਾਜ ਸਰਕਾਰ ਨੇ ਓਥੋਂ ਦੀਆਂ ਗਿਆਰਾਂ ਦਵਾਈ ਕੰਪਨੀਆਂ ਨੂੰ ਦਵਾਈਆਂ ਦਾ ਉਤਪਾਦਨ ਕਰਨਾ ਬੰਦ ਕਰਨ ਦਾ ਹੁਕਮ ਦਿੱਤਾ ਹੈ। ਪ੍ਰਮੁੱਖ ਸ਼ਹਿਰ ਸੋਲਨ ਵਿਚਲੀ ਇੱਕ ਕੰਪਨੀ ਦੇ ਮਾਲਕਾਂ ਦੀ ਗ੍ਰਿਫਤਾਰੀ ਵੀ ਹੋਈ ਹੈ। ਖਬਰ ਦਾ ਵੇਰਵਾ ਕਹਿੰਦਾ ਹੈ ਕਿ ਓਥੇ ਦਵਾਈਆਂ ਦੀਆਂ ਉਨੱਤੀ ਕੰਪਨੀਆਂ ਦੇ ਮਾਲ ਵਿੱਚੋਂ ਸੈਂਪਲ ਭਰੇ ਗਏ ਤੇ ਗਿਆਰਾਂ ਕੰਪਨੀਆਂ ਨਾਲ ਸੰਬੰਧਤ ਛੇਹੱਤਰ ਸੈਂਪਲਾਂ ਦੀ ਰਿਪੋਰਟ ਬੇਹੱਦ ਘਟੀਆ ਆਈ ਹੋਣ ਕਾਰਨ ਇਹ ਸਾਰੀਆਂ ਬੰਦ ਕਰਨੀਆਂ ਪਈਆਂ ਹਨ। ਸੋਲਨ ਵਾਲੀ ਕੰਪਨੀ ਦਾ ਕੇਸ ਕੁਝ ਵੱਖਰਾ ਹੈ। ਓਥੋਂ ਦੀ ਦਵਾਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਾਰਲੀਮੈਂਟਰੀ ਚੋਣ ਹਲਕੇ ਵਾਰਾਨਸੀ ਵਿੱਚ ਪਹੁੰਚੀ ਤਾਂ ਇਸ ਦਾ ਮਾੜਾ ਪ੍ਰਭਾਵ ਪੈਣ ਮਗਰੋਂ ਜਦੋਂ ਉੱਤਰ ਪ੍ਰਦੇਸ਼ ਦੇ ਸਿਹਤ ਮਹਿਕਮੇ ਨੇ ਚੈੱਕ ਕਰਵਾਈ ਤਾਂ ਇਸ ਵਿੱਚ ਬਲੈਕ ਬੋਰਡ ਉੱਤੇ ਲਿਖਣ ਵਾਲਾ ਚਾਕ ਪੀਸ-ਪੀਸ ਕੇ ਪਾਇਆ ਨਿਕਲਿਆ ਸੀ। ਕੇਸ ਖੁਦ ਪ੍ਰਧਾਨ ਮੰਤਰੀ ਦੇ ਹਲਕੇ ਦਾ ਹੋਣ ਕਰ ਕੇ ਗੱਲ ਅੱਗੇ ਵਧ ਗਈ ਅਤੇ ਕੰਪਨੀ ਮਾਲਕ ਦੀ ਗ੍ਰਿਫਤਾਰੀ ਤੱਕ ਪਹੁੰਚ ਗਈ, ਕਿਸੇ ਹੋਰ ਜਗ੍ਹਾ ਇਹੋ ਜਿਹੀ ਕੋਈ ਹਰਕਤ ਹੋਈ ਹੁੰਦੀ ਤਾਂ ਸ਼ਾਇਦ ਮਾਮਲਾ ਰਫਾ-ਦਫਾ ਕਰ ਦਿੱਤਾ ਜਾਣਾ ਸੀ। ਖੁੰਬਾਂ ਵਾਂਗ ਉੱਗੀਆਂ ਇਹ ਕੰਪਨੀਆਂ ਏਦਾਂ ਦਾ ਕੰਮ ਸਿਰਫ ਤਦੇ ਕਰ ਸਕਦੀਆਂ ਹਨ, ਜੇ ਉਨ੍ਹਾਂ ਦੀ ਸਰਕਾਰੇ-ਦਰਬਾਰੇ ਪਹੁੰਚ ਹੋਵੇ ਅਤੇ ਇਹੀ ਵੱਡਾ ਨੁਕਸ ਹੈ।

ਇੱਕ ਗੱਲ ਬਹੁਤ ਸਾਰੇ ਲੋਕਾਂ ਨੂੰ ਪਤਾ ਨਹੀਂ ਕਿ ਜਿਹੜੀ ਦਵਾਈ ਅਫਰੀਕੀ ਦੇਸ਼ ਗਾਂਬੀਆ ਜਾਂ ਉਜ਼ਬੇਕਿਸਤਾਨ ਨੂੰ ਭੇਜੀ ਗਈ ਸੀ, ਉਹ ਭਾਰਤ ਵਿੱਚ ਵੇਚਣ ਵਾਸਤੇ ਪਾਸ ਨਹੀਂ ਸੀ ਹੋਈ, ਕਿਉਂਕਿ ਉਹ ਮਨੁੱਖੀ ਇਲਾਜ ਲਈ ਵਰਤਣ ਦੇ ਯੋਗ ਨਹੀਂ ਸੀ। ਜਿਹੜੀ ਦਵਾਈ ਸਾਡੇ ਆਪਣੇ ਦੇਸ਼ ਵਿੱਚ ਵਰਤੋਂ ਦੇ ਯੋਗ ਨਹੀਂ ਸੀ, ਉਹ ਦੂਸਰੇ ਦੇਸ਼ ਨੂੰ ਭੇਜਣ ਦਾ ਲਾਇਸੈਂਸ ਦੇਣ ਲਈ ਕਿਹੜੇ ਅਧਿਕਾਰੀ ਜਾਂ ਕਿਹੜੇ ਮੰਤਰੀ ਨੇ ਕਿੰਨੇ ਹੱਥ ਰੰਗੇ ਸਨ, ਪੜਤਾਲ ਕਰਨ ਵਾਲਿਆਂ ਨੂੰ ਇਹ ਵੀ ਪਤਾ ਕਰਨਾ ਚਾਹੀਦਾ ਸੀ, ਪਰ ਇਹ ਗੱਲ ਕਦੀ ਬਾਹਰ ਨਹੀਂ ਆਈ। ਰੌਲੇ-ਗੌਲੇ ਵਿੱਚ ਜਿਹੋ ਜਿਹਾ ਮਾਲ ਬਣਦਾ ਹੈ, ਬਣਦਾ ਜਾਣ ਦਿਓ ਤੇ ਜਿੱਥੇ ਕਿਸੇ ਨੇ ਭੇਜਣਾ ਹੈ, ਉਸ ਨੂੰ ਭੇਜਦਾ ਰਹਿਣ ਦਿਓ, ਇਸ ਚਲੰਤੂ ਫਾਰਮੂਲੇ ਸਦਕਾ ਦੂਸਰੇ ਦੇਸ਼ਾਂ ਦੇ ਲੋਕਾਂ ਦੀ ਜਾਨ ਨਾਲ ਜਿਹੜੇ ਪੂੰਜੀਪਤੀ ਖਿਲਵਾੜ ਕਰ ਸਕਦੇ ਹਨ, ਉਹ ਲਾਲਚ ਵੱਸ ਹੋ ਕੇ ਭਾਰਤੀ ਲੋਕਾਂ ਦਾ ਲਿਹਾਜ਼ ਵੀ ਨਹੀਂ ਕਰਨ ਲੱਗੇ। ਮਾਇਆ ਦਾ ਮੋਹ ਜਦੋਂ ਬੇਸ਼ਰਮੀ ਦੇ ਰਾਹ ਪਾ ਦੇਂਦਾ ਹੈ ਤਾਂ ਉਸ ਮਗਰੋਂ ਨੋਟਾਂ ਦੀ ਚਮਕ ਦਾ ਚੁੰਧਿਆਇਆ ਬੰਦਾ ਕਿਸੇ ਵੀ ਹੱਦ ਤੱਕ ਜਾ ਸਕਦਾ ਤੇ ਕਿਸੇ ਵੀ ਵਿਅਕਤੀ ਦੇ ਖੂਨ ਨਾਲ ਆਪਣੇ ਹੱਥ ਰੰਗ ਸਕਦਾ ਹੈ। ਇਹ ਤਾਂ ਕੁਝ ਵੀ ਨਹੀਂ, ਹਾਲੇ ਪਤਾ ਨਹੀਂ ਹੋਰ ਕੀ-ਕੀ ਕਹੀ ਜਾਂਦੀਆਂ ਹਨ ਇਹ ਨਿੱਤ ਦੀਆਂ ਖਬਰਾਂ।

ਸੌ ਸਵਾਲਾਂ ਦਾ ਸਵਾਲ ਇਹ ਹੈ ਕਿ ਜਦੋਂ ਸਾਰਾ ਦੇਸ਼ ਇਸ ਕਿਸਮ ਦੀ ਧੋਖਾਧੜੀ ਤੇ ਆਰਥਕ ਬਦਮਾਸ਼ੀ ਦੀਆਂ ਖਬਰਾਂ ਵਿੱਚ ਉਲਝਿਆ ਪਿਆ ਹੈ ਤਾਂ ਅਮਲ ਵਿੱਚ ਉਹ ਕੰਮ ਕਦੋਂ ਤੇ ਕਿੱਦਾਂ ਹੋ ਸਕਦਾ ਹੈ, ਜਿਹੜਾ ਭਾਰਤ ਨੂੰ ਦੁਨੀਆ ਦੇ ਦੇਸ਼ਾਂ ਦੀ ਕਤਾਰ ਵਿੱਚ ਸਨਮਾਨ ਵਾਲੀ ਥਾਂ ਖੜਾ ਕਰ ਸਕਦਾ ਹੋਵੇ? ਅਸੀਂ ਲੋਕ ਇਹ ਵੇਖ ਕੇ ਖੁਸ਼ੀ ਮਨਾਈ ਜਾਂਦੇ ਹਾਂ ਕਿ ਫਲਾਣੇ ਥਾਂ ਐਨੇ ਦੇਸ਼ਾਂ ਦੀ ਮੀਟਿੰਗ ਹੋਈ ਤਾਂ ਸਾਂਝੀ ਫੋਟੋ ਖਿਚਵਾਉਣ ਵੇਲੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਸਾਰਿਆਂ ਦੇ ਵਿਚਾਲੇ ਖੜੋਣ ਦਾ ਥਾਂ ਦਿੱਤਾ ਗਿਆ। ਮਨਮੋਹਨ ਸਿੰਘ ਤੇ ਵਾਜਪਾਈ ਦੇ ਵਕਤ ਵੀ ਏਹੋ ਹੁੰਦਾ ਵੇਖਿਆ ਗਿਆ ਸੀ, ਇਹ ਥਾਂ ਨਰਿੰਦਰ ਮੋਦੀ ਦੇ ਆਉਣ ਨਾਲ ਭਾਰਤ ਨੂੰ ਨਹੀਂ ਮਿਲੀ, ਪਰ ਉਨ੍ਹਾਂ ਦੇ ਵਕਤ ਇਸ ਤਰ੍ਹਾਂ ਖੜੋਣ ਬਾਰੇ ਢੰਡੋਰਾ ਨਹੀਂ ਸੀ ਪਿੱਟਿਆ ਜਾਂਦਾ। ਅੱਜਕੱਲ੍ਹ ਹਰ ਗੱਲ ਦਾ ਢੰਡੋਰਾ ਪਿੱਟਿਆ ਜਾਂਦਾ ਤੇ ਦਾਅਵਾ ਕੀਤਾ ਜਾਂਦਾ ਹੈ ਕਿ ਇਸ ਤਰ੍ਹਾਂ ਭਾਰਤ ਸਾਰੇ ਸੰਸਾਰ ਦਾ ਆਗੂ, ਵਿਸ਼ਵ ਗੁਰੂ ਬਣਨ ਵੱਲ ਵਧਦਾ ਪਿਆ ਹੈ। ਇਹ ਵਹਿਮ ਕੱਢ ਕੇ ਹਕੀਕਤ ਪਛਾਨਣੀ ਚਾਹੀਦੀ ਹੈ। ਸੰਸਾਰ ਦੇ ਵਿਕਸਤ ਦੇਸ਼ਾਂ ਵਾਲਿਆਂ ਦੀ ਨੀਤੀ ਨਾ ਮਨਮੋਹਨ ਸਿੰਘ ਅਤੇ ਵਾਜਪਾਈ ਵਰਗੇ ਆਗੂਆਂ ਨੂੰ ਵਿਸ਼ਵ ਗੁਰੂ ਮੰਨਣ ਦੀ ਸੀ, ਨਾ ਇਸ ਵਕਤ ਉਨ੍ਹਾਂ ਦੇ ਮਨਾਂ ਵਿੱਚ ਇਹ ਸੋਚ ਹੈ, ਅਸਲ ਗੱਲ ਇਹ ਹੈ ਕਿ ਭਾਰਤ ਦੇ ਇੱਕ ਸੌ ਚਾਲੀ ਕਰੋੜ ਲੋਕਾਂ ਨੂੰ ਉਹ ਲੋਕ ਵੀ ਨਹੀਂ ਸਮਝਦੇ, ਇੱਕ ਸੌ ਚਾਲੀ ਕਰੋੜ ਗਾਹਕ ਸਮਝਦੇ ਹਨ। ਆਪਣੇ ਗਾਹਕਾਂ ਵਾਲੇ ਵੱਡੀ ਮੰਡੀ ਵਰਗੇ ਦੇਸ਼ ਦੇ ਮੁਖੀ ਨੂੰ ਉਹ ਆਪਣਾ ਆਗੂ ਸਮਝਣ ਦੀ ਭੁੱਲ ਨਹੀਂ ਕਰਦੇ, ਆਪਣੇ ਮਾਲ ਲਈ ਇਸ ਮੰਡੀ ਵਿੱਚ ਮਾਲ ਵੇਚਣ ਵਾਸਤੇ ਇੱਕ-ਦੂਸਰੇ ਨੂੰ ਮੋਢੇ ਮਾਰ ਕੇ ਅੱਗੇ ਲੰਘਣ ਦਾ ਯਤਨ ਕਰਦੇ ਹਨ ਤੇ ਅਸੀਂ ਇਸ ਨਾਲ ਉਸ ਮਾਣ ਦਾ ਅਹਿਸਾਸ ਕਰਨ ਲੱਗ ਪੈਂਦੇ ਹਾਂ, ਜੋ ਅਸਲੀ ਸਨਮਾਨਾਂ ਤੋਂ ਵੀ ਵੱਡਾ ਜਾਪਦਾ ਹੈ। ਵਿਹਾਰ ਦੇ ਈਮਾਨ ਤੇ ਅਸੂਲਾਂ ਦੀ ਰਾਜਨੀਤੀ ਤੋਂ ਸੱਖਣੀ ਅਤੇ ਸਿਰਫ ਮੀਡੀਏ ਵਿੱਚ ਬੱਲੇ-ਬੱਲੇ ਹੁੰਦੀ ਵੇਖਣ ਵਾਲੀ ਮਾਨਸਿਕਤਾ ਨਾਲ ਵਿਸ਼ਵ-ਗੁਰੂ ਦੇ ਰੁਤਬੇ ਨਹੀਂ ਮਿਲਦੇ ਹੁੰਦੇ, ਹਵਾਈ ਗੁਬਾਰੇ ਵਿੱਚ ਜਿਸ ਦਿਨ ਸੂਈ ਚੁਭ ਗਈ ਤਾਂ ਸੁਫਨਾ ਟੁੱਟ ਜਾਵੇਗਾ।

ਜਿਨ੍ਹਾਂ ਦੇਸ਼ਾਂ ਦੇ ਹਾਕਮਾਂ ਨਾਲ ਖੜੋ ਕੇ ਵਿਸ਼ਵ ਗੁਰੂ ਬਣਨ ਦੇ ਸੁਫਨੇ ਸੰਜੋਏ ਜਾਂਦੇ ਹਨ, ਉਨ੍ਹਾਂ ਵਾਂਗ ਧੋਖਾਧੜੀ ਤੇ ਕਾਰੋਬਾਰ ਵਿੱਚ ਬੇਈਮਾਨੀ ਦਾ ਅਮਲ ਰੋਕਣ ਵੱਲ ਮੂੰਹ ਕਰਨਾ ਚਾਹੀਦਾ ਹੈ, ਪਰ ਉਹ ਕੀਤਾ ਨਹੀਂ ਜਾਂਦਾ। ਦੇਸ਼ ਵਿਚਲੇ ਹਾਲਾਤ ਵਿੱਚ ਉਹ ਸੁਖਾਵਾਂ ਦਿਨ ਆਉਣ ਤੱਕ ਸਾਡੇ ਜ਼ਿੰਮੇ ਇਨ੍ਹਾਂ ਖਬਰਾਂ ਨੂੰ ਪੜ੍ਹੀ ਜਾਣ ਦਾ ਕੰਮ ਹੁੰਦਾ ਹੈ, ਉਹੀ ਖਬਰਾਂ ਪੜ੍ਹੀ ਜਾਣ ਦਾ, ਜਿਹੜੀਆਂ ਬਦੋਬਦੀ ਸਾਹਮਣੇ ਆਣ ਡਿੱਗਦੀਆਂ ਤੇ ਪਤਾ ਨਹੀਂ ਕੀ-ਕੀ ਕੁਝ ਕਹੀ ਜਾਂਦੀਆਂ ਹਨ।

# ਪੰਜਾਬ ਨਾਲ ਪਿਆਰ ਦਾ ਪੁੰਜ ਪਿਆਰਾ ਸਿੰਘ ਭੋਗਲ

### ਡਾ. ਲਖਵਿੰਦਰ ਸਿੰਘ ਜੌਹਲ

ਪਿਆਰਾ ਸਿੰਘ ਭੋਗਲ ਦੀ ਸ਼ਖਸੀਅਤ ਦੇ ਅਸੀਮ ਪਾਸਾਰਾਂ ਦੀ ਥਾਹ ਪਾਉਣੀ ਬਹੁਤ ਮੁਸ਼ਕਲ ਸੀ। ਅਤਿ ਸਾਦਾ ਅਤੇ ਸਰਲ ਦਿਸਣ ਵਾਲਾ ਇਹ ਵਿਅਕਤੀ ਬਹੁਤ ਗਹਿਰੀ ਸੋਚ ਅਤੇ ਤਿੱਖੀ ਨਜ਼ਰ ਦਾ ਧਾਰਨੀ ਸੀ। ਚੜ੍ਹਦੀ ਜਵਾਨੀ ਵਿੱਚ ਸਰਕਾਰੀ ਨੌਕਰੀ ਲੈਣ ਤੋਂ ਖੁੰਝ ਜਾਣ ਦਾ ਸੰਤਾਪ ਹੰਢਾਉਣ ਵਾਲਾ ਪਿਆਰਾ ਸਿੰਘ ਭੋਗਲ ਸਾਰੀ ਉਮਰ ਬਿਨਾਂ ਕੋਈ ਨੌਕਰੀ ਜਾਂ ਰਵਾਇਤੀ ਬਿਜ਼ਨਿਸ ਕੀਤਿਆਂ ਵੀ ਇੱਕ ਕਾਮਯਾਬ ਇਨਸਾਨ ਸੀ ਅਤੇ ਬਿਨਾਂ ਕਿਸੇ ਮਾਨਤਾ ਪ੍ਰਾਪਤ ਕਾਲਜ ਜਾਂ ਯੂਨੀਵਰਸਿਟੀ ਵਿੱਚ ਪੜ੍ਹਾਇਆਂ ਵੀ "ਪ੍ਰੋਫ਼ੈਸਰ" ਸੀ।

ਅਕਾਦਮੀ ਵਜੋਂ ਸਥਾਪਤ ਕੀਤੇ ਯੂਨੀਵਰਸਲ ਕਾਲਜ ਦੀਆਂ ਗਿਆਨੀ ਅਤੇ ਐਮ ਏ ਦੀਆਂ ਸਾਰੀਆਂ ਦੀਆਂ ਸਾਰੀਆਂ ਕਲਾਸਾਂ ਨੂੰ ਪੜ੍ਹਾਉਣ ਵਾਲਾ ਉਹ ਇਕੱਲਾ ਅਧਿਆਪਕ ਚੜ੍ਹਦੀ ਸਵੇਰ ਤੋਂ ਡੂੰਘੀ ਸ਼ਾਮ ਤੱਕ ਵਿਦਿਆਰਥੀਆਂ ਦੇ ਕਿੰਨੇ ਪੂਰ ਪਾਰ ਲੰਘਾ ਦੇਣ ਦੀ ਸਮਰੱਥਾ ਰੱਖਦਾ ਸੀ। ਉਸ ਤੋਂ ਪੜ੍ਹ ਕੇ ਵੱਡੇ ਵੱਡੇ ਅਹੁਦਿਆਂ ਤੱਕ ਅਪੜਣ ਵਾਲੇ ਅਤੇ ਵੱਡੇ ਵੱਡੇ ਅਦਾਰਿਆਂ ਦੇ ਮੁੱਖੀ ਬਣ ਜਾਣ ਵਾਲੇ ਸੈਂਕੜੇ ਵਿਦਿਆਰਥੀ ਗਿਣੇ ਜਾ ਸਕਦੇ ਹਨ। ਅਧਿਆਪਨ ਕਾਰਜਾਂ ਵਿੱਚ ਜੁੱਟੇ ਰਹਿਣ ਦੇ ਸਹਿਜ ਨੂੰ ਉਹ ਸਾਹਿਤ ਸਭਾਵਾਂ ਦੀਆਂ ਜਥੇਬੰਦਕ ਸਰਗਰਮੀਆਂ ਨਾਲ ਵੀ ਜੋੜੀ ਰੱਖਣ ਦਾ ਮਾਹਿਰ ਸੀ। ਗਿਆਨੀ ਹੀਰਾ ਸਿੰਘ ਦਰਦ ਤੋਂ ਬਾਅਦ ਪੰਜਾਬੀ ਲੇਖਕ ਸਭਾ ਜਲੰਧਰ ਦੀ ਚੜ੍ਹਤ ਦਾ ਸੁਨਹਿਰੀ ਦੌਰ ਲੰਮੇ ਸਮੇਂ ਤੱਕ ਜਿਨ੍ਹਾਂ ਤਿੰਨ ਥੰਮਾਂ ਉੱਤੇ ਟਿਕਿਆ ਰਿਹਾ ਉਨ੍ਹਾਂ ਵਿੱਚੋਂ ਮੁੱਖ ਥੰਮ ਪਿਆਰਾ ਸਿੰਘ ਭੋਗਲ ਹੀ ਸੀ ਜਿਸ ਦੇ ਖੱਬੇ ਸੱਜੇ ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ ਅਤੇ ਸੰਤ ਜਗਦੀਸ਼ ਸਿੰਘ ਵਰਿਆਮ ਸਨ। ਇਹ ਉਹ ਦੌਰ ਸੀ ਜਦੋਂ ਪੰਜਾਬੀ ਲੇਖਕ ਸਭਾ ਜਲੰਧਰ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਅਜਿਹੀ ਸਥਾਈ ਸ਼ਕਤੀ ਸੀ, ਜਿਸ ਵਿੱਚ ਕਦੇ ਕੋਈ ਝੋਲ ਨਹੀਂ ਸੀ ਪਈ। ਬਾਬਾ ਗੁਰਬਖਸ਼ ਸਿੰਘ ਬੰਨੋਆਣਾ ਅਤੇ ਸੰਤ ਜਗਦੀਸ਼ ਸਿੰਘ ਰੂਪੀ ਦੋਵੇਂ ਥੰਮ ਤਾਂ ਚਰੋਕਣੇ ਡਿਗ ਚੁੱਕੇ ਸਨ ਪਰ ਗੈਰ ਸਰਗਰਮ ਹੋਣ ਦੇ ਬਾਵਜੂਦ ਪਿਆਰਾ ਸਿੰਘ ਭੋਗਲ ਦੀ ਹੋਂਦ ਜਲੰਧਰ ਦੇ ਲੇਖਕਾਂ ਨੂੰ ਅਥਾਹ ਸ਼ਕਤੀ ਪ੍ਰਦਾਨ ਕਰਦੀ ਸੀ। ਉਨ੍ਹਾਂ ਤੋਂ ਅਗਵਾਈ ਲੈਣਾ, ਉਨ੍ਹਾਂ ਨੂੰ ਫ਼ੋਨ ਕਰਨਾ, ਉਨ੍ਹਾਂ ਨਾਲ ਗੱਲਾਂ ਕਰਨਾ ਬਹੁਤ ਚੰਗਾ ਚੰਗਾ ਲਗਦਾ...। ਹੁਣ ਉਨ੍ਹਾਂ ਨੂੰ ਮਿਲਿਆਂ ਕਈ ਮਹੀਨੇ ਹੋ ਗਏ ਸਨ। ਆਖ਼ਰੀ ਮੁਲਾਕਾਤ ਕਾਫ਼ੀ ਮਾਣਮੱਤੀ ਸੀ-ਜਸਵੰਤ ਸਿੰਘ ਗੰਢਮ ਅਤੇ ਗੁਰਮੀਤ ਪਲਾਹੀ ਦੀ ਸੰਸਥਾ ਵੱਲੋਂ ਪਿਆਰਾ ਸਿੰਘ ਭੋਗਲ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਸਨਮਾਨ ਭੇਂਟ ਕੀਤਾ ਗਿਆ ਸੀ। ਸਨਮਾਨ ਭੇਟ ਕਰਨ ਵਾਲੇ ਵਫ਼ਦ ਵਿੱਚ ਸਤਨਾਮ ਮਾਣਕ ਅਤੇ ਮੈਨੂੰ (ਲਖਵਿੰਦਰ ਜੌਹਲ) ਵੀ ਸ਼ਾਮਲ ਕੀਤਾ ਗਿਆ। ਸਨਮਾਨ ਪ੍ਰਾਪਤ ਕਰਦਿਆਂ ਭੋਗਲ ਸਾਹਿਬ ਦੀਆਂ ਅੱਖਾਂ ਵਿੱਚ ਅੰਤਾਂ ਦੀ ਚਮਕ ਸੀ। ਉਹ ਸਾਰਿਆਂ ਨੂੰ ਕੋਲ ਬੁਲਾ ਬੁਲਾ ਕੇ ਫੋਟੋ ਖਿਚਵਾਉਂਦੇ।...ਚਾਹ ਪੀਦਿਆਂ ਬਹੁਤ ਉਮਾਹ ਨਾਲ ਦਸਦੇ "ਮੈਂ ਘਰ ਦੇ ਬਾਹਰ ਵਾਲੀ ਸੜਕ ਉਤੇ ਸੈਰ ਕਰ ਲੈਂਦਾ-ਹੁਣ ਮੈਂ ਕਾਫ਼ੀ ਠੀਕ ਹਾਂ"---ਵਾਪਸ ਘਰਾਂ ਨੂੰ ਮੁੜਦਿਆਂ ਅਸੀਂ ਗੱਲਾਂ ਕਰਦੇ..."ਹੁਣ ਤਾਂ ਬਹੁਤ ਕਮਜ਼ੋਰ ਹੋ ਗਏ ਹਨ-ਭੋਗਲ ਸਾਹਿਬ-ਗੱਲਾਂ ਭੁੱਲਦੇ ਵੀ ਹਨ ਤੇ ਦੁਹਰਾਉਂਦੇ ਵੀ ਹਨ।...ਫੇਰ ਚੁੱਪ ਪਸਰ ਜਾਂਦੀ...ਪਿਛਲੇ ਦਿਨੀਂ ਵਰਿਆਮ ਸਿੰਘ ਸੰਧੂ ਇੰਡੀਆ ਆਏ ਤਾਂ ਮੈਨੂੰ ਭੋਗਲ ਸਾਹਿਬ ਬਾਰੇ ਪੁੱਛਣ ਲੱਗੇ-ਮੈਂ ਸਨਮਾਨ ਦਿੱਤੇ ਜਾਣੇ ਵੇਲੇ ਦੀ ਸਾਰੀ ਵਿਥਿਆ ਸੁਣਾਈ-ਕਹਿਣ ਲੱਗੇ-ਆਪਾਂ ਵੀ ਮਿਲਣ ਜਾਣੈ। ਕੱਲ ਚੱਲਾਂਗੇ-ਪਰਸੋਂ ਚੱਲਾਂਗੇ ਕਰਦਿਆਂ-ਭੋਗਲ ਸਾਹਿਬ ਨੂੰ ਯਾਦ ਕਰਦੇ ਰਹੇ। ਦਿਨ ਲੰਘ ਗਏ ਤੇ ਸੰਧੂ ਸਾਹਿਬ ਦੇ ਵਾਪਸ ਕਨੇਡਾ ਜਾਣ ਦੀ ਤਰੀਕ ਆ ਗਈ ਪਰ ਭੋਗਲ ਸਾਹਿਬ ਨੂੰ ਮਿਲਣ ਦੀ ਤਰੀਕ ਨਾ ਆਈ...ਕੱਲ ਖ਼ਬਰ ਸੁਣਦੇ ਸਾਰੇ ਵਰਿਆਮ ਸੰਧੂ ਜੀ ਦਾ ਫ਼ੋਨ ਆਇਆ-ਅਤਿ ਭਾਵੁਕ ਬੋਲਾਂ ਵਿੱਚ ਇਹ ਇੱਕ ਕੰਬਣੀ ਸੀ-ਭੋਗਲ ਸਾਹਿਬ ਨੂੰ ਨਾ ਮਿਲਣ ਦਾ ਵਿਗੋਚਾ ਸੀ-ਦੇਰ ਤੱਕ...ਰੁਕ ਰੁਕ ਕੇ ਅਸੀਂ ਭੋਗਲ ਸਾਹਿਬ ਦੀ ਸ਼ਖ਼ਸੀਅਤ ਉਨ੍ਹਾਂ ਦੇ ਕਾਰਜ ਅਤੇ ਸ਼ਬਦ ਸਾਧਨਾ ਨੂੰ ਨਿਹਾਰਦੇ ਰਹੇ।....ਭੋਗਲ ਸਾਹਿਬ 14 ਅਗਸਤ 1931 ਨੂੰ ਆਪਣੇ ਨਾਨਕੇ ਪਿੰਡ ਪਲਾਹੀ ਵਿਖੇ ਜਨਮੇ ਸਨ।...."ਰਾਮਗੜ੍ਹੀਆ ਗਜ਼ਟ" ਦੀ ਨੌਕਰੀ ਨਾਲ ਪੱਤਰਕਾਰੀ ਸਫ਼ਰ ਦਾ ਆਰੰਭ ਕਰਕੇ ਉਹ 'ਅਜੀਤ' ਦੀ ਕਾਲਮ ਨਵੀਸੀ ਤੱਕ ਅਨੇਕਾਂ ਅਖ਼ਬਾਰਾਂ ਨਾਲ ਜੁੜੇ ਰਹੇ। 'ਸ਼ੇਰ ਦੀ ਸਵਾਰੀ' ਅਤੇ 'ਸ਼ਹਿਰ' ਵਰਗੇ ਸ਼ਾਹਕਾਰ ਨਾਵਲ ਅਤੇ 'ਸਿਆੜ' ਵਰਗੇ ਨਾਟਕ ਲਿਖ ਕੇ ਉਨ੍ਹਾਂ ਨੇ ਇੱਕ ਵੱਡੇ ਲੇਖਕ ਵਜੋਂ ਪੰਜਾਬੀ ਸਾਹਿਤ ਵਿੱਚ ਆਪਣੀ ਥਾਂ ਪੱਕੀ ਕਰ ਲਈ ਸੀ। ਪਾਠ ਕਰਮਾਂ ਨਾਲ ਸੰਬੰਧਤ ਉਨ੍ਹਾਂ ਦੀਆਂ ਅਲੋਚਨਾ ਪੁਸਤਕਾਂ ਸਾਹਿਤ ਦੇ ਵਿਦਿਆਰਥੀਆਂ ਵਿੱਚ ਕਾਫ਼ੀ ਮੁੱਲਵਾਨ ਸਾਬਿਤ ਹੁੰਦੀਆਂ ਰਹੀਆਂ ਹਨ। ਗੁਰੂ ਹਰਗੋਬਿੰਦ ਐਜੂਕੇਸ਼ਨ ਕੌਂਸਲ ਅਤੇ ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਦੀਆਂ ਪ੍ਰਬੰਧਕੀ ਕਮੇਟੀਆਂ ਦੇ ਅਗਵਾਨੂੰ ਰਹੇ ਅਤੇ ਸਿੱਖਿਆ ਸੁਧਾਰਾਂ ਲਈ ਸਦਾ ਸਜੱਗ ਰਹੇ। ਪੰਜਾਬ ਜਾਗ੍ਰਿਤੀ ਮੰਚ ਦੇ ਪ੍ਰਧਾਨ ਹੁੰਦਿਆਂ ਉਨ੍ਹਾਂ ਨੇ ਪੰਜਾਬ ਸੰਕਟ ਦੇ ਦਿਨਾਂ ਵਿੱਚ ਪੰਜਾਬ ਦੀ ਸਲਾਮਤੀ ਅਤੇ ਬਿਹਤਰੀ ਲਈ ਬੇਬਾਕ ਅਤੇ ਬੇਧੜਕ ਭੂਮਿਕਾ ਨਿਭਾਈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਉਨ੍ਹਾਂ ਦਾ ਗਹਿਰਾ ਪਿਆਰ ਮਿਸਾਲੀ ਸੀ। ਸ਼ਹਿਰੀ ਆਜ਼ਾਦੀਆਂ, ਮਾਨਵੀ ਅਧਿਕਾਰਾਂ ਅਤੇ ਪੰਜਾਬ ਦੇ ਹੱਕਾਂ ਲਈ ਲੜੇ ਗਏ ਹਰ ਸੰਘਰਸ਼ ਦਾ ਉਹ ਸਰਗਰਮ ਹਿੱਸਾ ਰਹੇ ਅਤੇ ਆਪਣੀ ਦਮਦਾਰ ਆਵਾਜ਼ ਨੂੰ ਬੁਲੰਦ ਕਰਦੇ ਰਹੇ।



ਉਹ ਉਨ੍ਹਾਂ ਸ਼ਖਸੀਅਤਾਂ ਵਿੱਚੋਂ ਮੋਹਰੀ ਸਨ ਜਿਨ੍ਹਾਂ ਕੋਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਬਿਹਤਰੀ ਲਈ ਭਵਿੱਖ ਵਰਤੀ ਵਿਜ਼ਨ ਸੀ। ਬਹੁਤੇ ਸਿੱਖ ਸਿਧਾਂਤਕਾਰਾਂ ਵਾਂਗ ਉਹ ਠਹਿਰੀ ਹੋਈ ਮਾਨਸਿਕਤਾ ਵਾਲੇ ਬੁੱਧੀਜੀਵੀ ਨਹੀਂ ਸਨ-ਉਨ੍ਹਾਂ ਕੋਲ ਵਿਰਸਾ, ਵਰਤਮਾਨ ਅਤੇ ਭਵਿੱਖ ਦੀ ਤ੍ਰੈ-ਦਿਸ਼ਾਵੀ ਨਜ਼ਰ ਸੀ, ਜਿਸ ਨੂੰ ਪੰਜਾਬ ਦੇ ਰਾਜਸੀ ਦ੍ਰਿਸ਼ ਨੇ ਸਮਝਣ ਦਾ ਯਤਨ ਨਹੀ ਕੀਤਾ। ਭੋਗਲ ਸਾਹਿਬ ਨੂੰ ਇਸ ਦਾ ਹਮੇਸ਼ਾ ਮਲਾਲ ਰਿਹਾ ਕਿ ਪੰਜਾਬ ਦੇ ਬਹੁਤੇ ਰਾਜਸੀ ਆਗੂ ਪੰਜਾਬ ਨੂੰ ਸਮਝਣ ਵਿੱਚ ਨਾਕਾਮ ਰਹੇ ਹਨ। ਉਨ੍ਹਾਂ ਦਾ ਤੁਰ ਜਾਣਾ ਪੰਜਾਬ ਲਈ ਬਹੁਤ ਵੱਡਾ ਘਾਟਾ ਹੈ-ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਭਵਿੱਖ ਵਰਤੀ ਨਜ਼ਰੀਏ ਤੋਂ ਪਿਆਰ ਕਰਨ ਵਾਲੇ ਵਿਅਕਤੀ ਬਹੁਤ ਵਿਰਲੇ ਹਨ-ਅਤੇ ਇਹ ਵਿਰਲੇ-ਇੱਕ ਇੱਕ ਕਰਕੇ ਤੁਰ ਰਹੇ ਹਨ...ਬੇਹੱਦ ਅਫ਼ਸੋਸ...।

*ਫ਼ੋਨ ਨੰਬਰ: 94171-94812*

# ਚੇਤੇ ਆਉਂਦੈ ਬਾਪੂ ਜੱਸੋਵਾਲ

## ਡਾਇਰੀ ਦਾ ਪੰਨਾ

### ਨਿੰਦਰ ਘੁਗਿਆਣਵੀ

ਪੰਜਾਬ ਦੇ ਸਭਿਆਚਾਰਕ ਮੇਲਿਆਂ ਦੇ ਮੋਹਰੀ ਬਾਪੂ ਜਗਦੇਵ ਸਿੰਘ ਜੱਸੋਵਾਲ ਨੇ ਆਪਣਾ ਜਨਮ ਦਿਨ ਹਰੇਕ ਸਾਲ 30 ਅਪ੍ਰੈਲ ਨੂੰ ਮਨਾਉਣਾ ਸ਼ੁਰੂ ਕਰ ਦਿੱਤਾ ਸੀ ਤੇ ਉਹਦੇ ਵਲੋਂ ਪੱਖੋਵਾਲ ਰੋਡ ਦੀ ਕਾਲੋਨੀ ਪਾਲਮ ਵਿਹਾਰ ਵਿਖੇ ਬਣਾਏ ਜੱਸੋਵਾਲ ਭਵਨ ਵਿਚ ਖੂਬ ਰੌਣਕਾਂ ਜੁੜਦੀਆਂ ਸਨ। ਸਵੇਰੇ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪੈਂਦੇ ਤੇ ਫਿਰ ਬਾਪੂ ਆਪਣੇ ਨਾਂ ਉਤੇ ਸਥਾਪਿਤ ਕੀਤਾ ਪੁਰਸਕਾਰ ਕਿਸੇ ਵੱਡੀ ਹਸਤੀ ਨੂੰ ਉਥੇ ਹਾਜਿਰ ਵੱਡੀਆਂ ਹਸਤੀਆਂ ਹੱਥੋਂ ਹੀ ਭੇਟ ਕਰਵਾਉਂਦਾ ਹੁੰਦਾ। ਫਿਰ ਗਾਇਕਾਂ ਦਾ ਅਖਾੜਾ ਲਗਦਾ। ਆਥਣੇ ਬਾਪੂ ਦੇ ਗੁਰਦੇਵ ਨਗਰ ਵਾਲੇ ਪੁਰਾਣੇ ਘਰੇ ਦੇਰ ਰਾਤ ਤੀਕਰ ਮਹਿਫਲ ਜੁੜਦੀ। ਇਹ ਸਾਰੇ ਸਮਿਆਂ ਵਿਚ ਮੈਂ ਮੈਂ ਲਗਭਗ ਢਾਈ ਦਹਾਕਿਆਂ ਤੋਂ ਵੀ ਵਧ ਦਾ ਸਮਾਂ ਦੇਖਦਾ ਤੇ ਹਾਜਿਰ ਹੁੰਦਾ ਰਿਹਾ ਸਾਂ। ਲੋਕਾਂ ਦੇ ਮੇਲੇ ਲਾਉਣ ਵਾਲਾ। ਜਨਮ ਦਿਨ ਤੇ ਬਰਸੀਆਂ ਮਨਾਉਣ ਵਾਲਾ। ਕੈਸਿਟਾਂ ਤੇ ਕਿਤਾਬਾਂ ਰਿਲੀਜ ਕਰਵਾਉਣ ਵਾਲਾ ਤੇ ਬੁੜਾਂ ਖੁੰਝਿਆਂ ਕਲਾਕਾਰਾਂ ਤੇ ਲਿਖਾਰੀਆਂ ਨੂੰ ਗਲ ਨਾਲ ਲਾਉਣ ਵਾਲਾ ਬਾਪੂ ਦਸੰਬਰ 2014 ਨੂੰ ਸਾਥੋਂ ਸਦਾ ਸਦਾ ਵਾਸਤੇ ਦੂਰ ਚਲਿਆ ਗਿਆ। ਮੈਂ ਤੇ ਰਵਿੰਦਰ ਗਰੇਵਾਲ ਆਖਰੀ ਵਾਰੀ ਲੁਧਿਆਣੇ ਹਸਪਤਾਲ ਵਿਚ ਮਿਲਣ ਗਏ। ਉਥੇ ਵੀ ਖੂਬ ਮੇਲਾ ਗੇਲਾ ਲਾਈ ਬੈਠਾ ਸੀ। ਚਾਰ ਜਾਣ ਤੇ ਛੇ ਆਉਣ। ਕੋਈ ਕਵਿਤਾ ਸੁਣਾਈ ਜਾਵੇ। ਕੋਈ ਗੀਤ ਗਾਈ ਜਾਵੇ। ਕੋਈ ਫੋਟੂਆਂ ਖਿੱਚੀ ਜਾਵੇ। ਰਾਹ ਵਿਚ ਆਉਂਦਿਆ ਰਵਿੰਦਰ ਕਹਿੰਦਾ ਕਿ ਬਾਪੂ ਲਗਦਾ ਹੁਣ ਜਾਊਗਾ, ਲਗਦਾ ਨਹੀ ਠੀਕ ਹੁੰਦਾ ਸਿਹਤ ਬਾਹਲੀ ਡਿਗਪੀ ਐ। ਮੈਂ ਹੁੰਗਾਰਾ ਨਾ ਭਰਿਆ, ਮੇਰਾ ਗਲਾ ਭਰ ਆਇਆ। ਤੇ ਕੁਝ ਦਿਨਾਂ ਬਾਅਦ ਬਾਪੂ ਚਲਾ ਗਿਆ।

***

ਕੁਝ ਕੁ ਸਾਲ ਉਹਦੇ ਚਹੇਤਿਆਂ ਤੇ ਪਰਿਵਾਰਕ ਮੈਂਬਰਾਂ ਨੇ ਉਸਨੂੰ ਚੇਤੇ ਕੀਤਾ। ਮੋਹਨ ਸਿੰਘ ਦਾ ਮੇਲਾ ਵੀ ਲਾਇਆ ਤੇ ਜਨਮ ਦਿਨ ਵੀ ਮਨਾਉਂਦੇ ਰਹੇ ਪਰ ਬਾਪੂ ਵਾਲੀ ਗੱਲ ਕਿਥੇ ਕਿਸੇ ਤੋਂ ਬਣਦੀ ਸੀ? ਕਾਫਲੇ ਬੰਨ ਕੇ ਤੁਰਨ ਵਾਲੇ ਜੱਸੋਵਾਲ ਦੇ ਚੇਲਿਆਂ-ਬੇਲੀਆਂ ਦਾ ਕਾਫਲਾ ਹੌਲੀ ਹੌਲੀ ਕਰਕੇ ਖਿਲਰਣ ਪੁਲਰਣ ਲੱਗਿਆ। ਗੁਰਦੇਵ ਨਗਰ ਵਾਲੇ ਘਰ 'ਚੋਂ ਪੰਛੀ ਉਡ ਗਏ,ਜਿਥੇ ਹਰ ਵਾਲੇ ਰਾਗ -ਰੰਗ ਤੇ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਸਾਜ ਖੜਕਦੇ ਤੇ ਗੀਤ ਗੂੰਜਦੇ। ਬੇਬੇ ਤੇ ਰਜਿੰਦਰ ਸੇਵਾਦਾਰ ਮਿੱਸੀਆਂ ਰੋਟੀਆਂ ਲਾਹੀ ਜਾਂਦੇ। ਆਇਆ ਗਿਆ ਛਕੀ ਜਾਂਦਾ ਤੇ ਬਾਪੂ ਦੇ ਗੁਣ ਗਾਈ ਜਾਂਦਾ। ਇਕ ਦਿਨ ਬਾਪੂ ਦੇ ਮਗਰੇ ਬੇਬੇ ਸੁਰਜੀਤ ਕੌਰ ਵੀ ਤੁਰ ਗਈ। ਅੱਜ ਮੈਂ ਇਸ ਦਿਨ ਉਤੇ ਇਹ ਸ਼ਬਦ ਲਿਖਦਿਆਂ ਅੱਖਾਂ ਭਰੀਆਂ ਨੇ। ਉਸ ਦਿਨ ਵੀ ਅੱਖਾਂ ਭਰ ਆਈਆਂ ਸਨ, ਜਦ ਕੁਝ ਸਾਲ ਪਹਿਲਾਂ ਬਾਪੂ ਦੇ ਇਸ ਸੁੰਨੇ ਦਰਵਾਜੇ ਮੂਹਰ ਦੀ ਲੰਘਦਿਆਂ ਮੈਂ ਤੇ ਰਵਿੰਦਰ ਗਰੇਵਾਲ ਰਾਤ ਨੂੰ ਲੰਘੇ ਸਾਂ, ਕਿਉਂਕ ਸਾਨੂੰ ਘਰ ਅੰਦਰ ਬਿਠਾਉਣ ਵਾਲਾ ਕੋਈ ਨਹੀਂ ਸੀ।

***

ਯਾਦਾਂ ਦਾ ਝੁਰਮਟ ਹੈ। ਅਭੁੱਲ ਯਾਦਾਂ ਹਨ। ਪ੍ਰੋ ਮੋਹਨ ਸਿੰਘ ਦਾ ਮੇਲਾ ਤੇ ਲੁਧਿਆਣੇ ਦਾ ਪੰਜਾਬੀ ਭਵਨ ਦੁਨੀਆਂ ਭਰ ਵਿੱਚ ਮਸ਼ਹੂਰ ਕਰਨ ਵਾਲੇ ਬਾਪੂ ਜਸੋਵਾਲ ਬਾਰੇ ਉਹਦੇ ਜੀਂਦੇ ਜੀਅ ਮੈਂ ਦੋ ਕਿਤਾਬਾਂ ਵੀ ਲਿਖੀਆਂ, ਇਕ ਦਾ ਅੰਗਰੇਜੀ ਵਿੱਚ ਅਨੁਵਾਦ ਵੀ ਹੋਇਆ। ਬਾਪੂ ਦੇ ਪੁਰਾਣੇ ਸੰਗੀ ਤੇ ਉਘੇ ਸ਼ਾਇਰ ਗੁਰਭਜਨ ਗਿੱਲ ਦਾ ਜਦ ਦਿਲ ਕਰਦਾ ਹੈ ਕਿ ਬਾਪੂ ਦੀਆਂ ਬਾਤਾਂ ਪਾਉਣ ਨੂੰ, ਤਾਂ ਉਹ ਲੰਬਾ ਫੋਨ ਕਰਦਾ ਹੈ। ਫਿਰ ਹਉਕੇ ਭਰਦਾ ਹੈ ਤੇ ਅੱਖਾਂ ਵੀ। ਕਹਿੰਦਾ ਹੈ, "ਕਦੇ ਤਾਂ ਯਾਦ ਕਰੂਗਾ ਹੀ ਕੋਈ, ਕਿੰਨਾ ਕੁ ਚਿਰ ਵਿਸਾਰ ਲਵਾਂਗੇ ਤੇ ਮਨਾਂ 'ਚੋਂ ਕਿੰਝ ਮਾਰ ਲਵਾਂਗੇ ਓਸ ਹਸਤੀ ਨੂੰ? ਇਹੋ ਜਿਹੇ ਮਨੁੱਖ ਮਨਾਂ ਚੋਂ ਕਿਰਦੇ ਨਹੀਂ ਹੁੰਦੇ।"

***

ਸ੍ਰ ਜਗਦੇਵ ਸਿੰਘ ਜੱਸੋਵਾਲ ਦਾ ਛੋਟਾ ਭਰਾ ਇੰਦਰਜੀਤ ਸਿੰਘ ਗਰੇਵਾਲ ਆਖਦਾ ਹੈ, "ਬਾਈ ਸੁਪਨੇ ਵਿਚ ਆਉਂਦਾ ਹੈ, ਮੋਢਾ ਹਲੂੰਣ ਜਗਾਉਂਦਾ ਹੈ ਤੇ ਕਾਫਲੇ ਵਿਚ ਤੁਰਨ ਲਈ ਆਖਦਾ ਹੈ। ਅਸੀਂ ਫਿਰ ਤੋਂ ਜੁੜਾਂਗੇ ਤੇ ਕਾਫਲੇ ਸੰਗ ਤੁਰਾਂਗੇ। ਬੀਤੀ ਤੀਹ ਅਪ੍ਰੈਲ ਦੇ ਦਿਨ ਉਹਦੀਆਂ ਬਾਤਾਂ ਪਾਈਆਂ ਗਈਆਂ ਉਹਦੇ ਗੁਰਦੇਵ ਨਗਰ ਵਾਲੇ ਆਲਣੇ। ਉਹਨੂੰ ਪਿਆਰਨ ਤੇ ਸਤਿਕਾਰਨ ਵਾਲੇ ਕਈ ਬੰਦੇ ਇਕੱਠੇ ਹੋਏ। ਬੁੜੀਆਂ ਨਹੀ ਆਈਆਂ ਜਾਂ ਕਿਸੇ ਨਹੀਂ ਬੁਲਾਈਆਂ। ਬਾਪੂ ਦੇ ਹੋਣਹਾਰ ਪੋਤੇ ਅਮਰਿੰਦਰ ਸਿੰਘ ਜਸੋਵਾਲ ਨੇ ਗੁਰਦੇਵ ਨਗਰ ਵਾਲੇ ਘਰ ਦਾ ਕੁੰਡਾ ਜਿੰਦਾ ਕਦੇ ਨਹੀਂ ਲਾਇਆ। ਸਮੇਂ ਬੜੀ ਤੇਜੀ ਨਾਲ ਬੀਤੇ ਅੱਖ ਝਪਕਣ ਵਾਂਗਰਾਂ। ਜਸੋਵਾਲ ਜੀ ਦੇ 88- ਵੇਂ ਜਨਮ ਦਿਨ ਉਤੇ ਉਹ ਪੰਛੀ ਵੀ ਘਰ ਦੇ ਆਲਣਿਆਂ 'ਚ ਪਰਤ ਆਏ ਜਾਪੇ, ਜੋ ਬਾਪੂ ਦੀ ਅਰਥੀ ਮਗਰ ਉਡਦੇ ਉਡਦੇ ਦੂਰ ਕਿਧਰੇ ਉਡ ਗਏ ਸਨ।

ਹੋਣ ਜਿਊਂਦੇ ਜੀਆਂ ਨੂੰ ਸਲਾਮਾਂ
ਮਰਿਆਂ ਨੂੰ ਕੌਣ ਪੁਛਦਾ

ਇਹ ਬੋਲ ਜੱਸੋਵਾਲ ਜੀ ਦੇ ਚਹੇਤਿਆਂ ਨੇ ਝੁਠਲਾ ਦਿੱਤੇ।

**ਸੰਪਰਕ : 9417421700**

# ਦਵਾਈ ਸਨਅਤ ਅਤੇ ਦਰਵੇਸ਼ੀ ਕੁੱਤਿਆਂ ਦਾ ਪ੍ਰਤਾਪ

## ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

### ਡਾ. ਸ਼ਿਆਮ ਸੁੰਦਰ ਦੀਪਤੀ

ਵਿਭਾਗ ਦੇ ਬਾਹਰ ਖੜੀ ਬੱਸ ਵਿਚ ਵਿਦਿਆਰਥੀ ਸਵਾਰ ਹੋ ਰਹੇ ਸੀ। ਅੱਜ ਇਨ੍ਹਾਂ ਨੂੰ ਵਿਭਾਗ ਤੋਂ ਕੋਈ ਦਸ ਕੁ ਕਿਲੋਮੀਟਰ ਦੀ ਦੂਰੀ 'ਤੇ ਇਕ ਡੇਰੇ ਦਾ ਸਰਵੇਖਣ ਕਰਵਾਉਣ ਲੈ ਕੇ ਜਾਣਾ ਸੀ। ਇਸ ਡੇਰੇ ਦਾ ਬਾਬਾ ਕੁੱਤੇ ਦੇ ਕੱਟੇ ਵਿਅਕਤੀ ਨੂੰ ਇਕ ਟੁੱਕ ਦੇਣ ਲਈ ਮਸ਼ਹੂਰ ਹੈ ਤੇ ਖਾਸੀਅਤ ਕਹਿ ਲਵੋ, ਮਾਨਤਾ ਕਹਿ ਲਵੋ, ਇਹ ਸੀ ਕਿ ਉਸ ਨੂੰ ਖਾ ਕੇ ਵਿਅਕਤੀ ਹਲਕੇ ਕੁੱਤੇ ਦੇ ਕੱਟਣ ਨਾਲ ਹੋਣ ਵਾਲੀ ਲਾਇਲਾਜ ਬਿਮਾਰੀ ਹਲਕਾਅ ਤੋਂ ਬਚ ਜਾਂਦਾ ਹੈ।

ਸਾਡੇ ਵਿਭਾਗ ਵਾਲੇ ਬੱਚਿਆਂ/ਵਿਦਿਆਰਥੀਆਂ ਨੂੰ ਇਸ ਲਈ ਲੈ ਕੇ ਜਾਂਦੇ ਕਿ ਸਾਡਾ ਵਿਸ਼ਾ ਹੈ, ਕਮਿਊਨਿਟੀ ਮੈਡੀਸਨ, ਲੋਕ ਸਿਹਤ, ਜਿਸ ਵਿਚ ਬਿਮਾਰੀ ਦੇ ਸਮਾਜਿਕ, ਆਲੇ-ਦੁਆਲੇ ਦੇ ਪੱਖਾਂ ਨੂੰ ਵਿਚਾਰਿਆ ਜਾਂਦਾ ਹੈ। ਕਹਿ ਲਵੋ ਬਿਮਾਰੀ ਦੇ ਜਰਮ ਅਤੇ ਬਿਮਾਰ ਹੋਣ ਵਾਲੇ ਵਿਅਕਤੀ ਤੋਂ ਇਲਾਵਾ ਉਸ ਦਾ ਵਾਤਾਵਰਨ। ਉਸ ਵਾਤਾਵਰਨ ਦੇ ਤਹਿਤ ਹੀ ਅਜਿਹੇ ਬਹੁਤ ਸਾਰੇ ਵਹਿਮ-ਭਰਮ, ਅੰਧਵਿਸ਼ਵਾਸ ਵਾਲੇ ਕਾਰੇ ਵੀ ਜੁੜੇ ਹਨ।

ਸਾਡੇ ਵਿਭਾਗ ਦੀ, ਖਾਸ ਕਰ ਅੰਮ੍ਰਿਤਸਰ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਇਹ ਖਾਸੀਅਤ ਰਹੀ ਹੈ ਕਿ ਕੁੱਤੇ ਦੇ ਕੱਟੇ ਜਾਣ ਮਗਰੋਂ, ਹਲਕਾਅ ਦੇ ਬਚਾਅ ਲਈ ਲੱਗਣ ਵਾਲੇ ਟੀਕੇ, ਸਾਡੇ ਵਿਭਾਗ ਦੇ ਨਿਯੰਤਰਣ ਹੇਠ ਆਉਂਦੇ ਹਨ। ਜਦੋਂ 1988 ਵਿਚ ਮੈਂ ਇੱਥੇ ਆਇਆ, ਉਨ੍ਹਾਂ ਦਿਨਾਂ ਵਿਚ ਇਹ ਟੀਕੇ ਪੇਟ ਵਿਚ ਲੱਗਦੇ। ਆਮ ਟੀਕਿਆਂ ਦਾ ਹੀ ਡਰ ਹੁੰਦਾ, ਇਹ ਤਾਂ ਫਿਰ ਵੀ ਪੇਟ ਵਿਚ ਲੱਗਦੇ ਤੇ ਵਿਅਕਤੀ ਦੇ ਭਾਰ ਮੁਤਾਬਕ ਮਾਤਰਾ ਵੀ ਵੱਧ ਹੁੰਦੀ, ਬਾਰਾਂ ਤੋਂ ਚੌਦਾਂ ਦਿਨ ਲਗਾਤਾਰ।

ਸਾਡੇ ਵਿਭਾਗ ਦੇ ਮੁਖੀ, ਜਦੋਂ ਮੈਂ ਵਿਭਾਗ ਵਿਚ ਹਾਜ਼ਰੀ ਭਰੀ, ਡਾ. ਉਰਮਿਲ ਲਖਨਪਾਲ ਹਫ਼ਤੇ ਵਿਚ ਇਕ ਦਿਨ, ਹਸਪਤਾਲ ਵਿਚ ਖੁਦ ਜਾਂਦੇ ਤੇ ਟੀਕਾ ਲਗਵਾਉਣ ਆਏ ਮਰੀਜ਼ਾਂ ਨੂੰ, ਟੀਕਿਆਂ ਬਾਰੇ ਕੁਝ ਹਦਾਇਤਾਂ ਦਿੰਦੇ। ਕੁੱਤੇ ਦੇ ਕੱਟੇ ਨਾਲ ਜੁੜੇ ਵਹਿਮਾਂ-ਭਰਮਾਂ ਨੂੰ, ਜਿਵੇਂ ਜਿਸ ਘਰ ਦਾ ਕੁੱਤਾ ਹੋਵੇ ਜਾਂ ਜਿਸ ਘਰ ਦੇ ਸਾਹਮਣੇ ਕੱਟੇ, ਉਸ ਘਰ ਤੋਂ ਆਚਾਰ ਲੈ ਕੇ ਜਾਂ ਹੋਰ ਕੋਈ ਫਾਲਤੂ ਦੇ ਸਾਮਾਨ ਜਿਵੇਂ ਗੋਬਰ ਵਗੈਰਾ ਲਗਾਉਣ ਦੀਆਂ ਮਾੜੀਆਂ ਰਵਾਇਤਾਂ ਪ੍ਰਤੀ ਸੁਚੇਤ ਕਰਦੇ। ਜ਼ਖਮ ਤੋਂ ਇਲਾਵਾ ਟੀਕਿਆਂ ਦੇ ਬੁਰੇ ਪ੍ਰਭਾਵ ਜਾਂ ਟੀਕਿਆਂ ਦੀ ਤਕਲੀਫ਼ ਤੋਂ ਬਚਣ ਬਾਰੇ ਵੀ ਦੱਸਦੇ। ਮੈਂ ਦੋ-ਤਿੰਨ ਹਫ਼ਤੇ ਨਾਲ ਗਿਆ ਤੇ ਫਿਰ ਉਹਨਾਂ ਦੀ ਰਿਟਾਇਰਮੈਂਟ ਹੋ ਗਈ, ਪਰ ਵਿਭਾਗ ਦੀ ਇਹ ਕਾਰਜ ਵਿਧੀ ਕਾਇਮ ਰਹੀ।

ਕੁੱਤਿਆਂ ਅਤੇ ਹਲਕੇ ਕੁੱਤੇ ਨਾਲ ਹੋਣ ਵਾਲੀ ਬਿਮਾਰੀ ਹਲਕਾਅ ਪ੍ਰਤੀ ਸਾਡਾ ਵਿਭਾਗ ਕਾਫ਼ੀ ਮਸ਼ਹੂਰ ਰਿਹਾ ਹੈ, ਭਾਵੇਂ ਕਿ ਇਨ੍ਹਾਂ ਟੀਕਿਆਂ ਨੂੰ ਬੰਦ ਹੋਏ ਤਕਰੀਬਨ ਵੀਹ ਸਾਲ ਹੋ ਚੱਲੇ ਹਨ। ਇਨ੍ਹਾਂ ਟੀਕਿਆਂ ਨੂੰ ਬੰਦ ਕਰਵਾਉਣ ਲਈ, ਦੇਸ਼ ਵਿਚ ਇਕ ਸੰਸਥਾ ਬਣਾਈ ਗਈ, ਅਧਕਰਾਈ ਜਿਸ ਦਾ ਪੂਰਾ ਨਾਂਅ ਹੈ, ਐਸੋਸੀਏਸ਼ਨ ਫਾਰ ਪਰੀਵੈਂਸ਼ਨ ਐਂਡ ਕੰਟਰੋਲ ਆਫ਼ ਰੇਬੀਜ਼ ਇਨ ਇੰਡੀਆ। ਸੰਸਥਾ ਵੱਲੋਂ ਸੁਪਰੀਮ ਕੋਰਟ ਵਿਚ ਪਟੀਸ਼ਨ ਪਾਈ ਗਈ ਤੇ ਪੇਟ ਵਾਲੇ ਟੀਕਿਆਂ ਦੇ ਨੁਕਸ ਗਿਣਵਾ ਕੇ ਪ੍ਰਾਈਵੇਟ ਕੰਪਨੀਆਂ ਵੱਲੋਂ ਬਣੇ ਟੀਕਿਆਂ ਲਈ ਰਾਹ ਪੱਧਰਾ ਕੀਤਾ ਗਿਆ।

ਹਲਕਾਅ ਅਤੇ ਹੋਰ ਬਿਮਾਰੀਆਂ ਦੇ ਹਿਫ਼ਾਜ਼ਤੀ ਟੀਕੇ, ਹਿਮਾਚਲ ਪ੍ਰਦੇਸ਼ ਅਤੇ ਤਾਮਿਲਨਾਡੂ ਦੋ ਥਾਵਾਂ 'ਤੇ ਬਣਦੇ। ਹੌਲੀ-ਹੌਲੀ ਪ੍ਰਾਈਵੇਟ ਕੰਪਨੀਆਂ ਦੇ ਦਬਾਅ ਅਤੇ ਸਾਡੀਆਂ ਨੀਤੀਆਂ ਨੇ ਉਨ੍ਹਾਂ ਅਦਾਰਿਆਂ ਨੂੰ ਬੰਦ ਕਰਵਾ ਦਿੱਤਾ। ਦਵਾਈ ਸਨਅਤ ਦੇ ਪਬਲਿਕ ਅਦਾਰੇ ਹੌਲੀ-ਹੌਲੀ ਹੱਥੋਂ ਜਾਂਦੇ ਰਹੇ।

ਦਵਾਈਆਂ ਅਤੇ ਅਜਿਹੇ ਹਿਫ਼ਾਜ਼ਤੀ ਟੀਕਿਆਂ ਨੂੰ ਲੈ ਕੇ ਸਾਡਾ ਦੇਸ਼ ਦੁਨੀਆ ਭਰ ਵਿਚ ਮੋਹਰੀ ਕਤਾਰ ਵਿਚ ਗਿਣਿਆਂ ਜਾਂਦਾ ਹੈ, ਪਰ ਜੋ ਨੁਕਸਾਨ ਹੋਇਆ ਹੈ ਕਿ ਇਹ ਸਹੂਲਤਾਂ ਗਰੀਬ ਆਦਮੀ ਨੂੰ ਮਿਲਣ ਵਿਚ ਦਿੱਕਤ ਆ ਰਹੀ ਹੈ। ਕਿੱਥੇ ਪੇਟ ਵਿਚ ਲੱਗਣ ਵਾਲੇ ਟੀਕੇ ਮੁਫ਼ਤ ਮੁਹੱਈਆ ਹੋ ਰਹੇ ਸਨ ਤੇ ਇਹ ਨਵੇਂ ਟੀਕੇ ਮੋਢੇ 'ਤੇ ਲੱਗਣ ਵਾਲੇ, ਪੂਰਾ ਕੋਰਸ ਖੁਦ ਕਰਨਾ ਹੋਵੇ ਤਾਂ ਤਿੰਨ ਤੋਂ ਪੰਜ ਹਜ਼ਾਰ ਰੁਪਏ ਖਰਚ ਹੋ ਜਾਂਦੇ ਹਨ। ਪਹਿਲਾਂ ਕੁਝ ਲੋਕ ਹਲਕਾਅ ਨਾਲ ਮਰ ਜਾਂਦੇ ਸੀ, ਹੁਣ ਕੁਝ ਲੋਕ ਟੀਕੇ ਨਾ ਮਿਲਣ/ਲੱਗਣ ਕਾਰਨ ਮਰ ਜਾਂਦੇ ਹਨ। ਹਾਲਤ ਵਿਚ ਮਿਕਦਾਰੀ ਫ਼ਰਕ ਨਹੀਂ ਆਇਆ। ਮਾਮਲਾ ਟੀਕਿਆਂ ਦੇ ਨਾਲ-ਨਾਲ ਅਵਾਰਾ ਕੁੱਤਿਆਂ ਦੀ ਸਾਂਭ-ਸੰਭਾਲ ਦਾ ਵੀ ਹੈ। ਸਰਕਾਰ ਦੇ ਸਿਹਤ ਬਜਟ ਦਾ ਵੀ।

ਸਿਹਤ ਨਾਲ ਜੁੜੇ ਅਜਿਹੇ ਵਹਿਮਾਂ-ਭਰਮਾਂ ਦੀ ਭਰਮਾਰ ਹੈ। ਸਿਹਤ ਅਤੇ ਬਿਮਾਰੀ ਮਨੁੱਖ ਨਾਲ ਉਸ ਦੀ ਹੋਂਦ ਤੋਂ ਜੁੜੇ ਹਨ। ਪਹਿਲਾਂ ਮਨੁੱਖੀ ਦਿਮਾਗ ਵਿਗਿਆਨਕ ਤਰਜ਼ 'ਤੇ ਘੋਖ ਕਰਨ ਵਾਲਾ ਨਹੀਂ ਸੀ ਤੇ ਆਪਣੇ-ਆਪ ਨੂੰ ਦਰਦ ਅਤੇ ਮੌਤ ਤੋਂ ਰਾਹਤ ਪਹੁੰਚਾਉਣ ਲਈ ਜੋ ਸਮਝ ਆਇਆ, ਕਰਦਾ ਰਿਹਾ ਤੇ ਫਿਰ ਉਹ ਜੀਵਨ ਢੰਗ ਵਿਚ ਢਲ ਗਿਆ।

ਮੈਨੂੰ ਬਚਪਨ ਵਿਚ ਸ਼ੀਤਲਾ ਮਾਤਾ ਦਾ ਪ੍ਰਕੋਪ ਝੱਲਣਾ ਪਿਆ। ਚੇਚਕ ਹੋ ਗਈ ਸੀ। ਇਸ ਤੋਂ ਬਾਅਦ ਮਾਂ ਨੂੰ ਹਰ ਸਾਲ ਸੀਤਲਾ ਮਾਤਾ ਦੀ ਯਾਦ ਵਿਚ ਚੇਤਰ ਦੇ ਮਹੀਨੇ, ਇਕ ਦਿਨ ਪੂਜਾ ਕਰਦੇ ਦੇਖਿਆ। ਮਾਂ ਰਾਤ ਨੂੰ ਮਿੱਠੀਆਂ-ਮੋਟੀਆਂ ਰੋਟੀਆਂ ਬਣਾ ਕੇ ਰੱਖਦੀ ਤੇ ਸਵੇਰੇ, ਅਗਲੇ ਦਿਨ ਠੰਢੀਆਂ (ਸ਼ੀਤ) ਰੋਟੀਆਂ ਖਾਂਦੇ। ਸ਼ੀਤਲਾ ਮਾਤਾ ਚੇਚਕ ਤੋਂ ਬਚਾਅ ਦੀ ਦੇਵੀ ਮੰਨੀ ਜਾਂਦੀ ਹੈ। ਮਨੁੱਖ ਦੀ ਸ਼ੁਰੂਆਤੀ ਦਿਨਾਂ ਦੀ ਸਮਝ। ਮਾਤਾ ਨਰਾਜ਼ ਹੈ, ਗੁੱਸੇ ਵਿਚ ਹੈ, ਉਸ ਨੂੰ ਮਨਾਓ, ਪੂਜਾ ਕਰੋ। ਵਿਸ਼ਵ ਪੱਧਰ 'ਤੇ ਵੀ ਮੁੱਢਲੀ ਸਮਝ ਇਹੀ ਹੈ, ਯੂਨਾਨ ਵਿਚ ਸਿਹਤ ਦੀ ਦੇਵੀ, 'ਹਾਜੀਆ' ਹੈ।

ਜਦੋਂ ਮੈਂ ਐਮ.ਡੀ. ਕਰ ਲਈ। ਸਮਾਲ ਪਾਕਸ (ਚੇਚਕ) ਦੇ ਖਾਤਮੇ ਬਾਰੇ ਪੜ੍ਹਿਆ। ਗੱਲਾਂ-ਗੱਲਾਂ ਵਿਚ ਇੱਕ ਦਿਨ ਮਾਂ ਨੂੰ ਕਿਹਾ, 'ਚੇਚਕ ਤਾਂ ਮਰ-ਮੁੱਕ ਗਈ। ਇਸ ਦਾ ਖਾਤਮਾ ਕਰ ਦਿੱਤਾ।' ਮਾਂ ਝੱਟ ਬੋਲੀ, ਬਿਨਾਂ ਦਿਮਾਗ 'ਤੇ ਬੋਝ ਪਾਏ, "ਸੱਤ ਭੈਣਾਂ ਨੇ, ਤਾਂ ਕੀ ਹੋਇਆ ਜੇ ਇਕ ਮਰ ਗਈ।" ਸੱਤ ਭੈਣਾਂ ਬਾਰੇ ਵੀ ਮੈਨੂੰ ਅੰਦਾਜ਼ਾ ਸੀ, ਪਰ ਇਸ ਲਹਿਜੇ ਵਿਚ ਨਹੀਂ। ਛੋਟੀ ਮਾਤਾ ਚਿਕਨ ਪਾੱਕਸ, ਖਸਰਾ, ਕੰਨ ਪੇੜੇ, ਰੁਬੇਲਾ ਆਦਿ ਸਾਰੀਆਂ ਹੀ 'ਧੱਫੜ ਅਤੇ ਬੁਖ਼ਾਰ' ਵਾਲੀਆਂ ਬਿਮਾਰੀਆਂ ਸਿਰਲੇਖ ਹੇਠ ਪੜ੍ਹਦੇ।

ਵਿਗਿਆਨ ਨੇ ਸਮਝ ਵਿਕਸਿਤ ਕੀਤੀ, ਟੀਕਾਕਰਨ ਦੀ ਖੋਜ ਕੀਤੀ, ਬਿਮਾਰੀਆਂ ਨੂੰ ਕਾਬੂ ਕੀਤਾ ਅਤੇ ਖਾਤਮਾ ਵੀ, ਪਰ ਮਾਂ ਅਤੇ ਮਾਂ ਵਰਗੀਆਂ ਲੱਖਾਂ ਔਰਤਾਂ, ਵਿਅਕਤੀਆਂ ਤੱਕ ਉਹ ਗਿਆਨ ਨਹੀਂ ਪਹੁੰਚਿਆ।

ਪੀਰ ਧੂਰੀ ਦੀ ਗੱਲ ਚੱਲ ਰਹੀ ਸੀ। ਹਲਕਾਅ ਅਤੇ ਕੁੱਤੇ ਦੇ ਕੱਟਣ ਦੀ ਚਰਚਾ ਕਰ ਰਹੇ ਸੀ, ਸਰਕਾਰੀ ਸਪਲਾਈ ਦੇ ਟੀਕੇ ਦੇ ਬੈਨ ਦੀ ਅਤੇ ਕੁੱਤੇ ਦੇ ਕੱਟੇ ਨੂੰ ਲੈ ਕੇ ਬਣੀ ਸੰਸਥਾ ਵੱਲੋਂ ਲੋਕ ਹਿੱਤ ਪਟੀਸ਼ਨ ਦੀ।

ਪ੍ਰਾਈਵੇਟ ਕੰਪਨੀਆਂ ਦੀ ਖੁੱਲ੍ਹ ਅਤੇ ਸਾਡੇ ਵਿਭਾਗ ਵੱਲੋਂ ਸੰਚਾਲਿਤ ਹੁੰਦੇ ਕਲੀਨਿਕ ਦੇ ਮੱਦੇਨਜ਼ਰ ਕੰਪਨੀਆਂ ਦੇ ਐੱਮ.ਆਰ. (ਨੁਮਾਇੰਦੇ) ਆਪਣੇ ਟੀਕਿਆਂ ਦੇ ਪ੍ਰਚਾਰ ਲਈ ਆਉਂਦੇ। ਆਮ ਦਵਾਈਆਂ ਦੇ ਪ੍ਰਚਾਰ ਵੇਲੇ, ਦਵਾਈਆਂ ਦੇ ਸੈਂਪਲ ਦਿੱਤੇ ਜਾਂਦੇ, ਇਸ ਹਾਲਤ ਵਿਚ ਉਹ ਟੀਕਿਆਂ ਦੇ ਸੈਂਪਲ ਤਾਂ ਨਾ ਲਿਆਉਂਦੇ, ਪਰ ਖਾਲੀ ਹੱਥ ਆਉਣ ਦੀ ਥਾਂ ਕੋਈ ਛੋਟਾ-ਮੋਟਾ ਗਿਫ਼ਟ ਲੈ ਕੇ ਆਉਂਦੇ। ਇਕ ਮੁੱਢਲੀ ਕੰਪਨੀ, ਹਰ ਮਹੀਨੇ ਜੋ ਗਿਫ਼ਟ ਲਿਆਉਂਦੀ, ਉਸ ਵਿਚ ਕੁੱਤਾ ਜ਼ਰੂਰ ਹੁੰਦਾ, ਉਹ ਚਾਹੇ ਟਰੇਅ ਹੋਵੇ, ਪੈਨ ਸਟੈਂਡ ਹੋਵੇ, ਇੱਥੋਂ ਤੱਕ ਕਿ ਇਕ ਵਾਰੀ ਸਟੈਪਲਰ ਵੀ। ਮੈਂ ਕਿਹਾ, 'ਜਨਾਬ, ਤੁਸੀਂ ਹਰ ਵਾਰੀ ਕੁੱਤਾ ਹੀ ਕਿਉਂ ਚੁਣਦੇ ਹੋ?' ਉਸ ਦਾ ਜਵਾਬ ਸੀ, 'ਕੁੱਤਿਆਂ ਦਾ ਹੀ ਪ੍ਰਤਾਪ ਹੈ।'

ਪ੍ਰਤਾਪ! ਮੈਂ ਇਸ ਸ਼ਬਦ ਦੀ ਫਿਤਰਤ ਸਮਝਦਾ ਰਿਹਾ। ਇਸੇ ਕੁੱਤੇ ਦੀ ਹੀ ਖੱਟੀ ਖਾਂਦੇ ਹਾਂ। ਇਸ ਕਰਕੇ ਹੀ ਚਲਦਾ ਹੈ ਸਾਡਾ ਵਪਾਰ। ਮਤਲਬ ਕਿ ਕੁੱਤੇ ਵਧਦੇ ਰਹਿਣ, ਕੱਟਦੇ ਰਹਿਣ ਤੇ ਸਾਡਾ ਧੰਦਾ ਤੁਰਿਆ ਰਹੇ। ਉਂਜ ਕੁੱਤਾ ਸਾਡੇ ਸੱਭਿਆਚਾਰ ਵਿਚ ਦਰਵੇਸ਼ ਹੈ। ਸਾਡੇ ਸੱਭਿਆਚਾਰਕ ਅਮਲ ਤਹਿਤ, ਘਰਾਂ ਵਿਚ ਇਕ ਰੋਟੀ ਗਾਂ ਦੀ ਹੁੰਦੀ ਤਾਂ ਇਕ ਕੁੱਤੇ ਦੀ। ਕੁੱਤੇ ਦੇ ਕਈ ਗੁਣ ਹਨ, ਖਾਸੀਅਤਾਂ ਹਨ। ਹੁਣ ਤਾਂ ਇਸ ਦੀ ਲੋੜ ਦਿਨ-ਬ-ਦਿਨ ਵਧ ਗਈ ਹੈ। ਬੱਚੇ ਘਰ ਛੱਡ ਕੇ ਉਡਾਰੂ ਹੋ ਗਏ ਹਨ ਤਾਂ ਉਹ ਥਾਂ ਇਨ੍ਹਾਂ ਕੁੱਤਿਆਂ ਨੇ ਲੈ ਲਈ ਹੈ। ਬੈੱਡ ਰੂਮ ਤੱਕ ਵੜ ਗਏ ਹਨ। ਕੁੱਤਿਆਂ ਨੂੰ ਲੈ ਕੇ ਵੱਖਰਾ ਕਾਰੋਬਾਰ ਹੈ ਤੇ ਉਸ ਪੱਧਰੀ ਸਾਂਭ-ਸੰਭਾਲ ਵੀ। ਨਾਲ ਹੀ ਜਾਨਵਰ ਪ੍ਰੇਮੀ ਸੰਸਥਾਵਾਂ ਵੀ ਹਨ।

'ਕੁੱਤਿਆਂ ਦਾ ਪ੍ਰਤਾਪ' ਮੇਰੇ 'ਤੇ ਵੀ ਹੋਇਆ। ਰੇਬੀਜ਼ ਵਾਲੀ ਸੰਸਥਾ ਦਾ ਮੈਂਬਰ ਬਣ ਕੇ। ਆਜ਼ਾਦ ਭਾਰਤ ਦੀ, ਹਲਕਾਅ ਦੀ ਸਥਿਤੀ ਨੂੰ ਲੈ ਕੇ ਹੋਇਆ ਪਹਿਲਾ ਸਰਵੇਖਣ, ਜਿਸ ਦਾ ਮੈਂ ਹਿੱਸੇਦਾਰ ਬਣਿਆ ਤੇ ਉਸ ਸਰਵੇਖਣ ਦੀ ਵਿਧੀ ਨੂੰ ਲੈ ਕੇ ਹੋਈ ਟ੍ਰੇਨਿੰਗ ਲਈ ਪਹਿਲੀ ਵਾਰ, ਹਵਾਈ ਜਹਾਜ਼ 'ਤੇ ਚੜ੍ਹ ਕੇ ਬੰਗਲੌਰ ਗਿਆ ਤੇ ਫਿਰ ਇਸ ਸੰਸਥਾ ਦੀਆਂ ਸਾਲਾਨਾ ਕਾਨਫਰੰਸਾਂ ਵਿਚ ਕਲਕੱਤਾ, ਜੰਮੂ, ਸ਼ਿਮਲਾ ਆਦਿ ਸ਼ਹਿਰਾਂ ਵਿਚ ਜਾਣ ਦਾ ਮੌਕਾ ਮਿਲਿਆ। ਇਸ ਨੂੰ ਕਿਸ ਘੇਰੇ ਵਿਚ ਰੱਖਾਂਗੇ ਕਿ ਕਿਸੇ ਵੀ ਕਾਨਫਰੰਸ ਵਿਚ ਇਕ ਰੁਪਈਆ ਵੀ ਮੇਰੀ ਜੇਬੋਂ ਖਰਚ ਨਹੀਂ ਹੋਇਆ। ਡੈਲੀਗੇਸ਼ਨ ਫੀਸ, ਰਹਿਣ ਦਾ ਇੰਤਜ਼ਾਮ ਅਤੇ ਆਉਣ-ਜਾਣ ਦਾ ਬੰਦੋਬਸਤ ਕੁੱਤਿਆਂ ਦੇ ਪ੍ਰਤਾਪ ਕਰਕੇ ਹੋਇਆ। ਸੰਸਥਾ ਨਾਲ ਲੰਮਾ ਸਮਾਂ ਨਾ ਚੱਲ ਸਕਿਆ। ਭਾਵੇਂ ਸੰਸਥਾ ਕੋਲ ਗਿਣਾਉਣ ਲਈ ਕੌਮੀ ਪੱਧਰ ਦੀਆਂ ਪ੍ਰਾਪਤੀਆਂ ਹਨ, ਦੇਸ਼ ਵਿੱਚੋਂ ਹਲਕਾਅ ਬਿਮਾਰੀ ਨੂੰ ਖ਼ਤਮ ਕਰਨ ਦੇ ਟੀਚੇ ਮਿੱਥੇ ਹਨ, ਪਰ ਜ਼ਮੀਨੀ ਪੱਧਰ 'ਤੇ ਹਕੀਕਤ ਹੋਰ ਹੈ ਤੇ ਹਵਾਈ ਜਹਾਜ਼ ਦੇ ਸਫ਼ਰ ਅਤੇ ਪੰਜ ਤਾਰਾ ਹੋਟਲਾਂ ਵਿਚ ਠਹਿਰ ਕੇ ਚਰਚਾਵਾਂ ਕਰਨਾ ਹੋਰ।

ਪੀਰ ਧੂਰੀ ਵਾਲਾ ਬਾਬਾ ਆਪਣੀ ਅਗਿਆਨਤਾ ਰਾਹੀਂ ਲੋਕਾਂ ਦਾ ਹਮਦਰਦ ਬਣਿਆ ਹੋਇਆ ਹੈ, ਪਰ ਇਹ ਕੰਪਨੀਆਂ ਵਿਗਿਆਨ ਦੀ ਆੜ ਵਿਚ ਲੋਕਾਂ ਦੇ ਦਰਦ ਨੂੰ ਘੱਟ ਕਰਨ ਦੀ ਬਜਾਏ ਉਨ੍ਹਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਬਣਾ ਰਹੀਆਂ ਹਨ ਤੇ ਸਾਨੂੰ ਵੀ ਇਸ ਸੋਚ ਦਾ ਧਾਰਨੀ ਬਣਾ ਰਹੀਆਂ ਹਨ ਕਿ ਇਹ ਇਕੱਲੇ ਹੀ ਕਿਉਂ ਖਾਣ? ਪਰਚੀ ਤਾਂ ਡਾਕਟਰ ਦੀ ਚੱਲਣੀ ਹੈ। ਸਰਮਾਏਦਾਰੀ ਮੁਨਾਫ਼ੇ ਪਿੱਛੇ ਲਾ ਦਿੰਦੀ ਹੈ, ਜਦੋਂ ਕਿ ਅਗਿਆਨਤਾ ਨੂੰ ਦੂਰ ਦੇਸ਼ ਨੇ ਕਰਨਾ ਸੀ, ਸੱਤਾ ਨੇ। ਲੋਕਾਂ ਨੂੰ ਸਿਖਿਅਤ ਕਰਕੇ ਵਿਗਿਆਨਕ ਨਜ਼ਰੀਆ ਵਿਕਸਿਤ ਕਰਕੇ।

ਅੱਠਵੀਂ-ਨੌਵੀਂ ਵਿਚ ਹੋਵਾਂਗਾ। ਮੈਨੂੰ ਪੀਲੀਆ ਹੋ ਗਿਆ। ਮੇਰਾ ਮਾਮਾ ਆਇਆ ਤੇ ਮੈਨੂੰ ਇਕ 'ਸਿਆਣੇ' ਕੋਲ ਲੈ ਗਿਆ। ਉਹ 'ਝਾੜੇ' ਵਾਲਾ ਬਾਬਾ ਸੀ। ਪੀਲੀਆ ਬਿਮਾਰੀ ਨੂੰ ਦੂਰ ਕਰਨ ਦਾ ਮਾਹਿਰ। ਮੈਂ ਇੱਕ ਕਾਂਸੇ ਦੇ ਬਾਟੇ ਵਿਚ ਪਿੱਤਲ ਦੇ ਕੁਝ ਸਿੱਕੇ ਅਤੇ ਹਲਦੀ ਦੀਆਂ ਦੋ ਗੱਠਾਂ ਪਾ ਕੇ ਲੈ ਜਾਂਦਾ। ਉਹ ਮੋਰ ਪੰਖੀ ਨਾਲ ਕੁਝ ਬੋਲਦਾ ਤੇ ਮੈਨੂੰ ਬਾਟੇ ਵੱਲ ਦੇਖਣ ਨੂੰ ਕਹਿੰਦਾ। ਉਸ ਦਾ ਦਾਅਵਾ ਸੀ ਅੱਖਾਂ ਦਾ ਪੀਲਾਪਣ ਘੱਟ ਹੁੰਦਾ ਜਾਵੇਗਾ ਤੇ ਬਾਟੇ ਵਾਲਾ ਸਰ੍ਹੋਂ ਦਾ ਤੇਲ ਹੋਰ ਗਾੜ੍ਹਾ ਪੀਲਾ ਹੋ ਜਾਵੇਗਾ। ਇਸ ਤਰ੍ਹਾਂ ਹੋਇਆ ਵੀ ਤੇ ਮੈਂ ਕੁਝ ਦਿਨਾਂ ਵਿਚ ਠੀਕ ਹੋ ਗਿਆ। ਤੇਲ ਦੇ ਵਧ ਰਹੇ ਪੀਲੇਪਣ ਦਾ ਅਤੇ ਪੀਲੀਏ ਦੇ ਠੀਕ ਹੋਣ ਦਾ 'ਵਿਗਿਆਨ' ਵੀ ਬਾਅਦ ਵਿਚ ਸਮਝ ਆਇਆ। ਇਸ ਤਰ੍ਹਾਂ ਦੇ ਅਨੇਕਾਂ ਕਾਮਯਾਬ ਮਾਹਿਰ ਅਤੇ ਲੋਕ-ਵਿਸ਼ਵਾਸ ਵੀ ਦੂਰ-ਦੂਰ ਤੱਕ ਫੈਲਿਆ ਹੋਇਆ ਹੈ।

ਐੱਮ.ਡੀ. ਕਰਨ ਮਗਰੋਂ ਮੈਂ ਇਨ੍ਹਾਂ ਨੂੰ ਪਖੰਡੀ ਕਹਿ ਕੇ ਨਹੀਂ ਭੰਡਿਆ। ਇਨ੍ਹਾਂ ਦੀ ਕਾਰਜਵਿਧੀ ਦਾ ਵਿਗਿਆਨ ਸਮਝਿਆ ਤੇ 'ਸਿਹਤ ਸੱਭਿਆਚਾਰ ਤੇ ਅੰਧ-ਵਿਸ਼ਵਾਸ' ਕਿਤਾਬ ਲਿਖੀ। ਇਸ ਤੋਂ ਬਾਅਦ ਆਪਣੇ ਇਕ ਵਿਦਿਆਰਥੀ ਕੋਲੋਂ ਐੱਮ.ਡੀ. ਦਾ ਖੋਜ ਪੱਤਰ ਵੀ ਲਿਖਵਾਇਆ।

ਸਿਹਤ ਨਾਲ ਵਹਿਮ-ਭਰਮ ਅਤੇ ਭਾਰਤ ਦੇ ਸੰਵਿਧਾਨ ਦੀ ਧਾਰਾ 51 ਏ, ਅਸੀਂ ਖੁਦ ਦੋ ਕੁ ਸਾਲ ਪਹਿਲਾਂ ਹੀ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਤਾਲੀ-ਥਾਲੀ, ਨੌਂ ਤਰੀਖ ਨੌਂ ਵਜੇ, ਨੌਂ ਮਿੰਟ ਲਈ ਦੀਵੇ, ਮੋਮਬੱਤੀ, ਟਾਰਚ ਕੁਝ ਵੀ ਰੋਸ਼ਨ ਕਰਨ ਦੀ ਗੱਲ, ਦੇਸ਼ ਵਿਚ ਵਾਪਰਦੀ ਦੇਖੀ। ਦੇਸ਼ ਨੇ ਕੋਰੋਨਾ ਦੇ ਪ੍ਰਕੋਪ ਤੋਂ ਮੁਕਤੀ ਤਾਂ ਹਾਸਲ ਕੀ ਕਰਨੀ ਸੀ, ਪਰ ਦੇਸ਼ ਨੇ ਸਾਬਤ ਕੀਤਾ ਕਿ ਉਨ੍ਹਾਂ ਦਾ ਵਿਗਿਆਨਕ ਨਜ਼ਰੀਆ ਮਿੱਟੀ ਵਿਚ ਰਲਿਆ ਪਿਆ ਹੈ। ਇਹ ਦੇਸ਼ ਦੇ ਹਾਕਮਾਂ ਲਈ ਵੀ ਸੁਨੇਹਾ ਸੀ ਕਿ ਦੇਸ਼ ਨੂੰ ਕਦੇ ਵੀ ਬੇਵਕੂਫ਼ ਬਣਾਇਆ ਜਾ ਸਕਦਾ ਹੈ, ਜੋ ਅਸੀਂ ਹਰ ਰੋਜ਼ ਭੁਗਤ ਰਹੇ ਹਾਂ।

ਪੀਰ ਧੂਰੀ ਦਾ ਬਾਬਾ ਰੇਬੀਜ਼ 'ਮਾਹਰ' ਹੈ, ਜਿਸ ਦਾ ਇਲਾਜ ਪੂਰੀ ਦੁਨੀਆ ਦੇ ਮਾਹਿਰ ਤੋਂ ਮਾਹਿਰ ਅਖਵਾਉਂਦੇ, ਅਦਾਰਿਆਂ ਵੱਲੋਂ ਅੱਜ ਤੱਕ ਨਹੀਂ ਲੱਭਿਆ ਗਿਆ ਹੈ, ਫਿਰ ਕੋਰੋਨਾ ਨਾਲ ਲੱਖਾਂ ਮੌਤਾਂ ਦਾ ਕਿਸੇ ਨੇ ਵੀ ਜ਼ੁੰਮਾ ਨਹੀਂ ਲਿਆ ਹੈ, ਸਗੋਂ ਇਕ-ਦੂਸਰੇ ਦੀ ਪਿੱਠ ਥਾਪੜੀ ਗਈ ਹੈ। ਕੋਰੋਨਾ, ਲੋਕਡਾਊਨ, ਕੰਮ ਤੋਂ ਫਾਰਗੀ, ਦੇਸ਼ ਦੀ ਅਰਥ ਵਿਵਸਥਾ ਦਾ ਭੁੰਜੇ ਡਿੱਗਣਾ ਤੇ ਦੂਸਰੇ ਪਾਸੇ ਫਾਇਦਾ ਹੋਇਆ ਹੈ ਕਿ ਦਵਾਈ ਸਨਅਤ ਦੀਆਂ ਅਨੇਕਾਂ ਕੰਪਨੀਆਂ ਲੱਖਪਤੀ ਤੋਂ ਅਰਬਪਤੀਆਂ ਦੀ ਕਤਾਰ ਵਿਚ ਸ਼ਾਮਲ ਹੋਈਆਂ ਹਨ। ਇਹ ਕੋਰੋਨਾ ਦੀ ਦੇਣ ਹੈ, ਲੋਕਾਂ ਦੀਆਂ 'ਮੁਸੀਬਤਾਂ' ਦਾ ਪ੍ਰਤਾਪ।

*ਮੋ : 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

# ਗੁੱਸੇ ਤੇ ਜ਼ਿੱਦ ਦਾ ਮੁਜੱਸਮਾ-ਚਾਣਕਿਆ

*ਇਹ ਭਗਵਤੀਚਰਨ ਵਰਮਾ ਦੁਆਰਾ ਲਿਖਿਆ ਚਾਣਕਿਆ ਦੇ ਜੀਵਨ ਅਧਾਰਤ ਨਾਵਲ ਹੈ। ਇਤਿਹਾਸਕ ਪਾਤਰਾਂ ਦੇ ਹਵਾਲੇ ਨਾਲ ਬਹੁਤ ਹੀ ਘੱਟ ਨਾਵਲ ਲਿਖੇ ਗਏ ਹਨ। ਸੋ ਇਹ ਇੱਕ ਮੁੱਲਵਾਨ ਸਮੱਗਰੀ ਹੈ। ਇਸ ਵਿੱਚ ਚਾਣਕਿਆ ਦੇ ਜੀਵਨ ਸੰਬੰਧੀ ਵੇਰਵੇ, ਉਸ ਦੀ ਰਚਨਾ ਪ੍ਰਕਿਰਿਆ ਬਾਰੇ ਅਹਿਮ ਜਾਣਕਾਰੀ ਹਾਸਲ ਹੈ। ਇਸ ਵਿੱਚ ਸਿਕੰਦਰ ਦੇ ਭਾਰਤ ਉੱਤੇ ਕੀਤੇ ਹਮਲੇ ਦੇ ਵੇਰਵੇ ਵੀ ਦਿੱਤੇ ਗਏ ਹਨ। ਭਾਵੇਂ ਗਲਪ ਨੂੰ ਕਾਲਪਨਿਕ ਮੰਨਿਆ ਜਾਂਦਾ ਹੈ, ਪਰ ਅਜੋਕੇ ਸਮੇਂ ਵਿੱਚ ਗਲਪ ਨੂੰ ਇਤਿਹਾਸਕ ਸਰੋਤ ਵਜੋਂ ਪੜ੍ਹਨ ਦੀ ਤਵੱਜੋ ਦਿੱਤੀ ਜਾਣ ਲੱਗੀ ਹੈ, ਕਿਉਂਕਿ ਗਲਪ ਵਿੱਚ ਵੀ ਇਤਿਹਾਸ ਛੁਪਿਆ ਹੁੰਦਾ ਹੈ। ਸੋ ਇਸ ਨਾਵਲ ਵਿੱਚ ਵੀ ਚਾਣਕਿਆ ਦੇ ਸਮੇਂ ਦੇ ਇਤਿਹਾਸ ਨੂੰ ਬਾਖੂਬੀ ਦੇਖਿਆ, ਪਛਾਣਿਆ ਜਾ ਸਕਦਾ ਹੈ।*



ਕਿਤਾਬ ਦੀ



## ਪਰਖ ਪੜਚੋਲ

### ਡਾ: ਕਰਮਜੀਤ ਸਿੰਘ ਨਡਾਲਾ

**ਚਾਣਕਿਆ**
**(ਨਾਵਲ)**
**ਮੂਲ ਲੇਖਕ : ਭਗਵਤੀਚਰਨ ਵਰਮਾ**
**ਅਨੁਵਾਦਕ : ਡਾ. ਸਵਰਨਜੀਤ ਕੌਰ ਸੰਮੀ**
**ਪੰਨੇ : 107, ਕੀਮਤ : 200 ਰੁਪਏ**
**ਆਰਸੀ ਪਬਲਿਸ਼ਰ, ਦਿੱਲੀ**

ਹਿੰਦੀ ਦੇ ਲੇਖਕ ਭਗਵਤੀਚਰਨ ਵਰਮਾ ਦੀ ਇਹ ਕਿਰਤ 'ਚਾਣਕਿਆ' ਨਾਵਲ ਦੇ ਰੂਪ 'ਚ ਸਾਡੇ ਹੱਥਾਂ 'ਚ ਹੈ, ਜਿਸ ਨੂੰ ਪੰਜਾਬੀ ਜ਼ੁਬਾਨ 'ਚ ਤਰਜਮਾ ਕਰਕੇ ਡਾ. ਸਵਰਨਜੀਤ ਕੌਰ ਸੰਮੀ ਨੇ ਪੰਜਾਬੀ ਪਿਆਰਿਆਂ ਦੇ ਸਨਮੁੱਖ ਪੇਸ਼ ਕੀਤਾ ਹੈ।

ਆਮ ਗਲਪ ਰਚਨਾ ਕਾਲਪਨਿਕ ਹੁੰਦੀ ਹੈ। ਪਰ ਜੇ ਇਤਿਹਾਸਕ ਵਿਸ਼ੇ 'ਤੇ ਇਹੋ ਜਿਹੀ ਰਚਨਾ ਕਰਨੀ ਹੋਵੇ ਤਾਂ ਉਸ ਨੂੰ ਤਰੋੜ-ਮਰੋੜ ਕੇ ਪੇਸ਼ ਨਹੀਂ ਕੀਤਾ ਜਾ ਸਕਦਾ। ਭਾਵ ਤੱਥਾਂ ਦੇ ਆਧਾਰਤ ਹੀ ਗੱਲ ਕਰਨੀ ਹੋਵੇਗੀ। ਜੇ ਰਚਨਾ ਇਵੇਂ ਦੀ ਪਹੁੰਚ ਨਹੀਂ ਅਪਨਾਉਂਦੀ ਤਾਂ ਉਹ ਆਪਣਾ ਆਧਾਰ ਹੀ ਗੁਆ ਲਵੇਗੀ। ਇਵੇਂ ਇੱਕ ਮੁੱਲਵਾਨ ਦਸਤਾਵੇਜ਼ ਨਹੀਂ ਬਣਦਾ।

ਇਤਿਹਾਸਕ ਤੇ ਮਿਥਿਹਾਸਕ ਪਾਤਰਾਂ ਦੇ ਹਵਾਲੇ ਨਾਲ ਨਾਵਲ ਲਿਖੇ ਗਏ ਹਨ, ਪਰ ਵਿਰਲੇ-ਟਾਂਵੇਂ ਹੀ, ਕਿਉਂਕਿ ਇੱਕ ਤਾਂ ਇਹ ਲੰਮੀ ਖੋਜ ਦਾ ਵਿਸ਼ਾ ਹੁੰਦਾ ਹੈ। ਪਹਿਲਾਂ ਤੱਥਾਂ-ਸਬੂਤਾਂ ਤੇ ਸਥਿਤੀਆਂ ਨੂੰ ਦੇਖ ਕੇ ਬਹੁਤ ਕੁਝ ਅਧਿਐਨ ਕਰਕੇ ਹੀ ਗੱਲ ਬਣਾਉਣੀ ਪੈਂਦੀ ਹੈ। ਫਿਰ ਉਹਨਾਂ ਘਟਨਾਵਾਂ ਨੂੰ ਲੜੀਬੱਧ ਕਰਨਾ, ਕਿਤੇ ਕੋਈ ਗਲਤ ਇੰਦਰਾਜ਼ ਨਾ ਹੋ ਜਾਵੇ ਦਾ ਡਰ। ਇਵੇਂ ਲੇਖਕ ਮਾਨਸਿਕ ਤੇ ਸਰੀਰਕ ਪਰੇਸ਼ਾਨੀ 'ਚੋਂ ਗੁਜ਼ਰਦਾ ਹੈ। ਏਸੇ ਲਈ ਲੇਖਕ ਇਤਿਹਾਸਕ ਵਿਸ਼ੇ ਨੂੰ ਫੜਨ ਤੋਂ ਸੰਕੋਚ ਹੀ ਕਰਦੇ ਹਨ, ਪਰ ਭਗਵਤੀਚਰਨ ਵਰਮਾ ਵਰਗੇ ਸਿਰੜੀ, ਜਿਹੜੇ ਇਹੋ ਜਿਹੀਆਂ ਚੁਣੌਤੀਆਂ ਨਾਲ ਦੋ-ਚਾਰ ਹੁੰਦੇ ਤੇ ਸਫਲਤਾ ਵੀ ਪ੍ਰਾਪਤ ਕਰਦੇ ਹਨ।

ਇੱਥੇ 'ਚਾਣਕਿਆ' ਨਾਵਲ 'ਚ ਇਤਿਹਾਸਕ ਨਾਵਲਕਾਰ ਵਜੋਂ ਭਗਵਤੀਚਰਨ ਦੀ ਪਕੜ ਬਹੁਤ ਮਜ਼ਬੂਤ ਦਿਖਾਈ ਦਿੰਦੀ ਹੈ। ਉਸ ਦੀ ਪੇਸ਼ਕਾਰੀ ਇਉਂ ਹੈ, ਜਿਵੇਂ ਉਹ ਸਦੀਆਂ ਪੁਰਾਣੇ ਪਾਤਰਾਂ ਦੇ ਨਾਲ-ਨਾਲ ਰਹਿ ਕੇ ਇਹ ਰਚਨਾ ਕਰਦਾ ਪ੍ਰਤੀਤ ਹੁੰਦਾ ਹੈ।

ਚਾਣਕਿਆ ਹਿੰਦੂ ਇਤਿਹਾਸ ਦਾ ਸਦੀਆਂ ਤੋਂ ਜਾਣਿਆ-ਪਹਿਚਾਣਿਆ ਤੇ ਖਿੱਚ ਭਰਪੂਰ ਨਾਂਅ ਹੈ, ਜਿਸ ਦਾ ਨਾਂਅ ਸੁਣ ਕੇ ਹੀ ਉਤਸੁਕਤਾ ਜਾਗਦੀ ਹੈ। ਇਹ ਨਾਇਕ ਲੋਕ ਮਨਾਂ 'ਚ ਇੱਕ ਵਿਦਵਾਨ ਖੋਜੀ ਤੇ ਮਾਰਗ ਦਰਸ਼ਕ ਵਜੋਂ ਛਾਇਆ ਹੋਇਆ ਹੈ। ਜੋ ਆਪਣੀ ਤੀਖਣਬੁੱਧੀ ਕਰਕੇ ਰਾਜੇ-ਮਹਾਰਾਜਿਆਂ ਨੂੰ ਆਪਣੀ ਕਲਾ ਕਰਕੇ ਅਗਵਾਈ ਕਰਨ ਦੀ ਸਮਰੱਥਾ ਵੀ ਰੱਖਦਾ ਹੈ।

ਚਾਣਕਿਆ ਦੇ ਜੀਵਨ ਉੱਤੇ ਘੁੰਮਦਾ ਇਹ ਨਾਵਲ ਮੇਰੀ ਨਜ਼ਰ 'ਚ ਬਹੁਮੁੱਲੀ ਸਮੱਗਰੀ ਨਾਲ ਭਰਿਆ ਪਿਆ ਹੈ, ਜਿਸ 'ਚ ਉਸ ਦੀ ਚੜ੍ਹਤ ਦਾ ਵੇਲਾ, ਪ੍ਰਸਾਰ ਤੇ ਉਸ ਦੀਆਂ ਲਿਖਤਾਂ ਨਾਲ ਸ਼ਾਨਦਾਰ ਬਿੰਬ ਉੱਭਰਦਾ ਹੈ, ਪਰ ਇੱਥੇ ਉਸ ਦੀ ਸਥਿਤੀ ਨਾਇਕ ਹੋ ਕੇ ਵੀ ਖਲਨਾਇਕਾਂ ਵਾਲੀ ਹੀ ਹੈ। ਉਸ ਦੇ ਕ੍ਰੋਧ ਦੀ ਜਵਾਲਾ ਇਸ ਨਾਵਲ 'ਚੋਂ ਉੱਘੜ ਕੇ ਸਾਹਮਣੇ ਆਉਂਦੀ ਹੈ।

ਉਹ ਮਗਧ ਦੇ ਸਮਰਾਟ ਮਹਾਂਪਦਮ ਨੰਦ ਦੇ ਦਾਨ ਕਰਨ ਵਾਲੇ ਆਯੋਜਨ 'ਚ ਉਸ ਦੇ ਸੱਦੇ 'ਤੇ ਜਾ ਪਹੁੰਚਦਾ ਹੈ। ਉਸ ਨੂੰ ਪਤਾ ਸੀ ਇੱਥੇ ਦੀ ਰਾਜਾਸ਼ਾਹੀ 'ਚ ਦਮਨਕਾਰੀ ਦਾ ਬੋਲਬਾਲਾ ਹੈ। ਆਮ ਲੋਕਾਂ 'ਤੇ ਅੱਤਿਆਚਾਰ ਹੁੰਦਾ ਹੈ। ਜਦੋਂ ਸੋਨੇ ਦੀਆਂ ਮੋਹਰਾਂ ਦੀਆਂ ਥੈਲੀਆਂ ਮਹਾਰਾਜਾ ਨੰਦ ਵੰਡ ਰਿਹਾ ਸੀ ਤਾਂ ਵਿਸ਼ਣੂਗੁਪਤ (ਜੋ ਬਾਅਦ 'ਚ ਚਾਣਕਿਆ ਬਣਦਾ ਹੈ) ਮੋਹਰਾਂ ਲੈਣ ਤੋਂ ਨਾਂਹ ਕਰ ਦਿੰਦਾ ਹੈ। ਗੁੱਸੇ 'ਚ ਨੰਦ ਅੱਗ-ਬਬੂਲਾ ਹੋ ਜਾਂਦੈ। ਇੱਕ ਬ੍ਰਾਹਮਣ ਲਛਮੀ ਦਾ ਨਿਰਾਦਰ ਕਰਦੈ।

'ਹਾਂ ਮਹਾਰਾਜ ਪ੍ਰਜਾ ਨੂੰ ਦੁਖੀ ਕਰਕੇ ਧੱਕੇ ਨਾਲ ਖੋਹਿਆ ਹੋਇਆ ਧਨ ਦੂਸ਼ਿਤ ਤੇ ਅਪਵਿੱਤਰ ਹੁੰਦਾ ਹੈ।' ਮਹਾਸਭਾ 'ਚ ਇੱਕ ਰਾਜੇ ਨੂੰ ਇਹ ਬੋਲ ਵਿਸ਼ਣੂਗੁਪਤ ਸਹਿਜ ਭਾਅ ਹੀ ਕਹਿ ਦਿੰਦਾ ਹੈ। ਸਭ ਹੱਕੇ-ਬੱਕੇ ਰਹਿ ਜਾਂਦੇ ਹਨ।

ਵਿਸ਼ਣੂਗੁਪਤ ਦੀ ਗੁੱਤ ਫੜ ਕੇ ਹਾਲ 'ਚੋਂ ਬਾਹਰ ਕੱਢ ਦੇਵੋ ਦਾ ਰਾਜਾ ਨੰਦ ਐਲਾਨ ਕਰਦਾ ਹੈ।

ਬੇਇੱਜ਼ਤੀ ਮਹਿਸੂਸ ਕਰਦਾ ਵਿਸ਼ਣੂਗੁਪਤ ਫਿਰ ਆਪਣੀ ਗੁੱਤ ਨੂੰ ਹੀ ਖੋਲ੍ਹ ਦਿੰਦਾ ਹੈ ਤੇ ਪ੍ਰਣ ਕਰਦਾ ਹੈ, ਇਸ ਨੂੰ ਮੈਂ ਉਦੋਂ ਹੀ ਦੁਬਾਰਾ ਬੰਨ੍ਹਾਂਗਾ, ਜਦੋਂ ਤੱਕ ਨੰਦ ਵੰਸ਼ ਦਾ ਨਾਸ਼ ਨਹੀਂ ਹੋ ਜਾਂਦਾ।

ਜਲਦੀ ਹੀ ਵਿਸ਼ਣੂਗੁਪਤ ਰਾਣੀ ਮੁਰਾ ਦੇ ਪੁੱਤਰ ਚੰਦਰ ਗੁਪਤ ਨੂੰ ਅੱਗੇ ਲਾ ਕੇ ਸ਼ਕਤੀ ਇਕੱਠੀ ਕਰਦਾ ਹੈ। ਅਸਲ 'ਚ ਉਹ ਹੀ ਇਸ ਸਾਮਰਾਜ ਦਾ ਅਸਲ ਵਾਰਸ ਹੈ, ਪਰ ਚੰਦਰ ਗੁਪਤ ਕਮਜ਼ੋਰ ਹੈ, ਉਸ ਦੀ ਕੋਈ ਬਾਂਹ ਨਹੀਂ ਫੜ ਰਿਹਾ, ਪਰ ਵਿਸ਼ਣੂਗੁਪਤ ਉਸ ਨੂੰ ਰਾਜ ਸਿੰਘਾਸਨ 'ਤੇ ਬਿਠਾਉਣ ਲਈ ਆਪਣਾ ਥਾਪੜਾ ਦਿੰਦਾ ਹੈ। ਹਰ ਤਰ੍ਹਾਂ ਦੀ ਯੁੱਧ ਵਿੱਦਿਆ ਤੇ ਫੌਜ ਤਿਆਰ ਕਰਨ ਦੇ ਦਾਅ-ਪੇਚ ਦੱਸਦਾ ਜਾਂਦਾ ਹੈ। ਭਾਵੇਂ ਕਈ ਵਰ੍ਹੇ ਲੱਗਦੇ ਹਨ। ਇਵੇਂ ਚੰਦਰ ਗੁਪਤ ਦੀ ਸ਼ਕਤੀ ਹੌਲੀ-ਹੌਲੀ ਵਾਧੇ ਵੱਲ ਤੁਰੀ ਜਾਂਦੀ ਹੈ। ਚੱਲਦੇ-ਚੱਲਦੇ ਵਿਸ਼ਣੂਗੁਪਤ ਆਪਣਾ ਨਾਂਅ ਬਦਲਦਾ ਚਾਣਕਿਆ ਨਾਲ ਜਾਣਿਆ ਜਾਣ ਲੱਗ ਪਿਆ।

ਚਾਣਕਿਆ ਦੀ ਭਾਣਜੀ ਚੰਦਰਕਾ ਵੀ ਉਹਨਾ ਨਾਲ ਰਲ ਜਾਂਦੀ ਹੈ। ਉਹਨਾਂ ਵੇਲਿਆਂ ਦੀ ਹੀ ਇਹ ਕਹਾਣੀ ਹੈ, ਜਦੋਂ ਮਹਾਨ ਸਿਕੰਦਰ ਗ੍ਰੀਸ ਤੋਂ ਚੱਲਿਆ, ਮੱਧ ਏਸ਼ੀਆ ਦੇ ਦੇਸ਼ਾਂ ਨੂੰ ਮਿੱਧਦਾ ਤੇ ਲਿਤਾੜਦਾ ਹੋਇਆ ਹਿੰਦੋਸਤਾਨ ਵੱਲ ਵਧ ਰਿਹਾ ਸੀ।

ਚਾਣਕਿਆ ਮਹਾਤਮਾ ਦੇ ਵੇਸ ਨਾਲ ਚੰਦਰ ਗੁਪਤ ਤੇ ਚੰਦਰਕਾ ਤਿੰਨੋਂ ਹੀ ਸਿਕੰਦਰ ਨੂੰ ਤਹਿਰਾਨ ਨਗਰ ਜਾ ਮਿਲਦੇ ਹਨ। ਸਿਕੰਦਰ ਵੀ ਚਾਣਕਿਆ ਤੋਂ ਪ੍ਰਭਾਵਤ ਹੁੰਦਾ ਹੈ। ਚਾਣਕਿਆ ਬਾਅਦ 'ਚ ਸਿਕੰਦਰ ਦੀ ਵਧਦੀ ਸ਼ਕਤੀ ਕਰਕੇ ਕਈ ਰਾਜਿਆਂ ਨੂੰ ਜੰਗ ਨਾ ਲੜਨ ਅਤੇ ਸਿਕੰਦਰ ਨੂੰ ਰਸਤਾ ਦੇਣ ਲਈ ਮਨਾ ਲੈਂਦਾ ਹੈ ਜਿਸ ਨਾਲ ਕੋਈ ਲਹੂ-ਲੁਹਾਨ ਹੋਣ ਵਾਲੀਆਂ ਜੰਗਾਂ ਤੋਂ ਦੇਸੀ ਰਾਜੇ ਬਚ ਜਾਂਦੇ ਹਨ।

ਇਵੇਂ ਸਿਕੰਦਰ ਨਾਲ ਚਾਣਕਿਆ ਦਾ ਮਿਲਾਪ ਇੱਕ ਸ਼ਾਨਦਾਰ ਇਤਿਹਾਸਕ ਮਿਲਣੀ ਹੈ। ਜੋ ਪਾਠਕ ਮਨਾਂ ਨੂੰ ਜਿੱਥੇ ਅਚੰਭਿਤ ਕਰਦੀ ਹੈ, ਉੱਥੇ ਚਾਣਕਿਆ ਦਾ ਏਨੀ ਦੂਰ ਤੱਕ ਰਾਬਤਾ ਬਣਾਉਣਾ ਬੜਾ ਵਚਿਤਰ ਜਿਹਾ ਹੀ ਲੱਗਦਾ ਹੈ।

ਅੱਗੇ ਜਾ ਕੇ ਚੰਦਰ ਗੁਪਤ ਦਾ ਵਿਆਹ ਉਸ ਦੀ ਮਾਂ ਦੀ ਸਹੇਲੀ ਦੀ ਧੀ ਪੁਸ਼ਪਾਵਤੀ ਨਾਲ ਹੁੰਦਾ ਹੈ। ਭਾਵੇਂ ਚੰਦਰ ਗੁਪਤ ਵਿਆਹ ਲਈ ਮੰਨਦਾ ਨਹੀਂ, ਪਰ ਇਹ ਵੀ ਚਾਣਕਿਆ ਦੇ ਆਦੇਸ਼ ਨਾਲ ਹੀ ਹੁੰਦਾ ਹੈ। ਚਾਣਕਿਆ ਦੀ ਛਵੀ ਇਸ ਤਰ੍ਹਾਂ ਦੀ ਹੈ ਕੋਈ ਨਾਂਹ ਨਹੀਂ ਕਰ ਸਕਦਾ।

ਪਰ ਚਾਣਕਿਆ ਦਾ ਅਸਲ ਉਦੇਸ਼ ਨੰਦ ਸਾਮਰਾਜ ਦੀ ਇੱਟ ਨਾਲ ਇੱਟ ਵਜਾਉਣਾ ਤੇ ਬਦਲਾ ਲੈਣਾ ਹੈ। ਉਹ ਆਪਣਾ ਧਾਰਿਆ ਹੋਇਆ ਉਦੇਸ਼ ਭੁੱਲਣ ਨੂੰ ਤਿਆਰ ਨਹੀਂ। ਜਿਸ ਲਈ ਉਹ ਲਗਾਤਾਰ ਮਿਹਨਤ ਕਰਦਾ ਜਾਂਦਾ ਹੈ। ਉਸ ਦਾ ਧਿਆਨ ਇਸ ਬਿੰਦੂ 'ਤੇ ਹੀ ਕੇਂਦਰਤ ਹੈ। ਚੰਦਰ ਗੁਪਤ ਨੂੰ ਦਿਨੋਂ-ਦਿਨ ਤਕੜਿਆਂ ਕਰਦਾ ਜਾਂਦਾ ਹੈ, ਪਰ ਚੰਦਰ ਗੁਪਤ ਵੀ ਬੜਾ ਹੋਣਹਾਰ ਤੇ ਦਿਆਲੂ ਕਿਸਮ ਦਾ ਰਾਜ ਕੁਮਾਰ ਹੈ। ਉਹ ਕਸ਼ਮੀਰ ਤੋਂ ਬੇਹੱਦ ਸੋਨਾ ਮੰਗਵਾਉਂਦਾ ਜਾਂਦਾ ਹੈ। ਜਿਸ ਨਾਲ ਨੰਦ ਸਾਮਰਾਜ ਦੇ ਰਾਜ ਕਰਮੀਆਂ 'ਚ ਭ੍ਰਿਸ਼ਟਾਚਾਰ ਫੈਲ ਜਾਂਦਾ ਹੈ। ਇਵੇਂ ਮਗਧ ਦੀ ਸ਼ਕਤੀ ਟੁੱਟਣ ਲੱਗਦੀ ਹੈ। ਉਧਰ ਨੰਦ ਦੇ ਰਾਜ 'ਚ ਵੀ ਮਹਾਂਮੰਤਰੀ ਰਾਖਸ਼ਸ ਤੇ ਸ਼ਾਕਟਰ ਵਰਗੇ ਸਿਆਣੇ ਬਚਾਉਣ ਦੀ ਪੂਰੀ ਵਾਹ ਲਾਉਂਦੇ ਹਨ।

ਆਖਰ ਚਾਣਕਿਆ ਦੇ ਇਸ਼ਾਰੇ 'ਤੇ ਬਸੰਤ ਪੰਚਮੀ ਵਾਲੇ ਦਿਨ ਨਗਰ 'ਚ ਯੁੱਧ ਸ਼ੁਰੂ ਹੋ ਜਾਂਦਾ ਹੈ। ਨੰਦ ਤੇ ਉਸ ਦੇ ਅੱਠ ਰਾਜਕੁਮਾਰਾਂ ਦੀਆਂ ਕਮਜ਼ੋਰੀਆਂ ਅੱਗੇ ਸਭ ਕੁਝ ਤਾਰ-ਤਾਰ ਹੋ ਜਾਂਦਾ ਹੈ। ਮਹਾਂਪਦਮ ਨੰਦ ਦਾ ਸਾਮਰਾਜ ਢਹਿ-ਢੇਰੀ ਹੋ ਜਾਂਦੈ। ਇਵੇਂ ਇਹ ਅਸਲ 'ਚ ਚਾਣਕਿਆ ਦੀ ਹੀ ਜਿੱਤ ਹੁੰਦੀ ਹੈ। ਉਸ ਦੀ ਸੋਚ ਦੀ ਜਿੱਤ, ਪਰ ਹੁਣ ਕਾਮ, ਕਰੋਧ, ਲੋਭ ਤੇ ਮੋਹ ਚਾਣਕਿਆ ਦੇ ਵੱਸੋਂ ਬਾਹਰੇ ਹੋਏ ਪਏ ਹਨ। ਉਸ ਨੂੰ ਹੁਣ ਆਪਣੀ ਬੇਇੱਜ਼ਤੀ ਦਾ ਬਦਲਾ ਲੈਣ ਦਾ ਸਹੀ ਮੌਕਾ ਮਿਲਦਾ ਹੈ। ਕਿਵੇਂ ਉਸ ਦੀ ਗੁੱਤ ਨੂੰ ਫੜ ਕੇ ਬਾਹਰ ਕੱਢਿਆ ਗਿਆ। ਹੁਣ ਉਹਦਾ ਖੁੱਲ੍ਹੀ ਗੁੱਤ ਬੰਨ੍ਹਣ ਦਾ ਸਮਾਂ ਆ ਗਿਆ ਸੀ। ਇਵੇਂ ਉਹ ਗੁੱਸੇ ਦਾ ਤੂਫਾਨ ਬਣਿਆ ਮਹਾਰਾਜਾ ਨੰਦ, ਉਹਦੇ ਪੁੱਤਰ ਬਾਕੀ ਪਰਵਾਰ ਤੇ ਉਹਦੇ ਵਿਸ਼ਵਾਸੀ, ਸਾਰਿਆਂ ਦਾ ਸਮੂਹਿਕ ਕਤਲ ਕਰਵਾ ਕੇ ਕਲੇਜੇ ਠੰਢ ਪਾਉਂਦਾ ਹੈ।

ਚੰਦਰ ਗੁਪਤ ਦਾ ਰਾਜ ਕਾਇਮ ਕਰਕੇ ਉਹ ਇਸ ਕਾਰਜ ਤੋਂ ਵਿਹਲਾ ਹੁੰਦਿਆਂ ਹੀ ਨੇਪਾਲ ਦੀ ਬੀਬਿਕਾ ਨਾਲ ਵਿਆਹ ਕਰਵਾ ਲੈਂਦਾ ਹੈ। ਜੋ ਉਸ ਤੋਂ ਉਮਰ 'ਚ ਬਹੁਤ ਛੋਟੀ ਹੈ। ਬੀਬਿਕਾ ਪ੍ਰਸੰਨ ਹੈ, ਉਸ ਨੂੰ ਚਾਣਕਿਆ ਵਰਗਾ ਮਹਾਨ ਪੁਰਸ਼ ਪਤੀ ਦੇ ਰੂਪ 'ਚ ਮਿਲ ਗਿਆ। ਚਾਣਕਿਆ ਰਾਜਭਾਗ ਦਾ ਹਿੱਸਾ ਨਹੀਂ ਬਣਦਾ। ਉਹ ਆਪਣੀ ਕੁਟੀਆ 'ਚ ਹੀ ਰਹਿਣ ਲੱਗਦੈ। ਫਿਰ ਉਹ ਆਪਣੇ ਤਜਰਬੇ ਦੇ ਆਧਾਰਤ 'ਨੀਤੀ ਦਰਪਣ' ਗ੍ਰੰਥ ਲਿਖਦੈ। ਉਸ ਨੂੰ ਪਤਾ ਹੈ ਇਹੋ ਜਿਹੇ ਕਾਰਜ ਕਰਨ ਨਾਲ ਉਹ ਮਹਾਨ ਹੋ ਜਾਵੇਗਾ। ਬੀਬਿਕਾ ਨਾਲ ਆਪਣੇ ਗ੍ਰਹਿਸਥੀ ਜੀਵਨ ਤੋਂ ਸੰਤੁਸ਼ਟ ਹੋ ਕੇ 'ਕਾਮਸੂਤਰ' ਦੀ ਵੀ ਰਚਨਾ ਕਰਦੈ।

ਉਹ ਅੰਤ 'ਚ ਲਿਖਦਾ ਹੈ-'ਧਰਮ-ਅਰਥ-ਕਾਮ ਤੇ ਮੋਕਸ਼' ਇਹ ਚਾਰੇ ਜੀਵਨ ਦੇ ਜ਼ਰੂਰੀ ਅੰਗ ਹਨ। ਇਹਨਾਂ ਤੋਂ ਬਗੈਰ ਮਨੁੱਖ ਦੀ ਹੋਂਦ ਨਹੀਂ, ਇਹੋ ਹੀ ਅਗਾਂਹ ਵਧਣ ਲਈ ਯੋਗ ਬਣਾਉਂਦੇ ਹਨ।

ਵਿਦਵਾਨ ਡਾ. ਸਵਰਨਜੀਤ ਕੌਰ ਸੰਮੀ ਦਾ ਅਨੁਵਾਦ ਬਹੁਤ ਸਰਲ ਤੇ ਖੂਬਸੂਰਤੀ ਭਰਿਆ ਹੈ। ਇਉਂ ਜਾਪਦਾ, ਜਿਵੇਂ ਉਹ ਪੰਜਾਬੀ 'ਚ ਹੀ ਪਹਿਲਾਂ ਲਿਖਿਆ ਗਿਆ ਹੋਵੇ। ਅਨੁਵਾਦਿਕਾ ਨੇ ਆਪਣਾ ਤੇ ਮੂਲ ਲੇਖਕ ਵਰਮਾ ਦਾ ਕੋਈ ਅਤਾ-ਪਤਾ ਨਹੀਂ ਮਿਲਿਆ, ਜੋ ਬਹੁਤ ਜ਼ਰੂਰੀ ਸੀ।

ਇਹ ਮੁਲਵਾਨ ਕਿਰਤ ਹੈ। ਨਾਵਲਕਾਰ ਨੇ ਕੁੱਜੇ 'ਚ ਸਮੁੰਦਰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿੱਥੇ ਪਾਠਕ ਚਾਣਕਿਆ ਦੇ ਜੀਵਨ ਜਾਤ ਬਾਰੇ ਪੜ੍ਹਨਗੇ, ਉੱਥੇ ਉਸ ਦੇ ਗੁੱਸੇ ਦੀ ਚਰਮਸੀਮਾ ਬਾਰੇ ਹੈਰਾਨ ਹੋਣਗੇ। ਇਹ ਗੁੱਸਾ ਵਿਦਵਾਨ ਨੂੰ ਕਿੱਥੋਂ ਤੋਂ ਕਿੱਥੇ ਪਹੁੰਚਾਅ ਦਿੰਦਾ ਹੈ। ਇਵੇਂ ਇੱਥੇ ਚਾਣਕਿਆ ਯੁੱਗ ਨੂੰ ਨਾਵਲ ਦੇ ਰੂਪ 'ਚ ਡੂੰਘੀ ਨੀਝ ਨਾਲ ਬਾਖੂਬੀ ਦੇਖਿਆ ਤੇ ਸਮਝਿਆ ਜਾ ਸਕੇਗਾ।

**ਮੋਬਾ: 98151-86532**

---

## ਸ਼ਹੀਦ ਜਸਵੰਤ ਸਿੰਘ ਖਾਲੜਾ

**(ਜੀਵਨੀ)**
**ਲੇਖਕ : ਅਜਮੇਰ ਸਿੰਘ**
**ਪੰਨੇ : 184, ਕੀਮਤ : 300 ਰੁਪਏ**
**ਸਿੰਘ ਬ੍ਰਦਰਜ਼, ਅੰਮ੍ਰਿਤਸਰ**

ਅਜਮੇਰ ਸਿੰਘ ਇੱਕ ਪ੍ਰੌੜ੍ਹ ਕਲਮਕਾਰ ਹੈ, ਜੋ ਕਿ ਇਤਿਹਾਸ ਨਾਲ ਸੰਬੰਧਤ ਹੁਣ ਤੱਕ 7 ਪੁਸਤਕਾਂ ਲਿਖ ਚੁੱਕਾ ਹੈ। ਉਹ ਸੋਚ, ਸੱਚ ਅਤੇ ਸੰਘਰਸ਼ ਦੀ ਹਾਮੀ ਭਰਦਾ ਹੋਇਆ ਵਿਚਾਰ ਅਧੀਨ ਪੁਸਤਕ 'ਸ਼ਹੀਦ ਜਸਵੰਤ ਸਿੰਘ ਖਾਲੜਾ' ਲੈ ਕੇ ਹਾਜ਼ਰ ਹੋਇਆ ਹੈ, ਜੋ ਕਿ ਹੁਣ ਤੱਕ ਅਣਗੌਲਿਆ ਰਿਹਾ ਹੈ।

ਪੁਸਤਕ ਨੂੰ 10 ਕਾਂਡਾਂ 'ਚ ਵੰਡਿਆ ਗਿਆ ਹੈ। ਹਰੇਕ ਕਾਂਡ ਦਾ ਵੱਡਾ ਮਹੱਤਵ ਹੈ। ਪਹਿਲੇ ਕਾਂਡ ਵਿੱਚ ਭਾਈ ਜਸਵੰਤ ਸਿੰਘ ਖਾਲੜਾ ਦੇ ਪਰਵਾਰਕ ਪਿਛੋਕੜ ਦੀ ਗੱਲ ਕੀਤੀ ਗਈ ਹੈ ਅਤੇ ਅੰਤਮ ਭਾਗ ਵਿੱਚ 'ਮੈਂ ਸ਼ਹੀਦ ਹੋਵਾਂਗਾ ਤੇ ਤੂੰ ਖੁਦਕੁਸ਼ੀ ਕਰੇਂਗਾ' ਇੱਕ ਦਿਲਚਸਪ ਕਾਂਡ ਹੈ, ਜਿਸ 'ਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਅੰਤਮ ਬੋਲਾਂ ਦੀ ਤਰਜਮਾਨੀ ਕੀਤੀ ਗਈ ਹੈ।

ਜਦੋਂ ਜ਼ੁਲਮ ਦੀ ਹਨੇਰੀ ਝੁੱਲਦੀ ਹੈ ਤਾਂ ਉਸ ਹਨੇਰੀ ਨੂੰ ਠੱਲ੍ਹ ਪਾਉਣ ਲਈ ਕੋਈ ਨਾ ਕੋਈ ਯੁੱਗ ਪੁਰਸ਼/ਸਮਾਜ ਸੁਧਾਰਕ ਅੱਗੇ ਆਉਂਦਾ ਹੈ ਅਤੇ ਆਪਣਾ ਬਲੀਦਾਨ ਦੇ ਕੇ ਇਸ ਹਨੇਰੀ ਨੂੰ ਠੱਲ੍ਹ ਪਾਉਂਦਾ ਹੈ।

ਪੁਸਤਕ ਦਾ 8ਵਾਂ ਭਾਗ ਬਹੁਤ ਹੀ ਮਹੱਤਵਪੂਰਨ ਹੈ, ਜੋ ਕਿ ਇਸ ਪੁਸਤਕ ਦਾ ਧੁਰਾ ਮੰਨਿਆ ਗਿਆ ਹੈ। ਇਸ ਕਾਂਡ 'ਚ ਭਾਈ ਜਸਵੰਤ ਸਿੰਘ ਖਾਲੜਾ ਦਾ ਉਦੇਸ਼ ਛੁਪਿਆ ਹੈ। 'ਅਣਪਛਾਤੀਆਂ ਲਾਸ਼ਾਂ' ਦਾ ਸੱਚ ਸਾਹਮਣੇ ਲਿਆਉਣ ਦੀ ਸੂਰਮਗਤੀ। ਉਹ 25,000 ਦੇ ਲੱਗਭੱਗ ਅਣਪਛਾਤੀਆਂ ਲਾਸ਼ਾਂ ਦਾ ਸੱਚ ਪੇਸ਼ ਕਰ ਸਕਿਆ ਹੈ, ਜੋ ਕਿ ਵੱਖ-ਵੱਖ ਥਾਣਿਆਂ 'ਚ ਲਿਆ ਕੇ ਬੇਕਸੂਰ ਲੋਕਾਂ ਦੀਆਂ ਸਨ। ਇਹ ਕਾਲਾ ਕਾਰਨਾਮਾ ਲੱਗਭੱਗ 10 ਵਰ੍ਹੇ ਨਿਰੰਤਰ ਚੱਲਦਾ ਰਿਹਾ।

ਜਦੋਂ ਪੁਲਸ ਨੂੰ ਆਪਣਾ ਡਰ ਸਤਾਉਣ ਲੱਗਿਆ ਤਾਂ ਭਾਈ ਜਸਵੰਤ ਸਿੰਘ ਨੂੰ ਘਰੋਂ ਅਗਵਾ ਕਰਕੇ 45 ਦਿਨ ਵੱਖੋ-ਵੱਖ ਥਾਣਿਆਂ 'ਚ ਅਕਹਿ ਅਤੇ ਅਸਹਿ ਤਸੀਹੇ ਦੇ ਕੇ 25.10.1995 ਨੂੰ ਸ਼ਹੀਦ ਕਰ ਦਿੱਤਾ ਗਿਆ।

ਉਹ ਮੜ੍ਹੀਆਂ/ਮਸਾਣਾਂ 'ਤੇ ਘੁੰਮਦਾ ਰਿਹਾ। ਉੱਥੋਂ ਜੋ ਰਿਕਾਰਡ ਲਿਆ, ਖੰਘਾਲਦਾ ਰਿਹਾ। ਉਹ ਦੋ ਵਾਰ ਕੈਨੇਡਾ ਗਿਆ ਅਤੇ ਪੰਜਾਬ ਦੀ ਰਾਜਨੀਤਕ ਹਾਲਤ ਬਾਰੇ ਉਸ ਗੁਰੂ ਘਰਾਂ 'ਚ ਤਕਰੀਰਾਂ ਕੀਤੀਆਂ ਅਤੇ ਪੰਜਾਬ ਦੀ ਅਸਲੀਅਤ ਪੇਸ਼ ਕੀਤੀ। ਉਸ ਪੰਜਾਬ 'ਚ ਹੋ ਰਹੇ ਅਨਿਆਂ/ਝੁੱਲ ਰਹੀ ਜ਼ੁਲਮ ਦੀ ਹਨੇਰੀ ਦੀ ਆਵਾਜ਼ ਬੁਲੰਦ ਕੀਤੀ। ਉਹ ਪੁਲਸ ਦੀਆਂ ਧਮਕੀਆਂ ਤੋਂ ਰਤਾ ਵੀ ਨਾ ਡਰਿਆ। ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਉਸ ਨੇ ਦਿਨ-ਰਾਤ ਇੱਕ ਕਰ ਦਿੱਤਾ। ਉਹ ਲੋਕਾਂ ਨੂੰ ਘਰ-ਘਰ ਦਾ ਕੇ ਮਿਲਿਆ, ਜਿਨ੍ਹਾਂ ਦੇ ਜਵਾਨ ਪੁੱਤ ਲਾਪਤਾ ਕਰ ਦਿੱਤੇ ਗਏ ਸਨ। ਉਨ੍ਹਾ ਮਾਵਾਂ ਨੂੰ ਮਿਲਿਆ, ਜਿਨ੍ਹਾਂ ਨੂੰ ਆਪਣੇ ਪੁੱਤਾਂ ਦੀ ਉਡੀਕ ਸੀ ਕਿ ਉਹਨਾ ਦੇ ਪੁੱਤ ਵਾਪਸ ਪਰਤ ਆਉਣਗੇ।

ਪੁਸਤਕ ਪੜ੍ਹਦਿਆਂ ਇਸ ਅਣਖੀਲੇ ਯੋਧੇ ਦੇ ਕਾਰਨਾਮਿਆਂ ਤੋਂ ਉਸ ਦੀ ਮਹਾਨ ਕੁਰਬਾਨੀ ਅੱਗੇ ਸਿਰ ਝੁਕਦਾ ਹੈ। ਲੇਖਕ ਅਤੇ ਪ੍ਰਕਾਸ਼ਕ ਦਾ ਇਹ ਵੱਡਮੁੱਲਾ ਉਪਰਾਲਾ ਇੱਕ ਇਤਿਹਾਸਕ ਦਸਤਾਵੇਜ਼ ਹੈ, ਜੋ ਕਿ ਸਾਡੇ ਭਵਿੱਖ ਲਈ ਕਿਸੇ ਚਾਨਣ-ਮੁਨਾਰੇ ਤੋਂ ਘੱਟ ਨਹੀਂ ਹੈ।

**- ਰਾਜਿੰਦਰ ਵਰਮਾ**

## 360 ਡਿਗਰੀ

**(ਨਾਵਲ)**
**ਅਮਨਪ੍ਰੀਤ ਸਿੰਘ ਮਾਨ**
**ਪੰਨੇ-160, ਮੁੱਲ-250 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਇਕ ਗਣਿਤਕਾਰ ਅਮਨਪ੍ਰੀਤ ਸਿੰਘ ਮਾਨ ਪਹਿਲੇ ਦੋ ਨਾਵਲਾਂ ਤੋਂ ਬਾਅਦ ਤੀਜਾ ਨਾਵਲ ਗਣਿਤ ਦੇ ਕਿਸੇ ਪੈਟਰਨ 'ਤੇ ਲਿਖਣਾ ਚਾਹੁੰਦਾ ਸੀ। ਇਸੇ ਸੋਚ ਅਤੇ ਘਟਨਾਵਾਂ ਦੁਆਰਾ ਅਤੇ ਕਲਪਿਤ ਦਾਇਰਿਆਂ ਵਿਚਲੇ ਅਸਲ ਪਾਤਰਾਂ ਦੀ ਮਦਦ ਨਾਲ ਗੁੰਦਵੇਂ ਬਿਰਤਾਂਤ ਰਾਹੀਂ ਹੱਥਲਾ ਨਾਵਲ ਹੋਂਦ ਵਿੱਚ ਆਇਆ ਹੈ। ਅਜੋਕੇ ਜ਼ਮਾਨੇ ਦੀਆਂ ਸਮੱਸਿਆਵਾਂ, ਸਸਪੈਂਸ ਅਤੇ ਜ਼ਿੰਦਗੀ ਦੀ ਭੱਜ-ਦੌੜ ਨੂੰ ਗਣਿਤ ਦੇ ਪੈਟਰਨ ਵਿੱਚ ਢਾਲਣਾ ਇਕ ਚੁਣੌਤੀਪੂਰਨ ਕੰਮ ਸੀ, ਜਿਸ ਨੂੰ ਨਾਵਲਕਾਰ ਨੇ ਬੜੇ ਦਿਲਚਸਪ ਢੰਗ ਨਾਲ ਪੇਸ਼ ਕੀਤਾ ਹੈ। ਘਟਨਾਵਾਂ, ਸਥਾਨਾਂ ਅਤੇ ਪਾਤਰਾਂ ਨੂੰ ਇੰਟਰਨੈੱਟ ਦੀ ਦੁਨੀਆ ਦੇ ਆਲੇ-ਦੁਆਲੇ ਕਲਾਤਮਕ ਢੰਗ ਨਾਲ ਸਿਰਜਿਆ ਗਿਆ ਹੈ। ਪਾਠਕ ਇਸ ਨਾਵਲ ਨੂੰ ਪੜ੍ਹਦਿਆਂ ਉਸ ਵਰਚੁਅਲ ਸੰਸਾਰ ਨੂੰ ਮਹਿਸੂਸ ਕਰਦਾ ਹੈ ਜਾਂ ਇੰਞ ਕਹਿ ਲਿਆ ਜਾਵੇ ਕਿ ਇਹ ਨਾਵਲ ਕਿਸੇ ਵੈੱਬ ਸੀਰੀਜ਼ ਦਾ ਭੁਲੇਖਾ ਪਾਉਂਦਾ ਹੈ। ਵਿਗਿਆਨਕ ਗਲਪ (ਸਾਇੰਸ ਫਿਕਸ਼ਨ) ਅਤੇ ਵਰਚੁਅਲ ਸੰਸਾਰ ਦੇ ਵਰਤਾਰਿਆਂ ਅਤੇ ਪੈਟਰਨਾਂ ਨੂੰ ਆਧਾਰ ਬਣਾ ਕੇ ਅੰਗਰੇਜ਼ੀ ਅਤੇ ਹਿੰਦੀ ਸਾਹਿਤ ਵਿੱਚ ਤਾਂ ਪਹਿਲਾਂ ਹੀ ਸਾਹਿਤ ਰਚਿਆ ਜਾ ਰਿਹਾ ਸੀ ਅਤੇ ਪੰਜਾਬੀ ਵਿੱਚ ਇਸ ਵਿਸ਼ੇ ਨਾਲ ਸੰਬੰਧਤ ਸਾਹਿਤ ਰਚਨਾ ਨਿਵੇਕਲਾ ਉਪਰਾਲਾ ਹੈ। ਅੱਜ ਦੀ ਤੇਜ਼ ਰਫਤਾਰ ਉਦਯੋਗਿਕ ਦੁਨੀਆ ਦੀ ਜ਼ਿੰਦਗੀ ਦੀ ਕਹਾਣੀ ਵਿੱਚ ਮਾਪੇ ਆਪਣੀ ਔਲਾਦ ਤੋਂ ਏਨੀ ਦੂਰੀ 'ਤੇ ਹੁੰਦੇ ਹਨ ਕਿ ਉਹਨਾਂ ਦੀਆਂ ਮਾਨਸਕ ਤੇ ਸਰੀਰਕ ਜ਼ਰੂਰਤਾਂ ਨੂੰ ਸਮਝਣ ਤੋਂ ਵੀ ਅਸਮਰੱਥ ਹਨ। ਮਾਪੇ ਬੱਚਿਆਂ ਨੂੰ ਪਦਾਰਥਕ ਸਹੂਲਤਾਂ ਪ੍ਰਦਾਨ ਕਰ ਦਿੰਦੇ ਹਨ, ਪਰੰਤੂ ਪੈਸਾ ਕਮਾਉਣ ਦੀ ਦੌੜ ਵਿੱਚ ਰੁਝੇ ਹੋਣ ਕਾਰਨ ਉਹਨਾਂ ਨੂੰ ਮਾਨਸਕ ਪੱਧਰ 'ਤੇ ਉਤਸ਼ਾਹਤ ਨਹੀਂ ਕਰਦੇ। ਬੱਚੇ ਇਕੱਲੇਪਣ ਦੇ ਸ਼ਿਕਾਰ ਹੁੰਦੇ ਹਨ ਅਤੇ ਇਸੇ ਇਕੱਲੇਪਣ ਕਾਰਨ ਬੱਚਿਆਂ ਨੂੰ ਮੋਬਾਇਲ ਦੀ ਦੁਨੀਆ ਵਿੱਚ ਦਾਖਲ ਹੋਣ ਲਈ ਮਜਬੂਰ ਹੋਣਾ ਪੈਂਦਾ ਹੈ। ਅਜਿਹੇ ਬੱਚੇ ਸਾਈਬਰ ਕ੍ਰਾਈਮ ਦੀ ਦੁਨੀਆਂ ਵਿੱਚ ਕਈ ਆਨਲਾਈਨ ਦੁਰਘਟਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਨਾਵਲ ਅਜਿਹੀਆਂ ਹੀ ਘਟਨਾਵਾਂ 'ਤੇ ਅਧਾਰਿਤ ਹੈ।

ਨਾਵਲ ਦੀ ਅਗਲੀ ਕਹਾਣੀ ਵਿੱਚ ਇਕ ਵੈੱਬ ਸੀਰੀਜ਼ ਵਾਂਗ ਲੜੀਵਾਰ ਕਤਲਾਂ ਦੀ ਗੁੱਥੀ ਸੁਲਝਾਈ ਜਾਂਦੀ ਹੈ ਅਤੇ ਨਾਵਲ ਨਾਵਲਕਾਰ ਦੀ ਦਿਮਾਗੀ ਸ਼ਕਤੀ ਨੂੰ ਨਾਵਲ ਦੇ ਪਲਾਟ ਵਿੱਚ ਪ੍ਰਤੱਖ ਮਹਿਸੂਸ ਕਰਾਉਂਦਾ ਹੈ। ਗਣਿਤ ਨੂੰ ਆਧਾਰ ਬਣਾ ਕੇ ਲੜੀਬੱਧ ਕਤਲ (ਸੀਰੀਅਲ ਕਿਲਰ) ਅਤੇ ਉਹ ਵੀ ਇੰਟਰਨੈੱਟ ਗੇਮਾਂ ਦੀ ਮਦਦ ਨਾਲ ਤੇ ਸਾਈਬਰ ਕਰਾਈਮ ਵਰਗੀਆਂ ਘਟਨਾਵਾਂ ਨੂੰ ਆਧਾਰ ਬਣਾਉਣਾ ਅੱਜ ਦੇ ਸਮੇਂ ਦੀ ਲੋੜ ਵੀ ਹੈ। ਇਸ ਢੰਗ ਨਾਲ ਇਸ ਦਾ ਸਿਰਲੇਖ 360 ਡਿਗਰੀ ਗਣਿਤ ਅਤੇ ਮੋਬਾਇਲ ਗੇਮਾਂ ਦੇ ਸੰਸਾਰ ਵਿੱਚ ਢੁਕਵਾਂ ਹੈ ਤੇ ਦੋਹਾਂ ਖੇਤਰਾਂ ਦੀ ਰਹਿਨੁਮਾਈ ਕਰਦਾ ਹੈ। ਨਾਵਲ ਦੀ ਭਾਸ਼ਾ ਵੀ ਵਿਸ਼ੇ ਦੇ ਅਨੁਸਾਰ ਹੈ ਅਤੇ ਤਕਨੀਕੀ ਸ਼ਬਦਾਵਲੀ ਦੀ ਵਰਤੋਂ ਲੋੜ ਅਨੁਸਾਰ ਕੀਤੀ ਗਈ ਹੈ। ਨਾਵਲਕਾਰ ਨੇ ਇਸ ਨਾਵਲ ਵਿੱਚ ਵਿਸ਼ੇ ਪੱਖੋਂ, ਸ਼ੈਲੀ ਪੱਖੋਂ ਅਤੇ ਵਰਤੀ ਗਈ ਭਾਸ਼ਾ ਦੇ ਪੱਖ ਤੋਂ ਵੀ ਨਵੇਂ ਤਜਰਬੇ ਕੀਤੇ ਹਨ, ਜੋ ਪਾਠਕਾਂ ਨੂੰ ਜ਼ਰੂਰ ਪਸੰਦ ਆਉਣਗੇ।

**— ਡਾ. ਸੰਦੀਪ ਰਾਣਾ**

---

# ਕਿਤਾਬਾਂ ਦੇ ਅੰਗ-ਸੰਗ

**ਹਰਜਿੰਦਰ ਸਿੰਘ ਅਟਵਾਲ (ਡਾ.) ਸੰਪਰਕ : 98721-73475**

## ਲੰਡਨ ਦੂਰ ਨਹੀਂ

**(ਇੰਗਲੈਂਡ-ਸਕਾਟਲੈਂਡ ਸਫਰਨਾਮਾ)**
**ਪ੍ਰੋ: ਕੁਲਬੀਰ ਸਿੰਘ-ਪ੍ਰੋ. ਕਵਲਜੀਤ ਕੌਰ**
**ਪੰਨੇ : 132, ਮੁੱਲ : 895 ਰੁਪਏ**
**ਯੂਨੀਸਟਾਰ ਬੁਕਸ, ਚੰਡੀਗੜ੍ਹ**

ਪੰਜਾਬੀ ਵਿੱਚ ਸਫਰਨਾਮਾ ਸਾਹਿਤ ਲਿਖਣ ਦੀ ਪਿਰਤ ਲੱਗਭੱਗ ਅੱਠ-ਨੌਂ ਦਹਾਕੇ ਪਹਿਲਾਂ ਆਰੰਭ ਹੋ ਗਈ ਸੀ। ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਲਾਲ ਸਿੰਘ ਕਮਲਾ ਅਕਾਲੀ ਦਾ ਸਫਰਨਾਮਾ 'ਮੇਰਾ ਵਲਾਇਤੀ ਸਫਰਨਾਮਾ' ਆਰੰਭਲੇ ਦੌਰ ਦਾ ਪਹਿਲਾ ਸਫਰਨਾਮਾ ਸੀ। ਜਦੋਂ ਕੋਈ ਸਾਹਿਤ ਵਿਧਾ ਇੱਕ ਪ੍ਰੰਪਰਾ ਦੇ ਤੌਰ 'ਤੇ ਸਥਾਪਤ ਹੋਣ ਵੱਲ ਵਧਦੀ ਹੈ ਤਾਂ ਉਸ ਲਈ ਇੱਕ ਨੇਮ ਵਿਧਾਨ ਘੜਨ ਦੀ ਮਸ਼ਕ ਵੀ ਸ਼ੁਰੂ ਹੋ ਜਾਂਦੀ ਹੈ। ਸਫਰਨਾਮਾ ਦੇ ਆਮ ਪਰਵਾਨਿਤ ਤੱਤਾਂ ਵਿੱਚ ਸੰਬੰਧਤ ਇਲਾਕੇ/ਦੇਸ਼ ਦਾ ਇਤਿਹਾਸਕ, ਸਮਾਜਿਕ, ਸੱਭਿਆਚਾਰਕ, ਭੂਗੋਲਿਕ ਆਦਿ



ਤੱਥਾਂ ਬਾਰੇ ਜਾਣਕਾਰੀ ਦੇਣਾ ਸ਼ਾਮਲ ਕੀਤਾ ਜਾਂਦਾ ਰਿਹਾ ਹੈ, ਪਰ ਜਦੋਂ ਤੋਂ ਪੰਜਾਬ ਦੇ ਇਸ ਖਿੱਤੇ ਤੋਂ ਬਾਹਰ ਜਾਣ ਦਾ ਰੁਝਾਨ ਵਧਿਆ ਹੈ ਤਾਂ ਉਪਰੋਕਤ ਤੱਤਾਂ ਦੀ ਅਣਦੇਖੀ ਸਫਰਨਾਮਾ ਸਾਹਿਤ ਦੀਆਂ ਪੁਸਤਕਾਂ ਵਿੱਚ ਹੁੰਦੀ ਆ ਰਹੀ ਹੈ, ਹਰ ਸੱਜਣ ਜੋ ਇੱਕ/ਦੋ ਮਹੀਨਿਆਂ ਜਾਂ ਘੱਟ ਸਮੇਂ ਲਈ ਵੀ ਵਿਦੇਸ਼ ਜਾਂਦਾ ਹੈ ਤਾਂ ਉਹ ਆਪਣੀਆਂ ਨਿੱਜੀ ਯਾਦਾਂ ਦੀ ਸੰਭਾਲ ਕਰਨ ਹਿੱਤ ਆਪਣੇ ਅਨੁਭਵ ਕਲਮਬੱਧ ਕਰਨ ਦਾ ਯਤਨ ਕਰਦਾ ਹੈ, ਕਈ ਵਾਰੀ ਇਹ ਅਨੁਭਵ ਮਹਿਜ਼ ਦੋਸਤੀ ਜਾਂ ਪਰਵਾਰਕ ਘੇਰੇ ਤੱਕ ਹੀ ਸੀਮਤ ਰਹਿ ਜਾਂਦੇ ਹਨ, ਅਜਿਹੀਆਂ ਰਚਨਾਵਾਂ ਪੜ੍ਹ ਕੇ ਉਹ ਪਾਠਕ ਨਿਰਾਸ਼ ਹੁੰਦੇ ਹਨ, ਜਿਨ੍ਹਾਂ ਨੇ ਬਲਰਾਜ ਸਾਹਨੀ ਦਾ 'ਮੇਰਾ ਪਾਕਿਸਤਾਨੀ ਸਫਰਨਾਮਾ' ਪੜ੍ਹਿਆ ਹੁੰਦਾ ਹੈ। ਸੋ ਪੰਜਾਬੀ ਸਫਰਨਾਮਾ ਮਿਕਦਾਰ ਪੱਖੋਂ ਭਾਵੇਂ ਬਹੁਤ ਤਰੱਕੀ ਕਰ ਗਿਆ ਲੱਗ ਸਕਦਾ ਹੈ, ਪਰ ਮਿਆਰ ਪੱਖੋਂ ਇਹ ਸਾਹਿਤ ਰੂਪ ਵਿੱਚ ਖੜੋਤ ਦੀ ਸਥਿਤੀ ਵਿੱਚ ਹੀ ਹੈ, ਇਸ ਪਾਸੇ ਲੇਖਕਾਂ ਨੂੰ ਗੰਭੀਰ ਹੋਣ ਅਤੇ ਚੇਤੰਨ ਹੋਣ ਦੀ ਲੋੜ ਹੈ।

'ਲੰਡਨ ਦੂਰ ਨਹੀਂ' ਪ੍ਰੋ. ਕੁਲਬੀਰ ਸਿੰਘ ਅਤੇ ਪ੍ਰੋ. ਕਵਲਜੀਤ ਕੌਰ ਦੇ ਸਾਂਝੇ ਸਫਰ ਦਾ ਸਫਰਨਾਮਾ ਹੈ, ਜੋ ਉਨ੍ਹਾ ਨੇ ਇੰਗਲੈਂਡ ਅਤੇ ਸਕਾਟਲੈਂਡ ਦੇ ਕੁਝ ਹਿੱਸਿਆਂ ਵਿੱਚ ਵਿਚਰਦਿਆਂ ਜਿਹੜੇ ਅਨੁਭਵ/ਪਲ ਹੰਢਾਏ/ਬਿਤਾਏ ਬਾਰੇ ਪੇਸ਼ਕਾਰੀ ਹੈ। ਇਸ ਪੁਸਤਕ ਵਿੱਚ ਤਸਵੀਰਾਂ ਵੀ ਸਫਰਨਾਮਾ ਦੀ ਇਬਾਰਤ ਜਿੰਨਾ ਹੀ ਮਹੱਤਵ ਰੱਖਦੀਆਂ ਹਨ। ਇੰਗਲੈਂਡ : ਮਹੱਤਵਪੂਰਨ ਜਾਣਕਾਰੀ ਵਿੱਚ ਉਹ ਉਸ ਦੇਸ਼ ਦੇ ਕਾਨੂੰਨ ਅਤੇ ਇਸ ਦੀ ਸਖਤੀ ਨਾਲ ਹੋ ਰਹੀ ਪਾਲਣਾ, ਲੋਕਾਂ ਦੇ ਅਧਿਕਾਰ ਅਤੇ ਫਰਜ਼, ਰੇਲ ਪ੍ਰਬੰਧ ਖਾਸ ਕਰਕੇ ਅੰਡਰ ਗਰਾਉਂਡ ਰੇਲ ਪ੍ਰਬੰਧ ਆਦਿ ਬਾਰੇ ਜ਼ਿਕਰ ਕਰਦੇ ਹਨ। ਲੰਡਨ ਵਿਚਲੇ ਟਾਵਰ ਬ੍ਰਿਜ, ਬਘਿੰਗਮ ਪੈਲੇਸ, ਲੰਡਨ ਆਈ, ਬਿਗਬੈਨ ਆਦਿ ਥਾਵਾਂ ਦਾ ਵੀ ਉਹ ਜ਼ਿਕਰ ਕਰਦੇ ਹਨ। ਗਲਾਸਗੋ, ਐਡਿਨ ਬਰਗ ਆਦਿ ਦਾ ਜ਼ਿਕਰ ਕਰਦਿਆਂ ਉਹ ਇਹਨਾਂ ਸ਼ਹਿਰਾਂ ਦੇ ਮਹੱਤਵ ਅਤੇ ਵਿਸ਼ੇਸ਼ ਸਥਾਨਾਂ ਦਾ ਵੇਰਵਾ ਵੀ ਦਿੰਦੇ ਹਨ। ਬੈਡਫੋਰਡ ਸ਼ਹਿਰ ਜੋ ਲੰਡਨ ਦੇ ਨਾਲ ਲੱਗਦਾ ਇੱਕ ਖੂਬਸੂਰਤ ਜ਼ਿਲ੍ਹਾ ਹੈ, ਵਿਚਲੀਆਂ ਛੋਟੀਆਂ ਨਹਿਰਾਂਨੁਮਾ ਨਦੀਆਂ ਦਾ ਜ਼ਿਕਰ, ਪੰਜਾਬੀਆਂ ਦੇ ਧਾਰਮਿਕ ਸਥਾਨਾਂ ਦਾ ਜ਼ਿਕਰ ਆਦਿ ਉਹ ਸੰਕੇਤਕ ਰੂਪ ਵਿੱਚ ਕਰਦੇ ਹਨ। ਸਕਾਟਲੈਂਡ ਵਿੱਚ ਨਦੀਆਂ ਤੇ ਬੇੜੀਆਂ ਦੀ ਜੁਗਲਬੰਦੀ ਉਹਨਾ ਦੇ ਸੁਚੱਜੇ ਪ੍ਰਬੰਧ ਦੀ ਇੱਕ ਚੰਗੀ ਉਦਾਹਰਣ ਪੇਸ਼ ਹੁੰਦੀ ਹੈ। ਮਿਡਲੈਂਡ ਦੇ ਸ਼ਹਿਰ ਲੈਸਟਰ, ਡਰਬੀ ਆਦਿ ਵਿੱਚ ਪੰਜਾਬੀ ਭਾਈਚਾਰੇ ਵੱਲੋਂ ਆਪਣੀ ਪਛਾਣ ਬਰਕਰਾਰ ਰੱਖਣ ਦੇ ਹੋ ਰਹੇ ਯਤਨਾਂ ਦਾ ਵੇਰਵਾ ਵੀ ਪੇਸ਼ ਹੋਇਆ ਹੈ, ਲੰਡਨ ਵਿਚਲੇ ਏਸ਼ੀਅਨ ਟੀ ਵੀ, ਪੰਜਾਬੀ ਲੇਖਕਾਂ ਨਾਲ ਮੁਲਾਕਾਤਾਂ ਆਦਿ ਵੀ ਇਸ ਪੁਸਤਕ ਦਾ ਹਿੱਸਾ ਬਣੀਆਂ ਹਨ। ਪੰਜਾਬੀ ਪਛਾਣ ਦਾ ਸ਼ਿੱਦਤ ਨਾਲ ਜਾਗ ਰਿਹਾ ਮੋਹ ਅੱਜ ਵੀ ਪੰਜਾਬੀਆਂ ਵਿੱਚ ਬਰਕਰਾਰ ਹੈ, ਪਰਵਾਸੀ ਪੰਜਾਬੀਆਂ ਦੀਆਂ ਚਿੰਤਾਵਾਂ ਵਿੱਚ ਹੌਲੀ-ਹੌਲੀ ਖੁਰ ਰਹੀ ਪੰਜਾਬੀ ਪਛਾਣ ਹੈ, ਜੋ ਅਗਲੀ ਪੀੜ੍ਹੀ ਤੱਕ ਉਹਨਾਂ ਨੂੰ ਮੁਕੰਮਲ ਰੂਪ ਵਿੱਚ ਖੁਰਦੀ ਨਜ਼ਰ ਆਉਂਦੀ ਹੈ। ਵਿਡੰਬਨਾ ਇਹ ਵੀ ਹੈ ਕਿ ਉਥੇ ਬੈਠਾ ਪੰਜਾਬੀ ਉਸ ਪੰਜਾਬੀ ਪਛਾਣ ਦੀ ਪੁਨਰ ਸੁਰਜੀਤੀ ਦੇ ਸੁਪਨੇ ਲੈ ਰਿਹਾ ਹੈ, ਜੋ ਅੱਜ ਇਸ ਪੰਜਾਬ ਦੇ ਲੋਕਾਂ ਦੀ ਜੀਵਨ-ਜਾਚ ਵਿੱਚੋਂ ਵੀ ਲਗਾਤਾਰ ਖੁਰਦੀ ਜਾ ਰਹੀ ਹੈ। ਲੰਡਨ ਜਾ ਕੇ ਆਇਆਂ ਲਈ ਲੰਡਨ ਦੂਰ ਨਹੀਂ, ਜੋ ਨਹੀਂ ਜਾ ਸਕੇ, ਉਹਨਾਂ ਲਈ ਸ਼ਾਇਦ ਦੂਰ ਹੀ ਹੈ।

## ਗੱਲਾਂ ਸਾਹਿਤ ਦੀਆਂ

**(ਲੇਖ)**
**ਗੁਰਬਚਨ ਸਿੰਘ ਭੁੱਲਰ**
**ਪੰਨੇ : 160, ਮੁੱਲ : 225 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਗੁਰਬਚਨ ਸਿੰਘ ਭੁੱਲਰ ਦੀ ਲੇਖਣੀ ਦਾ ਸਫਰ ਆਰੰਭ ਹੋਇਆਂ ਸੱਤ ਦਹਾਕੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇਸ ਪੁਸਤਕ ਵਿੱਚ



ਵੀ ਉਹ ਲਿਖਦਾ ਹੈ ਕਿ ਮੈਂ ਲਗਾਤਾਰ ਪੜ੍ਹਦਾ ਹਾਂ ਅਤੇ ਕਦੇ-ਕਦੇ ਲਿਖਦਾ ਹਾਂ, ਪਰ ਉਹ ਕਿਸੇ ਵੱਡੇ ਲੇਖਕ ਦੇ ਹਵਾਲੇ ਨਾਲ ਸਵੀਕਾਰ ਕਰਦਾ ਹੈ ਕਿ ਲੇਖਕ ਦਾ ਕੁਝ ਦੇਰ ਨਾ ਲਿਖਿਆ ਤਾਂ ਸਰ ਸਕਦਾ ਹੈ, ਪਰ ਪੜ੍ਹਨ ਤੋਂ ਬਗੈਰ ਉਸ ਦਾ ਸਰ ਨਹੀਂ ਸਕਦਾ। ਕਵਿਤਾ ਤੋਂ ਆਰੰਭ ਹੋ ਕੇ ਕਹਾਣੀ ਅਤੇ ਹੋਰ ਵਿਧਾਵਾਂ ਵਿੱਚ ਉਹ ਲਿਖਦਾ ਆ ਰਿਹਾ ਹੈ। ਪੱਤਰਕਾਰੀ ਦੇ ਖੇਤਰ ਵਿੱਚ ਉਸ ਦੀ ਵਿਸ਼ੇਸ਼ ਪਛਾਣ ਬਣਦੀ ਹੈ। ਉਹ ਆਮ ਜ਼ਿੰਦਗੀ ਅਤੇ ਆਮ ਲੋਕਾਂ ਦੀ ਜ਼ਿੰਦਗੀ ਨੂੰ ਬਹੁਤ ਹੀ ਨੀਝ ਨਾਲ ਦੇਖਦਾ ਹੈ ਅਤੇ ਸਿਰਜਦਾ ਹੈ। ਉਸ ਦੀ 'ਖੂਨ' ਕਹਾਣੀ ਵਿਚਲੇ ਛੋਟੇ ਬੱਚੇ ਦਾ ਇੱਕ ਮੁਕਾਲਮਾ ਹੀ ਸਾਰੀ ਕਹਾਣੀ ਦਾ ਮੂੰਹ-ਮੁਹਾਂਦਰਾ ਸਿਰਜ ਦਿੰਦਾ ਹੈ।

ਇਸ ਪੁਸਤਕ ਵਿੱਚ ਵੱਖ-ਵੱਖ ਸਮਿਆਂ ਵਿੱਚ ਉਸ ਵੱਲੋਂ ਲਿਖੇ ਨੌਂ ਲੇਖ ਸ਼ਾਮਲ ਹੋਏ ਹਨ, ਜਿਨ੍ਹਾਂ ਵਿੱਚ ਉਹ ਸਾਹਿਤ, ਪਾਠਕ, ਭਾਸ਼ਾ, ਪੰਜਾਬੀ/ਉਰਦੂ ਕਹਾਣੀ, ਪਰਦੇਸਾਂ ਵਿੱਚ ਵਸਦੇ ਪੰਜਾਬੀ ਲੋਕਾਂ ਵੱਲੋਂ ਪੰਜਾਬੀ ਭਾਸ਼ਾ ਦੇ ਹੋ ਰਹੇ ਪਾਸਾਰ ਦਾ ਸੱਚ, ਸਾਹਿਤਕਾਰਾਂ ਦੇ ਇਨਾਮਾਂ/ਸਨਮਾਨਾਂ ਦੀ ਗੱਲ ਉਹ ਬਹੁਤ ਹੀ ਬੇਬਾਕੀ ਨਾਲ ਕਰਦਾ ਹੈ। ਇੱਕ ਲੰਮੇ ਲੇਖ ਵਿੱਚ ਪੰਜਾਬੀ ਵਿਚਲੇ ਬਾਲ ਸਾਹਿਤ ਬਾਰੇ ਭਾਵਪੁਰਤ ਟਿੱਪਣੀਆਂ ਵੀ ਕਰਦਾ ਹੈ ਅਤੇ ਬਾਲ ਸਾਹਿਤ ਬਾਰੇ ਪੰਜਾਬੀ ਸਾਹਿਤਕਾਰਾਂ ਦੀ ਬੇਰੁਖੀ ਬਾਰੇ ਗਿਲਾ ਕਰਦਿਆਂ ਤਾੜਨਾ ਭਰੇ ਲਹਿਜੇ ਵਿੱਚ ਕਹਿੰਦਾ ਹੈ ਕਿ ਜੇ ਬਾਲ ਪਾਠਕ ਹੀ ਨਾ ਰਹੇ ਤਾਂ ਪੰਜਾਬੀ ਸਾਹਿਤ ਦੇ ਪਾਠਕ ਵੀ ਨਹੀਂ ਬਚਣਗੇ।

ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਹੀ ਅਣਗੌਲਿਆਂ ਕਰਕੇ ਚੰਗੀ ਪਿਰਤ ਨਹੀਂ ਪਾ ਰਹੇ। ਅੰਗਰੇਜ਼ਾਂ ਵਿਰੋਧੀ ਲੋਕ ਲਹਿਰਾਂ ਅਤੇ ਪੰਜਾਬੀ ਸਾਹਿਤ ਵਾਲੇ ਲੇਖ ਵਿੱਚ ਉਹ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਨੂੰ ਸਹਿੰਦਿਆਂ ਉਸ ਦਾ ਵਿਰੋਧ ਕਰਦਿਆਂ ਪੰਜਾਬੀ ਸਮਾਜ ਅਤੇ ਪੰਜਾਬੀ ਸਾਹਿਤ ਵਿੱਚ ਉਸਰੇ ਉਸ ਨਾਬਰੀ ਦੇ ਬਿਰਤਾਂਤ ਨੂੰ ਵਿਸਥਾਰ ਵਿੱਚ ਪੇਸ਼ ਕਰਦਾ ਹੈ। ਅੰਗਰੇਜ਼ੀ ਹਕੂਮਤ ਦਾ ਵਿਰੋਧ ਗਦਰ ਪਾਰਟੀ/ਲਹਿਰ ਨਾਲ ਜੁੜੇ ਲੋਕ, ਸਾਹਿਤਕਾਰ ਜ਼ਮੀਨੀ ਪੱਧਰ 'ਤੇ ਵੀ ਕਰਦੇ ਹਨ ਅਤੇ ਪੰਜਾਬੀ ਸਾਹਿਤ ਵਿੱਚ ਇਸ ਬਿਰਤਾਂਤ ਨਾਲ ਇੱਕ ਨਵੇਂ ਕਾਵਿ-ਯੁੱਗ ਦਾ ਆਰੰਭ ਵੀ ਹੁੰਦਾ ਹੈ, ਜੋ ਮੱਧਕਾਲੀ ਸਾਹਿਤ ਦੇ ਰੂਪਾਕਾਰਾਂ ਵਰਗਾ ਤਾਂ ਹੈ ਪਰ ਇਸ ਦੀ ਸੁਰ ਉਸ ਨਾਲੋਂ ਵੱਖਰੀ ਅਤੇ ਤਿੱਖੀ ਹੈ। ਇਸ ਲੇਖ ਵਿੱਚ ਉਹ ਰਾਮ ਲੁਭਾਇਆ ਤਾਇਰ ਦੀ ਰਚੀ ਅਤੇ ਗਾਈ ਉਸ ਘੋੜੀ ਦਾ ਜ਼ਿਕਰ ਕਰਦਾ ਹੈ, ਜੋ ਤਾਇਰ ਨੇ ਭਗਤ ਸਿੰਘ ਅਤੇ ਸਾਥੀਆਂ ਦੀ ਫਾਂਸੀ ਸਮੇਂ ਲਿਖੀ ਤੇ ਗਾਈ ਸੀ। ਭਗਤ ਸਿੰਘ ਹੁਰਾਂ ਦੀ ਫਾਂਸੀ ਤੋਂ ਇੱਕ ਸਾਲ ਬਾਅਦ 23 ਮਾਰਚ 1932 ਨੂੰ ਉਹ ਇਹ ਘੋੜੀ ਅੰਗਰੇਜ਼ੀ ਹਕੂਮਤ ਦੇ ਮਨਾਹੀ ਦੇ ਹੁਕਮ ਉਲੰਘ ਕੇ ਟਾਂਗੇ 'ਤੇ ਚੜ੍ਹ ਕੇ ਬਾਜ਼ਾਰ ਵਿੱਚ ਸਰੇਆਮ ਗਾ ਰਿਹਾ ਹੁੰਦਾ ਹੈ :

'ਆਓ ਨੀ ਭੈਣੋ ਰਲ ਗਾਵੀਏ ਘੋੜੀਆਂ
ਜੰਞ ਤਾਂ ਹੋਈ ਏ ਤਿਆਰ ਵੇ ਹਾਂ,
ਮੌਤ ਕੁੜੀ ਨੂੰ ਪਰਨਾਵਣ ਚੱਲਿਆ
ਭਗਤ ਸਿੰਘ ਸਰਦਾਰ ਵੇ ਹਾਂ

## ਗੁਰੂ ਕੇ ਬਾਗ ਵਿੱਚ ਗੋਰੇਸ਼ਾਹੀ ਤੂਫਾਨ

**(ਅੰਗਰੇਜ਼ ਸਰਕਾਰ ਵੱਲੋਂ ਜ਼ਬਤ ਕੀਤੀ ਪੁਸਤਕ)**
**ਗਿਆਨੀ ਨਿਰੰਜਨ ਸਿੰਘ ਸਰਲ**
**ਸੰਪਾਦਕ : ਡਾ. ਗੁਰਦੇਵ ਸਿੰਘ ਸਿੱਧੂ**
**ਪੰਨੇ : 176, ਮੁੱਲ : 250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

'ਗੁਰੂ ਕੇ ਬਾਗ ਦਾ ਮੋਰਚਾ' ਪੰਜਾਬੀਆਂ ਦੀ ਉਸ ਸ਼ਾਨਮੱਤੇ ਇਤਿਹਾਸ ਦੀ ਇੱਕ ਅਹਿਮ ਘਟਨਾ ਹੈ, ਜੋ ਸਮਕਾਲੀ ਹਕੂਮਤਾਂ ਦੇ ਜ਼ੁਲਮ ਅਤੇ ਜਬਰ ਦਾ ਸ਼ਾਂਤਮਈ ਢੰਗ ਨਾਲ ਟਾਕਰਾ ਕਰਦਿਆਂ ਜਿੱਤ ਪ੍ਰਾਪਤ ਕਰਨ ਦੀ ਗਵਾਹੀ ਭਰਦਾ ਹੈ। ਗੁਰੂ ਕੇ ਬਾਗ ਮੋਰਚਾ ਦਾ ਉਦੋਂ ਆਰੰਭ ਹੁੰਦਾ ਹੈ, ਜਦੋਂ ਮਹਾਤਮਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਅੰਗਰੇਜ਼ੀ ਸਰਕਾਰ ਵਿਰੁੱਧ ਸ਼ਾਂਤਮਈ ਅੰਦੋਲਨ ਸ਼ੁਰੂ ਕਰਨ ਦੀ ਵਿਉਂਤ ਹੀ ਬਣਾ ਰਹੀ, ਉਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਅਮਲੀ ਰੂਪ ਦੇ ਦਿੱਤਾ ਸੀ। ਇਸ ਸ਼ਾਂਤਮਈ ਮੋਰਚੇ ਦਾ ਅਸਰ ਹਿੰਦੋਸਤਾਨ ਦੀ ਆਜ਼ਾਦੀ ਦੀ ਲਹਿਰ ਉੱਪਰ ਵੀ ਪੈਂਦਾ ਹੈ ਅਤੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਇਸ ਮੋਰਚੇ ਨੂੰ ਥਾਂ ਮਿਲਦੀ ਹੈ ਅਤੇ ਇਸ ਦਾ ਜ਼ਿਕਰ ਤੁਰਦਾ ਹੈ।



ਇਸ ਮੋਰਚੇ ਦਾ ਹਿੱਸਾ ਰਹੇ ਗਿਆਨੀ ਨਿਰੰਜਨ ਸਿੰਘ ਸਰਲ ਨੇ ਇਸ ਮੋਰਚੇ ਦੇ ਸਮੁੱਚੇ ਘਟਨਾਕ੍ਰਮ ਨੂੰ ਉਸ ਸਮੇਂ ਦੇ ਪ੍ਰਚੱਲਤ ਕਾਵਿ ਰੂਪ ਰਾਹੀਂ ਬਿਆਨ ਕੀਤਾ ਹੈ। ਇਹ ਕਾਵਿ ਮੱਧਕਾਲੀ ਕਿੱਸਾ ਕਾਵਿ/ਬੀਰ ਕਾਵਿ/ਜੰਗਨਾਮੇ ਜਾਂ ਅਜਿਹੇ ਕਾਵਿ ਰੂਪਾਂ ਵਾਲੀ ਸ਼ੈਲੀ ਵਿੱਚ ਰਚੀ ਅਜਿਹੀ ਰਚਨਾ ਹੈ, ਜੋ ਸਰਲ ਹੁਰਾਂ ਵੱਲੋਂ ਇਤਿਹਾਸ ਨੂੰ ਸਾਂਭਣ ਦਾ ਇੱਕ ਚੰਗਾ ਯਤਨ ਸਾਬਤ ਹੋਇਆ। ਇਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪਹਿਲਾਂ ਪ੍ਰਕਾਸ਼ਤ ਕੀਤਾ। 1922 ਵਿੱਚ ਪ੍ਰੋ. ਰੁਚੀ ਰਾਮ ਸਾਹਨੀ ਇਸ ਮੋਰਚੇ ਦੇ ਮਹੱਤਵ ਨੂੰ ਸਮਝਦਿਆਂ ਇੱਛਾ ਜ਼ਾਹਰ ਕਰਦੇ ਹਨ ਕਿ ਇਹਨਾਂ ਇਤਿਹਾਸਕ ਅਤੇ ਬਹਾਦਰੀ ਭਰੇ ਪਲਾਂ ਨੂੰ ਪੰਜਾਬੀ ਸ਼ਾਇਰਾਂ ਨੇ ਸਾਂਭਿਆ। ਉਸ ਕਲਮਬੱਧ ਹੋਏ ਗ੍ਰੰਥਾਂ ਵਿੱਚੋਂ ਗਿਆਨੀ ਨਿਰੰਜਨ ਸਿੰਘ ਸਰਲ ਦੀ ਇਹ ਰਚਨਾ ਮਹੱਤਵਪੂਰਨ ਹੈ। ਇਸ ਦੇ ਮਹੱਤਵ ਨੂੰ ਸਮਝਦਿਆਂ ਮੱਧਕਾਲੀ ਸਾਹਿਤ ਬਾਰੇ ਨਿੱਠ ਕੇ ਅਧਿਐਨ ਅਤੇ ਖੋਜ ਕਾਰਜ ਨਾਲ ਜੁੜੇ ਵਿਦਵਾਨ ਡਾ. ਗੁਰਦੇਵ ਸਿੰਘ ਸਿੱਧੂ ਨੇ ਇਸ ਦੀ ਸੰਪਾਦਨਾ ਦਾ ਜ਼ਿੰਮਾ ਲਿਆ, ਉਹਨਾਂ ਨੇ ਪਹਿਲਾਂ ਇਹ ਖਰੜਾ ਮੌਜੂਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕੀਤਾ, ਪਰ ਉਹਨਾਂ ਵੱਲੋਂ ਹਾਂ-ਪੱਖੀ ਹੁੰਗਾਰਾ ਨਾ ਭਰਨਾ ਮੰਦਭਾਗਾ ਹੈ, ਫਿਰ ਕਿਸੇ ਹੋਰ ਪ੍ਰਕਾਸ਼ਕ ਨੇ ਇਸ ਨੂੰ ਪ੍ਰਕਾਸ਼ਤ ਕੀਤਾ। ਇਸ ਪੁਸਤਕ ਵਿੱਚ ਸੰਪਾਦਕ ਵੱਲੋਂ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਵੱਲੋਂ ਜਾਰੀ ਇੱਕ ਖਤ ਵੀ ਸ਼ਾਮਲ ਕੀਤਾ ਹੈ, ਜੋ ਇਸ ਪੁਸਤਕ ਨੂੰ ਗੈਰ ਕਾਨੂੰਨੀ ਕਰਾਰ ਦੇ ਕੇ ਜ਼ਬਤ ਕਰਨ ਦਾ ਹੁਕਮ ਦਿੰਦਾ ਹੈ। ਸਮਕਾਲੀ ਹਕੂਮਤਾਂ ਨੂੰ ਵਿਰੋਧੀ ਆਵਾਜ਼ ਸੁਣਨ ਦੀ ਕਦੇ ਵੀ ਆਦਤ ਨਹੀਂ ਰਹੀ, ਜੋ ਅੱਜ ਤੱਕ ਜਾਰੀ ਹੈ। ਗੁਰੂ ਕੇ ਬਾਗ ਦੇ ਮੋਰਚੇ ਦਾ ਇਤਿਹਾਸ ਏਨਾ ਕੁ ਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰੀ ਸਰਪ੍ਰਸਤੀ ਹਾਸਲ ਮਹੰਤ ਸੁੰਦਰ ਦਾਸ ਵਿੱਚ ਇੱਕ ਅਹਿਦ ਸੀ, ਜਿਸ ਦੀ ਉਲੰਘਣਾ ਸਰਕਾਰੀ ਸ਼ਹਿ 'ਤੇ ਮਹੰਤ ਵੱਲੋਂ ਆਰੰਭ ਹੋਈ ਅਤੇ ਕਮੇਟੀ ਅਤੇ ਅਕਾਲੀ ਦਲ ਵੱਲੋਂ ਸ਼ਾਂਤਮਈ ਮੋਰਚਾ ਆਰੰਭ ਹੋ ਜਾਂਦਾ ਹੈ। ਇਸ ਮੋਰਚੇ ਵਿੱਚ ਉਹ ਸਾਰੇ ਲੋਕ ਭਾਵਨਾਤਮਕ ਪੱਧਰ 'ਤੇ ਸ਼ਾਮਲ ਹੋਏ, ਜੋ ਅੰਗਰੇਜ਼ੀ ਸਰਕਾਰ ਦੀ ਦਮਨਕਾਰੀ ਨੀਤੀ ਤੋਂ ਅੱਕੇ ਪਏ ਸਨ। ਲੋਕ ਭਾਸ਼ਾ ਅਨੁਸਾਰ ਉਹਨਾਂ ਲੋਕਾਂ ਦੇ ਸਬਰ ਦਾ ਪਿਆਲਾ ਨੱਕੋ-ਨੱਕ ਭਰ ਗਿਆ ਸੀ। ਅੰਤ ਉਸ ਨੇ ਉਛਲਣਾ ਹੀ ਸੀ। ਬਹੁਤੀਆਂ ਲੋਕ ਲਹਿਰਾਂ ਅਜਿਹੇ ਸਮੇਂ ਹੀ ਉੱਭਰਦੀਆਂ ਹਨ। ਇਸ ਦੀ ਉਦਾਹਰਣ ਪਿੱਛੇ ਜਿਹੇ ਇੱਕ ਸਾਲ ਤੋਂ ਵੱਧ ਸਮਾਂ ਚੱਲਿਆ ਕਿਸਾਨ ਅੰਦੋਲਨ ਦੀ ਲਈ ਜਾ ਸਕਦੀ ਹੈ। ਮਰ ਰਹੀ ਕਿਸਾਨੀ ਨੂੰ ਬਚਾਉਣ ਲਈ ਉਹ ਸਾਰੇ ਲੋਕ ਸ਼ਾਮਲ ਹੋ ਗਏ, ਜਿਨ੍ਹਾਂ ਦਾ ਕਿਸਾਨੀ ਨਾਲ ਕੋਈ ਸਿੱਧਾ ਵਾਹ-ਵਾਸਤਾ ਨਹੀਂ ਸੀ।

ਇਸ ਕਾਵਿ ਪੁਸਤਕ ਦਾ ਆਰੰਭ ਇੱਕ ਦੋਹਿਰੇ ਰਾਹੀਂ ਗੁਰੂ ਨਾਨਕ ਅਤੇ ਬਾਅਦ ਦੇ ਗੁਰੂ ਸਾਹਿਬਾਨ ਨੂੰ ਧਿਆਉਣ ਨਾਲ ਹੁੰਦਾ ਹੈ। ਕਿਤਾਬ ਲਿਖਣ ਦਾ ਕਾਰਨ ਲੋਕਾਂ 'ਤੇ ਹੋਣ ਵਾਲਾ ਅਸਰ, ਮਹੰਤ ਦਾ ਪ੍ਰਸੰਗ, ਗੁਰਦੁਆਰਾ ਸੁਧਾਰ ਲਹਿਰ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਸਰਕਾਰੀ ਦਮਨ, ਸਿੰਘਾਂ ਦੇ ਬੁਲੰਦ ਹੌਸਲੇ ਅਤੇ ਜਿੱਤ ਪ੍ਰਾਪਤ ਕਰਨ ਦੇ ਵੇਰਵਿਆਂ ਨੂੰ ਕਵੀ ਵੱਲੋਂ ਬਾਰੀਕਬੀਨੀ ਨਾਲ ਚਿਤਰਿਆ ਗਿਆ ਹੈ। ਪੁਲਸ ਅਫਸਰ ਬੀਟੀ ਅਤੇ ਜਥੇਦਾਰ ਦੇ ਆਪਸੀ ਸੰਵਾਦ ਬਹੁਤ ਰੌਚਿਕ ਹਨ।

'ਫੌਜ ਬੀਟੀ ਨੇ ਝੱਟ ਕਰ ਲਈ ਫਾਲਨ, ਵੇਖੋ ਹੁਣ ਕੀ ਪਵੇ ਬਲਾ ਭਾਈ
ਸੁਰਜੋਈ ਪਹਿਚਾਨੀਏ, ਜਥਾ ਸਾਰਾ ਰਿਹਾ ਸ਼ਬਦ ਪ੍ਰੇਮ ਦਾ ਗਾ ਭਾਈ।'

ਬੀਟੀ ਚੰਦਰੇ ਸੀਟੀਆਂ ਮਾਰੀਆਂ ਅਤੇ ਤੇਰਾ ਬਾਗ ਹੋ ਰਿਹਾ ਵਿਰਾਨ ਬਾਬਾ, ਗੁਰੂ ਕੇ ਬਾਗ ਦਾ ਸ਼ਹੀਦੀ ਮੇਵਾ ਵਰਗੀਆਂ ਕਵਿਤਾਵਾਂ ਦਾ ਆਪਣਾ ਇੱਕ ਵੱਖਰਾ ਮਹੱਤਵ ਵੀ ਉਜਾਗਰ ਹੁੰਦਾ ਹੈ। ਇਤਿਹਾਸਕ ਪਲਾਂ ਨੂੰ ਸਾਂਭਦੀ ਇਸ ਮੁੱਲਵਾਨ ਕਿਤਾਬ ਦਾ ਸੁਆਗਤ ਹੈ।

## ਉਹ ਲਿਖਦੇ ਹਨ ਕਿ...

**ਸੰਪਾਦਕ : ਡਾ. ਕਰਨਜੀਤ ਸਿੰਘ**
**ਪੰਨੇ : 132, ਮੁੱਲ : 445 ਰੁਪਏ**
**ਮਨਪ੍ਰੀਤ ਪ੍ਰਕਾਸ਼ਨ ਦਿੱਲੀ**

ਡਾ. ਕਰਨਜੀਤ ਸਿੰਘ ਪੰਜਾਬੀ ਦੇ ਵੱਡੇ ਲੇਖਕਾਂ ਵਿੱਚ ਸ਼ਾਮਲ ਇੱਕ ਵਿਸ਼ੇਸ਼ ਨਾਂਅ ਹੈ। ਆਪਣੀਆਂ ਮੌਲਿਕ, ਸੰਪਾਦਤ ਅਤੇ ਅਨੁਵਾਦ ਦੀਆਂ ਲੱਗਭੱਗ ਤਿੰਨ ਦਰਜਨ ਪੁਸਤਕਾਂ ਨਾਲ ਉਹ ਪੰਜਾਬੀ ਪਾਠਕ ਜਗਤ ਵਿੱਚ ਚਰਚਿੱਤ ਅਤੇ ਜਾਣੇ-ਪਛਾਣੇ ਹਸਤਾਖਰ ਹਨ। ਇਹਨਾਂ ਵਿੱਚ ਕਵਿਤਾ ਵੀ ਹੈ, ਵਾਰਤਕ ਵੀ ਅਤੇ ਆਲੋਚਨਾ ਦੀਆਂ ਪੁਸਤਕਾਂ ਵੀ ਹਨ, ਪਰ ਇਸ ਪੁਸਤਕ ਵਿੱਚ ਉਹਨਾ ਦੀ ਹਾਸ਼ੀਏ



ਦੀ ਇਬਾਰਤ ਅਤੇ ਮੈਂ ਭੋਲਾਵਾ ਪੱਗ ਦਾ ਵਧੇਰੇ ਜ਼ਿਕਰ ਹੋਇਆ ਹੈ। ਲੋਕ ਮਨ : ਚੇਤਨ-ਅਵਚੇਤਨ ਦਾ ਵੀ ਵਿਸ਼ੇਸ਼ ਜ਼ਿਕਰ ਇਸ ਪੁਸਤਕ ਦਾ ਹਿੱਸਾ ਬਣਿਆ ਹੈ।

ਇਸ ਪੁਸਤਕ ਨੂੰ ਮੁੱਖ ਤੌਰ 'ਤੇ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਸ਼ਖਸੀਅਤ ਵਿੱਚ ਡਾ. ਕਰਨਜੀਤ ਸਿੰਘ ਦੇ ਜੀਵਨ ਅਤੇ ਰਚਨਾ ਬਾਰੇ ਉਸ ਦੇ ਸਮਕਾਲੀਆਂ ਦੇ ਵਿਚਾਰ ਹਨ, ਉਹਨਾ ਨਾਲ ਵੱਖ-ਵੱਖ ਕਲਮਕਾਰਾਂ ਵੱਲੋਂ ਕੀਤੀਆਂ ਮੁਲਾਕਾਤਾਂ ਵੀ ਸ਼ਾਮਲ ਹਨ। ਪੁਸਤਕ ਦੇ ਦੂਜੇ ਭਾਗ ਰਚਨਾ ਵਿੱਚ ਡਾ. ਕਰਨਜੀਤ ਸਿੰਘ ਦੀਆਂ ਵਿਭਿੰਨ ਸਾਹਿਤ ਰਚਨਾਵਾਂ ਬਾਰੇ ਵਿਦਵਾਨ ਆਲੋਚਕਾਂ ਦੇ ਲੇਖ ਸ਼ਾਮਲ ਹੋਏ ਹਨ। ਸਾਰੀ ਪੁਸਤਕ ਵਿੱਚ ਇੱਕ ਸਾਂਝਾ ਸੂਤਰ ਡਾ. ਕਰਨਜੀਤ ਸਿੰਘ ਹੈ। ਕਿਤੇ ਉਸ ਦੀ ਜੀਵਨ ਗਾਥਾ, ਸੁਭਾਅ, ਜੀਵਨਸ਼ੈਲੀ, ਜੀਵਨ ਪੰਧ, ਜੀਵਨ ਸਲੀਕੇ ਦਾ ਜ਼ਿਕਰ ਹੁੰਦਾ ਹੈ, ਕਿਤੇ ਉਸ ਨਾਲ ਹੋ ਰਹੀ ਮੁਲਾਕਾਤ ਵਿੱਚ ਮੁਲਾਕਾਤੀ ਉਸ ਦੀ ਰਚਨਾ ਵਿੱਚ ਵਿਚਰ ਰਹੇ ਡਾ. ਕਰਨਜੀਤ ਬਾਰੇ ਤਿੱਖੇ ਸੁਆਲ ਕਰਦਾ ਹੈ। ਇਹ ਮੁਲਾਕਾਤਾਂ ਵਿੱਚੋਂ ਡਾ. ਕਰਨਜੀਤ ਸਿੰਘ ਦਾ ਇਕ ਵਿਸ਼ੇਸ਼ ਸੁਭਾਅ ਵੀ ਉੱਘੜਦਾ ਹੈ ਅਤੇ ਉਸ ਦੀ ਜੀਵਨ ਲੀਲ੍ਹਾ ਦਾ ਵੱਖਰਾ-ਵੱਖਰਾ ਅੰਦਾਜ਼ ਵੀ ਝਲਕਦਾ ਹੈ। ਰਾਮਿੰਦਰ ਸਿੰਘ, ਚਰਨਦਾਸ, ਸਿੱਧੂ, ਬਚਿੰਤ ਕੌਰ ਦੇ ਡਾ. ਕਰਨਜੀਤ ਸਿੰਘ ਬਾਰੇ ਜੀਵਨੀਨੁਮਾ ਲੇਖ ਹਨ, ਜਿਨ੍ਹਾਂ ਵਿੱਚ ਉਹਨਾ ਨੇ ਕਰਨਜੀਤ ਦੇ ਵੱਖੋ-ਵੱਖਰੇ ਸੁਭਾਅ ਉਲੀਕੇ ਹਨ। ਡਾ. ਕਰਨਜੀਤ ਦੇ ਸਮਕਾਲੀਆਂ ਬਾਰੇ ਵੀ ਇਹਨਾਂ ਵਿੱਚੋਂ ਕਾਫੀ ਕੁਝ ਮਿਲਦਾ ਹੈ। ਸੁਰਿੰਦਰ ਸਿੰਘ ਜੌਹਰ, ਮੋਹਨਜੀਤ, ਇਕਬਾਲ ਦੀਪ, ਬਲਬੀਰ ਮਾਧੋਪੁਰੀ ਤੇ ਬਲਵਿੰਦਰ ਸਿੰਘ ਜੰਮੂ ਵੱਲੋਂ ਡਾ. ਕਰਨਜੀਤ ਸਿੰਘ ਨਾਲ ਕੀਤੀਆਂ ਮੁਲਾਕਾਤਾਂ ਵਿੱਚੋਂ ਡਾ. ਕਰਨਜੀਤ ਦੇ ਜੀਵਨ, ਸਾਹਿਤ ਅਤੇ ਭਾਸ਼ਾ ਵਰਗੇ ਮਸਲਿਆਂ ਬਾਰੇ ਵਿਚਾਰ ਉੱਭਰਵੇਂ ਰੂਪ ਵਿੱਚ ਪੇਸ਼ ਹੁੰਦੇ ਹਨ। ਜੀਵਨ ਵਿੱਚ ਸਖਤ ਮਿਹਨਤ ਦਾ ਕੋਈ ਬਦਲ ਨਹੀਂ ਆਦਿ ਵਿਚਾਰ ਇਹਨਾਂ ਮੁਲਾਕਾਤਾਂ ਵਿੱਚੋਂ ਉੱਭਰਦੇ ਹਨ।

ਰਚਨਾ ਵਾਲੇ ਭਾਗ ਵਿੱਚ ਪਹਿਲਾ ਲੇਖ ਡਾ. ਹਰਿਭਜਨ ਸਿੰਘ ਭਾਟੀਆ ਦਾ ਹੈ, ਜੋ ਡਾ. ਕਰਨਜੀਤ ਸਿੰਘ ਦੀਆਂ ਪੁਸਤਕਾਂ ਮੋਹਨ ਸਿੰਘ ਕਾਵਿ ਅਧਿਐਨ, ਲੋਕ ਮਨ ਚੇਤਨ-ਅਵਚੇਤਨ, ਹਾਸ਼ੀਏ ਦੀ ਇਬਾਰਤ, ਮੋਇਆਂ ਦੀ ਜਾਗ, ਅੰਨਾ ਕਾਰੇਨਿਨਾ ਤੇ ਕਜ਼ਾਕ ਵਰਗੀਆਂ ਪੁਸਤਕਾਂ ਨੂੰ ਆਪਣੇ ਅਧਿਐਨ ਦਾ ਆਧਾਰ ਬਣਾ ਕੇ ਥੀਸਿਜ਼ ਪੇਸ਼ ਕਰਦਾ ਹੈ। ਡਾ. ਸੁਤਿੰਦਰ ਸਿੰਘ ਨੂਰ ਉਸ ਦੀ ਪੁਸਤਕ 'ਹਾਸ਼ੀਏ ਦੀ ਇਬਾਰਤ' ਨੂੰ ਆਧਾਰ ਬਣਾਉਂਦਾ ਹੈ। ਇਸ ਪੁਸਤਕ ਵਿੱਚ ਡਾ. ਕਰਨਜੀਤ ਵੱਲੋਂ ਬੇਬਾਕੀ ਨਾਲ ਪੇਸ਼ ਹੋਈ ਉਸ ਦੀ ਜੀਵਨ ਗਾਥਾ ਨੂਰ ਨੂੰ ਟੁੰਬਦੀ ਹੈ, ਖਾਸ ਕਰਕੇ ਖਿੱਦੋ-ਖੂੰਡੀ ਵਾਲੀ ਖੇਡ ਵਰਗੀਆਂ ਘਟਨਾਵਾਂ। ਸੁਖਬੀਰ ਵੀ ਇਸੇ ਪੁਸਤਕ ਬਾਰੇ ਲਿਖਦਾ ਹੈ। ਨਰਿੰਦਰ ਸਿੰਘ (ਡਾ.) ਉਸ ਦੀ ਪੁਸਤਕ ਮੈਂ ਭੋਲਾਵਾ ਪੱਗ ਦਾ ਆਪਣੇ ਅਧਿਐਨ ਲਈ ਚੁਣਦਾ ਹੈ। ਜਸ ਮੰਡ ਕਰਨਜੀਤ ਦੀ ਰਚਨਾ ਤੇ ਜੀਵਨ ਨੂੰ ਸਮਵਿਥ ਰੱਖ ਕੇ ਦੇਖਦਾ ਹੈ। ਨਵਾਂ ਜ਼ਮਾਨਾ ਦੇ ਲੰਮਾ ਸਮਾਂ ਰਹੇ ਮੁੱਖ ਸੰਪਾਦਕ ਜਗਜੀਤ ਸਿੰਘ ਆਨੰਦ ਹੁਰਾਂ ਦਾ ਲੇਖ 'ਕਰਨਜੀਤ ਦੀ ਲੋਕਧਾਰਾ' ਉਸ ਦੀ ਲੇਖਣੀ ਵਿੱਚ ਪਏ ਲੋਕਯਾਨ ਦੇ ਬੀਜ ਬਾਰੇ ਜ਼ਿਕਰ ਕਰਦੇ ਹਨ। ਉਹ ਕਰਨਜੀਤ ਦੀ ਪੁਸਤਕ ਪੰਜਾਬੀ ਲੋਕਧਾਰਾ ਤੇ ਪੰਜਾਬੀ ਜੀਵਨ ਨੂੰ ਇਸ ਖੇਤਰ ਵਿੱਚ ਨਿਵੇਕਲੀ ਪੁਸਤਕ ਮੰਨਦੇ ਹੋਏ ਅੱਗੋਂ ਇਸ ਦੀ ਵਿਆਖਿਆ ਕਰਦੇ ਹਨ। ਇਸ ਤਰ੍ਹਾਂ ਇਹ ਪੁਸਤਕ ਡਾ. ਕਰਨਜੀਤ ਸਿੰਘ ਦੇ ਜੀਵਨ ਅਤੇ ਰਚਨਾ ਦੇ ਮੁਕੰਮਲ ਵੇਰਵੇ ਸਾਂਭਣ ਦਾ ਇੱਕ ਸਫਲ ਯਤਨ ਕਿਹਾ ਜਾ ਸਕਦਾ ਹੈ।

28-May-Sunday.qxd 5/27/2023 10:46 PM Page 6



# ਖਾਲਸਾ ਕਾਲਜ ਲੁਧਿਆਣਾ 'ਚ ਗੁਰਚਰਨ ਕੌਰ ਥਿੰਦ ਦੀਆਂ ਦੋ ਪੁਸਤਕਾਂ ਲੋਕ ਅਰਪਣ



**ਲੁਧਿਆਣਾ** : ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਕੈਨੇਡਾ ਵੱਸਦੀ ਲੇਖਿਕਾ ਗੁਰਚਰਨ ਕੌਰ ਥਿੰਦ ਦੀਆਂ ਦੋ ਪੁਸਤਕਾਂ ਸਮਾਜ ਤੇ 'ਸਭਿਆਚਾਰ ਦੀ ਗਾਥਾ' ਲੇਖ ਸੰਗ੍ਰਹਿ ਅਤੇ ਕਹਾਣੀ ਸੰਗ੍ਰਹਿ 'ਸੂਲਾਂ' ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਡਾ. ਸ.ਪ. ਸਿੰਘ ਨੇ ਪ੍ਰੋਗਰਾਮ ਦੇ ਆਰੰਭ 'ਤੇ ਸਭ ਨੂੰ ਰਸਮੀ ਤੌਰ 'ਤੇ ਜੀ ਆਇਆਂ ਕਿਹਾ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀਆਂ ਸਰਗਰਮੀਆਂ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ।

ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸ਼ਰਨਜੀਤ ਕੌਰ ਨੇ ਗੁਰਚਰਨ ਕੌਰ ਥਿੰਦ ਦੀ ਸਾਹਿਤਕ ਦੇਣ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਇਨ੍ਹਾਂ ਦੇ ਤਿੰਨ ਕਹਾਣੀ ਸੰਗ੍ਰਹਿ 'ਪਰਛਾਵਿਆਂ ਦੀ ਮਹਿਕ' (2001), 'ਰਿਸ਼ਤਿਆਂ ਦੀ ਤਾਸੀਰ' (2005), 'ਕੈਨੇਡੀਅਨ ਕੂੰਜਾਂ' ਅਤੇ 'ਚੰਦਰਯਾਨ ਤਿਸ਼ਕਿਨ' (ਵਿਗਿਆਨ ਗਲਪ), ਜਗਦੇ ਬੁਝਦੇ ਜੁਗਨੂੰ (ਨਾਵਲ), (ਜਗਦੇ ਬੁਝਦੇ ਜੁਗਨੂੰ ਨਾਵਲ ਦਾ ਆਪੇ ਕੀਤਾ ਅੰਗਰੇਜ਼ੀ ਅਨੁਵਾਦ), 'ਅੰਮ੍ਰਿਤ' 2009, 'ਸਾਡੇ ਪਿੱਪਲਾਂ ਦੀ ਠੰਢੀ ਠੰਢੀ ਛਾਂ' ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਰਚਨਾਵਾਂ ਔਰਤ ਮਨ ਦੀਆਂ ਅੰਦਰੂਨੀ ਵੇਦਨਾਵਾਂ ਨੂੰ ਬਿਆਨ ਕਰਦੀਆਂ ਹਨ।

ਇਸ ਉਪਰੰਤ ਡਾ. ਗੁਰਇਕਬਾਲ ਸਿੰਘ ਨੇ ਇਨ੍ਹਾਂ ਦੋਹਾਂ ਪੁਸਤਕਾਂ ਬਾਰੇ ਦੱਸਿਆ ਕਿ ਇਨ੍ਹਾਂ ਪੁਸਤਕਾਂ ਰਾਹੀਂ ਗੁਰਚਰਨ ਕੌਰ ਥਿੰਦ ਪੰਜਾਬ ਅਤੇ ਕੈਨੇਡਾ ਦੀ ਧਰਤੀ 'ਤੇ ਮਨੁੱਖਤਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਰੂਪਮਾਨ ਕਰਦੀ ਹੈ।

ਗੁਰਚਰਨ ਕੌਰ ਥਿੰਦ ਨੇ ਇਸ ਮੌਕੇ ਆਪਣਾ ਸਿਰਜਣਾ ਸਫ਼ਰ ਅਤੇ ਪਰਵਾਸ ਦੇ ਅਨੁਭਵ ਸਰੋਤਿਆਂ ਨਾਲ ਸਾਂਝ ਕੀਤੇ। ਇਸ ਮੌਕੇ ਉਨ੍ਹਾਂ ਨੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮੈਨੂੰ ਖ਼ੁਸ਼ੀ ਹੈ ਕਿ ਮੈਂ ਪਿਛਲੇ ਲੰਮੇ ਸਮੇਂ ਤੋਂ ਇਸ ਕੇਂਦਰ ਨਾਲ ਜੁੜੀ ਹੋਈ ਹਾਂ। ਪ੍ਰੋਗਰਾਮ ਦੇ ਆਖੀਰ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਸਭ ਦਾ ਰਸਮੀ ਤੌਰ 'ਤੇ ਧੰਨਵਾਦ ਕਰਦੇ ਹੋਏ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਆਪਣੀਆਂ ਨਿਰੰਤਰ ਸਰਗਰਮੀਆਂ ਸਦਕਾ ਲੇਖਕ ਅਤੇ ਪਾਠਕ ਮਨਾਂ ਵਿਚ ਵਿਸ਼ੇਸ਼ ਥਾਂ ਬਣਾਉਣ ਵਿਚ ਕਾਮਯਾਬ ਹੋਇਆ ਹੈ।

# ਵਿਕਾਸ ਮੰਚ ਵੱਲੋਂ ਤ੍ਰੈ-ਭਾਸ਼ੀ ਕਵੀ ਦਰਬਾਰ



**ਪਠਾਨਕੋਟ**-ਪੰਜਾਬੀ ਵਿਕਾਸ ਮੰਚ ਪਠਾਨਕੋਟ, ਪੰਜਾਬ ਦੇ ਸੁਹਿਰਦ ਉੱਦਮ ਨਾਲ ਹੋਟਲ ਲਿਉ ਵਿਖੇ ਇੱਕ ਸ਼ਾਨਦਾਰ ਤ੍ਰੈ-ਭਾਸ਼ੀ ਮੁਸ਼ਾਇਰੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪ੍ਰਸਿੱਧ ਕਵੀਆਂ ਨੇ ਆਪਣੀਆਂ ਦਮਦਾਰ, ਦਿਲ ਨੂੰ ਛੂਹ ਲੈਣ ਵਾਲੀਆਂ ਕਵਿਤਾਵਾਂ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ।

ਮੰਚ ਦੇ ਪ੍ਰਧਾਨ ਹਰਬੰਸ ਸਿੰਘ ਕੰਵਲ, ਮਨਮੋਹਣ ਧਕਾਲਵੀ ਅਤੇ ਰਜਿੰਦਰ ਪਰਾਸ਼ਰ ਨੇ ਦੱਸਿਆ ਕਿ ਇਸ ਮੰਚ ਦੇ ਸੂਤਰਧਾਰ ਮੱਖਣ ਸਿੰਘ ਭੂਈ ਹੁਰਾਂ ਦੀ ਪ੍ਰਮੁੱਖ ਵੱਡੀ ਦੇਣ ਹੈ। ਇਸ ਮੁਸ਼ਾਇਰੇ ਦਾ ਮੁੱਖ ਉਦੇਸ਼ ਪੰਜਾਬ ਵਿੱਚ ਪੰਜਾਬੀਅਤ ਨੂੰ ਹੋਰ ਪ੍ਰਫੁੱਲਤ ਕਰਨਾ, ਹੌਲੀ-ਹੌਲੀ ਅਲੋਪ ਹੋ ਰਹੀ ਪੰਜਾਬੀ ਭਾਸ਼ਾ ਨੂੰ ਫਿਰ ਤੋਂ ਉਜਾਗਰ ਕਰਨਾ, ਜਲਦੀ ਹੀ ਪੰਜਾਬ ਵਿਕਾਸ ਮੰਚ ਨਾਲ ਹੋਰ ਵੀ ਕਲਾਕਾਰਾਂ ਨੂੰ, ਸਾਹਿਤਕਾਰਾਂ ਨੂੰ ਜੋੜਿਆ ਜਾਵੇਗਾ।

ਇਸ ਮੌਕੇ ਪ੍ਰਸਿੱਧ ਗਾਇਕ ਅਤੇ ਮਿਊਜ਼ਿਕ ਡਾਇਰੈਕਟਰ ਬਲਬੀਰ ਬੀਰਾ ਅਤੇ ਵਾਇਸ ਆਫ ਪੰਜਾਬ ਸੀਜ਼ਨ 13 ਦੀ ਜੇਤੂ ਕਵਿਤਾ ਕੁਮਾਰੀ ਨੂੰ ਯਾਦਗਿਰੀ ਸਨਮਾਨ ਚਿੰਨ੍ਹ ਦੇ ਕੇ ਅਤੇ ਹਾਰ ਪਾ ਕੇ ਸਨਮਾਨਿਤ ਕੀਤਾ। ਇਨ੍ਹਾਂ ਦੋਵਾਂ ਕਲਾਕਾਰਾਂ ਨੇ ਆਪਣੀ ਮਰਮਸਪਰਸ਼ੀ ਆਵਾਜ਼ ਵਿੱਚ ਗੀਤ ਸੁਣਾ ਕੇ ਸਭਨਾਂ ਦੇ ਮਨ ਮੋਹ ਲਏ।

ਇਸ ਮੌਕੇ ਸੁਪ੍ਰਸਿੱਧ ਬਜ਼ੁਰਗ ਸ਼ਾਇਰ ਜੀਤੇਂਦਰ ਸ਼ਾਰਦਾ ਦੀ ਪ੍ਰਸਿੱਧ ਪੁਸਤਕ ਗਜ਼ਲ ਕਾ ਸਫਰ, ਸੁਕਿਰਤ ਸ਼ਾਰਦਾ ਵੱਲੋਂ ਬਲਵਿੰਦਰ ਬਾਲਗ ਨੂੰ ਭੇਟ ਕੀਤੀ ਗਈ।

ਵੱਖ-ਵੱਖ ਬੁਲਾਰਿਆਂ ਅਤੇ ਮੁਸ਼ਾਇਰੇ ਵਿੱਚ ਮਸ਼ਹੂਰ ਕਵੀਆਂ ਜਿਨ੍ਹਾਂ ਵਿੱਚ ਹਰਬੰਸ ਸਿੰਘ ਕੰਵਲ, ਮਨਮੋਹਣ ਧਕਾਲਵੀ, ਰਾਜ ਗੁਰਦਾਸਪੁਰੀ, ਬਿਸ਼ਨ ਦਾਸ, ਪਾਲ ਗੁਰਦਾਸਪੁਰੀ, ਬਲਵਿੰਦਰ ਬਾਲਮ, ਪੂਰਨ ਅਹਸਾਨ, ਬਾਂਕਾ ਬਹਾਦੁਰ ਅਰੋੜਾ, ਡਾ. ਕੇਵਲ ਕ੍ਰਿਸ਼ਨ, ਅਸ਼ੋਕ ਚਿੱਤਰਕਾਰ, ਅਸ਼ੋਕ ਪੰਕਜ, ਰਮੇਸ਼ ਟੋਲਾ ਜੀ, ਸੁਕਿਰਤ ਸ਼ਾਰਦਾ, ਚਾਚਾ ਵੇਦ ਪ੍ਰਕਾਸ਼, ਕਮਲਜੀਤ ਕੌਰ, ਰਜਿੰਦਰ ਰਾਜ, ਵਿਜੇ ਕੁਮਾਰ, ਰਾਜ ਕੁਮਾਰ, ਐੱਸ.ਐੱਲ ਗੁਪਤਾ, ਸੁਸ਼ੀਲ ਗੁਪਤਾ, ਪੱਤਰਕਾਰ ਹਰਸਿਮਰਨਜੀਤ ਸਿੰਘ ਸੰਧੂ, ਸਰਦਾਰੀ ਲਾਲ ਗੁਪਤਾ, ਰਮੇਸ਼ਵਰ ਸ਼ਰਮਾ, ਲਵਨੀਸ਼ ਸੋਹਲ, ਰਾਜਪਾਲ ਸਿੰਘ, ਹਰਭਜਨ ਸਿੰਘ, ਰੂਪ ਲਾਲ, ਜੱਗ ਵਰਮਾ, ਸੁਖਵਿੰਦਰ ਸਿੰਘ, ਰਾਮ ਲੁਭਾਇਆ ਅਤੇ ਅਨੰਦ ਰਾਜ ਨੇ ਭਾਗ ਲਿਆ। ਇਸ ਕਾਰਜ ਨੂੰ ਸਫਲ ਕਰਨ ਵਿੱਚ ਸੰਯੋਜਕ ਮੋਹਣ ਧਕਾਲਵੀ ਨੇ ਸ਼ਾਨਦਾਰ ਭੂਮਿਕਾ ਨਿਭਾਈ।

**—ਬਲਵਿੰਦਰ ਬਾਲਮ**

# 'ਪੰਜਾਬ ਦੀ ਦਸ਼ਾ ਤੇ ਦਿਸ਼ਾ' ਉੱਪਰ ਸੰਵਾਦ

**ਸਰੀ**-"ਪਿਛਲੇ 40 ਸਾਲਾਂ ਦੌਰਾਨ ਪੰਜਾਬ ਵਿਚਲਾ ਅਰਥਚਾਰਾ ਚਰਮਰਾ ਗਿਆ ਹੈ, ਭਾਈਚਾਰਾ ਤੇ ਆਪਸੀ ਸਾਂਝੀ ਟੁੱਟ ਚੁੱਕੇ ਹਨ, ਮਾਤ ਭੂਮੀ ਤੇ ਮਾਤ ਭਾਸ਼ਾ ਨਾਲੋਂ ਮੋਹ ਭੰਗ ਹੋ ਗਿਆ ਹੈ। ਪੰਜਾਬੀ ਧਰਤੀ ਨਾਲੋਂ ਟੁੱਟ ਗਏ ਹਨ। ਰੁੱਖਾਂ ਨਾਲੋਂ ਭਾਰੇ ਜ਼ਰੂਰ ਹਨ, ਪਰ ਹਾਲਤ ਇਹ ਹੈ ਕਿ ਹਵਾ 'ਚ ਉੱਡੇ ਫਿਰਦੇ ਹਨ, ਜਿੱਧਰੋਂ ਹਵਾ ਦਾ ਬੁੱਲਾ ਆਉਂਦਾ ਹੈ, ਓਧਰ ਚਲੇ ਜਾਂਦੇ ਹਾਂ। ਇਹੀ ਵਜ੍ਹਾ ਹੈ ਕਿ ਅੱਜ ਕੈਨੇਡਾ, ਅਮਰੀਕਾ, ਆਸਟਰੇਲੀਆ ਅਤੇ ਹੋਰ ਮੁਲਕਾਂ ਵੱਲ ਦੌੜ ਲੱਗੀ ਹੋਈ ਹੈ।" ਇਹ ਵਿਚਾਰ ਉੱਘੇ ਚਿੰਤਕ ਡਾ. ਪਿਆਰੇ ਲਾਲ ਗਰਗ ਨੇ 'ਜੀਵੇ ਪੰਜਾਬ ਅਦਬੀ ਸੰਗਤ' ਵੱਲੋਂ 'ਸਾਊਥ ਏਸ਼ੀਅਨ ਰੀਵਿਊ ਕੈਨੇਡਾ' ਦੇ ਸਹਿਯੋਗ ਨਾਲ 'ਪੰਜਾਬ ਦੀ ਦਸ਼ਾ ਤੇ ਦਿਸ਼ਾ' ਉੱਪਰ ਕਰਵਾਈ ਗਈ ਸੰਵਾਦ ਚਰਚਾ ਵਿਚ ਬੋਲਦਿਆਂ ਪ੍ਰਗਟ ਕੀਤੇ। ਇਸ ਆਨ ਲਾਈਨ ਚਰਚਾ ਦਾ ਸੰਚਾਲਨ ਨਵਰੂਪ ਸਿੰਘ (ਕੈਨੇਡਾ) ਨੇ ਕੀਤਾ। ਉਨ੍ਹਾਂ ਪੰਜਾਬ ਦੇ ਇਤਿਹਾਸ ਅਤੇ ਗੌਰਵ ਦੀ ਗੱਲ ਕਰਦਿਆਂ ਅਜੋਕੇ ਪੰਜਾਬ ਦੇ ਸੰਦਰਭ ਵਿਚ ਆਪਣੇ ਵਿਚਾਰ ਪੇਸ਼ ਕਰਨ ਲਈ ਮੁੱਖ ਬੁਲਾਰੇ ਡਾ. ਪਿਆਰੇ ਲਾਲ ਗਰਗ ਨੂੰ ਸੱਦਾ ਦਿੱਤਾ।




ਡਾ. ਪਿਆਰੇ ਲਾਲ ਗਰਗ ਨੇ ਕਿਹਾ ਕਿ ਸਦੀਵੀ ਵਿਕਾਸ ਦਰਸ਼ਨ (ਫਿਲਾਸਫੀ) ਤੋਂ ਬਿਨਾਂ ਨਹੀਂ ਹੁੰਦਾ, ਪਰ ਪੰਜਾਬ ਦੀ ਹਾਲਤ ਇਹ ਹੈ ਕਿ ਦਰਸ਼ਨ ਦੇ ਮੁੱਖ ਸੋਮੇ ਕੁਰਾਹੇ ਪੈ ਗਏ ਹਨ ਅਤੇ ਦਰਸ਼ਨ ਨੂੰ ਮੂਲੋਂ ਹੀ ਵਿਸਾਰ ਚੁੱਕੇ ਹਨ। ਧਾਰਮਿਕ ਅਦਾਰੇ ਕਰਮਕਾਂਡ ਦੇ ਚੱਕਰਾਂ ਵਿਚ ਪੈ ਗਏ ਹਨ ਅਤੇ ਸਿੱਖਿਆ ਸੰਸਥਾਵਾਂ ਪੈਸੇ ਇਕੱਠੇ ਕਰਨ ਦੇ ਰਾਹ ਪੈ ਗਈਆਂ ਹਨ। ਅੱਜ ਯੂਨੀਵਰਸਿਟੀਆਂ ਦੇ ਵਿਦਵਾਨਾਂ ਵਿਚ ਹੰਕਾਰ ਪੈਦਾ ਹੋ ਗਿਆ, ਪਰ ਦਰਸ਼ਨ ਦੇ ਉਜੜੇ-ਆੜੇ ਦੀ ਵੀ ਗੱਲ ਨਹੀਂ ਹੋ ਰਹੀ। ਦਰਸ਼ਨ ਦਾ ਤੀਜਾ ਸੋਮਾ ਸਮਾਜ ਅੱਜ ਪੂਰੀ ਤਰ੍ਹਾਂ ਟੁੱਟ ਚੁੱਕਿਆ ਹੈ, ਪਰਵਾਰ ਟੁੱਟ ਗਏ ਹਨ, ਹੁਣ ਤਾਂ ਇਕਹਿਰੇ ਪਰਵਾਰ ਵੀ ਟੁੱਟ ਗਏ ਹਨ। ਪੂਰੇ ਸਮਾਜ ਵਿਚ ਖਲਬਲੀ ਜ਼ਿਆਦਾ ਹੈ।

ਡਾ. ਗਰਗ ਨੇ ਕਿਹਾ ਕਿ ਦਰਸ਼ਨ ਦੀ ਘਾਟ ਕਾਰਨ ਪੰਜਾਬ, ਪੰਜਾਬੀਅਤ, ਪੰਜਾਬੀ ਵਿਰਸਾ ਅਤੇ ਇਤਿਹਾਸ ਬਾਰੇ ਗਿਆਨ ਦਾ ਸੰਚਾਰ ਨਹੀਂ ਹੋ ਰਿਹਾ ਅਤੇ ਅਸੀਂ ਸਾਰੇ ਪਾਸਿਓਂ ਹੀਣੇ ਹੋ ਗਏ ਹਾਂ। ਦਰਸ਼ਨ ਤੇ ਇਤਿਹਾਸ ਨਾਲੋਂ ਟੁੱਟਣ ਕਰਕੇ ਅਸੀਂ ਸੰਤੁਲਨ ਗੁਆ ਚੁੱਕੇ ਹਾਂ, ਵਿਚਾਰਾਂ ਦੀ ਸਿਰਜਣਾ ਭੁੱਲ ਚੁੱਕੇ ਹਾਂ ਅਤੇ ਸਾਰੇ ਖੇਤਰਾਂ ਵਿਚ ਨਕਲਚੀ ਬਣਦੇ ਜਾ ਰਹੇ ਹਾਂ। ਅਸੀਂ ਭੁੱਲ ਚੁੱਕੇ ਹਾਂ ਕਿ ਪੰਜਾਬ ਦੀ ਇਸ ਧਰਤੀ ਉੱਪਰ ਰਿਗਵੇਦ, ਰਾਮਾਇਣ, ਮਹਾਂਭਾਰਤ, ਗੁਰੂ ਗਰੰਥ ਸਾਹਿਬ ਰਚੇ ਗਏ ਹਨ, ਜਲ੍ਹਿਆਂਵਾਲਾ ਬਾਗ ਜਿਹੇ ਕਾਂਡ ਵਾਪਰੇ, ਮਨੁੱਖਤਾ ਲਈ ਬੰਦ-ਬੰਦ ਕਟਵਾਏ ਗਏ, ਦੇਸ਼ ਭਗਤਾਂ ਨੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਭੁਗਤੀਆਂ, ਕਾਮਾਗਾਟਾ ਮਾਰੂ ਦੇ ਮਹਾਨ ਗ਼ਦਰੀ ਬਾਬੇ ਪੈਦਾ ਹੋਏ।

ਵਿਚਾਰ ਚਰਚਾ ਦੌਰਾਨ ਉਠਾਏ ਗਏ ਸਵਾਲਾਂ ਦੇ ਜਵਾਬ ਵਿਚ ਡਾ. ਪਿਆਰੇ ਲਾਲ ਗਰਗ ਨੇ ਕਿਹਾ ਕਿ ਸੰਭਾਵਨਾਵਾਂ ਕਦੇ ਖਤਮ ਨਹੀਂ ਹੁੰਦੀਆਂ। ਉਮੀਦ ਹੀ ਆਦਮੀ ਨੂੰ ਜ਼ਿੰਦਾ ਰੱਖਦੀ ਹੈ, ਸਬਰ, ਸੰਤੋਖ ਤੇ ਸਿਰੜ ਪੈਦਾ ਕਰਦੀ ਹੈ। ਇਸ ਲਈ ਪੰਜਾਬੀਆਂ ਨੂੰ ਆਸਵੰਦ ਹੋਣਾ ਚਾਹੀਦਾ ਹੈ। ਸਾਡੇ ਸਾਹਮਣੇ ਖੁਸ਼-ਹੈਸੀਅਤ ਦਾ ਮੋਰਚਾ, ਐਮਰਜੈਂਸੀ ਦਾ ਮੋਰਚਾ, ਕਿਸਾਨੀ ਅੰਦੋਲਨ ਵੱਡੀਆਂ ਮਿਸਾਲਾਂ ਹਨ ਕਿ ਲੋਕ ਏਕਤਾ ਦੇ ਅੱਗੇ ਕੋਈ ਵੀ ਤਾਕਤ ਅੜ ਨਹੀਂ ਸਕਦੀ। ਉਨ੍ਹਾ ਕਿਹਾ ਕਿ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਰਕਾਰ ਭਾਵੇਂ ਕੋਈ ਵੀ ਹੋਵੇ, ਤੰਤਰ ਓਹੀ ਹੈ। ਵਿਧਾਨ ਪਾਲਿਕਾ ਬਦਲਣ ਨਾਲ ਵੱਡੇ ਬਦਲਾਅ ਨਹੀਂ ਆਉਣਗੇ, ਪਰ ਅਸੀਂ ਵਿਧਾਨ ਪਾਲਿਕਾ ਨੂੰ ਹੀ ਸਭ ਕੁਝ ਸਮਝ ਲਿਆ ਹੈ, ਜਦੋਂ ਕਿ ਵਿਧਾਨ ਪਾਲਿਕਾ ਤਾਂ ਲੋਕਤੰਤਰ ਦਾ ਇਕ ਅੰਗ ਹੈ। ਲੋਕਤੰਤਰ ਦੇ ਦੋ ਅੰਗ ਹੋਰ ਹਨ-ਕਾਰਜ ਪਾਲਿਕਾ ਤੇ ਨਿਆਂ ਪਾਲਿਕਾ, ਪਰ ਇਨ੍ਹਾਂ ਬਾਰੇ ਸਾਨੂੰ ਜਾਣਕਾਰੀ ਹੀ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਤਿਹਾਸ ਹਮੇਸ਼ਾ ਸਿਰਜਿਆ ਜਾਂਦਾ ਹੈ ਅਤੇ ਲੋਕ ਹੀ ਇਤਿਹਾਸ ਸਿਰਜਦੇ ਹਨ, ਰਾਜੇ ਤਾਂ ਸਿਰਫ ਨਾਇਕ ਹੁੰਦੇ ਹਨ।

ਇਸ ਵਿਚਾਰ ਚਰਚਾ ਵਿਚ ਭਾਰਤ, ਪਾਕਿਸਤਾਨ ਅਤੇ ਕੈਨੇਡਾ ਤੋਂ ਆਸਿਫ ਰਜ਼ਾ, ਅੱਬਾਸ ਸਦੀਕੀ, ਡਾ. ਸਈਅਦ ਮੁਹੰਮਦ ਫਰੀਦ, ਵੱਕਾਰ ਸਿਪਰਾ, ਦੇਸ ਰਾਜ ਛਾਜਲੀ, ਰਾਜਿੰਦਰ ਸਿੰਘ ਗਿੱਲ, ਡਾ. ਭੀਮਇੰਦਰ ਸਿੰਘ, ਹਰਜਿੰਦਰ ਸਿੰਘ, ਹਰਦਮ ਸਿੰਘ ਮਾਨ, ਰਾਕੇਸ਼, ਨਿਰਲੇਪ ਅਤੇ ਹਰਦਿਆਲ ਸਿੰਘ ਸ਼ਾਮਲ ਹੋਏ। ਅੰਤ ਵਿਚ ਸੁੱਚਾ ਸਿੰਘ ਨੇ ਡਾ. ਪਿਆਰੇ ਲਾਲ ਗਰਗ ਅਤੇ ਵਿਚਾਰ-ਚਰਚਾ ਵਿਚ ਸ਼ਾਮਲ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

**—ਹਰਦਮ ਮਾਨ**

# 'ਮਸੀਹੇ ਬੋਲਦੇ ਨੇ' ਰਿਲੀਜ਼



**ਕਰਤਾਰਪੁਰ**-ਪਰਵਾਸੀ ਸ਼ਾਇਰ ਜਸਪਾਲ ਧਾਮੀ ਦਾ ਨਵਾਂ ਕਾਵਿ ਸੰਗ੍ਰਹਿ 'ਮਸੀਹੇ ਬੋਲਦੇ ਨੇ' 'ਅੱਖਰ' ਦੇ ਸੰਪਾਦਕ ਸ਼ਾਇਰ ਵਿਸ਼ਾਲ ਤੇ 'ਕਹਾਣੀ ਧਾਰਾ' ਦੇ ਸੰਪਾਦਕ ਤੇ ਪ੍ਰਸਿੱਧ ਕਹਾਣੀਕਾਰ ਭਗਵੰਤ ਰਸੂਲਪੁਰੀ ਨੇ ਸਾਂਝੇ ਤੌਰ 'ਤੇ ਰਿਲੀਜ਼ ਕੀਤਾ।

ਪੁਸਤਕ ਦੇ ਲੇਖਕ ਜਸਪਾਲ ਧਾਮੀ ਨੇ ਸ਼ੁਰੂ ਵਿਚ 'ਮਸੀਹੇ ਬੋਲਦੇ ਨੇ' ਵਿਚੋਂ ਆਪਣੀਆਂ ਕੁਝ ਚੋਣਵੀਆਂ ਕਵਿਤਾਵਾਂ ਪੜ੍ਹ ਕੇ ਸੁਣਾਈਆਂ। ਉਪਰੰਤ ਉਨ੍ਹਾ ਕਿਹਾ ਕਿ ਮੇਰੀ ਪਹਿਲੀ ਪੁਸਤਕ ਗਜ਼ਲ ਸੰਗ੍ਰਹਿ 'ਯਾਦਾਂ ਦਾ ਪਸ਼ਮੀਨਾ' ਤੋਂ ਬਾਅਦ ਇਹ ਦੂਜੀ ਕਾਵਿ ਪੁਸਤਕ ਹੈ। ਮੈਂ ਸ਼ੁਰੂ ਤੋਂ ਕਵਿਤਾ ਦੀ ਪ੍ਰਗੀਤਕ ਸ਼ੈਲੀ ਦਾ ਹਾਮੀ ਰਿਹਾ ਹਾਂ। ਇਸ ਕਿਤਾਬ ਰਾਹੀਂ ਮੈਂ ਰਵਾਇਤੀ ਕਵਿਤਾ ਤੋਂ ਉਪਰ ਉੱਠ ਕੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ ਮੈਂ ਨਵੇਂ ਕਾਵਿ ਮੁਹਾਵਰੇ ਨਾਲ ਆਪਣੀ ਗੱਲ ਕੀਤੀ ਹੈ। ਪ੍ਰਸਿੱਧ ਸ਼ਾਇਰ ਵਿਸ਼ਾਲ ਨੇ ਜਸਪਾਲ ਧਾਮੀ ਨੂੰ ਆਧੁਨਿਕ ਯੁੱਗ ਦਾ ਕਵੀ ਕਹਿੰਦਿਆਂ ਕਿਹਾ ਕਿ ਉਸ ਨੇ ਆਪਣੀ ਲੇਖਣੀ ਦੀ ਸ਼ੁਰੂਆਤ ਅੰਮ੍ਰਿਤਾ ਪ੍ਰੀਤਮ ਦੇ ਪਰਚੇ 'ਨਾਗਮਣੀ' ਨਾਲ ਕੀਤੀ। ਕਿਸੇ ਸਮੇਂ ਉਸ ਦੀਆਂ ਕਵਿਤਾਵਾਂ 'ਨਾਗਮਣੀ' ਦੇ ਟਾਇਟਲ ਪੰਨੇ ਉੱਤੇ ਛਪਦੀਆਂ ਰਹੀਆਂ ਤੇ ਹੁਣ ਤੱਕ ਉਹ ਨਿਰੰਤਰ ਨਿੱਗਰ ਤੇ ਨਰੋਇਆ ਲਿਖਦਾ ਆ ਰਿਹਾ ਹੈ। ਇਸ ਵੇਲੇ ਉਹ ਸਮਕਾਲ ਨੂੰ ਪੂਰੀ ਸਮਰੱਥਾ ਨਾਲ ਫੜਨ ਵਾਲਾ ਵੱਡਾ ਸ਼ਾਇਰ ਹੈ।

ਭਗਵੰਤ ਰਸੂਲਪੁਰੀ ਨੇ ਕਿਤਾਬ ਦੇ ਰਿਲੀਜ਼ ਉਪਰੰਤ ਕਿਹਾ ਕਿ ਧਾਮੀ ਦੀ ਕਵਿਤਾ ਸਾਡੇ ਇਤਿਹਾਸ/ ਮਿਥਿਹਾਸ ਅਤੇ ਸਮਕਾਲੀ ਸਮਾਜ ਦੇ ਸੱਭਿਆਚਾਰ ਵਿਚ ਵਾਪਰ ਰਹੀਆਂ ਮਹੱਤਵਪੂਰਨ ਘਟਨਾਵਾਂ ਤੇ ਪ੍ਰਸੰਗਾਂ ਦਾ ਪੁਨਰ-ਵਿਸ਼ਲੇਸ਼ਣ ਕਰਦੀ ਹੈ। ਉਸ ਦਾ ਕਾਵਿ ਮੁਹਾਵਰਾ ਅਤੇ ਮੁਹਾਂਦਰਾ ਨਿਵੇਕਲਾ ਹੈ।

# 'ਏਨਾ ਹੀ ਬਹੁਤ ਹੈ' ਲੋਕ ਅਰਪਣ



**ਮੋਗਾ** : ਪੰਜਾਬੀ ਦੇ ਪ੍ਰਸਿੱਧ ਵਿਅੰਗਕਾਰ, ਨਾਵਲਕਾਰ, ਅਨੁਵਾਦਕ ਅਤੇ ਕਹਾਣੀਕਾਰ ਕੇ ਐੱਲ ਗਰਗ ਨੇ ਸ਼ਾਇਰਾ ਅਮਰਪ੍ਰੀਤ ਨੂੰ ਮੁਬਾਰਕਬਾਦ ਆਖਦਿਆਂ ਆਸ ਪ੍ਰਗਟਾਈ ਕਿ ਉਹ ਜਮੀਨ ਨਾਲ ਜੁੜ ਕੇ ਲੋਕ-ਪੱਖੀ ਸ਼ਾਇਰੀ ਕਰਦੀ ਰਹੇਗੀ। ਮੰਚ ਦੇ ਮੁੱਖ ਸਲਾਹਕਾਰ ਅਮਰ ਸੂਫੀ ਨੇ ਅਮਰਪ੍ਰੀਤ ਦੇ ਜੀਵਨ ਸਾਥੀ ਜਗਜੀਤ ਸਿੰਘ ਸੰਘਾ ਵੱਲੋਂ ਅਮਰਪ੍ਰੀਤ ਨੂੰ ਦਿੱਤੇ ਜਾ ਰਹੇ ਸਹਿਯੋਗ ਦੀ ਭਰਵੀਂ ਪ੍ਰਸੰਸਾ ਕੀਤੀ। ਮੰਚ ਦੀ ਸੰਚਾਲਨਾ ਕਰ ਰਹੇ ਜਨਰਲ ਸਕੱਤਰ ਰਣਜੀਤ ਸਰਾਂਵਾਲੀ ਨੇ ਅਮਰਪ੍ਰੀਤ ਦੇ ਕਾਵਿ ਸਫਰ ਬਾਰੇ ਜਾਣਕਾਰੀ ਸਾਂਝੀ ਕੀਤੀ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਨੈਸਲੇ ਕਰਮਚਾਰੀ ਯੂਨੀਅਨ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਸੰਧੂ ਨੇ ਕਿਹਾ ਕਿ ਸਾਹਿਤਕਾਰ ਸਮਾਜ ਦੀ ਅਗਵਾਈ ਕਰਦੇ ਹਨ ਤੇ ਗਲਤ ਕਦਰਾਂ-ਕੀਮਤਾਂ ਖਿਲਾਫ਼ ਆਵਾਜ਼ ਬੁਲੰਦ ਕਰਦੇ ਰਹਿੰਦੇ ਹਨ। ਗੁਰਮੀਤ ਕੜਿਆਲਵੀ ਨੇ ਆਏ ਹੋਏ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ। ਕੜਿਆਲਵੀ ਨੇ ਕਿਹਾ ਕਿ ਅਮਰਪ੍ਰੀਤ ਇਕ ਸੂਖਮ ਭਾਵਾਂ ਵਾਲੀ ਕਵਿਤਰੀ ਹੈ, ਜਿਸ ਨੇ ਆਲੇ ਦੁਆਲੇ 'ਚ ਵਾਪਰ ਰਹੇ ਗਲਤ ਵਰਤਾਰਿਆਂ ਖਿਲਾਫ ਬੇਬਾਕ ਹੋ ਕੇ ਲਿਖਿਆ ਹੈ। ਲਛਮਣ ਦਾਸ ਮੁਸਾਫ਼ਿਰ ਨੇ ਖ਼ੂਬਸੂਰਤ ਗੀਤ ਨਾਲ ਹਾਜ਼ਰੀ ਲਵਾਈ।

ਪੁਸਤਕ 'ਏਨਾ ਹੀ ਬਹੁਤ ਹੈ' ਦੀ ਲੇਖਕਾ ਅਮਰਪ੍ਰੀਤ ਕੌਰ ਸੰਘਾ ਨੇ 'ਆਪੇ ਨਾਲ ਸੰਵਾਦ', 'ਸੱਚ' ਅਤੇ 'ਏਨਾ ਹੀ ਬਹੁਤ ਹੈ' ਕਵਿਤਾਵਾਂ ਹਾਜ਼ਰ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

# 'ਵਲਵਲੇ' ਦਾ ਲੋਕ ਅਰਪਣ

**ਤੁਗਲਵਾਲਾ**-ਇੰਡੀਅਨ ਪੀਪਲ ਥੀਏਟਰ ਐਸੋਸੀਏਸ਼ਨ "ਇਪਟਾ" ਦੀ ਨੈਸ਼ਨਲ ਵਰ੍ਹੇਗੰਢ ਸਰਕਾਰੀ ਹਾਈ ਸਕੂਲ ਤੁਗਲਵਾਲਾ ਵਿਖੇ ਮਨਾਈ ਗਈ। ਇਸ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਜਿੱਥੇ ਪ੍ਰੇਰਨਾ-ਦਾਇਕ ਨਾਟਕਾਂ ਦਾ ਮੰਚਨ ਤੇ ਮਹਿਮਾਨਾਂ ਨੇ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ, ਉੱਥੇ ਖੇਤੀ ਵਿਗਿਆਨੀ, ਗੰਨਾ ਸਲਾਹਕਾਰ ਤੇ ਪੰਜਾਬੀ ਮਾਂ ਬੋਲੀ ਦੇ ਮੁੱਦਈ ਡਾ. ਗੁਰਇਕਬਾਲ ਸਿੰਘ ਕਾਹਲੋਂ ਦੀ ਕਾਵਿ ਪੁਸਤਕ 'ਵਲਵਲੇ' ਦਾ ਭਾਗ ਦੂਜਾ ਨੂੰ ਲੋਕ ਅਰਪਣ (ਰਿਲੀਜ਼) ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਕਵਿਤਾਵਾਂ, ਗਜ਼ਲਾਂ, ਰੁਬਾਈਆਂ ਤੇ ਸ਼ੇਅਰਾਂ ਰਾਹੀਂ ਮਨ ਦੇ ਵਲਵਲੇ, ਵਾਤਾਵਰਨ, ਪਾਣੀ ਦੀ ਸੰਭਾਲ, ਸਮਾਜਿਕ ਹਕੀਕਤਾਂ, ਪੰਜਾਬੀ ਮਾਂ ਬੋਲੀ, ਧਰਮ ਕਰਮ, ਲੋਕ ਤੱਥ, ਕਿਰਸਾਨੀ, ਰੂਹਾਨੀਅਤ, ਲੋਕ ਬਨਾਮ ਹਾਕਮ, ਪ੍ਰੇਮ ਪਿਆਰ, ਗ੍ਰਹਿਸਤੀ ਨੋਕ ਝੋਕ, ਮਾਨਸਿਕਤਾ, ਅੰਦਰਲੀ ਪੀੜ ਨੂੰ ਬਿਆਨ ਕੀਤਾ ਹੈ।



ਇਸ ਪੁਸਤਕ ਨੂੰ ਲੋਕ ਅਰਪਣ ਕਰਨ ਵਾਲਿਆਂ ਵਿੱਚ ਜ਼ਿਲ੍ਹਾ ਭਾਸ਼ਾ ਅਫਸਰ ਡਾ. ਪਰਮਜੀਤ ਸਿੰਘ ਕਲਸੀ, ਇਪਟਾ ਪੰਜਾਬ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਰੂਪੋਵਾਲੀ, ਇਪਟਾ ਗੁਰਦਾਸਪੁਰ ਦੇ ਪ੍ਰਧਾਨ ਗੁਰਮੀਤ ਸਿੰਘ ਪਾਹੜਾ, ਰਜਵੰਤ ਕੌਰ ਮੁੱਖ ਅਧਿਆਪਕ ਹਾਈ ਸਕੂਲ, ਵਿਜੇ ਕੁਮਾਰ ਮੁੱਖ ਅਧਿਆਪਕ ਪ੍ਰਾਇਮਰੀ ਸਕੂਲ ਤੁਗਲਵਾਲਾ, ਸਤਨਾਮ ਕੌਰ ਮੈਂਬਰ ਸਟੇਟ ਕੌਂਸਲ ਇਪਟਾ ਪੰਜਾਬ, ਸੂਹੀ ਸਵੇਰ ਦੇ ਸੰਪਾਦਕ ਡਾ. ਗੁਰਚਰਨ ਗਾਂਧੀ, ਪ੍ਰੋ. ਗੁਰਮੀਤ ਸਿੰਘ ਸਰਾਂ, ਨਾਟਕਕਾਰ ਗੁਰਮੇਲ ਸ਼ਾਮ ਨਗਰ, ਸੁਖਦੀਪ ਸਿੰਘ ਸਰਾਂ ਆਸਟ੍ਰੇਲੀਆ, ਪ੍ਰਿੰਸੀਪਲ ਸੁਖਬੀਰ ਸਿੰਘ ਨੂਰ, ਪੰਜਾਬ ਨਾਉ ਟੀਵੀ ਤੇ ਐੱਮ ਡੀ ਨਵਰਾਜ ਸੰਧੂ, ਬੂਟਾ ਰਾਮ ਆਜ਼ਾਦ ਬੈਂਕ ਮੈਨੇਜਰ, ਠੇਕੇਦਾਰ ਬਲਜਿੰਦਰ ਸਿੰਘ, ਰਾਮ ਰਤਨ, ਤਰਸੇਮ ਸਿੰਘ ਤਰਵਰ, ਬਲਜਿੰਦਰ ਸਿੰਘ ਸਭਰਵਾਲ ਤੇ ਕਰਮ ਸਿੰਘ ਤੁਗਲਵਾਲਾ ਪੀ ਐੱਸ ਪੀ ਸੀ ਐੱਲ ਨੇ ਸਾਂਝੇ ਤੌਰ 'ਤੇ ਕੀਤੀ।

# ਲੇਖਕ ਸਭਾ ਵੱਲੋਂ ਪ੍ਰੋ. ਭੋਗਲ ਦੇ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ



**ਜਲੰਧਰ** : ਪੰਜਾਬੀ ਲੇਖਕ ਸਭਾ ਜਲੰਧਰ ਦੀ ਹੰਗਾਮੀ ਮੀਟਿੰਗ ਹੋਈ ਜਿਸ ਵਿੱਚ ਉਘੇ ਕਾਲਮ ਨਵੀਸ, ਲੇਖਕ, ਆਲੋਚਕ, ਸਮਾਜ ਸੇਵੀ ਅਤੇ ਸਿੱਖਿਆ ਸ਼ਾਸਤਰੀ ਪ੍ਰੋ. ਪਿਆਰਾ ਸਿੰਘ ਭੋਗਲ ਦੇ ਅਕਾਲ ਚਲਾਣੇ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਭਾ ਦੇ ਪ੍ਰਧਾਨ ਪ੍ਰੋ. ਹਰਜਿੰਦਰ ਅਟਵਾਲ ਨੇ ਕਿਹਾ ਕਿ ਭੋਗਲ ਸਾਹਿਬ ਦੇ ਜਾਣ ਨਾਲ ਇੱਕ ਯੁਗ ਦਾ ਅੰਤ ਹੋ ਗਿਆ, ਇਸ ਖਿਲਾਅ ਨੂੰ ਭਰਨਾ ਆਸਾਨ ਨਹੀਂ। ਜ. ਸਕੱਤਰ ਪ੍ਰੋ. ਉਮਿੰਦਰ ਜੌਹਲ ਨੇ ਭੋਗਲ ਸਾਹਿਬ ਵੱਲੋਂ ਮਿਲੀ ਅਗਵਾਈ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਜਲੰਧਰ ਦੀ ਲੇਖਕ ਸਭਾ ਦੇ ਰੂਹ-ਇ-ਰਵਾਂ ਸਨ। ਬੁਲਾਰਿਆਂ ਨੇ ਜਿਨ੍ਹਾਂ ਵਿੱਚ ਬਲਬੀਰ ਪਰਵਾਨਾ, ਨਰਾਇਣ ਸਿੰਘ, ਡਾ. ਲਖਵਿੰਦਰ ਜੌਹਲ, ਸਤਨਾਮ ਮਾਣਕ, ਕੇਸਰ, ਕਮਲਜੀਤ, ਇੰਦਰਜੀਤ ਸਿੰਘ ਅਤੇ ਹੋਰ ਸ਼ਾਮਲ ਸਨ ਨੇ ਪ੍ਰੋ. ਭੋਗਲ ਹੋਰਾਂ ਨੂੰ ਇੱਕ ਰਾਹ ਦਸੇਰਾ ਅਤੇ ਆਪਣੀ ਧੁਨ ਦੇ ਪੱਕੇ ਇਨਸਾਨ ਦਸਦਿਆਂ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਣ ਦਾ ਅਹਿਦ ਲਿਆ।

# 'ਗੁਲਦਾਨ' ਲੋਕ ਅਰਪਣ

**ਨਾਭਾ** : 'ਭਾਈ ਕਾਨ੍ਹ ਸਿੰਘ ਨਾਭਾ ਰਚਨਾ ਵਿਚਾਰ ਮੰਚ' (ਰਜਿ.) ਵੱਲੋਂ ਪ੍ਰੀਤ ਪਬਲੀਕੇਸ਼ਨ ਨਾਭਾ ਦੇ ਸਹਿਯੋਗ ਨਾਲ ਰੋਟਰੀ ਭਵਨ ਨਾਭਾ ਵਿਖੇ ਇਕ ਵਿਸ਼ਾਲ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਤਹਿਤ ਸੁਰਿੰਦਰਜੀਤ ਚੌਹਾਨ ਵੱਲੋਂ ਸੰਪਾਦਿਤ ਸਾਂਝਾ ਕਾਵਿ ਸੰਗ੍ਰਹਿ 'ਗੁਲਦਾਨ' ਲੋਕ ਅਰਪਿਤ ਕੀਤਾ ਗਿਆ। ਉਪਰੰਤ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਹੋਇਆ। ਪ੍ਰੋਗਰਾਮ ਦੀ ਪ੍ਰਧਾਨਗੀ ਸੁਖਜੀਤ ਨੇ ਕੀਤੀ। ਮੁੱਖ ਮਹਿਮਾਨ ਵਜੋਂ ਡਾ. ਭੀਮਇੰਦਰ ਸਿੰਘ ਹਾਜ਼ਰ ਹੋਏ। ਪ੍ਰਧਾਨਗੀ ਮੰਡਲ ਵਿਚ ਪਾਲ ਢਿੱਲੋਂ ਕੈਨੇਡਾ, ਗੁਰਨਾਮ ਗਰੇਵਾਲ, ਅਰੁਣ ਕੁਮਾਰ ਸ਼ਰਮਾ, ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ:), ਅੰਮ੍ਰਿਤਪਾਲ ਸਿੰਘ ਚੌਹਾਨ। ਸ਼ਾਮਲ ਹੋਏ। ਪ੍ਰੋਗਰਾਮ ਦਾ ਆਗਾਜ਼ ਦਰਸ਼ਨ ਬੁੱਟਰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨੇ ਸੁਆਗਤੀ ਸ਼ਬਦਾਂ ਅਤੇ ਸਮਾਗਮ ਦੀ ਰੂਪ-ਰੇਖਾ ਨਾਲ ਕੀਤਾ। ਉਪਰੰਤ ਪੁਸਤਕ ਰਿਲੀਜ਼ ਕੀਤੀ ਗਈ। ਪੁਸਤਕ ਉੱਪਰ ਪਰਚਾ ਸ਼੍ਰੋਮਣੀ ਕਵੀ ਬਲਵਿੰਦਰ ਸੰਧੂ ਹੁਰਾਂ ਵੱਲੋਂ ਪੜ੍ਹਿਆ ਗਿਆ।

ਕਵੀ ਦਰਬਾਰ ਵਿਚ ਸੁਰਿੰਦਰ ਕੌਰ ਸੋਰਾਏ, ਜਮਾਲ ਜਲੰਧਰੀ, ਗੁਰਚਰਨ ਪੱਬਾਰਾਲੀ, ਸੰਦੀਪ, ਗੁਲਜ਼ਾਰ ਸਿੰਘ ਸ਼ੌਂਕੀ, ਅਵਤਾਰ ਮਾਨ, ਮਨਜੀਤ ਕੌਰ ਮੀਸ਼ਾ, ਸੁਰਿੰਦਰ ਸੈਣੀ, ਸਵਰਨ ਕਵਿਤਾ, ਰਣਜੀਤ ਸਵੀ, ਗੁਰਸਾਹਬ ਸਿੰਘ ਤੇਜੀ, ਕੁਲਵਿੰਦਰ ਕੁਮਾਰ, ਗੁਰਬਿੰਦਰ ਪੰਜਾਬੀ, ਰਾਜੇਸ਼ ਕੁਮਾਰ ਹੰਸ, ਸੁਰਿੰਦਰ ਮਕਸੂਦਪੁਰੀ, ਸੋਨੀਆ ਭਾਰਤੀ, ਕਮਲਗੀਤ ਸਰਹਿੰਦ, ਚਰਨ ਸਿੰਘ ਭਦੌੜ, ਜਸ ਸ਼ੇਰਗਿੱਲ, ਨਵਨੀਤ ਮਾਨਸਾ, ਡਾ. ਨੀਨਾ ਸੈਣੀ, ਪਰਮਿੰਦਰ ਸਿੰਘ ਅਲਬੇਲਾ, ਪੂਜਾ ਕਸ਼ਯਪ, ਮਮਤਾ ਸੇਤੀਆ ਸੇਖਾ, ਰਣਜੀਤ ਆਜ਼ਾਦ ਕਾਂਝਲਾ, ਰਮਨਦੀਪ ਸਿੰਘ, ਰਵਿੰਦਰ ਸਿੰਘ, ਰਾਮ ਪਾਲ ਜਿੰਦਲ, ਗੀਤਇੰਦਰ ਢਿੱਲੋਂ, ਸ਼ਾਮ ਸੁੰਦਰ, ਦਿਲਜੀਤ ਬੰਗੀ, ਕਨਵਰ ਗਰੇਵਾਲ ਨੇ ਆਪਣੇ ਕਲਾਮ ਪੇਸ਼ ਕੀਤੇ। ਬੁਲਾਰਿਆਂ ਨੇ ਸੁਰਿੰਦਰਜੀਤ ਚੌਹਾਨ ਦੇ ਕਲਮਾਂ ਨੂੰ ਪ੍ਰੋਤਸ਼ਾਹਿਤ ਕਰਨ ਵਾਲੇ ਇਸ ਕਦਮ ਨੂੰ ਸਲਾਘਾਯੋਗ ਉੱਦਮ ਦੱਸਦਿਆਂ ਮੁਬਾਰਕਬਾਦ ਦਿੱਤੀ। ਸੁਖਜੀਤ ਨੇ ਕਵਿਤਾ ਪੇਸ਼ ਕਰਨ ਵਾਲੇ ਲੇਖਕਾਂ ਦੀ ਸ਼ਲਾਘਾ ਕੀਤੀ ਅਤੇ ਚੰਗਾ ਲਿਖਣ ਲਈ ਚੰਗਾ ਸਾਹਿਤ ਪੜ੍ਹਨ ਅਤੇ ਲਿਖਣ ਕਲਾ ਦੇ ਨੁਕਤੇ ਸਿੱਖਣ ਲਈ ਵੀ ਪ੍ਰੇਰਿਤ ਕੀਤਾ।

# ਪਾਠਕਾਂ ਦੇ ਝਰੋਖੇ 'ਚੋਂ

## ਮੁਲਾਕਾਤ

21 ਮਈ ਦੇ ਨਵਾਂ ਜ਼ਮਾਨਾ ਵਿਚ ਸ਼ਾਇਰ ਗੁਰਦੇਵ ਚੌਹਾਨ ਨਾਲ ਕਵੀ ਮਲਵਿੰਦਰ ਦੀ ਸਾਹਿਤਕ ਮੁਲਾਕਾਤ ਪੜ੍ਹ ਕੇ ਗੁਰਦੇਵ ਚੌਹਾਨ ਦੀਆਂ ਸਾਹਿਤਕ ਗਤੀਵਿਧੀਆਂ ਤੇ ਕਵਿਤਾ ਦੀ ਪ੍ਰੀਭਾਸ਼ਾ ਬਾਰੇ ਚੌਹਾਨ ਦਾ ਕਾਵਿਕ ਨਜ਼ਰੀਏ ਦੀ ਦਿਲਚਸਪ ਜਾਣਕਾਰੀ ਮਿਲੀ। ਚੌਹਾਨ ਕੋਲ ਦੁਨੀਆ ਦਾ ਵਿਸ਼ਾਲ ਗਿਆਨ ਹੈ, ਇਸ ਲਈ ਉਸ ਦੀ ਕਵਿਤਾ ਦਾ ਦਾਇਰਾ ਵੀ ਅਸੀਮ ਹੈ। ਉਸ ਦੀ ਕਵਿਤਾ ਬਾਰੇ ਪਹੁੰਚ ਵੀ ਅੰਤਰਰਾਸ਼ਟਰੀ ਪੱਧਰ ਦੀ ਹੈ। ਅਜਿਹਾ ਸੁਭਾਵਿਕ ਵੀ ਹੈ, ਕਿਉਂਕਿ ਪੰਜਾਬੀ ਇਸ ਵੇਲੇ ਕੌਮਾਂਤਰੀ ਦੇਸ਼ਾਂ ਵਿਚ ਬੈਠੇ ਹਨ। ਪੰਜਾਬੀ ਦਾ ਦਾਇਰਾ ਵੀ ਪੰਜਾਬ ਤੋਂ ਬਾਹਰ ਦੇਸ਼ਾਂ-ਵਿਦੇਸ਼ਾਂ ਤੱਕ ਹੈ। ਪਰਵਾਸੀ ਸਾਹਿਤ ਬਾਰੇ ਗੁਰਦੇਵ ਚੌਹਾਨ ਦੇ ਵਿਚਾਰ ਸਾਫ, ਸਪੱਸ਼ਟ ਤੇ ਪਾਰਦਰਸ਼ੀ ਹਨ। ਜਿਹੜੇ ਪਰਵਾਸੀ ਸਾਹਿਤਕਾਰਾਂ ਦੇ ਹਵਾਲੇ ਦਿੱਤੇ ਹਨ, ਉਹ ਇਧਰ ਪੰਜਾਬ ਵਿਚ ਆਮ ਪੜ੍ਹੇ ਜਾਂਦੇ ਹਨ। ਪਰਵਾਸੀ ਸਾਹਿਤਕਾਰਾਂ ਦੀ ਆਪੋ-ਆਪਣੀ ਪਛਾਣ ਹੈ। ਕਵਿਤਾ ਤੇ ਕਹਾਣੀ ਵਿਚ ਪਰਵਾਸੀ ਸਾਹਿਤਕਾਰਾਂ ਨੇ ਬਹੁਤ ਮੱਲਾਂ ਮਾਰੀਆਂ ਹਨ। ਨਾਵਲਕਾਰੀ ਵਿਚ ਪਰਵਾਸੀ ਨਾਵਲਕਾਰਾਂ ਦੀ ਬਹੁਤ ਵੱਡੀ ਪ੍ਰਾਪਤੀ ਹੈ। ਖੁੱਲ੍ਹੀ ਕਵਿਤਾ ਹੁਣ ਸਾਡੇ ਸ਼ਾਇਰ ਰਚਦੇ ਹਨ, ਪਰ ਖੁੱਲ੍ਹੀ ਕਵਿਤਾ ਦੇ ਅਰਥਾਂ ਵੱਲ ਜਾਈਏ ਤਾਂ ਚੁੱਪ ਹੀ ਭਲੀ ਹੈ। ਖੁੱਲ੍ਹੀ ਕਵਿਤਾ ਦੇ ਅਰਥ ਕਵੀ ਤੇ ਪਾਠਕ ਲਈ ਵੱਖੋ-ਵੱਖਰੇ ਹੁੰਦੇ ਹਨ। ਕਹਿਣ ਨੂੰ ਤਾਂ ਸਾਡੇ ਕਈ ਵਿਦਵਾਨ ਖੁੱਲ੍ਹੀ ਕਵਿਤਾ ਨੂੰ ਬੌਧਿਕ ਪੱਧਰ ਦੀ ਕਹਿ ਕੇ ਸੰਤੁਸ਼ਟ ਹੋ ਜਾਂਦੇ ਹਨ। ਕੋਈ ਵੇਲਾ ਸੀ ਜਦੋਂ ਸਾਡੇ ਕੋਲ ਸਟੇਜੀ ਕਵਿਤਾ ਹੁੰਦੀ ਸੀ। ਦੀਪਕ ਜੈਤੋਈ, ਸੰਪੂਰਨ ਸਿੰਘ ਝੱਲਾ, ਡਾ. ਰਣਧੀਰ ਸਿੰਘ ਚੰਦ, ਕ੍ਰਿਸ਼ਨ ਲਾਲ ਅਨਪੜ੍ਹ, ਪ੍ਰੇਮ ਅਬੋਹਰਵੀ ਜਿਹੇ ਸ਼ਾਇਰਾਂ ਦੀ ਤੂਤੀ ਬੋਲਦੀ ਸੀ। ਸੰਪਾਦਕ ਦੇ ਤੌਰ 'ਤੇ ਵੀ ਗੁਰਦੇਵ ਸਿੰਘ ਚੌਹਾਨ ਨੇ ਪੰਜਾਬੀ ਦਾ ਝੰਡਾ ਵਿਦੇਸ਼ਾਂ ਵਿਚ ਬੁਲੰਦ ਕੀਤਾ ਹੈ। ਨਿੰਦਰ ਘੁਗਿਆਣਵੀ ਨੇ ਇਸ ਦਿਨ ਦੀ ਡਾਇਰੀ ਵਿੱਚ ਬਚਪਨ ਵਿਚ ਖੇਤਾਂ ਦੀ ਸੈਰ ਕੀਤੀ ਹੈ। ਖੇਤਾਂ ਵਿੱਚ ਕੁਦਰਤ ਨਾਲ ਸਾਂਝ ਪੈਂਦੀ ਹੈ। ਇਹ ਸਾਂਝ ਹੀ ਸਿਰਜਨਾ ਦਾ ਅਧਾਰ ਬਣਦੀ ਹੈ। ਡਾ. ਨਵਸ਼ਰਨ ਕੌਰ ਦੀ ਨਿਧੜਕ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ। ਡਾ. ਕੁਲਦੀਪ ਸਿੰਘ ਦੀਪ ਨੇ ਸੱਚ ਦੀ ਸਾਰਥਕਤਾ ਦਾ ਜ਼ਿਕਰ ਕੀਤਾ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਨੇ ਸ਼ਬਦਾਂ ਦੀ ਸਾਂਝ ਦਾ ਜ਼ਿਕਰ ਕੀਤਾ ਹੈ। ਬਿਨਾਂ ਸ਼ੱਕ ਡਾ. ਦੀਪਤੀ ਦੀ ਮੌਲਿਕ ਸਿਰਜਨਾ ਤੇ ਅਨੁਵਾਦ ਦਾ ਕੰਮ ਫਖਰਯੋਗ ਹੈ। ਮਿੰਨੀ ਕਹਾਣੀ ਤੋਂ ਤੁਰਦਾ ਡਾ. ਦੀਪਤੀ ਦਾ ਸ਼ਬਦਾਂ ਦਾ ਇਹ ਸਫਰ ਹੁਣ ਬਹੁਦਿਸ਼ਾਵੀ ਹੋ ਚੁੱਕਾ ਹੈ। ਕਾਲਮਨਵੀਸੀ ਤੇ ਪੱਤਰਕਾਰੀ ਦਾ ਝੁਕਾਅ ਹੈ, ਜਿਸ ਦਾ ਭਰਵਾਂ ਹੁੰਗਾਰਾ ਨਵਾਂ ਜ਼ਮਾਨਾ ਦੇ ਲੱਖਾਂ ਪਾਠਕਾਂ ਵੱਲੋਂ ਦਿੱਤਾ ਜਾ ਰਿਹਾ ਹੈ। ਕਾਲਮ ਛਪਣ ਦੀ ਉਡੀਕ ਸਭ ਤੋਂ ਵੱਡੀ ਪ੍ਰਾਪਤੀ ਹੈ ਡਾ. ਦੀਪਤੀ ਦੀ। ਦੂਸਰਾ ਸਰਲ ਬਿਰਤਾਂਤ ਪਾਠਕ ਨੂੰ ਕੀਲ ਕੇ ਰੱਖ ਦਿੰਦਾ ਹੈ। ਸਰਗਰਮੀਆਂ ਵਿਚ ਪੰਜਾਬੀ ਸਾਹਿਤ ਅਕਾਦਮੀ ਨੇ ਪੰਜ ਵੱਡੇ ਸਾਹਿਤਕਾਰਾਂ ਨੂੰ ਫੈਲੋਸ਼ਿਪ ਦੇਣ ਦੀ ਬਹੁਤ ਖੁਸ਼ੀ ਹੈ। ਏਕਮ ਸਾਹਿਤ ਮੰਚ ਦਾ ਪੁਰਸਕਾਰ ਸਮਾਗਮ, ਉਮਰ ਲੰਘਦੀ ਗਈ ਦੀ ਚਰਚਾ ਮਲਵਿੰਦਰ ਸ਼ਾਇਰ ਨਾਲ ਰੂਬਰੂ ਆਦਿ ਰਿਪੋਰਟਾਂ ਪੜ੍ਹ ਕੇ ਸਾਹਿਤਕ ਪੰਜਾਬ ਦੇ ਦੀਦਾਰ ਹੋਏ। ਬਲਵਿੰਦਰ ਗਿੱਲ ਦੀ ਕਿਤਾਬ ਉਸ ਦਾ ਕਣ ਕਣ ਦੇ ਵਿਚ ਵਾਸਾ ਬਾਰੇ ਸਟੀਕ ਵਿਚਾਰ ਡਾ. ਹਰਿੰਦਰ ਸਿੰਘ ਤੁੜ ਨੇ ਲਿਖੇ ਹਨ। ਨਿਰੰਜਨ ਬੋਹਾ ਨੇ ਆਖਰੀ 'ਮੁਸਕਾਨ' ਕਿਤਾਬ ਦੀਆਂ ਕਹਾਣੀਆਂ ਦੀ ਸਾਰਥਿਕ ਚਰਚਾ ਕੀਤੀ ਹੈ, ਬਹੁਤ ਚੰਗਾ ਲੱਗਾ।

**— ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਦੇਸ਼ ਭਗਤ ਗਿਆਨੀ ਊਧਮ ਸਿੰਘ ਖੰਨਿਆਣ (ਧਮੋਟ) : ਡਾ. ਗੁਰਦੇਵ ਸਿੰਘ ਸਿੱਧੂ**

**ਗਣੇਸ਼ ਨਰਾਇਣ ਦੇਵੀ ਨਾਲ ਮੁਲਾਕਾਤ-2 : ਸ਼ਾਹਿਦ ਤਾਂਤਰੇ**

**'ਕਵਿਤਾ ਵਰਗੀਆਂ ਧੀਆਂ' ਦੀ ਪਰਖ ਪੜਚੋਲ : ਡਾ. ਸਰਦੂਲ ਸਿੰਘ ਔਜਲਾ**

**ਡਾ. ਗੁਰਸੇਵਕ ਲੰਬੀ ਦੀਆਂ ਕਵਿਤਾਵਾਂ ਅਤੇ ਹੋਰ ਬਹੁਤ ਕੁਝ**

# ਸਮਕਾਲ

## ਗੁਫਤਗੂ : ਮਈ-ਅਗਸਤ 2023




ਇਸ ਪਰਚੇ ਦਾ ਇਹ ਵਿਸ਼ੇਸ਼ ਅੰਕ ਚੇਤਨਾ ਅਤੇ ਸੰਘਰਸ਼ ਭਰੀਆਂ ਜ਼ਿੰਦਗੀਆਂ ਨਾਂਅ ਦੇ ਉਪ ਸਿਰਲੇਖ ਹੇਠ ਗਿਆਰ੍ਹਵਾਂ ਅਹਿਦ ਹੈ। 'ਬੁੱਲੇ ਸ਼ਾਹ ਦੀ ਜਾਤ ਅਵੱਲੀ' ਸੰਪਾਦਕੀ ਵਿੱਚ ਸੁਨੇਹੇ ਭੇਜਣ ਦੇ ਬਦਲਦੇ ਅਤੇ ਬਦਲ ਰਹੇ ਮਾਧਿਅਮਾਂ ਦਾ ਵੇਰਵਾ ਪੇਸ਼ ਹੈ। ਮੱਧ ਯੁੱਗ ਦੇ ਮਹਾਨ ਸ਼ਾਇਰ, ਚਿੰਤਕ, ਵਿਦਰੋਹੀ ਅਤੇ ਸਜੱਗ ਸਤਿਗੁਰੂ ਕਬੀਰ ਨੂੰ ਆਪ ਹੀ ਸਵਾਲ ਕਰਕੇ ਆਪ ਹੀ ਕਬੀਰ ਦੀ ਵਿਚਾਰਧਾਰਾ ਅਨੁਸਾਰ ਜਵਾਬ ਚੰਗੀ ਦਿਲਚਸਪੀ ਪੈਦਾ ਕਰਦੇ ਹਨ। ਅਲਬਰਟ ਆਈਨਸਟਾਇਨ, ਟੈਗੋਰ, ਸੁਖਬੀਰ, ਭਗਤ ਪੂਰਨ ਸਿੰਘ, ਪ੍ਰੇਮ ਚੰਦ, ਮੰਟੋ, ਖਲੀਬ ਜਿਬਰਾਨ, ਇਕਬਾਲ ਨੂੰ ਸਮਕਾਲੀਆਂ ਵੱਲੋਂ ਭੇਜੇ ਸੁਨੇਹੇ ਖਤ ਹਾਜ਼ਰ ਹਨ, ਜਿਨ੍ਹਾਂ ਨਾਲ ਸੰਬੰਧਤ ਵਿਅਕਤੀਆਂ ਦੀ ਸ਼ਖਸੀਅਤ ਨਿਖਰ ਕੇ ਸਾਹਮਣੇ ਆਉਂਦੀ ਹੈ। ਸਾਹਿਤ ਭਾਗ 'ਚ ਬ੍ਰਤੋਲਤ ਬ੍ਰੈਖਤ, ਰਮਾਸ਼ੰਕਰ ਯਾਦਵ ਵਿਦਰੋਹੀ ਦੀਆਂ ਕਵਿਤਾਵਾਂ, ਕਲਪਨਾ ਭੱਟ, ਭਾਰਤੀ ਕੁਮਾਰੀ, ਰਸ਼ੀਦ ਗੌਰੀ, ਯੋਗਰਾਜ ਪ੍ਰਭਾਕਰ, ਜਗਦੀਸ਼ ਰਾਏ ਕੁਲਰੀਆ ਅਤੇ ਹੋਰਨਾਂ ਦੀਆਂ ਮਿੰਨੀ ਕਹਾਣੀਆਂ ਹਨ। ਸੀਮਾ ਜੈਨ ਦੀ ਉਪ ਸੰਪਾਦਕੀ ਵੀ ਦਿਲਚਸਪ ਹੈ।

ਪੰਨੇ : 66, ਮੁੱਲ : 50 ਰੁਪਏ, ਸੰਪਾਦਕ : ਡਾ. ਸ਼ਿਆਮ ਸੁੰਦਰ ਦੀਪਤੀ, ਸੰਪਰਕ : 97, ਗੁਰੂ ਨਾਨਕ ਐਵੇਨਿਊ, ਮਜੀਠਾ ਰੋਡ, ਅੰਮ੍ਰਿਤਸਰ-143001 (ਮੋ:) 98158-08506

## ਸਮਾਂਤਰ ਨਜ਼ਰੀਆ : ਅਪ੍ਰੈਲ-ਜੂਨ 2023




ਇਸ ਤ੍ਰੈਮਾਸਿਕ ਦੇ ਇਸ ਅੰਕ ਵਿੱਚ ਸੰਪਾਦਕੀ ਸਾਹਿਤ ਦੇ ਵਿਭਿੰਨ ਰੂਪਾਂ ਦਾ ਸੰਕੇਤਕ ਜ਼ਿਕਰ ਕਰਦੀ ਹੈ। ਨਾਲ ਹੀ ਰੂਸ-ਯੂਕਰੇਨ ਜੰਗ ਅਤੇ ਨਾਟੋ ਦੀ ਭੂਮਿਕਾ ਬਾਰੇ ਵੀ, ਪਰਚੇ ਦੀ ਸ਼ੁਰੂਆਤ ਸਾਡੇ ਸਮਿਆਂ ਦੇ ਸਮਰੱਥ ਗਜ਼ਲਗੋ ਅਤੇ ਬੇਬਾਕ ਚਿੰਤਕ ਜਗਵਿੰਦਰ ਜੋਧਾ ਦੀਆਂ ਚਾਰ ਗਜ਼ਲਾਂ ਨਾਲ ਹੁੰਦੀ ਹੈ। ਰਣਜੀਤ ਸਿੰਘ ਧੂਰੀ, ਜ਼ੋਰਾਵਰ ਸਿੰਘ ਪੰਛੀ, ਮਾਲਵਿੰਦਰ ਸ਼ਾਇਰ, ਜਗਜੀਤ ਕੌਰ ਢਿੱਲਵਾਂ, ਕੇਸਰ ਕਰਮਜੀਤ, ਰਾਮਪਾਲ ਸ਼ਾਹਪੁਰੀ ਅਤੇ ਹੋਰ ਸ਼ਾਇਰਾਂ ਦੇ ਕਾਵਿ ਰੰਗ ਸ਼ਾਮਲ ਹੋਏ ਹਨ। ਕਹਾਣੀਆਂ ਵਿੱਚ ਸੁਖਵਿੰਦਰ ਸੇਖੋਂ (ਕੋਈ ਹੋਰ ਰਸਤਾ), ਰਵਿੰਦਰ ਰੁਪਾਲ ਕੌਲਗੜ੍ਹ (ਮਨ ਦਾ ਸਿੱਕਾ), ਬਾਰਿਸ ਭਾਨ ਘਲੋਟੀ (ਮੁਸ਼ੱਕਤ), ਬਿੰਦਰ ਸਿੰਘ ਖੁੱਡੀ ਕਲਾਂ (ਕਸੂਰਵਾਰ), ਅਮਨ ਸੇਖਾ (ਬੁਝੜ) ਸ਼ਾਮਲ ਹਨ। ਯਾਦਵਿੰਦਰ ਸਿੰਘ ਤਪਾ ਦੀਆਂ ਯਾਦਾਂ, ਭੋਲਾ ਸਿੰਘ ਸੰਘੇੜਾ ਦੀ ਸਿਰਜਣ ਪ੍ਰਕਿਰਿਆ ਅਤੇ ਕੁਝ ਹੋਰ ਪੜਚੋਲ ਆਦਿ ਵੀ ਇਸ ਅੰਕ ਦਾ ਹਿੱਸਾ ਹੈ। ਪ੍ਰਸਿੱਧ ਸਿੱਖਿਆ ਸ਼ਾਸਤਰੀ ਅਤੇ ਚਿੰਤਕ-ਅਧਿਆਪਕ ਡਾ. ਰਵਿੰਦਰ ਰਵੀ ਦੀ ਤਸਵੀਰ ਬੈਕ ਪੰਨੇ 'ਤੇ ਲਗਾ ਕੇ ਉਨ੍ਹਾ ਨੂੰ ਯਾਦ ਕਰਨ ਦਾ ਵਧੀਆ ਉਪਰਾਲਾ ਹੈ।

ਪੰਨੇ : 98, ਮੁੱਲ : 70 ਰੁਪਏ, ਸੰਪਾਦਕ : ਡਾ. ਗੁਲਜ਼ਾਰ ਸਿੰਘ ਪੰਧੇਰ, ਸੰਪਰਕ : 148 ਐੱਫ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ-141013 (ਮੋ:) 70099-66188

## ਛਿਣ : ਅਪ੍ਰੈਲ-ਜੂਨ 2023

ਪੰਜਾਬੀ ਮਿੰਨੀ ਕਹਾਣੀ ਨੂੰ ਸਮਰਪਿਤ ਇਸ ਤ੍ਰੈਮਾਸਿਕ ਦੇ ਇਸ ਸੱਜਰੇ ਅੰਕ ਦੀ ਸੰਪਾਦਕੀ ਪੰਜਾਬ ਵਿੱਚ ਸਰਕਾਰੀ ਭਾਸ਼ਾ ਬਣਨ ਉਪਰੰਤ ਪੰਜਾਬੀ ਭਾਸ਼ਾ ਦੀ ਸਥਿਤੀ ਅਤੇ ਇਸ ਦੀ ਦਸ਼ਾ ਬਾਰੇ ਸੰਕੇਤ ਹਨ। ਮਰਹੂਮ ਰਜਿੰਦਰ ਕੌਰ ਵੰਤਾ ਦੀਆਂ ਚਾਰ ਮਿੰਨੀ ਕਹਾਣੀਆਂ ਅਤੇ ਨਿਰੰਜਣ ਬੋਹਾ ਵੱਲੋਂ ਉਹਨਾ ਦੀਆਂ ਕਹਾਣੀਆਂ ਬਾਰੇ ਟਿੱਪਣੀ, 'ਚੰਗਾ ਹੋਇਆ' ਮਿੰਨੀ ਕਹਾਣੀ ਅਤੇ ਉਸ ਦਾ ਵਿਸ਼ਲੇਸ਼ਣ, ਡਾ. ਅਮਰ ਕੋਮਲ ਵੱਲੋਂ ਅਮਰਜੀਤ ਕੌਂਕੇ, ਤ੍ਰਿਪਤ ਭੱਟੀ, ਸ਼ਿਆਮ ਸੁੰਦਰ ਅਗਰਵਾਸ, ਡਾ. ਅਮਰ ਕੋਮਲ, ਡਾ. ਕਰਮਜੀਤ ਸਿੰਘ ਨਡਾਲਾ, ਜਗਦੀਸ਼ ਰਾਏ ਕੁਲਰੀਆਂ, ਮੋਹਨ ਸ਼ਰਮਾ ਅਤੇ ਹੋਰਨਾਂ ਦੀਆਂ ਤਾਜ਼ਾ ਮਿੰਨੀ ਕਹਾਣੀਆਂ ਸ਼ਾਮਲ ਹਨ। ਕੁਝ ਪੁਸਤਕਾਂ ਦੇ ਰੀਵਿਊ ਵੀ ਹਨ।

ਪੰਨੇ : 38, ਮੁੱਲ : 15 ਰੁਪਏ, ਮੁੱਖ ਸੰਪਾਦਕ : ਤ੍ਰਿਪਤ ਭੱਟੀ, ਸੰਪਰਕ : ਦਵਿੰਦਰ ਪਟਿਆਲਵੀ, 70-71 ਸੀ, ਬਲਾਕ, ਰਤਨ ਨਗਰ, ਪਟਿਆਲਾ (ਮੋ:) 62839-76369

## ਲੋਹਮਣੀ : ਅਪ੍ਰੈਲ-ਜੂਨ 2023




ਇਸ ਅੰਕ ਦੀ ਸੰਪਾਦਕੀ ਵਿੱਚ ਸਾਂਝੇ ਪੰਜਾਬ ਅਤੇ ਚੜ੍ਹਦੇ/ ਲਹਿੰਦੇ ਪੰਜਾਬ ਵਿਚਲੀਆਂ ਵੱਖੋ-ਵੱਖ ਸੰਘਰਸ਼ਸ਼ੀਲ ਲਹਿਰਾਂ ਬਾਰੇ ਜ਼ਿਕਰ ਹੈ। ਪ੍ਰੋ. ਗੁਰਭਗਤ ਸਿੰਘ ਦਾ ਲੇਖ 'ਪੰਜਾਬੀਅਤ' ਭਾਵੇਂ ਪਹਿਲੀ ਵਾਰ ਨਹੀਂ ਛਪਿਆ, ਪਰ ਇਸ ਲੇਖ ਦਾ ਪ੍ਰਭਾਵ ਸਮਿਆਂ ਤੋਂ ਪਾਰ ਹੈ। ਸਿਰੀ ਰਾਮ ਅਰਸ਼ ਵੱਲੋਂ ਗੁਰੂ ਰਵਿਦਾਸ ਬਾਣੀ ਵਿਚਲੀ ਸਮਾਜਕ ਏਕਤਾ ਦੇ ਸੰਕਲਪ ਬਾਰੇ ਗੱਲ ਹੋਈ ਹੈ। ਡਾ. ਗੁਰਚਰਨ ਸਿੰਘ ਮਹਿਤਾ ਦਾ ਵੀ ਪੰਜਾਬੀਅਤ ਬਾਰੇ ਇੱਕ ਲੇਖ ਹੈ। ਲਾਲੀ ਚੌਧਰੀ, ਜੱਗੀ ਬਰਾੜ ਸਮਾਲਸਰ, ਵਿਵੇਕ, ਮੁਹੰਮਦ ਇਮਤਿਆਜ਼, ਬਲਦੇਵ ਸਿੰਘ ਸੜਕਨਾਮਾ, ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ, ਸੁਖਪਾਲ, ਅਮਰਜੀਤ ਕੌਂਕੇ, ਹਾਕਮ ਸਿੰਘ ਭੁੱਲਰ, ਜਗਤਾਰ ਬੈਂਸ ਤੇ ਗੁਰਮੀਤ ਕੱਲਰ ਮਾਜਰੀ ਅਤੇ ਕਈ ਹੋਰ ਸ਼ਾਇਰਾਂ ਦੇ ਕਾਵਿ ਰੰਗ ਵੀ ਪੇਸ਼ ਹਨ।

ਪੰਨੇ : 72, ਮੁੱਲ : 30 ਰੁਪਏ, ਸਹਿ-ਸੰਪਾਦਕ : ਡਾ. ਸੁਰਜੀਤ ਬਰਾੜ, ਸੰਪਰਕ : ਪਿੰਡ ਤੇ ਡਾਕਘਰ : ਘੋਲੀਆਂ ਕਲਾਂ, ਮੋਗਾ (ਮੋ:) 98553-71313

## ਪੰਖੜੀਆਂ : ਮਈ 2023




ਬਾਲ ਮਨਾਂ ਨੂੰ ਸਾਹਮਣੇ ਰੱਖ ਕੇ ਤਿਆਰ ਕੀਤਾ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਇਹ ਮਾਸਿਕ ਪੱਤਰ ਆਪਣੀ ਸੰਪਾਦਕੀ ਵਿੱਚ ਮਈ ਦਿਵਸ ਬਾਰੇ ਬੱਚਿਆਂ ਲਈ ਭਰਪੂਰ ਜਾਣਕਾਰੀ ਲੈ ਕੇ ਆਇਆ ਹੈ। ਗੁਰਚਰਨ ਸਿੰਘ ਨੂਰਪੁਰੀ ਮਨੁੱਖ ਨੂੰ ਕੁਦਰਤੀ ਨਿਆਮਤਾਂ ਨਾਲ ਜੁੜ ਕੇ ਜ਼ਿੰਦਗੀ ਮਾਨਣ ਦੀ ਹਦਾਇਤ ਕਰਦਾ ਹੈ। ਪੰਜਾਬ ਦਾ ਲੋਕ ਸੰਗੀਤ, ਕਵਿਤਾ, ਕਹਾਣੀਆਂ, ਭਾਸ਼ਾ ਦਾ ਗਿਆਨ, ਔਰਤ ਦੀ ਦਸ਼ਾ ਦੇ ਦਿਸ਼ਾ ਅਤੇ ਹੋਰ ਬਹੁਤ ਸਾਰੀ ਜਾਣਕਾਰੀ ਲੈ ਕੇ ਆਇਆ ਹੈ ਇਹ ਅੰਕ।

ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਦਰਸ਼ਨ ਸਿੰਘ ਬਨੂੜ, ਸੰਪਰਕ : ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062, ਫੋਨ : 0172-5227395

***- ਹਰਜਿੰਦਰ ਅਟਵਾਲ (ਡਾ.)***

28-MAY-PAGE-1.qxd 5/27/2023 10:52 PM Page 1


ਐਤਵਾਰ, 28 ਮਈ, 2023

14 ਜੇਠ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 71

ਅੰਕ/NO. : 357

# ਨਵਾਂ ਜ਼ਮਾਨਾ

DAILY NAWAN ZAMANA • SUNDAY, 28 MAY, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14


# ਐਮਰਜੈਂਸੀ ਤੋਂ ਵੀ ਮਾੜੇ ਹਾਲਾਤ

## ਕੇਂਦਰ ਆਰਡੀਨੈਂਸ ਵਾਪਸ ਲਵੇ, ਕੇਜਰੀਵਾਲ ਨੂੰ ਮਿਲਿਆ ਕੇ ਸੀ ਆਰ ਦਾ ਸਾਥ

**ਨਵੀਂ ਦਿੱਲੀ** : ਕੇਂਦਰ ਦੇ ਆਰਡੀਨੈਂਸ ਖਿਲਾਫ ਆਮ ਆਦਮੀ ਪਾਰਟੀ ਦੇਸ਼ ਭਰ ਦੇ ਵਿਰੋਧੀ ਦਲਾਂ ਨੂੰ ਇੱਕ ਮੰਚ 'ਤੇ ਲਿਆਉਣ ਦੀ ਕਵਾਇਦ 'ਚ ਲੱਗੀ ਹੈ। ਇਸ ਸਿਲਸਿਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਰੋਧੀ ਨੇਤਾਵਾਂ ਨਾਲ ਮੁਲਾਕਾਤ ਕਰ ਰਹੇ ਹਨ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਹੈਦਰਾਬਾਦ 'ਚ ਤੇਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨਾਲ ਮੁਲਾਕਾਤ ਕੀਤੀ। ਕੇਜਰੀਵਾਲ ਨੇ ਕੇਂਦਰ ਸਰਕਾਰ ਦੇ ਆਰਡੀਨੈਂਸ ਖਿਲਾਫ਼ ਰਾਜ ਸਭਾ 'ਚ ਵੋਟਿੰਗ ਕਰਨ ਦੀ ਮੰਗ ਕੀਤੀ। ਉਨ੍ਹਾ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਆਪ ਸਾਂਸਦ ਸੰਜੈ ਸਿੰਘ ਅਤੇ ਆਪ ਸਾਂਸਦ ਰਾਘਵ ਚੱਢਾ ਵੀ ਮੀਟਿੰਗ 'ਚ ਮੌਜੂਦ ਸਨ।



ਮੀਟਿੰਗ ਤੋਂ ਬਾਅਦ ਕੇਜਰੀਵਾਲ ਨੇ ਕਿਹਾ ਕਿ ਤੇਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨੇ ਆਮ ਆਦਮੀ ਪਾਰਟੀ ਦਾ ਸਮਰਥਨ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾ ਦਾ ਕਹਿਣਾ ਹੈ ਕਿ ਉਹ ਦਿੱਲੀ ਦੇ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਆਪ ਦੇ ਨਾਲ ਹਨ। ਕੇਂਦਰ ਸਰਕਾਰ ਵੱਲੋਂ ਪਾਸ ਆਰਡੀਨੈਂਸ ਦੇਸ਼ ਦੇ ਜਨਤੰਤਰ ਅਤੇ ਸੰਵਿਧਾਨ ਖਿਲਾਫ਼ ਹੈ। ਇਸ ਮੌਕੇ ਕੇ ਸੀ ਆਰ ਨੇ ਵੀ ਕੇਂਦਰ ਸਰਕਾਰ 'ਤੇ ਜ਼ੋਰਦਾਰ ਹਮਲਾ ਕੀਤਾ।

ਕੇ ਚੰਦਰਸ਼ੇਖਰ ਰਾਓ ਨੇ ਕਿਹਾ—ਅਸੀਂ ਪ੍ਰਧਾਨ ਮੰਤਰੀ ਤੋਂ ਮੰਗ ਕਰਦੇ ਹਾਂ ਕਿ ਉਹ ਆਰਡੀਨੈਂਸ ਵਾਪਸ ਲੈਣ, ਨਹੀਂ ਤਾਂ ਅਸੀਂ ਸਾਰੇ ਕੇਜਰੀਵਾਲ ਦਾ ਸਮਰਥਨ ਕਰਾਂਗੇ। ਅਸੀਂ ਉਨ੍ਹਾ ਦੇ ਨਾਲ ਖੜੇ ਰਹਾਂਗੇ। ਅਸੀਂ ਆਰਡੀਨੈਂਸ ਨੂੰ ਨਾਕਾਮ ਕਰਨ ਲਈ ਲੋਕ ਸਭਾ ਅਤੇ ਰਾਜ ਸਭਾ 'ਚ ਆਪਣੀ ਤਾਕਤ ਲਾ ਦਿਆਂਗੇ। ਕੇ ਸੀ ਆਰ ਨੇ ਕਿਹਾ ਕਿ ਕੇਂਦਰ ਸਰਕਾਰ ਦਿੱਲੀ ਸਰਕਾਰ ਨੂੰ ਕੰਮ ਕਰਨ ਦੇਵੇ। ਇਹ ਆਰਡੀਨੈਂਸ ਨਾ ਤਾਂ ਮੋਦੀ ਲਈ ਚੰਗਾ ਹੈ, ਨਾ ਹੀ ਲੋਕਤੰਤਰ ਲਈ। ਮੌਜੂਦਾ ਸਮਾਂ ਐਮਰਜੈਂਸੀ ਤੋਂ ਵੀ ਬਦਤਰ ਹੈ। ਤੁਸੀਂ ਲੋਕਾਂ ਵੱਲੋਂ ਚੁਣੀ ਸਰਕਾਰ ਨੂੰ ਕੰਮ ਨਹੀਂ ਕਰਨ ਦੇ ਰਹੇ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਦਿੱਲੀ ਸਰਕਾਰ ਇਲੈਕਟਿਡ ਹੈ, ਜਦਕਿ ਐੱਲ ਜੀ ਸਿਲੈਕਟਿਡ। ਲੋਕਤੰਤਰ 'ਚ ਚੁਣੀਆਂ ਹੋਈਆਂ ਸਰਕਾਰਾਂ ਫੈਸਲੇ ਲੈਂਦੀਆ ਹਨ। ਪੰਜਾਬ 'ਚ ਰਾਜਪਾਲ ਨੇ ਬਜਟ ਸੈਸ਼ਨ ਦੀ ਇਜਾਜ਼ਤ ਨਹੀਂ ਦਿੱਤੀ ਸੀ, ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਅਦ ਬਜਟ ਸੈਸ਼ਨ ਸ਼ੁਰੂ ਹੋਇਆ ਸੀ। ਇਸ ਤੋਂ ਪਹਿਲਾਂ ਕੇਜਰੀਵਾਲ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਮਹਾਰਸ਼ਟਰ 'ਚ ਸ਼ਿਵ ਸੈਨਾ ਯੂ ਬੀ ਟੀ ਦੇ ਨੇਤਾ ਊਧਵ ਠਾਕਰੇ, ਰਾਕਾਂਪਾ ਨੇਤਾ ਸ਼ਰਦ ਪਵਾਰ ਨਾਲ ਮੁਲਾਕਾਤ ਕੀਤੀ ਸੀ। ਪਵਾਰ ਨਾਲ ਮੁਲਾਕਾਤ ਤੋਂ ਬਾਅਦ ਮੁੱਖ ਮੰਤਰੀ ਕੇਜਰੀਵਾਲ ਨੇ ਕਿਹਾ ਸੀ ਕਿ ਸ਼ਰਦ ਪਵਾਰ ਨੇ ਉਨ੍ਹਾ ਨੂੰ ਭਰੋਸਾ ਦਿੱਤਾ ਹੈ ਕਿ ਜਦ ਕੇਂਦਰ ਦਾ ਆਰਡੀਨੈਂਸ ਰਾਜ ਸਭਾ 'ਚ ਆਵੇਗਾ ਤਾਂ ਇਸ ਬਿੱਲ ਨੂੰ ਉਹ ਪਾਸ ਨਹੀਂ ਹੋਣ ਦੇਣਗੇ। ਇਹ ਦਿੱਲੀ ਦੀ ਲੜਾਈ ਨਹੀਂ, ਇਹ ਪੂਰੇ ਸੰਘੀ ਢਾਂਚੇ ਦੀ ਲੜਾਈ ਹੈ। ਕੇਜਰੀਵਾਲ ਨੂੰ ਮਮਤਾ ਤੋਂ ਵੀ ਸਮਰਥਨ ਪ੍ਰਾਪਤ ਹੈ। ਮਮਤਾ ਨੇ ਕਿਹਾ ਕਿ ਲੋਕਤੰਤਰ ਬਚਾਉਣ ਲਈ ਉਹ ਅਰਵਿੰਦ ਕੇਜਰੀਵਾਲ ਨਾਲ ਖੜੀ ਹੈ।

## ਨਵੇਂ ਸੰਸਦ ਭਵਨ ਸਾਹਮਣੇ ਭਲਵਾਨਾਂ ਦੇ ਹੱਕ 'ਚ ਮਹਾਂ ਪੰਚਾਇਤ ਅੱਜ

**ਨਵੀਂ ਦਿੱਲੀ** : ਭਾਰਤੀ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਖਿਲਾਫ਼ ਭਲਵਾਨਾਂ ਦਾ ਧਰਨਾ ਜੰਤਰ ਮੰਤਰ 'ਤੇ ਜਾਰੀ ਹੈ। ਸ਼ਨੀਵਾਰ ਮਾਮਲੇ ਦੀ ਸਟੇਟਸ ਰਿਪੋਰਟ ਲੈ ਕੇ ਦਿੱਲੀ ਪੁਲਸ ਰਾਊਜ਼ ਐਵੇਨਿਊ ਕੋਰਟ ਪਹੁੰਚੀ। ਇੱਥੇ ਦਿੱਲੀ ਪੁਲਸ ਨੇ ਦੱਸਿਆ ਕਿ ਪੀੜਤਾ ਦੇ ਧਾਰਾ 164 ਤਹਿਤ ਬਿਆਨ ਦਰਜ ਕੀਤੇ ਗਏ ਹਨ। ਹੁਣ ਮਾਮਲੇ ਦੀ ਸੁਣਵਾਈ 27 ਜੂਨ ਨੂੰ ਹੋਵੇਗੀ।



ਬ੍ਰਿਜ ਭੂਸ਼ਣ ਖਿਲਾਫ਼ ਮਹਿਲਾ ਭਲਵਾਨਾਂ ਦੇ ਸਮਰਥਨ 'ਚ 28 ਮਈ ਨੂੰ ਸੰਸਦ ਭਵਨ ਦੇ ਸਾਹਮਣੇ ਮਹਿਲਾ ਪੰਚਾਇਤ ਹੋਣ ਜਾ ਰਹੀ ਹੈ, ਪਰ ਦਿੱਲੀ ਪੁਲਸ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ, ਇਸ 'ਤੇ ਭਲਵਾਨਾਂ ਨੇ ਕਿਹਾ ਕਿ ਦਿੱਲੀ ਪੁਲਸ ਉਨ੍ਹਾਂ ਨੂੰ ਜਿੱਥੇ ਰੋਕੇਗੀ, ਉਥੇ ਹੀ ਬੈਠ ਕੇ ਮਹਾਂ ਪੰਚਾਇਤ ਕਰਾਂਗੇ।

### ਬ੍ਰਿਜ ਭੂਸ਼ਣ ਨੂੰ ਜੇਲ੍ਹ 'ਚ ਸੁੱਟਣਾ ਚਾਹੀਦੈ : ਰਾਮਦੇਵ



**ਨਵੀਂ ਦਿੱਲੀ** : ਕਈ ਹਫਤਿਆਂ ਤੋਂ ਜੰਤਰ ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਭਲਵਾਨਾਂ ਦੇ ਸਮਰਥਨ 'ਚ ਬਾਬਾ ਰਾਮਦੇਵ ਖੁੱਲ੍ਹ ਕੇ ਸਾਹਮਣੇ ਆਏ ਹਨ। ਰਾਮਦੇਵ ਨੇ ਕਿਹਾ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਜੇਲ੍ਹ 'ਚ ਸੁੱਟਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਦੇ ਲੋਕਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਲਾਖਾਂ ਪਿੱਛੇ ਸੁੱਟਣਾ ਚਾਹੀਦਾ ਹੈ। ਉਹ ਆਏ ਦਿਨ ਮਾਂ, ਭੈਣ, ਬੇਟੀਆਂ ਬਾਰੇ ਫਾਲਤੂ ਗੱਲਾਂ ਕਰਦਾ ਹੈ। ਇਹ ਬਹੁਤ ਨਿੰਦਣਯੋਗ ਹੈ, ਪਾਪ ਹੈ।

ਰਾਜਸਥਾਨ ਦੇ ਭੀਲਵਾੜਾ 'ਚ ਤਿੰਨ ਦਿਨਾ ਯੋਗ ਕੈਂਪ 'ਚ ਬ੍ਰਿਜ ਭੂਸ਼ਣ ਖਿਲਾਫ਼ ਐੱਫ ਆਈ ਦਰਜ ਹੋਣ ਤੋਂ ਬਾਅਦ ਵੀ ਉਸ ਦੀ ਗ੍ਰਿਫ਼ਤਾਰੀ ਨਾ ਹੋਣ ਬਾਰੇ ਪੁੱਛੇ ਜਾਣ 'ਤੇ ਰਾਮਦੇਵ ਨੇ ਕਿਹਾ—ਮੈਂ ਕੇਵਲ ਬਿਆਨ ਦੇ ਸਕਦਾ ਹਾਂ, ਮੈਂ ਉਸ ਨੂੰ ਜੇਲ੍ਹ 'ਚ ਬੰਦ ਨਹੀਂ ਕਰ ਸਕਦਾ।

### ਗਾਜ਼ੀਪੁਰ ਬਾਰਡਰ 'ਤੇ ਟਿਕੈਤ ਵੱਲੋਂ ਪੰਚਾਇਤ ਅੱਜ



**ਨਵੀਂ ਦਿੱਲੀ** : ਭਾਰਤੀ ਕਿਸਾਨ ਯੂਨੀਅਨ ਨੇ ਐਤਵਾਰ ਨੂੰ ਗਾਜ਼ੀਪੁਰ ਬਾਰਡਰ 'ਤੇ ਪੰਚਾਇਤ ਕਰਨ ਦਾ ਫੈਸਲਾ ਕੀਤਾ ਹੈ। ਇਹ ਪੰਚਾਇਤ ਜੰਤਰ ਮੰਤਰ 'ਤੇ ਵਿਰੋਧ ਪ੍ਰਦਰਸ਼ਨ ਕਰ ਰਹੇ ਭਲਵਾਨਾਂ ਦੇ ਸਮਰਥਨ 'ਚ ਹੋਵੇਗੀ। ਐਤਾਵਰ ਨੂੰ ਹੀ ਭਲਵਾਨਾਂ ਨੇ ਸੰਸਦ ਤੱਕ ਮਾਰਚ ਕਰਨ ਦਾ ਵੀ ਐਲਾਨ ਕੀਤਾ ਹੈ। ਭਾਰਤੀ ਕਿਸਾਨ ਯੂਨੀਅਨ ਨੇ ਇਸ ਸੰਬੰਧ 'ਚ ਇੱਕ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਜੰਤਰ ਮੰਤਰ 'ਤੇ ਚੱਲ ਰਹੇ ਦੇਸ਼ ਦੇ ਤਮਗਾ ਵੀਰ ਭਲਵਾਨਾਂ ਦੇ ਸਮਰਥਨ 'ਚ ਵਿਸ਼ਾਲ ਮਹਿਲਾ ਕਿਸਾਨ ਮਹਾਂ ਪੰਚਾਇਤ ਦਾ ਆਯੋਜਨ ਦਿੱਲੀ 'ਚ 28 ਮਈ ਨੂੰ ਹੋ ਰਿਹਾ ਹੈ। ਇਸ ਲਈ ਮੇਰਠ ਮੰਡਲ ਅਤੇ ਸਹਾਰਨਪੁਰ ਮੰਡਲ ਦੀ ਮਹੀਨਵਾਰ ਪੰਚਾਇਤ 28 ਮਈ ਨੂੰ ਦਿੱਲੀ-ਯੂ ਪੀ ਦੇ ਗਾਜ਼ੀਪੁਰ ਬਾਰਡਰ 'ਤੇ ਆਯੋਜਿਤ ਕੀਤੀ ਜਾ ਰਹੀ ਹੈ। ਬੀ ਕੇ ਯੂ ਨੇ ਆਪਣੇ ਇਸ ਪ੍ਰਦਰਸ਼ਨ 'ਚ ਸੰਗਠਨ ਦੇ ਸਾਰੇ ਵਰਕਰਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

## ਨਵੇਂ ਸੰਸਦ ਭਵਨ ਦੀ ਕੀ ਜ਼ਰੂਰਤ, ਬੇਕਾਰ ਹੈ ਉਥੇ ਜਾਣਾ : ਨਿਤਿਸ਼



**ਨਵੀਂ ਦਿੱਲੀ** : ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਕਿਹਾ ਕਿ ਨਵੀਂ ਸੰਸਦ ਦੀ ਕੀ ਜ਼ਰੂਰਤ ਸੀ?

ਪਹਿਲਾਂ ਹੀ ਇਮਾਰਤ ਇਤਿਹਾਸਕ ਸੀ। ਮੈਂ ਵਾਰ-ਵਾਰ ਕਹਿੰਦਾ ਰਿਹਾ ਕਿ ਸੱਤਾ 'ਚ ਬੈਠੇ ਲੋਕ ਇਸ ਦੇਸ਼ ਦੇ ਇਤਿਹਾਸ ਨੂੰ ਬਦਲ ਦੇਣਗੇ। 27 ਮਈ ਸ਼ਨੀਵਾਰ ਦੀ ਨੀਤੀ ਆਯੋਗ ਦੀ ਮੀਟਿੰਗ ਅਤੇ 28 ਮਈ ਐਤਵਾਰ ਨਵੇਂ ਸੰਸਦ ਭਵਨ ਦੇ ਉਦਘਾਟਨ 'ਚ ਸ਼ਾਮਲ ਹੋਣ ਦਾ ਕੋਈ ਮਤਲਬ ਹੀ ਨਹੀਂ ਬਣਦਾ। ਸੱਤਾ 'ਚ ਬੈਠੇ ਲੋਕ ਅਜ਼ਾਦੀ ਦੀ ਲੜਾਈ ਦੇ ਇਤਿਹਾਸ ਨੂੰ ਬਦਲਣ ਦੇਣਗੇ। ਇਸ ਦੌਰਾਨ ਨਵੇਂ ਸੰਸਦ ਭਵਨ ਦੇ ਬਹਾਨੇ ਸੱਤਾ ਅਤੇ ਵਿਰੋਧੀਆਂ 'ਚ ਜੰਮ ਕੇ ਬਿਆਨਬਾਜ਼ੀ ਹੋ ਰਹੀ ਹੈ। ਨਿਤਿਸ਼ ਕੁਮਾਰ ਨੇ ਮੋਦੀ ਸਰਕਾਰ 'ਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ ਨਵੇਂ ਸੰਸਦ ਭਵਨ ਦੀ ਜ਼ਰੂਰਤ ਕੀ ਸੀ। ਉਸ ਨੂੰ ਹੀ ਠੀਕ ਕਰਵਾ ਲੈਣਾ ਚਾਹੀਦਾ ਸੀ। ਵੱਖਰੇ ਨਵੇਂ ਭਵਨ ਦਾ ਕੋਈ ਮਤਲਬ ਹੀ ਨਹੀਂ ਸੀ। ਕੱਲ੍ਹ ਨੂੰ ਤੁਸੀਂ ਇਸ ਨੂੰ ਢਾਹ ਦਿਓਗੇ ਤਾਂ ਇਤਿਹਾਸ ਬਾਰੇ ਕੀ ਪਤਾ ਚੱਲੇਗਾ? ਤੁਸੀਂ ਇਹ ਜਾਣ ਲਓ ਕਿ ਜੋ ਸ਼ਾਸ਼ਨ 'ਚ ਹਨ, ਉਹ ਸਾਰੇ ਇਤਿਹਾਸ ਨੂੰ ਬਦਲ ਦੇਣਗੇ। ਆਜ਼ਾਦੀ ਦੀ ਲੜਾਈ ਦਾ ਇਤਿਹਾਸ ਵੀ ਬਦਲ ਦੇਣਗੇ।

## ਖੜਗੇ ਵੱਲੋਂ ਦਿੱਲੀ ਦੇ ਪਾਰਟੀ ਨੇਤਾਵਾਂ ਨਾਲ ਮੀਟਿੰਗ ਭਲਕੇ

**ਨਵੀਂ ਦਿੱਲੀ** : ਦਿੱਲੀ 'ਚ ਸੇਵਾਵਾਂ 'ਤੇ ਕੰਟਰੋਲ ਲਈ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਆਰਡੀਨੈਂਸ 'ਤੇ ਕਾਂਗਰਸ ਨੇ ਹੁਣ ਤੱਕ ਖੁੱਲ੍ਹ ਕੇ ਆਪਣਾ ਰੁਖ ਸਾਫ਼ ਨਹੀਂ ਕੀਤਾ। ਪਾਰਟੀ ਹਾਈਕਮਾਂਡ ਹੁਣ ਇਸ 'ਤੇ ਪਾਰਟੀ ਦੇ ਅੰਦਰ ਰਾਇਮਸ਼ੁਮਾਰੀ ਕਰਾਉਣ ਦਾ ਮਨ ਬਣਾ ਰਹੀ ਹੈ। ਇਸ ਲਈ ਸੋਮਵਾਰ ਇੱਕ ਵੱਡੀ ਮੀਟਿੰਗ ਹੋਣ ਜਾ ਰਹੀ ਹੈ। ਜਾਣਕਾਰੀ ਅਨੁਸਾਰ ਦਿੱਲੀ ਕਾਂਗਰਸ ਦੇ ਨੇਤਾ ਆਰਡੀਨੈਂਸ ਦੇ ਮੁੱਦੇ 'ਤੇ ਸੋਮਵਾਰ 29 ਮਈ ਨੂੰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨਾਲ ਮੀਟਿੰਗ ਕਰਨਗੇ। ਖੜਗੇ ਇਸ ਮੁੱਦੇ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸਮਰਥਨ ਕਰਨ ਜਾਂ ਨਾ ਕਰਨ, ਇਸ 'ਤੇ ਪਾਰਟੀ ਨੇਤਾਵਾਂ ਦੀ ਰਾਇ ਲੈਣਗੇ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੇਵਾਵਾਂ ਦੇ ਕੰਟਰੋਲ 'ਤੇ ਕੇਂਦਰ ਵੱਲੋਂ ਜਾਰੀ ਆਰਡੀਨੈਂਸ ਦਾ ਵਿਰੋਧ ਕਰਨ ਨੂੰ ਸਮਰਥਨ ਲੈਣ ਲਈ ਕਾਂਗਰਸ ਪ੍ਰਧਾਨ ਖੜਗੇ ਅਤੇ ਪਾਰਟੀ ਦੇ ਨੇਤਾ ਰਾਹੁਲ ਗਾਂਧੀ ਨਾਲ ਮੁਲਾਕਾਤ ਦਾ ਸਮਾਂ ਮੰਗਿਆ ਹੈ। ਕੇਜਰੀਵਾਲ ਨੇ ਇਸ ਮੁੱਦੇ 'ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ, ਸ਼ਿਵ ਸੈਨਾ ਅਤੇ ਤ੍ਰਿਣਮੂਲ ਕਾਂਗਰਸ, ਰਾਸ਼ਟਰੀ ਜਨਤਾ ਦਲ, ਸਮਾਜਵਾਦੀ ਪਾਰਟੀ ਅਤੇ ਭਾਰਤ ਰਾਸ਼ਟਰ ਸਮਿਤੀ ਸਮੇਤ ਵੱਖ ਵੱਖ ਸਿਆਸੀ ਦਲਾਂ ਤੋਂ ਸਮਰਥਨ ਮੰਗਿਆ ਹੈ।



## ਭਲਵਾਨਾਂ ਨੂੰ ਲੈ ਕੇ ਭਿੜੇ ਚੜੂਨੀ : ਬਬੀਤਾ

**ਹਿਸਾਰ** : ਦਿੱਲੀ 'ਚ ਜੰਤਰ ਮੰਤਰ 'ਤੇ ਭਲਵਾਨਾਂ ਦਾ ਧਰਨਾ ਜਾਰੀ ਹੈ। 28 ਮਈ ਨੂੰ ਮਹਿਲਾ ਭਲਵਾਨਾਂ ਲਈ ਜਨ ਸਮਰਥਨ ਲਈ ਹਰਿਆਣਾ ਦੇ ਪਿੰਡਾਂ 'ਚ ਖਾਪ ਪੰਚਾਇਤਾਂ ਤੇ ਟੋਲ ਕਮੇਟੀਆਂ ਪਿੰਡ-ਪਿੰਡ ਜਾ ਕੇ ਪੈਂਫਲਟ ਵੰਡ ਰਹੀਆਂ ਹਨ, ਤਾਂ ਕਿ ਕੱਲ੍ਹ ਕੋਈ ਵੀ ਪ੍ਰੇਸ਼ਾਨੀ ਆਉਣ 'ਤੇ ਪੈਂਫਲਟ 'ਤੇ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕੇ। ਭਲਵਾਨਾਂ ਦੇ ਧਰਨੇ ਨੂੰ ਲੈ ਇੱਕ ਵਾਰ ਫਿਰ ਤੋਂ ਭਾਜਪਾ ਨੇਤਾ ਬਬੀਤਾ ਫੋਗਾਟ ਅਤੇ ਗੁਰਨਾਮ ਸਿੰਘ ਚੜੂਨੀ ਭਿੜ ਗਏ। ਬਬੀਤਾ ਨੇ ਟਵੀਟ ਕਰਕੇ ਲਿਖਿਆ ਕਿ ਇਹ ਬੇਹੱਦ ਸ਼ਰਮਨਾਕ ਅਤੇ ਮੰਦਭਾਗਾ ਹੈ ਕਿ ਜੰਤਰ ਮੰਤਰ ਤੋਂ ਸ਼ੁਰੂ ਹੋਏ ਅੰਦੋਲਨ ਦੀ ਅਗਵਾਈ ਹੁਣ ਗੁਰਨਾਮ ਚੜੂਨੀ ਵਰਗੇ ਅੰਦੋਲਨਜੀਵੀਆਂ ਵੱਲੋਂ ਕੀਤੀ ਜਾ ਰਹੀ ਹੈ। ਬਬੀਤਾ ਨੇ ਲਿਖਿਆ ਕਿ ਮਹਿਲਾਵਾਂ ਦੇ ਅਧਿਕਾਰ ਲਈ ਉਠੀ ਮੰਗ ਅਤੇ ਅੰਦੋਲਨ ਹੁਣ ਦੇਸ਼ ਵਿਰੋਧੀ ਤਾਕਤਾਂ ਅਤੇ ਖਾਸ ਸਿਆਸੀ ਪਰਵਾਰਾਂ ਹਵਾਲੇ ਹੁੰਦਾ ਦਿਖਾਈ ਦੇ ਰਿਹਾ ਹੈ। ਉਥੇ ਹੀ ਚੜੂਨੀ ਨੇ ਬਬੀਤਾ ਫੋਗਾਟ ਦੇ ਟਵੀਟ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਮੰਦਭਾਗਾ ਇਹ ਨਹੀਂ ਕਿ ਅਸੀਂ ਖਿਡਾਰੀਆਂ ਦੇ ਨਾਲ ਖੜੇ ਹਾਂ। ਮੰਦਭਾਗਾ ਇਹ ਹੈ ਕਿ ਤੂੰ ਆਪਣੀ ਰਾਜਨੀਤੀ ਚਮਕਾਉਣ ਲਈ ਆਪਣੀ ਸਕੀ ਭੈਣ ਦੇ ਨਾਲ ਨਹੀਂ ਖੜੀ ਅਤੇ ਸਾਨੂੰ ਮਾਣ ਹੈ ਕਿ ਅਸੀਂ ਅੰਦੋਲਨਜੀਵੀ ਹਾਂ।



### ਜ਼ੀਰਕਪੁਰ 'ਚ ਹਰਿਆਣਾ ਰੋਡਵੇਜ਼ ਦੀ ਬੱਸ ਹਾਦਸਾਗ੍ਰਸਤ



**ਮੋਹਾਲੀ** : ਮੋਹਾਲੀ ਦੇ ਜ਼ੀਰਕਪੁਰ-ਚੰਡੀਗੜ੍ਹ ਬੈਰੀਅਰ 'ਤੇ ਨਵੇਂ ਬਣੇ ਫਲਾਈਓਵਰ ਕੋਲ ਚੰਡੀਗੜ੍ਹ ਤੋਂ ਦਿੱਲੀ ਜਾ ਰਹੀ ਹਰਿਆਣਾ ਰੋਡਵੇਜ਼ ਦੀ ਇੱਕ ਬੱਸ ਪਲਟ ਗਈ। ਐਕਟਿਵਾ ਸਵਾਰ ਨੂੰ ਬਚਾਉਣ ਦੇ ਚਲਦੇ ਬੱਸ ਡਿਵਾਇਡਰ ਨਾਲ ਟਕਰਾ ਕੇ ਸੜਕ ਵਿਚਾਲੇ ਪਲਟ ਗਈ। ਬੱਸ 'ਚ 15 ਯਾਤਰੀ ਸਵਾਰ ਸਨ, ਜਿਨ੍ਹਾ 'ਚੋਂ 4-5 ਨੂੰ ਮਾਮੂਲੀ ਸੱਟਾਂ ਲੱਗੀਆਂ। ਬੱਸ ਪਲਟਣ ਤੋਂ ਬਾਅਦ ਪਿੱਛਲਾ ਸ਼ੀਸ਼ਾ ਤੋੜ ਕੇ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਜ਼ੀਰਕਪੁਰ ਪੁਲਸ ਨੇ ਸਥਿਤੀ ਨੂੰ ਕੰਟਰੋਲ ਕੀਤਾ।

### ਘਰ ਢਹਿਣ ਨਾਲ ਤਿੰਨ ਨੇਤਰਹੀਣ ਭਰਾਵਾਂ ਦੀ ਮੌਤ

**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ 'ਚ ਸ਼ਨੀਵਾਰ ਘਰ ਢਹਿਣ ਕਾਰਨ ਤਿੰਨ ਨੇਤਰਹੀਣ ਭਰਾਵਾਂ ਦੀ ਮੌਤ ਹੋ ਗਈ। ਇਹ ਘਟਨਾ ਨਾਗਸੇਨੀ ਤਹਿਸੀਲ ਦੇ ਪੁੱਲਰ ਪਿੰਡ 'ਚ ਸ਼ਨੀਵਾਰ ਸਵੇਰੇ ਵਾਪਰੀ। ਮਰਨ ਵਾਲਿਆਂ ਦੀ ਮਾਂ ਅਤੇ ਭੈਣ ਨੂੰ ਬਚਾ ਲਿਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਮ੍ਰਿਤਕਾਂ ਦੀ ਪਛਾਣ ਰਾਜੇਸ਼ ਕੁਮਾਰ (30), ਰਵਿੰਦਰ ਕੁਮਾਰ (32) ਅਤੇ ਸਾਜਨ ਕੁਮਾਰ (28) ਵਜੋਂ ਹੋਈ ਹੈ।

## ਸਿੱਧਾਰਮਈਆ ਸਰਕਾਰ 'ਚ 24 ਮੰਤਰੀ ਸ਼ਾਮਲ

**ਬੈਂਗਲੁਰੂ** : ਕਰਨਾਟਕ 'ਚ ਸਰਕਾਰ ਬਣਾਉਣ ਦੇ 7 ਦਿਨ ਬਾਅਦ ਮੁੱਖ ਮੰਤਰੀ ਸਿੱਧਾਰਮਈਆ ਨੇ ਸ਼ਨੀਵਾਰ ਕੈਬਨਿਟ ਦਾ ਵਿਸਥਾਰ ਕੀਤਾ। ਰਾਜਪਾਲ ਥਾਵਰ ਚੰਦ ਗਹਿਲੋਤ ਨੇ 24 ਮੰਤਰੀਆਂ ਨੂੰ ਸਹੁੰ ਚੁਕਾਈ। ਇਸ ਤੋਂ ਪਹਿਲਾਂ 20 ਮਈ ਨੂੰ ਮੁੱਖ ਮੰਤਰੀ, ਉਪ ਮੁੱਖ ਮੰਤਰੀ ਡੀ ਕੇ ਸ਼ਿਵਕੁਮਾਰ ਤੋਂ ਇਲਾਵਾ ਮਲਿਕਾਰਜੁਨ ਖੜਗੇ ਦੇ ਪੁੱਤ ਸਮੇਤ 8 ਮੰਤਰੀਆਂ ਨੇ ਹਲਫ਼ ਲਿਆ ਸੀ। ਦਿੱਲੀ ਤੋਂ ਆਉਣ ਤੋਂ ਬਾਅਦ ਮੁੱਖ ਮੰਤਰੀ ਨੇ ਸ਼ੁੱਕਰਵਾਰ ਦੇਰ ਰਾਤ ਰਾਜਪਾਲ ਦੇ ਦਫ਼ਤਰ 'ਚ ਨਵੇਂ ਮੰਤਰੀਆਂ ਦੀ ਸੂਚੀ ਭੇਜੀ ਸੀ। ਉਨ੍ਹਾ ਕਿਹਾ ਕਿ ਕਾਂਗਰਸ ਨੇ ਮੰਤਰੀਆਂ ਨੂੰ ਚੁਣਦੇ ਸਮੇਂ ਸਮਾਜਕ ਨਿਆਂ ਦੇ ਸਿਧਾਂਤਾਂ ਨੂੰ ਧਿਆਨ 'ਚ ਰੱਖਦੇ ਹੋਏ ਸਾਰੀਆਂ ਜਾਤੀਆਂ ਅਤੇ ਖੇਤਰਾਂ ਨੂੰ ਬਰਾਬਰ ਪ੍ਰਤੀਨਿਧਤਾ ਦੇਣ ਦੇ ਮਾਪਦੰਡਾਂ ਦਾ ਪਾਲਣ ਕੀਤਾ ਹੈ। ਮੰਤਰੀਆਂ ਦੀ ਸੂਚੀ 'ਚ ਅਖਿਲ ਭਾਰਤੀ ਕਾਂਗਰਸ ਕਮੇਟੀ ਅਤੇ ਕਰਨਾਟਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਆਗੂ ਐਨ ਬੋਸੇਰਾਜੂ ਦਾ ਨਾਂਅ ਹੈਰਾਨੀਜਨਕ ਰੂਪ ਨਾਲ ਸ਼ਾਮਲ ਹੈ। ਬੋਸੇਰਾਜੂ ਵਿਧਾਨ ਪ੍ਰੀਸ਼ਦ ਜਾਂ ਵਿਧਾਨ ਸਭਾ ਦੇ ਮੈਂਬਰ ਨਹੀਂ ਹਨ, ਪਰ ਸੂਬਾ ਕਾਂਗਰਸ ਅਤੇ ਹਾਈਕਮਾਂਡ ਵਿਚਾਲੇ ਇੱਕ ਮਹੱਤਵਪੂਰਨ ਸੰਪਰਕ ਹਨ। ਮੰਤਰੀਆਂ ਦੀ ਸੂਚੀ 'ਚ ਅੱਠ ਲਿੰਗਾਇਤ ਸ਼ਾਮਲ ਹਨ, ਜਿਨ੍ਹਾਂ 'ਚ ਇੱਕ ਮਹਿਲਾ ਮੰਤਰੀ ਲਕਸ਼ਮੀ ਹੇਬਲਕਰ ਸ਼ਾਮਲ ਹੈ। ਅਨੁਸੂਚਿਤ ਜਾਤੀ ਭਾਈਚਾਰੇ ਤੋਂ ਸੱਤ, ਪੰਜ ਵੋਕਾਲਿਗਾ, ਦੋ ਮੁਸਲਿਮ, ਅਨੁਸੂਚਿਤ ਜਨਜਾਤੀ ਭਾਈਚਾਰੇ ਤੋਂ ਤਿੰਨ, ਇੱਕ ਮਰਾਠਾ ਸਮੇਤ ਹੋਰ ਪੱਛੜਾ ਵਰਗ ਓ ਬੀ ਸੀ ਭਾਈਚਾਰੇ ਤੋਂ 6, ਇੱਕ ਬ੍ਰਾਹਮਣ, ਇੱਕ ਈਸਾਈ ਅਤੇ ਇੱਕ ਜੈਨ ਮੰਤਰੀ ਨੂੰ ਕੈਬਨਿਟ 'ਚ ਜਗ੍ਹਾ ਦਿੱਤੀ ਗਈ ਹੈ। 24 ਨਵੇਂ ਮੰਤਰੀਆਂ ਨੂੰ ਸ਼ਾਮਲ ਕਰਨ ਦੇ ਨਾਲ ਹੀ ਕਰਨਾਟਕ 'ਚ ਕਾਂਗਰਸ ਮੰਤਰੀ ਮੰਡਲ ਦੀ ਤਾਕਤ 34 ਮੰਤਰੀਆਂ ਦੀ ਪੂਰੀ ਸਮਰਥਾ ਤੱਕ ਪਹੁੰਚ ਜਾਵੇਗੀ। ਮੁੱਖ ਮੰਤਰੀ ਦਫ਼ਤਰ ਵੱਲੋਂ ਜਾਰੀ 24 ਕੈਬਨਿਟ ਮੰਤਰੀਆਂ ਦੀ ਸੂਚੀ 'ਚ ਸ਼ਾਮਲ ਨਵੇਂ ਮੰਤਰੀਆਂ 'ਚੋਂ 12 ਕੋਲ ਮੰਤਰੀ ਅਹੁਦੇ ਦਾ ਕੋਈ ਪਹਿਲਾ ਤਜਰਬਾ ਨਹੀਂ।



ਇਨ੍ਹਾਂ 'ਚ ਕੇ ਵੈਂਕਟੇਸ਼, ਕੇ ਐੱਨ ਰਾਜੱਨਾ, ਐੱਮ ਐੱਸ ਮਲਿਕਾਰਜੁਨ, ਮੰਕਲ ਵੈਦਯਾ, ਲਕਸ਼ਮੀ ਹੇਬਲਕਰ, ਰਹੀਮ ਖਾਨ, ਐੱਨ ਐੱਸ ਬੋਸੇਰਾਜ, ਬੈਰਾਖੀ ਸੁਰੇਸ਼, ਮਧੂ ਬੰਗਾਰੱਪਾ, ਡਾ. ਐੱਨ ਸੀ ਸੁਧਾਕਰ, ਆਰ ਬੀ ਥਿੰਮਾਪੁਰ ਅਤੇ ਬੀ ਨਾਗੇਂਦਰ ਸ਼ਾਮਲ ਹਨ।

## ਦੋ ਮਹੀਨੇ ਪਹਿਲਾਂ ਕੈਨੇਡਾ ਗਈ ਲੜਕੀ ਦੀ ਸੜਕ ਹਾਦਸੇ 'ਚ ਮੌਤ



**ਬਨੂੜ** : ਕਸਬਾ ਬਨੂੜ ਦੀ ਕੋਮਲ ਬਾਜਵਾ ਕੈਨੇਡਾ ਦੀ ਯੂਨੀਵਰਸਿਟੀ 'ਚ ਸਟੱਡੀ ਵੀਜ਼ੇ 'ਤੇ ਪੜ੍ਹਾਈ ਕਰਨ ਲਈ 14 ਅਪ੍ਰੈਲ ਨੂੰ ਗਈ ਸੀ, ਜਿਸ ਦੀ ਸੜਕ ਹਾਦਸੇ 'ਚ 26 ਮਈ ਨੂੰ ਕੈਨੇਡਾ 'ਚ ਮੌਤ ਹੋ ਗਈ। ਕੋਮਲਪ੍ਰੀਤ ਕੌਰ (23) ਕੈਨੇਡਾ ਦੇ ਬਰੈਂਪਟਨ 'ਚ ਪੜ੍ਹਾਈ ਕਰਨ ਗਈ ਸੀ। ਕੈਨੇਡਾ ਦੇ ਸਮੇਂ ਮੁਤਾਬਕ ਸ਼ੁੱਕਰਵਾਰ ਸਵੇਰੇ 6.46 ਵਜੇ ਕੋਮਲਪ੍ਰੀਤ ਕੌਰ ਆਪਣੀਆਂ ਸਹੇਲੀਆਂ ਨਾਲ ਕੰਮ 'ਤੇ ਜਾ ਰਹੀ ਸੀ ਤਾਂ ਰਸਤੇ 'ਚ ਚਾਰ ਗੱਡੀਆਂ ਆਪਸ 'ਚ ਟਕਰਾ ਗਈਆਂ। ਹਾਦਸੇ ਦੌਰਾਨ ਕੋਮਲਪ੍ਰੀਤ ਦੀ ਗੱਡੀ ਦੀ ਖਿੜਕੀ ਖੁੱਲ੍ਹਣ ਨਾਲ ਉਹ ਸੜਕ 'ਤੇ ਡਿੱਗ ਗਈ ਤੇ ਉਸ ਦੀ ਮੌਤ ਹੋ ਗਈ। ਇਸ ਹਾਦਸੇ 'ਚ ਦੂਜੀ ਗੱਡੀ 'ਚ ਸਵਾਰ ਇੱਕ ਹੋਰ ਵਿਅਕਤੀ ਗੰਭੀਰ ਜ਼ਖਮੀ ਹੋ ਗਿਆ। ਕੋਮਲਪ੍ਰੀਤ ਕੌਰ ਦੀ ਮੌਤ ਦੀ ਖਬਰ ਜਦੋਂ ਉਸ ਦੇ ਘਰ ਪੁੱਜੀ ਤਾਂ ਪਰਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ, ਕਿਉਂਕਿ ਢਾਈ ਮਹੀਨੇ ਪਹਿਲਾਂ ਹੀ ਕੋਮਲਪ੍ਰੀਤ ਦੇ ਪਿਤਾ ਜੋਧਾ ਸਿੰਘ ਦੀ ਕੈਂਸਰ ਕਾਰਨ ਮੌਤ ਹੋਈ ਸੀ। ਆਪਣੇ ਪਿਓ ਦੇ ਭੋਗ ਬਾਅਦ ਕੋਮਲਪ੍ਰੀਤ ਤੇ ਉਸ ਦਾ ਭਰਾ ਦੀਦਾਰ ਸਿੰਘ ਪੜ੍ਹਾਈ ਲਈ ਕੈਨੇਡਾ ਗਏ ਸਨ। ਪਰਵਾਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਬੇਟੀ ਦੀ ਲਾਸ਼ ਨੂੰ ਘਰ ਪਹੁੰਚਾਉਣ ਦਾ ਪ੍ਰਬੰਧ ਕੀਤਾ ਜਾਵੇ।

## ਸਾਰੇ ਜਹਾਂ ਸੇ ਅੱਛਾ... ਗੀਤ ਦੇ ਲੇਖਕ ਬਾਰੇ ਅਧਿਆਏ ਨੂੰ ਡੀ ਯੂ ਨੇ ਸਿਲੇਬਸ 'ਚੋਂ ਹਟਾਇਆ



**ਨਵੀਂ ਦਿੱਲੀ** : ਦਿੱਲੀ ਯੂਨੀਵਰਸਿਟੀ ਦੀ ਅਕਾਦਮਿਕ ਪ੍ਰੀਸ਼ਦ ਨੇ ਸਿਲੇਬਸ 'ਚ ਕਈ ਬਦਲਾਵਾਂ ਨੂੰ ਮਨਜ਼ੂਰੀ ਦਿੱਤੀ ਹੈ। ਇਸ 'ਚ ਸ਼ਾਇਰ ਮੁਹੰਮਦ ਇਕਬਾਲ ਨੂੰ ਬੀ ਏ ਰਾਜਨੀਤੀ ਵਿਗਿਆਨ ਦੇ ਸਿਲੇਬਸ 'ਚੋਂ ਹਟਾਉਣਾ ਵੀ ਸ਼ਾਮਲ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪ੍ਰੀਸ਼ਦ ਨੇ ਵੰਡ ਅਧਿਐਨ, ਹਿੰਦੂ ਅਧਿਐਨ ਅਤੇ ਜਾਤੀ ਅਧਿਐਨ ਲਈ ਨਵੇਂ ਕੇਂਦਰ ਸਥਾਪਤ ਕਰਨ ਦੇ ਪ੍ਰਸਤਾਵਾਂ ਨੂੰ ਵੀ ਮਨਜ਼ੂਰੀ ਦਿੱਤੀ ਹੈ। ਮੁਹੰਮਦ ਇਕਬਾਲ ਉਹੀ ਸ਼ਾਇਰ ਹਨ, ਜਿਨ੍ਹਾ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ' ਗੀਤ ਲਿਖਿਆ ਸੀ। ਇਕਬਾਲ ਭਾਰਤੀ ਉਪ ਮਹਾਂਦੀਪ ਦੇ ਪ੍ਰਮੁੱਖ ਉਰਦੂ ਅਤੇ ਫਾਰਸੀ ਸ਼ਾਇਰਾਂ 'ਚੋਂ ਇੱਕ ਹਨ।

ਦਿੱਲੀ ਯੂਨੀਵਰਸਿਟੀ ਦੇ ਰਾਜਿਸਟਰਾਰ ਵਿਕਾਸ ਗੁਪਤਾ ਨੇ ਕਿਹਾ ਪ੍ਰੀਸ਼ਦ ਦੀ ਮੀਟਿੰਗ 'ਚ ਸਿਲੇਬਸ ਅਤੇ ਹੋਰ ਕੇਂਦਰ ਸਥਾਪਤ ਕਰਨ ਦੇ ਪ੍ਰਸਤਾਵ ਪਾਸ ਕੀਤੇ ਗਏ। ਪ੍ਰਸਤਾਵਾਂ 'ਤੇ ਯੂਨੀਵਰਸਿਟੀ ਦੀ ਕਾਰਜਕਾਰੀ ਪ੍ਰੀਸ਼ਦ ਦੀ ਆਖਰੀ ਮੋਹਰ ਜ਼ਰੂਰੀ ਹੈ, ਜੋ 9 ਜੂਨ ਨੂੰ ਮੀਟਿੰਗ ਤੋਂ ਬਾਅਦ ਲੱਗ ਸਕਦੀ ਹੈ।

## ਮਿਡ ਡੇ ਮੀਲ 'ਚ ਮਿਲਿਆ ਸੱਪ, 150 ਤੋਂ ਵੱਧ ਬੱਚੇ ਬਿਮਾਰ

**ਅਰਰੀਆ** : ਬਿਹਾਰ ਦੇ ਅਰਰੀਆ ਜ਼ਿਲ੍ਹੇ 'ਚ ਬੱਚਿਆਂ ਦੇ ਮਿਡ-ਡੇ-ਮੀਲ 'ਚ ਸੱਪ ਮਿਲਣ ਤੋਂ ਬਾਅਦ ਹਾਹਾਕਾਰ ਮਚ ਗਈ। ਦੱਸਿਆ ਜਾ ਰਿਹਾ ਹੈ ਕਿ 150 ਤੋਂ ਵੱਧ ਬੱਚਿਆਂ ਨੇ ਖਾਣਾ ਖਾ ਲਿਆ ਸੀ। ਮਾਮਲਾ ਜੋਗਬਾਨੀ ਨਗਰ ਕੌਂਸਲ ਦੇ ਅਮੂਨਾ ਸੈਕੰਡਰੀ ਸਕੂਲ ਦਾ ਹੈ। ਮਿਡ-ਡੇ-ਮੀਲ 'ਚ ਸੱਪ ਦੇ ਨਿਕਲਦੇ ਹੀ ਸਕੂਲ 'ਚ ਹੰਗਾਮਾ ਹੋ ਗਿਆ।

ਸੈਂਕੜੇ ਬੱਚਿਆਂ ਦੇ ਰਿਸ਼ਤੇਦਾਰ ਸਕੂਲ ਪੁੱਜ ਗਏ। ਜਲਦਬਾਜ਼ੀ 'ਚ ਸਾਰੇ ਬੱਚਿਆਂ ਨੂੰ ਇਲਾਜ ਲਈ ਸਬ-ਡਵੀਜ਼ਨਲ ਹਸਪਤਾਲ ਫੋਰਬਿਸਗੰਜ 'ਚ ਭਰਤੀ ਕਰਵਾਇਆ ਗਿਆ ਹੈ। ਮੌਕੇ 'ਤੇ ਐੱਸ ਡੀ ਓ ਅਤੇ ਡੀ ਐੱਸ ਪੀ ਇਸ ਦੇ ਨਾਲ ਹੀ ਲੋਕਾਂ ਦੀ ਭਾਰੀ ਭੀੜ ਇਕੱਠੀ ਹੋ ਗਈ। ਸਕੂਲ ਮੈਨੇਜਮੈਂਟ ਵੱਲੋਂ ਬੱਚਿਆਂ ਦੇ ਖਾਣੇ 'ਚ ਕੀਤੀ ਜਾ ਰਹੀ ਅਣਗਹਿਲੀ ਕਾਰਨ ਪਰਵਾਰਕ ਮੈਂਬਰਾਂ 'ਚ ਰੋਸ ਹੈ।

## ਕ੍ਰਿਕਟਰ ਤੋਂ ਨੇਤਾ ਬਣੇ ਇਮਰਾਨ ਦਾ ਖੇਲ ਖ਼ਤਮ : ਮਰੀਅਮ ਨਵਾਜ਼



**ਇਸਲਾਮਾਬਾਦ** : ਨਵਾਜ਼ ਸ਼ਰੀਫ਼ ਦੀ ਬੇਟੀ ਅਤੇ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐੱਮ ਐੱਲ ਐੱਨ) ਦੀ ਸੀਨੀਅਰ ਉਪ ਪ੍ਰਧਾਨ ਮਰੀਅਮ ਨਵਾਜ਼ ਨੇ ਪਾਕਿਸਤਾਨ ਤਹਿਰੀਕ ਏ ਇਨਸਾਫ ਦੇ ਪ੍ਰਧਾਨ ਇਮਰਾਨ ਖਾਨ ਦਾ ਮਜ਼ਾਕ ਉਡਾਇਆ। ਉਨ੍ਹਾ ਕਿਹਾ ਕਿ ਇਮਰਾਨ ਖਾਨ ਦੀ ਪਾਰਟੀ ਦੇ ਮੈਂਬਰਾਂ ਦਾ ਪਾਕਿਸਤਾਨ ਤੋਂ ਪਲਾਇਨ ਕਰਨ ਤੋਂ ਬਾਅਦ 'ਗੇਮ ਓਵਰ' ਹੋ ਗਿਆ ਹੈ। ਮਰੀਅਮ ਨਵਾਜ਼ ਪੀ ਐੱਮ ਐੱਲ ਐੱਨ ਦੇ ਯੁਵਾ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਪਾਕਿਸਤਾਨ ਦੇ ਵੇਹਾਰੀ 'ਚ ਭਾਸ਼ਣ ਦੇ ਰਹੀ ਸੀ। ਆਪਣੇ ਸੰਬੋਧਨ ਦੌਰਾਨ ਉਨ੍ਹਾ 9 ਮਈ ਦੀਆਂ ਘਟਨਾਵਾਂ ਬਾਰੇ ਗੱਲ ਕੀਤੀ। ਇਸ ਦਿਨ ਇਮਰਾਨ ਖਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਦਿਨ ਪੂਰੇ ਪਾਕਿਸਤਾਨ 'ਚ ਹਿੰਸਕ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ। ਇਮਰਾਨ ਦੀ ਪਾਰਟੀ ਤੋਂ ਇੱਕ ਤੋਂ ਬਾਅਦ ਇੱਕ ਨੇਤਾ ਕਿਨਾਰਾ ਕਰਦੇ ਜਾ ਰਹੇ ਹਨ। ਇਸ 'ਤੇ ਮਰੀਅਮ ਨੇ ਕਿਹਾ ਕਿ ਲੋਕਾਂ ਦੀ ਲਾਈਨ ਲੱਗੀ ਹੈ। ਉਨ੍ਹਾ ਕਿਹਾ—ਜਦ ਨੇਤਾ ਹੀ ਗਿੱਦੜ ਹੈ ਤਾਂ ਲੋਕ ਉਸ ਦੇ ਨਾਲ ਕਿਸ ਤਰ੍ਹਾਂ ਖੜੇ ਹੋਣਗੇ? ਮਰੀਅਮ ਨੇ ਕਿਹਾ ਕਿ ਇਮਰਾਨ ਖਾਨ ਦਾ ਸਮਾਂ ਖ਼ਤਮ ਹੋ ਗਿਆ ਅਤੇ ਕੋਈ ਵੀ ਅਗਲੀਆਂ ਚੋਣਾਂ 'ਚ ਪੀ ਟੀ ਆਈ ਦਾ ਟਿਕਟ ਲੈਣ ਦੀ ਕੋਸ਼ਿਸ਼ ਨਹੀਂ ਕਰੇਗਾ। ਮਰੀਅਮ ਦਾ ਇਹ ਤਨਜ਼ ਇਮਰਾਨ ਉਪਰ ਵੱਡੀ ਸੈਨਿਕ ਕਾਰਵਾਈ ਵੱਲ ਇਸ਼ਾਰਾ ਕਰ ਰਿਹਾ ਹੈ।

## ਅੱਜ-ਨਾਮਾ

ਅਗਲੀਆਂ ਚੋਣਾਂ ਨੂੰ ਵੇਖ ਕੇ ਬਹੁਤ ਲਾਗੇ,
ਲੱਗੇ ਲੀਡਰ ਕੁਝ ਬਣਤ ਬਣਾਉਣ ਬੇਲੀ।
ਮੁੱਦਾ ਕੋਈ ਵੀ ਉੱਠ ਪਏ ਕਿਸੇ ਤਰ੍ਹਾਂ ਦਾ,
ਹਰ ਥਾਂ ਲੱਗਦੇ ਭਿੜਨ-ਟਕਰਾਉਣ ਬੇਲੀ।
ਕਰ-ਕਰ ਬੈਠਕਾਂ, ਪੈਂਤੜਾ ਤੈਅ ਕਰ ਕੇ,
ਨੁਕਤਾ ਲੱਗਣਗੇ ਖੋਲ੍ਹ ਸਮਝਾਉਣ ਬੇਲੀ।
ਆਉਂਦਾ ਲੋਕਾਂ ਦੀ ਸਮਝ ਨਾ ਅਸਲ ਮੁੱਦਾ,
ਆਪਸ ਵਿੱਚ ਉਹ ਪੁੱਛਣ-ਪੁਛਾਉਣ ਬੇਲੀ।
ਮੁੜ-ਮੁੜ ਟਿੱਲ ਵਿਰੋਧ ਲਈ ਧਿਰਾਂ ਲਾਵਣ,
ਮੁੜ-ਮੁੜ ਕਰਦੀ ਸਰਕਾਰ ਆ ਮਾਤ ਬੇਲੀ।
ਭਾਜਪਾ ਕੁੰਡੀ ਨਾਲ ਆਗੂ ਕੁਝ ਖਿੱਚ ਲੈਂਦੀ,
ਵਿਗੜ ਜਾਏ ਸਿਰੇ ਲੱਗੀ ਸਾਰੀ ਬਾਤ ਬੇਲੀ।

-ਤੀਸ ਮਾਰ ਖਾਂ

## ਨਵੀਂ ਜਨਗਣਨਾ 'ਚ ਨਵੇਂ ਸਵਾਲ!



**ਨਵੀਂ ਦਿੱਲੀ** : 2021 ਦੀ ਮਰਦਮਸ਼ੁਮਾਰੀ ਕੋਵਿਡ-19 ਮਹਾਂਮਾਰੀ ਕਾਰਨ ਰੋਕ ਦਿੱਤੀ ਗਈ ਸੀ। ਦੇਸ਼ 'ਚ ਸਰਕਾਰ ਵੱਲੋਂ ਆਬਾਦੀ ਦੇ ਅੰਕੜੇ ਇਕੱਠੇ ਕਰਨ ਦੀ ਇਸ ਰੁਟੀਨ ਨੂੰ ਮੁੜ ਸ਼ੁਰੂ ਕਰਨ ਲਈ ਇੱਕ ਨੋਟੀਫਿਕੇਸ਼ਨ ਜਾਰੀ ਕਰਨਾ ਅਜੇ ਬਾਕੀ ਹੈ। ਇਸ ਸਮੇਂ ਜਦੋਂ 2021 ਦੀ ਦੇਰੀ ਨਾਲ ਹੋਈ ਮਰਦਮਸ਼ੁਮਾਰੀ ਮੁੜ ਸ਼ੁਰੂ ਹੋਵੇਗੀ, ਲੋਕਾਂ ਨੂੰ ਕੁਝ ਨਵੇਂ ਕਿਸਮ ਦੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। 'ਇੰਡੀਅਨ ਐਕਸਪ੍ਰੈੱਸ' ਦੀ ਇੱਕ ਰਿਪੋਰਟ ਅਨੁਸਾਰ ਇਹਨਾਂ ਸਵਾਲਾਂ 'ਚ ਸ਼ਾਮਲ ਹੋ ਸਕਦਾ ਹੈ ਕਿ ਕੀ ਤੁਹਾਡੇ ਘਰ 'ਚ ਪੈਕਡ ਜਾਂ ਬੋਤਲਬੰਦ ਪੀਣ ਵਾਲੇ ਪਾਣੀ ਦੇ ਮੁੱਖ ਸਰੋਤਾਂ 'ਚੋਂ ਇੱਕ ਹੈ? ਕੀ ਤੁਹਾਡੀ ਰਸੋਈ 'ਚ ਐੱਲ ਪੀ ਜੀ ਜਾਂ ਪੀ ਐੱਨ ਜੀ ਕੁਨੈਕਸ਼ਨ ਹੈ? ਘਰ 'ਚ ਕਿੰਨੇ ਸਮਾਰਟ ਫੋਨ ਜਾਂ ਡੀ ਟੀ ਐੱਚ ਕੁਨੈਕਸ਼ਨ ਹਨ? ਤੁਹਾਡੇ ਪਰਵਾਰ 'ਚ ਖਪਤ ਕੀਤੇ ਜਾਣ ਵਾਲਾ ਮੁੱਖ ਅਨਾਜ ਕੀ ਹੈ? ਇਸ ਤਰ੍ਹਾਂ ਕੁਝ ਨਵੇਂ ਸਵਾਲ ਹਨ, ਜਿਨ੍ਹਾਂ 'ਤੇ ਨਵੀਂ ਮਰਦਮਸ਼ੁਮਾਰੀ 'ਚ ਡਾਟਾ ਇਕੱਠਾ ਕੀਤਾ ਜਾਵੇਗਾ। 1981 ਤੋਂ ਭਾਰਤੀ ਮਰਦਮਸ਼ੁਮਾਰੀ ਬਾਰੇ ਇੱਕ ਸੰਧੀ ਇਸ ਹਫਤੇ ਦੇ ਸ਼ੁਰੂ 'ਚ ਜਾਰੀ ਕੀਤੀ ਗਈ ਸੀ। ਇਸ ਪ੍ਰਕਾਸ਼ਨ 'ਚ ਪਿਛਲੇ ਚਾਰ ਜਨਗਣਨਾ ਕਾਰਜਾਂ ਬਾਰੇ ਵਿਸਤ੍ਰਿਤ ਜਾਣਕਾਰੀ ਸ਼ਾਮਲ ਹੈ। ਇਸ 'ਚ 2021 ਦੀ ਮਰਦਮਸ਼ੁਮਾਰੀ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਇੱਕ ਅਧਿਆਏ ਵੀ ਹੈ, ਜਿਸ 'ਚ ਪਹਿਲੀ ਵਾਰ ਇਕੱਤਰ ਕੀਤੀ ਜਾਣ ਵਾਲੀ ਜਾਣਕਾਰੀ ਵੀ ਸ਼ਾਮਲ ਹੈ। ਹੋਰ ਤਾਜ਼ਾ ਸਵਾਲਾਂ 'ਚ ਸ਼ਾਮਲ ਹਨ ਕਿ ਕੀ 'ਕੁਦਰਤੀ ਬਿਪਤਾ' ਪਰਵਾਰਕ ਪਰਵਾਸ ਦਾ ਇੱਕ ਕਾਰਨ ਹਨ। ਦੇਸ਼ ਦੇ ਹਰ ਘਰ ਦੀ ਸੂਚੀ ਬਣਾਉਣ ਦਾ ਕੰਮ ਜਨਗਣਨਾ ਦਾ ਪਹਿਲਾ ਹਿੱਸਾ ਹੈ ਅਤੇ ਜਨਗਣਨਾ ਦੇ ਸਾਲ ਤੋਂ ਪਹਿਲਾਂ ਦੇ ਸਾਲ 'ਚ ਕੀਤਾ ਜਾਂਦਾ ਹੈ। ਘਰਾਂ ਦੀ ਸੂਚੀ ਬਣਾਉਣ ਦਾ ਕੰਮ 1 ਅਪ੍ਰੈਲ, 2020 ਨੂੰ ਸ਼ੁਰੂ ਹੋਣ ਵਾਲਾ ਸੀ, ਜਦੋਂ ਕੋਵਿਡ-19 ਮਹਾਂਮਾਰੀ ਦਾ ਪ੍ਰਕੋਪ ਸ਼ੁਰੂ ਹੋਇਆ ਸੀ।

## ਬਰਫ਼ 'ਚ ਫਸੇ 250 ਸੈਲਾਨੀਆਂ ਨੂੰ ਬਚਾਇਆ



**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੇ ਲਾਹੌਲ ਸਪਿਤੀ ਦੇ ਬਾਰਾਲਾਚਾ 'ਚ ਲਗਭਗ 250 ਲੋਕ ਫਸ ਗਏ। ਇਨ੍ਹਾਂ ਨੂੰ ਸੁਰੱਖਿਅਤ ਕੱਢਣ ਲਈ 13 ਤੋਂ 14 ਘੰਟੇ ਰੈਸਕਿਊ ਅਪਰੇਸ਼ਨ ਚਲਾਇਆ ਗਿਆ, ਜਿਨ੍ਹਾਂ ਨੂੰ ਸ਼ਨੀਵਾਰ ਸਵੇਰੇ ਸੁਰੱਖਿਅਤ ਕੱਢ ਲਿਆ ਗਿਆ। ਲਾਹੌਲ ਸਪਿਤੀ ਦੇ ਐੱਸ ਪੀ ਮਯੰਕ ਚੌਧਰੀ ਨੇ ਦੱਸਿਆ ਕਿ ਰੈਸਕਿਊ ਕੀਤੇ ਗਏ ਲੋਕਾਂ ਨੂੰ ਆਪਣੇ-ਆਪਣੇ ਘਰ ਰਵਾਨਾ ਕਰ ਦਿੱਤਾ ਗਿਆ ਹੈ। ਉਨ੍ਹਾ ਦੱਸਿਆ ਕਿ ਇੱਕ ਸੈਲਾਨੀ ਨੇ ਸ਼ੁੱਕਰਵਾਰ ਦੁਪਹਿਰ ਬਾਅਦ ਪ੍ਰਸ਼ਾਸਨ ਨੂੰ ਬਾਰਾਲਾਚਾ 'ਚ ਲੋਕਾਂ ਦੇ ਫਸੇ ਹੋਣ ਦੀ ਸੂਚਨਾ ਦਿੱਤੀ ਸੀ। ਇਸ ਤੋਂ ਬਾਅਦ ਪ੍ਰਸ਼ਾਸਨ, ਬੀ ਆਰ ਓ, ਸਥਾਨਕ ਲੋਕਾਂ ਤੇ ਹੋਟਲ ਐਸੋਸੀਏਸ਼ਨ ਆਦਿ ਨੇ ਸੰਯੁਕਤ ਰੂਪ ਨਾਲ ਰੈਸਕਿਊ ਅਪਰੇਸ਼ਨ ਚਲਾਇਆ। ਸਵੇਰੇ 6 ਵਜੇ ਤੱਕ ਸਾਰਿਆਂ ਨੂੰ ਬਾਰਾਲਾਚਾ ਤੋਂ ਸੁਰੱਖਿਅਤ ਕੱਢਿਆ ਜਾ ਸਕਿਆ। ਇਹਨਾਂ 'ਚ ਵੱਖ-ਵੱਖ ਸੂਬਿਆਂ ਦੇ ਸੈਲਾਨੀ ਸ਼ਾਮਲ ਸਨ। ਬਾਰਾਲਾਚਾ 'ਚ ਲਗਭਗ 8 ਕਿਲੋਮੀਟਰ ਸੜਕ ਬਹੁਤ ਤੰਗ ਹੈ। ਇੱਥੇ ਅਕਸਰ ਗੱਡੀਆਂ ਫਸ ਜਾਂਦੀਆਂ ਹਨ। ਖਾਸ ਕਰਕੇ ਮੌਸਮ ਖਰਾਬ ਹੋਣ ਅਤੇ ਬਰਫ਼ਬਾਰੀ ਕਾਰਨ। ਬੀਤੇ ਕੱਲ੍ਹ ਇਸੇ ਤਰ੍ਹਾਂ ਹੋਇਆ, ਜਦ ਦੁਪਹਿਰ ਨੂੰ ਮੌਸਮ ਨੇ ਕਰਵਟ ਬਦਲੀ ਤੇ ਬਰਫਬਾਰੀ ਸ਼ੁਰੂ ਹੋ ਗਈ। ਇਸ ਤੋਂ ਬਾਅਦ ਟ੍ਰੈਫਿਕ ਜਾਮ ਹੋ ਗਿਆ, ਜਿਸ ਕਰਨ ਇਹ ਯਾਤਰੀ ਇੱਥੇ ਫਸ ਗਏ।

page-6-28-(MAY)-2023-G-(BV).qxd 5/27/2023 11:02 PM Page 1



# ਪਿੰਗਲਵਾੜਾ ਸਕੂਲ ਦੀਆਂ ਦੋ ਵਿਦਿਆਰਥਣਾਂ ਮੈਰਿਟ 'ਚ

ਮਾਨਾਂਵਾਲਾ, ਅੰਮ੍ਰਿਤਸਰ (ਮਨਦੀਪ ਸਿੰਘ ਜੰਮੂ/ਨਰਿੰਦਰਜੀਤ ਸਿੰਘ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਸਕੂਲ ਦੇ ਐਲਾਨੇ ਨਤੀਜਿਆਂ ਵਿੱਚ ਪਿੰਗਲਵਾੜਾ ਸੁਸਾਇਟੀ ਆਫ ਉਨਟਾਰੀਓ ਅਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ) ਅੰਮ੍ਰਿਤਸਰ ਵੱਲੋਂ ਸਾਂਝੇ ਤੌਰ 'ਤੇ ਚਲਾਏ ਜਾ ਰਹੇ ਭਗਤ ਪੂਰਨ ਸਿੰਘ ਆਦਰਸ਼ ਸੀ: ਸੈ: ਸਕੂਲ ਮਾਨਾਂਵਾਲਾ ਕਲਾਂ ਦੀਆਂ ਦੋ ਵਿਦਿਆਰਥਣਾਂ ਸਿਮਰਜੀਤ ਕੌਰ ਤੇ ਨਵਦੀਪ ਕੌਰ ਨੇ 97.23% ਅੰਕ ਲੈ ਕੇ ਮੈਰਿਟ ਸੂਚੀ ਵਿੱਚ ਆਪਣਾ ਨਾਂ ਦਰਜ ਕਰਕੇ ਪਿੰਗਲਵਾੜਾ ਸੰਸਥਾ, ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਇਸ ਮੌਕੇ ਪਿੰਗਲਵਾੜਾ ਸੰਸਥਾ ਦੇ ਮੁੱਖ ਸੇਵਾਦਾਰ ਡਾ: ਇੰਦਰਜੀਤ ਕੌਰ ਨੇ ਮੈਰਿਟ ਪ੍ਰਾਪਤ ਕਰਨ ਵਾਲੀਆਂ ਬੱਚੀਆਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾ ਕੇ ਖ਼ੁਸ਼ੀ ਸਾਂਝੀ ਕੀਤੀ। ਉਨਾਂ ਇਸ ਜਿੱਤ ਵਾਸਤੇ ਬੱਚੀਆਂ, ਉਨਾਂ ਨੂੰ ਪੜ੍ਹਾਉਂਦੇ ਸਕੂਲ ਸਟਾਫ ਅਤੇ ਬੱਚੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਮੈਰਿਟ ਪ੍ਰਾਪਤ ਕਰਨ ਵਾਲੀ ਬੱਚੀ ਸਿਮਰਨਜੀਤ ਕੌਰ ਆਖਦੀ ਹੈ ਕਿ ਪੜ੍ਹ ਕੇ ਉਹ ਡਾਕਟਰ ਬਣਨਾ ਚਾਹੁੰਦੀ ਹੈ।

ਇਸ ਤਰਾਂ ਮੈਰਿਟ ਪ੍ਰਾਪਤ ਕਰਨ ਨਵਦੀਪ ਕੌਰ ਆਪਣੀ ਮੈਰਿਟ ਦੀ ਖ਼ੁਸ਼ੀ ਨੂੰ ਬਿਆਨ ਕਰਦਿਆਂ ਆਖਦੀ ਹੈ ਕਿ ਉਹ ਸਾਫਟਵੇਅਰ ਇੰਜੀਨੀਅਰ ਬਣਨਾ ਚਾਹੁੰਦੀ ਹੈ। ਇਸ ਮੌਕੇ ਸੰਸਥਾ ਦੇ ਮੀਤ ਪ੍ਰਧਾਨ ਡਾ. ਜਗਦੀਪਕ ਸਿੰਘ, ਮੁਖਤਾਰ ਸਿੰਘ ਗੁਰਾਇਆ ਆਨਰੇਰੀ ਸੈਕਟਰੀ, ਕਰਨਲ ਦਰਸ਼ਨ ਸਿੰਘ ਬਾਵਾ, ਪਰਮਿੰਦਰ ਸਿੰਘ ਭੱਟੀ, ਸੁਰਿੰਦਰ ਕੌਰ ਭੱਟੀ ਗੁਰਨਾਇਬ ਸਿੰਘ, ਪ੍ਰਿੰਸੀਪਲ ਨਰੇਸ਼ ਕਾਲੀਆ, ਤਿਲਕ ਰਾਜ ਅਤੇ ਸਕੂਲ ਦਾ ਸਟਾਫ ਵੀ ਹਾਜ਼ਰ ਸੀ।



# ਤਰਕਸ਼ੀਲ ਸੁਸਾਇਟੀ ਦੀ ਵਿਸ਼ੇਸ਼ ਮੀਟਿੰਗ 'ਚ ਅਹਿਮ ਫੈਸਲੇ

ਸ਼ਾਹਕੋਟ (ਗਿਆਨ ਸੈਦਪੁਰੀ) ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਦੀ ਇਕਾਈ ਸ਼ਾਹਕੋਟ ਦੀ ਵਿਸ਼ੇਸ਼ ਮੀਟਿੰਗ ਸਥਾਨਕ ਅੱਪੂ ਆਰਟ ਪ੍ਰੈੱਸ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਇਕਾਈ ਦੇ ਜਥੇਬੰਦਕ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ ਨੇ ਕੀਤੀ ਤੇ ਪੰਜਵੀਂ ਵਿਦਿਆਰਥੀ ਪਰਖ ਪ੍ਰੀਖਿਆ 2023 ਜੋ ਅਗਸਤ ਮਹੀਨੇ ਹੋਣੀ ਹੈ, ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਹ ਪ੍ਰੀਖਿਆ ਜੀਵ ਵਿਗਿਆਨ ਦੇ ਪਿਤਾਮਾ ਚਾਰਲਸ ਡਾਰਵਿਨ ਨੂੰ ਸਮਰਪਿਤ ਹੋਵੇਗੀ। ਤਰਕਸ਼ੀਲ ਮੈਗਜੀਨ ਦੇ ਮੁੱਖ ਪ੍ਰਬੰਧਕ ਸੁਖਵਿੰਦਰ ਬਾਗ ਪੁਰ ਨੇ ਕਿਹਾ ਕਿ ਵਿਦਿਆਰਥੀਆਂ ਦੇ ਸੋਚਣ ਢੰਗ ਨੂੰ ਵਿਗਿਆਨਿਕ ਬਣਾਉਣ, ਉਨ੍ਹਾਂ ਨੂੰ ਭਾਰਤ ਦੇ ਸ਼ਾਨਾਮੱਤੇ ਇਤਿਹਾਸ ਤੋਂ ਜਾਣੂ ਕਰਵਾਉਣ ਤੋਂ ਇਲਾਵਾ ਵਿਦਿਆਰਥੀਆਂ ਨੂੰ ਫਿਲਮੀ ਨਾਇਕਾਂ ਦੀ ਥਾਂ ਸਮਾਜ ਦੇ ਅਸਲ ਨਾਇਕਾਂ ਦੇ ਰੂ-ਬ-ਰੂ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਚੇਤਨਾ ਪਰਖ ਪ੍ਰੀਖਿਆ ਦੋ ਪੱਧਰ 'ਤੇ ਹੋਵੇਗੀ। ਇੱਕ ਮਿਡਲ ਕਲਾਸਾਂ (ਛੇਵੀਂ ਤੋਂ ਅੱਠਵੀਂ) ਅਤੇ ਦੂਸਰੀ ਸੈਕੰਡਰੀ (ਨੌਵੀਂ ਤੋਂ ਬਾਰਵੀਂ) ਤੱਕ ਦੇ ਵਿਦਿਆਰਥੀਆਂ ਦੀ ਚੇਤਨਾ ਪਰਖ ਪ੍ਰੀਖਿਆ ਹੋਵੇਗੀ। ਇਨ੍ਹਾਂ ਦੋਹਾਂ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਨੂੰ ਵੱਖ ਵੱਖ ਪੁਸਤਕਾਂ ਪੜ੍ਹਨ ਲਈ ਦਿੱਤੀਆਂ ਜਾਣਗੀਆਂ। ਇਨ੍ਹਾਂ ਪੁਸਤਕਾਂ ਵਿੱਚ ਤਰਕਸ਼ੀਲ ਸੁਸਾਇਟੀ ਨਾਲ ਜਾਣ ਪਛਾਣ ਤੋਂ ਇਲਾਵਾ ਚਾਰਲਸ ਡਾਰਵਿਨ, ਡਾ. ਕਾਵੂਰ, ਲੂਈਸ ਪਾਸਚਰ, ਆਈਜ਼ਿਕ ਨਿਊਟਨ ਆਦਿ ਬਾਰੇ ਜਾਣਕਾਰੀ ਤੋਂ ਇਲਾਵਾ ਅੰਧ ਵਿਸ਼ਵਾਸ, ਪੁਨਰ ਜਨਮ ਆਦਿ ਬਾਰੇ ਵੀ ਦਿਲਚਸਪ ਤੇ ਗਿਆਨ ਵਧਾਊ ਸਮੱਗਰੀ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਤੋ ਇਲਾਵਾ ਹੋਰ ਮਹਾਨ ਸ਼ਹੀਦਾਂ ਬਾਰੇ ਜਾਣਕਾਰੀ ਵੀ ਇਨ੍ਹਾਂ ਪੁਸਤਕਾਂ ਵਿੱਚ ਸ਼ਾਮਲ ਹੈ। ਮੀਟਿੰਗ ਵਿੱਚ 4 ਜੂਨ 2023 ਨੂੰ ਜੰਤਰ ਮੰਤਰ ਮੈਦਾਨ ਵਿੱਚ ਪਹੁੰਚ ਕੇ ਮਹਿਲਾ ਪਹਿਲਵਾਨਾਂ ਦੇ ਸੰਘਰਸ਼ ਨਾਲ ਇੱਕਜੁਟਤਾ ਪ੍ਰਗਟਾਈ ਜਾਵੇਗੀ। 10 ਜੂਨ ਨੂੰ 'ਇਸਲਾਮ ਦੀ ਇਤਿਹਾਸਿਕ ਭੂਮਿਕਾ' ਪੁਸਤਕ 'ਤੇ ਵਿਚਾਰ ਚਰਚਾ ਕਰਵਾਈ ਜਾਵੇਗੀ। ਡਾ. ਨਵਸ਼ਰਨ ਕੌਰ ਨੂੰ ਸਰਕਾਰ ਵੱਲੋਂ ਤੰਗ ਪ੍ਰੇਸ਼ਾਨ ਕਰਨ ਦੇ ਵਿਰੁੱਧ ਚੱਲ ਰਹੇ ਸੰਘਰਸ ਦੀ ਪੁਰਜੋਰ ਹਿਮਾਇਤ ਕੀਤੀ ਗਈ। ਇਸ ਮੌਕੇ ਜਗੀਰ ਜੋਸਨ, ਜਿੰਦਰ ਬਾਗ ਪੁਰ, ਪਾਲ ਬਾਗ ਪੁਰ, ਬਿੱਟ ਰੂਪੇਵਾਲੀ, ਅਮਨ ਬਾਗ ਪੁਰ, ਦੇਸ ਰਾਜ ਜਾਫਰਵਾਲ, ਡਾ. ਨਗਿੰਦਰ ਸਿੰਘ ਬਾਂਸਲ, ਬਲਦੇਵ ਸਿੰਘ ਨਵਾਂ ਕਿਲ੍ਹਾ, ਸਤਨਾਮ ਸਿੰਘ ਨਵਾਂ ਕਿਲ੍ਹਾ, ਦਲਬਾਰਾ ਸਿੰਘ ਰੁਪੈਵਾਲੀ, ਡਾ. ਰੇਸ਼ਮ ਰੁਪੇਵਾਲੀ ਹਾਜਰ ਸਨ।



## 10 ਬੋਤਲਾਂ ਸ਼ਰਾਬ ਸਣੇ ਇਕ ਵਿਅਕਤੀ ਕਾਬੂ

ਜਲਾਲਾਬਾਦ (ਜੀਤ ਕੁਮਾਰ) - ਥਾਣਾ ਅਮੀਰ ਖਾਸ ਦੀ ਪੁਲਸ ਵਲੋਂ 10 ਬੋਤਲਾਂ ਨਾਜਾਇਜ ਸ਼ਰਾਬ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ।

ਜਾਣਕਾਰੀ ਦੇ ਅਨੁਸਾਰ ਸਹਾਇਕ ਥਾਣੇਦਾਰ ਸਵਰਨ ਸਿੰਘ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਪਿੰਡ ਅਮੀਰ ਖਾਸ ਦੀ ਨਹਿਰ ਦੀ ਪੁਲ ਕੋਲ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸੋਨੂੰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਢਾਣੀ ਕਸ਼ਮੀਰ ਸਿੰਘ ਦਾਖਲੀ ਪਿੰਡ ਅਮੀਰ ਖਾਸ ਆਪਣੇ ਘਰ ਵਿਚ ਨਾਜਾਇਜ ਸ਼ਰਾਬ ਕੱਢ ਕੇ ਅੱਗੇ ਵੇਚਣ ਦਾ ਆਦੀ ਹੈ, ਜਿਸ ਤੇ ਇਤਲਾਹ ਮੋਹਤਬਾਰ ਪਾਸੋ ਠੋਸ ਹੋਣ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਸੋਨੂੰ ਸਿੰਘ ਨੂੰ 10 ਬੋਤਲਾਂ ਨਾਜਾਇਜ ਸ਼ਰਾਬ ਸਣੇ ਕਾਬੂ ਕੀਤਾ ਹੈ।

ਥਾਣਾ ਅਮੀਰ ਖਾਸ ਦੀ ਪੁਲਸ ਨੇ ਸੋਨੂੰ ਸਿੰਘ ਦੇ ਖਿਲਾਫ ਧਾਰਾ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

## ਦੇਵਰਿਸ਼ੀ ਨਾਰਦ ਦੀ ਜਯੰਤੀ ਮੌਕੇ ਪੱਤਰਕਾਰਾਂ ਦੀ ਇਕੱਤਰਤਾ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਵਿਸ਼ਵ ਦੇ ਪਹਿਲੇ ਪੱਤਰਕਾਰ ਦੇਵਰਿਸ਼ੀ ਨਾਰਦ ਦੀ ਜਯੰਤੀ ਮੌਕੇ ਰਾਸ਼ਟਰੀ ਸਵੈਮ ਸੇਵਕ ਸੰਘ ਵੱਲੋਂ ਸੰਜੀਵ ਯਾਦਵ ਦੀ ਪ੍ਰਧਾਨਗੀ ਹੇਠ ਪੱਤਰਕਾਰਾਂ ਦੀ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਯੁਵਾ ਅਧਿਕਾਰੀ ਅਜੈ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਅਜੈ ਕੁਮਾਰ ਨੇ ਕਿਹਾ ਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ੍ਹ ਹੈ। ਪੱਤਰਕਾਰ ਕਿਉਂਕਿ ਸਹੀ ਸਮੇਂ 'ਤੇ ਸਹੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਂਦਾ ਹੈ, ਇਸ ਨਾਲ ਸਾਫ-ਸੁਥਰੇ ਸਮਾਜ ਦੀ ਉਸਾਰੀ ਵਿੱਚ ਵੀ ਅਹਿਮ ਯੋਗਦਾਨ ਹੁੰਦਾ ਹੈ। ਪੱਤਰਕਾਰ ਆਪਣੀ ਕਲਮ ਦੇ ਬਲ 'ਤੇ ਸਮਾਜ ਅਤੇ ਦੇਸ਼ ਦੇ ਨਿਰਮਾਣ 'ਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਮੌਕੇ ਐਡਵੋਕੇਟ ਹੇਮਦੀਪ ਸ਼ਰਮਾ, ਸੰਜੀਵ ਯਾਦਵ, ਜ਼ਿਲ੍ਹਾ ਪ੍ਰਚਾਰ ਮੁਖੀ ਸੁਨੀਲ ਆਨੰਦ, ਨਗਰ ਪਬਲੀਸਿਟੀ ਹੈੱਡ ਕੇਸ਼ਵ ਅਰੋੜਾ, ਜ਼ਿਲ੍ਹਾ ਸੰਪਰਕ ਮੁਖੀ ਰਜਿੰਦਰ ਮਨੀ, ਫਿਜ਼ੀਕਲ ਹੈੱਡ ਇੰਦਰਪਾਲ ਜੈਨ, ਡਾ: ਰਾਜੇਸ਼ ਮਹਾਜਨ, ਡਾ: ਅਤੀਵ ਅਤੇ ਸਤਪਾਲ ਸਿੰਘ ਆਦਿ ਹਾਜ਼ਰ ਸਨ।



### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਜਸਪ੍ਰੀਤ ਸਿੰਘ, ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਰੂਪ ਨਗਰ

ਜਨਤਕ ਨੋਟਿਸ

ਵਿਸ਼ਾ : ਅਧੀਨ ਧਾਰਾ 111 ਲੈਂਡ ਰੈਵੀਨਿਊ ਐਕਟ 1887 ਬਾਬਤ ਦਰਖਾਸਤ ਤਕਸੀਮ ਵੱਲੋਂ ਅਵਤਾਰ ਸਿੰਘ ਵਗੈਰਾ ਬਨਾਮ ਬਲਵੰਤ ਸਿੰਘ ਵਾਸੀ ਪਿੰਡ ਬਹਿਰਾਮਪੁਰ, ਤਹਿਸੀਲ ਵਾ ਜ਼ਿਲ੍ਹਾ ਰੂਪ ਨਗਰ

ਧਿਰਾਂ :

(1) ਬਲਵੰਤ ਸਿੰਘ ਪੁੱਤਰ ਸੁੱਚਾ ਸਿੰਘ ਪੁੱਤਰ ਕਰਤਾਰ ਸਿੰਘ (2) ਰਾਜਵੰਤ ਸਿੰਘ ਪੁੱਤਰ ਸੁੱਚਾ ਸਿੰਘ ਪੁੱਤਰ ਕਰਤਾਰ ਸਿੰਘ (3) ਅਮਰ ਕੌਰ ਵਿਧਵਾ ਉਜਾਗਰ ਸਿੰਘ ਪੁੱਤਰ ਕਰਤਾਰ ਸਿੰਘ (4) ਇੰਦਰਜੀਤ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਕਰਤਾਰ ਸਿੰਘ (5) ਸਾਧੂ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਕਰਤਾਰ ਸਿੰਘ (6) ਸਿਕੰਦਰ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਕਰਤਾਰ ਸਿੰਘ (7) ਜਸਵਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਸੁੱਚਾ ਸਿੰਘ (8) ਪਰਮਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਸੁੱਚਾ ਸਿੰਘ (9) ਬਲਬੀਰ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਭਗਵਾਨ ਸਿੰਘ (10) ਗੁਰਬਲਮ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਭਗਵਾਨ ਸਿੰਘ (11) ਰਣਧੀਰ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਭਗਵਾਨ ਸਿੰਘ (12) ਦਲਜੀਤ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਭਗਵਾਨ ਸਿੰਘ (13) ਗੁਰਮੀਤ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਭਗਵਾਨ ਸਿੰਘ (14) ਜਗਦੀਸ਼ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਭਗਵਾਨ ਸਿੰਘ (15) ਗੁਰਨਾਮ ਸਿੰਘ ਪੁੱਤਰ ਮਹਿਮਾ ਸਿੰਘ ਪੁੱਤਰ ਭਗਵਾਨ ਸਿੰਘ (16) ਮਹਿੰਦਰ ਸਿੰਘ ਪੁੱਤਰ ਜੀਵਾ ਸਿੰਘ ਪੁੱਤਰ ਨਗਾਈਆ (17) ਹਰਜਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਪੁੱਤਰ ਜਗਤ ਸਿੰਘ (18) ਅਮ੍ਰਿਤਪਾਲ ਸਿੰਘ ਉਰਫ ਰਾਜੂ ਪੁੱਤਰ ਬਲਵੀਰ ਸਿੰਘ ਪੁੱਤਰ ਜਗਤ ਸਿੰਘ ਵਾਸੀਆਨ ਪਿੰਡ ਬਹਿਰਾਮਪੁਰ ਹ. ਬ. ਨੰ., 219 ਤਹਿਸੀਲ ਵਾ ਜ਼ਿਲ੍ਹਾ ਰੂਪ ਨਗਰ। ... ਉਤਰਵਾਦੀਆਨ

ਉਕਤ ਉੱਤਰਵਾਦੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਤਕਸੀਮ ਕੇਸ ਪਿੰਡ ਬਹਿਰਾਮਪੁਰ ਵਿੱਚ ਉਕਤ ਧਿਰਾਂ ਵੱਲੋਂ ਜੇਕਰ ਕੋਈ ਪੈਰਵੀ ਕਰਨਾ ਚਾਹੁੰਦਾ ਹੈ ਤਾਂ ਉਹ ਕੇਸ ਦੀ ਪੇਸ਼ੀ ਮਿਤੀ 15-06-2023 ਨੂੰ ਅਸਾਲਤਨ ਜਾਂ ਵਕਾਲਤਨ ਮੇਰੇ ਰੂਬਰੂ ਪੇਸ਼ ਹੋ ਕੇ ਪੈਰਵੀ ਕਰ ਸਕਦਾ ਹੈ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਕੇਸ ਵਿੱਚ ਇੱਕਤਰਫਾ ਕਾਰਵਾਈ ਰੂਲਾਂ ਅਨੁਸਾਰ ਕਰ ਦਿੱਤੀ ਜਾਵੇਗੀ।

ਇਹ ਨੋਟਿਸ ਮਿਤੀ 18-05-2023 ਨੂੰ ਮੇਰੇ ਦਸਤਖਤਾਂ/ਮੋਹਰ ਰਾਹੀਂ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ, ਅੱਵਲ, (ਤਹਿਸੀਲਦਾਰ), ਰੂਪਨਗਰ

### Court Notice

IN the Court of Ms. Mamta Kakkar Addl. Civil Judge (Senior Division), Phul.

CNR No.PBBTB0-000269-2023

Next Date : 18.7.2023

Navita Versus General Public

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 18.7.2023 at 10.00 a.m.

For details logon to : https://highcourtchd.gov.in/?trs=district notice& district=Bathinda

Addl. Civil Judge (Senior Division), Phul.

Dated, this day of 17.5.2023

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਜਸਪ੍ਰੀਤ ਸਿੰਘ, ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਰੂਪ ਨਗਰ

ਜਨਤਕ ਨੋਟਿਸ

ਵਿਸ਼ਾ : ਅਧੀਨ ਧਾਰਾ 111 ਲੈਂਡ ਰੈਵੀਨਿਊ ਐਕਟ 1887 ਬਾਬਤ ਦਰਖਾਸਤ ਤਕਸੀਮ ਵੱਲੋਂ ਅਵਤਾਰ ਸਿੰਘ ਵਗੈਰਾ ਬਨਾਮ ਬਲਵੰਤ ਸਿੰਘ ਵਾਸੀ ਪਿੰਡ ਬਹਿਰਾਮਪੁਰ, ਤਹਿਸੀਲ ਵਾ ਜ਼ਿਲ੍ਹਾ ਰੂਪ ਨਗਰ

ਧਿਰਾਂ :

(1) ਬਲਵੰਤ ਸਿੰਘ ਪੁੱਤਰ ਸੁੱਚਾ ਸਿੰਘ ਪੁੱਤਰ ਕਰਤਾਰ ਸਿੰਘ (2) ਰਾਜਵੰਤ ਸਿੰਘ ਪੁੱਤਰ ਸੁੱਚਾ ਸਿੰਘ ਪੁੱਤਰ ਕਰਤਾਰ ਸਿੰਘ (3) ਸਿਕੰਦਰ ਸਿੰਘ ਪੁੱਤਰ ਬਲਦੇਵ ਸਿੰਘ ਪੁੱਤਰ ਕਰਤਾਰ ਸਿੰਘ (4) ਜਸਵਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਸੁੱਚਾ ਸਿੰਘ (5) ਪਰਮਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਸੁੱਚਾ ਸਿੰਘ ਵਾਸੀਆਨ ਪਿੰਡ ਬਹਿਰਾਮਪੁਰ ਹ. ਬ. ਨੰ. 219, ਤਹਿਸੀਲ ਵਾ ਜ਼ਿਲ੍ਹਾ ਰੂਪ ਨਗਰ। ... ਉਤਰਵਾਦੀਆਨ

ਉਕਤ ਉੱਤਰਵਾਦੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਤਕਸੀਮ ਕੇਸ ਪਿੰਡ ਬਹਿਰਾਮਪੁਰ ਵਿੱਚ ਉਕਤ ਧਿਰਾਂ ਵੱਲੋਂ ਜੇਕਰ ਕੋਈ ਪੈਰਵੀ ਕਰਨਾ ਚਾਹੁੰਦਾ ਹੈ ਤਾਂ ਉਹ ਕੇਸ ਦੀ ਪੇਸ਼ੀ ਮਿਤੀ 15-06-2023 ਨੂੰ ਅਸਾਲਤਨ ਜਾਂ ਵਕਾਲਤਨ ਮੇਰੇ ਰੂਬਰੂ ਪੇਸ਼ ਹੋ ਕੇ ਪੈਰਵੀ ਕਰ ਸਕਦਾ ਹੈ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਕੇਸ ਵਿੱਚ ਇੱਕਤਰਫਾ ਕਾਰਵਾਈ ਰੂਲਾਂ ਅਨੁਸਾਰ ਕਰ ਦਿੱਤੀ ਜਾਵੇਗੀ।

ਇਹ ਨੋਟਿਸ ਮਿਤੀ 18-05-2023 ਨੂੰ ਮੇਰੇ ਦਸਤਖਤਾਂ/ਮੋਹਰ ਰਾਹੀਂ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ, ਅੱਵਲ, (ਤਹਿਸੀਲਦਾਰ), ਰੂਪਨਗਰ

### Court Notice

In the Court of Ms. Neha Goel Addl. Civil Judge (Senior Division), Dhuri.

CNR No. PBSGB0-000801-2022

Next Date : 30.5.2023

State Bank of India having branches at different place including one at Bhasaur, Tehsil Dhuri.

Versus

Gurjant Singh S/o Gurdev Singh S/o Gobinder Singh R/o Vill. Bhasaur, Tehsil Dhuri

EXE application for the recovery of Rs. 10,06,204/-

Publication issued to : Gurjant Singh S/o Gurdev Singh S/o Gobinder Singh R/o Vill. Bhasaur, Tehsil Dhuri

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 30.5.2023 at 10.00 a.m.

For details logon to : https://highcourtchd.gov.in/?trs=district notice& district=Sangrur

Addl. Civil Judge (Senior Division), Dhuri

Dated, this day of 29.4.2023

### ਦਫਤਰ ਨਾਇਬ ਤਹਿਸੀਲਦਾਰ, ਬਰੇਟਾ

ਨੋਟਿਸ ਬਨਾਮ ਜਨਤਾ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਹਰਪਾਲ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਕਾਹਨਗੜ੍ਹ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਨੇ ਇੱਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਜਮ੍ਹਾਂਬੰਦੀ ਵਿੱਚ ਉਸ ਦਾ ਨਾਂਅ ਪਾਲਾ ਸਿੰਘ ਦਰਜ ਹੈ ਅਤੇ ਆਧਾਰ ਕਾਰਡ ਵਿੱਚ ਉਸ ਦਾ ਨਾਂਅ ਹਰਪਾਲ ਸਿੰਘ ਪੁੱਤਰ ਜਰਨੈਲ ਸਿੰਘ ਦਰਜ ਹੈ। ਉਹ ਦੋਵਾਂ ਨਾਵਾਂ ਦਾ ਇੱਕ ਹੀ ਵਿਅਕਤੀ ਹੈ। ਇਸ ਲਈ ਉਸ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਸ ਦਾ ਨਾਂਅ ਪਾਲਾ ਸਿੰਘ ਉਰਫ ਹਰਪਾਲ ਸਿੰਘ ਦਰੁੱਸਤ ਕੀਤਾ ਜਾਵੇ।

ਜੇਕਰ ਕਿਸੇ ਵੀ ਵਿਅਕਤੀ ਨੂੰ ਦਰਖਾਸਤ ਕਰਤਾ ਦੇ ਨਾਂਅ ਉਕਤ ਮਾਲ ਰਿਕਾਰਡ ਪਿੰਡ ਕਾਹਨਗੜ੍ਹ ਵਿੱਚ ਪਾਲਾ ਸਿੰਘ ਪੁੱਤਰ ਜਰਨੈਲ ਸਿੰਘ ਦੀ ਬਜਾਏ ਪਾਲਾ ਸਿੰਘ ਉਰਫ ਹਰਪਾਲ ਸਿੰਘ ਪੁੱਤਰ ਜਰਨੈਲ ਸਿੰਘ ਕੀਤੇ ਜਾਣ ਦੀ ਤਬਦੀਲੀ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਇਸ ਇਸ਼ਤਿਹਾਰ ਦੇ ਅਖਬਾਰ ਵਿੱਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 15 (ਪੰਦਰਾਂ ਦਿਨਾਂ) ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਅਸਾਲਤਨ ਜਾਂ ਵਕਾਲਤਨ ਪੇਸ਼ ਹੋ ਕਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕਿਸੇ ਵੀ ਕਿਸਮ ਦੇ ਇਤਰਾਜ਼ ਪਰ ਕੋਈ ਗੌਰ ਨਹੀਂ ਕੀਤੀ ਜਾਵੇਗੀ ਅਤੇ ਦਰਖਾਸਤ ਕਰਤਾ ਦਾ ਨਾਂਅ ਉਕਤ ਮਾਲ ਰਿਕਾਰਡ ਪਿੰਡ ਕਾਹਨਗੜ੍ਹ ਵਿੱਚ ਪਾਲਾ ਸਿੰਘ ਪੁੱਤਰ ਜਰਨੈਲ ਸਿੰਘ ਦੀ ਬਜਾਏ ਪਾਲਾ ਸਿੰਘ ਉਰਫ ਹਰਪਾਲ ਸਿੰਘ ਪੁੱਤਰ ਜਰਨੈਲ ਸਿੰਘ ਕਰ ਦਿੱਤਾ ਜਾਵੇਗਾ।

ਇਹ ਇਸ਼ਤਿਹਾਰ ਅੱਜ ਮਿਤੀ 22.5.2023 ਨੂੰ ਮੇਰੇ ਦਸਤਖਤ ਅਤੇ ਮੋਹਰ ਦਫਤਰ ਰਾਹੀਂ ਜਾਰੀ ਕੀਤਾ ਗਿਆ।

ਨਾਇਬ ਤਹਿਸੀਲਦਾਰ, ਬਰੇਟਾ।

ਪੱਤਰ ਨੰ: 672/ਰੀਡਰ/ਮਿਤੀ 22.5.2023

### Court Notice

In the Court of Ms. Mamta Kakkar Addl. Civil Judge (Senior Division), Phul.

CNR No. PBBTB0-000326-2023

Next Date : 2.8.2023

Ram Piyari etc Versus General Public

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 2.8.2023 at 10.00 a.m.

For details logon to : https://highcourtchd.gov.in/?trs=district notice& district=Bathinda

Addl. Civil Judge (Senior Division), Phul.

Dated, this day of 19/5/2023

### ਦਫਤਰ ਨਾਇਬ ਤਹਿਸੀਲਦਾਰ, ਬਰੇਟਾ

ਨੋਟਿਸ ਬਨਾਮ ਜਨਤਾ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਸੁਖਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਕਾਹਨਗੜ੍ਹ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਨੇ ਇੱਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਜਮ੍ਹਾਂਬੰਦੀ ਵਿੱਚ ਉਸ ਦਾ ਨਾਂਅ ਸੁਖਦੇਵ ਸਿੰਘ ਦਰਜ ਹੈ ਅਤੇ ਆਧਾਰ ਕਾਰਡ ਵਿੱਚ ਉਸ ਦਾ ਨਾਂਅ ਸੁਖਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਦਰਜ ਹੈ। ਉਹ ਦੋਵਾਂ ਨਾਵਾਂ ਦਾ ਇੱਕ ਹੀ ਵਿਅਕਤੀ ਹੈ। ਇਸ ਲਈ ਉਸ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਸ ਦਾ ਨਾਂਅ ਸੁਖਦੇਵ ਸਿੰਘ ਉਰਫ ਸੁਖਵਿੰਦਰ ਸਿੰਘ ਦਰੁਸਤ ਕੀਤਾ ਜਾਵੇ।

ਜੇਕਰ ਕਿਸੇ ਵੀ ਵਿਅਕਤੀ ਨੂੰ ਦਰਖਾਸਤ ਕਰਤਾ ਦੇ ਨਾਂਅ ਉਕਤ ਮਾਲ ਰਿਕਾਰਡ ਪਿੰਡ ਕਾਹਨਗੜ੍ਹ ਵਿੱਚ ਸੁਖਦੇਵ ਸਿੰਘ ਪੁੱਤਰ ਜਰਨੈਲ ਸਿੰਘ ਦੀ ਬਜਾਏ ਸੁਖਦੇਵ ਸਿੰਘ ਉਰਫ ਸੁਖਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਕੀਤੇ ਜਾਣ ਦੀ ਤਬਦੀਲੀ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਇਸ ਇਸ਼ਤਿਹਾਰ ਦੇ ਅਖਬਾਰ ਵਿੱਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 15 (ਪੰਦਰਾਂ ਦਿਨਾਂ) ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਅਸਾਲਤਨ ਜਾਂ ਵਕਾਲਤਨ ਪੇਸ਼ ਹੋ ਕਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕਿਸੇ ਵੀ ਕਿਸਮ ਦੇ ਇਤਰਾਜ਼ ਪਰ ਕੋਈ ਗੌਰ ਨਹੀਂ ਕੀਤੀ ਜਾਵੇਗੀ ਅਤੇ ਦਰਖਾਸਤ ਕਰਤਾ ਦਾ ਨਾਂਅ ਉਕਤ ਮਾਲ ਰਿਕਾਰਡ ਪਿੰਡ ਕਾਹਨਗੜ੍ਹ ਵਿੱਚ ਸੁਖਦੇਵ ਸਿੰਘ ਪੁੱਤਰ ਜਰਨੈਲ ਸਿੰਘ ਦੀ ਬਜਾਏ ਸੁਖਦੇਵ ਸਿੰਘ ਉਰਫ ਸੁਖਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਕਰ ਦਿੱਤਾ ਜਾਵੇਗਾ।

ਇਹ ਇਸ਼ਤਿਹਾਰ ਅੱਜ ਮਿਤੀ 15.5.2023 ਨੂੰ ਮੇਰੇ ਦਸਤਖਤ ਅਤੇ ਮੋਹਰ ਦਫਤਰ ਰਾਹੀਂ ਜਾਰੀ ਕੀਤਾ ਗਿਆ।

ਨਾਇਬ ਤਹਿਸੀਲਦਾਰ, ਬਰੇਟਾ।


## G20 ਗਰਮੀਆਂ ਦੀਆਂ ਵਿਸ਼ੇਸ਼ ਰੇਲਗੱਡੀਆਂ 2023

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਰੇਲਵੇ ਦੁਆਰਾ ਹੇਠਾਂ ਲਿਖੀਆਂ ਗਰਮੀਆਂ ਦੀਆਂ ਵਿਸ਼ੇਸ਼ ਰੇਲਗੱਡੀਆਂ ਹੇਠਾਂ ਦਿਤੀ ਗਈ ਸਮੇਂ-ਸਾਰਣੀ ਦੇ ਅਨੁਸਾਰ ਚਲਾਈਆਂ ਜਾਣਗੀਆਂ:-

**03255/03256 ਪਟਨਾ ਜੰ. - ਆਨੰਦ ਵਿਹਾਰ ਟਰਮੀ - ਪਟਨਾ ਜੰ. ਸੁਪਰਫਾਸਟ ਐਕਸਪ੍ਰੈਸ ਵਿਸ਼ੇਸ਼ (ਹਫਤੇ ਵਿਚ ਦੋ ਦਿਨ) — 12 ਫੇਰੇ**

| ਗੱਡੀ ਨੰ. 03255 ਪਹੁੰਚ | ਗੱਡੀ ਨੰ. 03255 ਰਵਾਨਗੀ | ਸਟੇਸ਼ਨ | ਗੱਡੀ ਨੰ. 03256 ਪਹੁੰਚ | ਗੱਡੀ ਨੰ. 03256 ਰਵਾਨਗੀ |
|---|---|---|---|---|
| — | 22:20 | ਪਟਨਾ ਜੰ. | 17:20 | — |
| 15:00 | — | ਆਨੰਦ ਵਿਹਾਰ ਟਰਮੀ | — | 23:30 |

ਚਲਣ ਦੇ ਦਿਨ : 03255 ਪਟਨਾ ਜੰ. ਤੋਂ ਵੀਰਵਾਰ ਅਤੇ ਐਤਵਾਰ ਨੂੰ ਮਿਤੀ 28.05.23 ਤੋਂ 15.06.23 ਅਤੇ 03256 ਆਨੰਦ ਵਿਹਾਰ ਟਰਮੀ ਤੋਂ ਸ਼ੁਕਰਵਾਰ ਅਤੇ ਸੋਮਵਾਰ ਨੂੰ ਮਿਤੀ 29.05.23 ਤੋਂ 16.06.23 ਤਕ
ਸੁਥਾਨ: 2 ਟੀਯਰ ਏਸੀ., 3 ਟੀਯਰ ਏਸੀ., 3 ਟੀਯਰ ਏਸੀ., ਇਕਾਨਮੀ ਅਤੇ ਸਲੀਪਰ।
ਠਹਿਰਾਓ: ਦਾਨਾਪੁਰ ਆਰਾ, ਬਕਸਰ, ਪੰ. ਦੀਨ ਦਿਆਲ ਉਪਾਧਿਆਏ, ਪ੍ਰਯਾਗਰਾਜ ਜੰ. ਅਤੇ ਕਾਨਪੁਰ ਸੈਂਟਰਲ ਸਟੇਸ਼ਨ।

**02391/02392 ਪਟਨਾ ਜੰ. - ਆਨੰਦ ਵਿਹਾਰ ਟਰਮੀ - ਪਟਨਾ ਜੰ. ਸੁਪਰਫਾਸਟ ਐਕਸਪ੍ਰੈਸ ਵਿਸ਼ੇਸ਼ (ਸਪਤਾਹਿਕ) — 06 ਫੇਰੇ**

| ਗੱਡੀ ਨੰ. 02391 ਪਹੁੰਚ | ਗੱਡੀ ਨੰ. 02391 ਰਵਾਨਗੀ | ਸਟੇਸ਼ਨ | ਗੱਡੀ ਨੰ. 02392 ਪਹੁੰਚ | ਗੱਡੀ ਨੰ. 02392 ਰਵਾਨਗੀ |
|---|---|---|---|---|
| — | 22:20 | ਪਟਨਾ ਜੰ. | 17:20 | — |
| 15:00 | — | ਆਨੰਦ ਵਿਹਾਰ ਟਰਮੀ | — | 23:30 |

ਚਲਣ ਦੇ ਦਿਨ : 02391 ਪਟਨਾ ਜੰ. ਤੋਂ ਹਰੇਕ ਸ਼ਨੀਵਾਰ ਨੂੰ ਮਿਤੀ 27.05.23 ਤੋਂ 10.06.23 ਤਕ ਅਤੇ 02392 ਆਨੰਦ ਵਿਹਾਰ ਟਰਮੀ ਤੋਂ ਹਰੇਕ ਐਤਵਾਰ ਨੂੰ ਮਿਤੀ 28.05.23 ਤੋਂ 11.06.23 ਤਕ
ਸੁਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਦਾਨਾਪੁਰ ਆਰਾ, ਬਕਸਰ, ਪੰ. ਦੀਨ ਦਿਆਲ ਉਪਾਧਿਆਏ, ਪ੍ਰਯਾਗਰਾਜ ਜੰ. ਅਤੇ ਕਾਨਪੁਰ ਸੈਂਟਰਲ ਸਟੇਸ਼ਨ।

**03635/03636 ਗਯਾ - ਆਨੰਦ ਵਿਹਾਰ ਟਰਮੀ. - ਗਯਾ ਸੁਪਰਫਾਸਟ ਐਕਸਪ੍ਰੈਸ ਵਿਸ਼ੇਸ਼ (ਹਫਤੇ ਵਿਚ ਤਿੰਨ ਦਿਨ) — 16 ਫੇਰੇ**

| ਗੱਡੀ ਨੰ. 03635 ਪਹੁੰਚ | ਗੱਡੀ ਨੰ. 03635 ਰਵਾਨਗੀ | ਸਟੇਸ਼ਨ | ਗੱਡੀ ਨੰ. 03636 ਪਹੁੰਚ | ਗੱਡੀ ਨੰ. 03636 ਰਵਾਨਗੀ |
|---|---|---|---|---|
| — | 14:15 | ਗਯਾ | 20:45 | — |
| 05:00 | — | ਆਨੰਦ ਵਿਹਾਰ ਟਰਮੀ | — | 07:00 |

ਚਲਣ ਦੇ ਦਿਨ : 03635 ਗਯਾ ਤੋਂ ਸੋਮਵਾਰ, ਬੁਧਵਾਰ ਅਤੇ ਸ਼ੁਕਰਵਾਰ ਨੂੰ ਮਿਤੀ 29.05.23 ਤੋਂ 14.06.23 ਤਕ ਅਤੇ 03635 ਤਕ ਅਤੇ 03636 ਆਨੰਦ ਵਿਹਾਰ ਟਰਮੀ ਤੋਂ ਮੰਗਲਵਾਰ, ਵੀਰਵਾਰ, ਅਤੇ ਸ਼ਨੀਵਾਰ ਨੂੰ ਮਿਤੀ 30.05.23 ਤੋਂ 15.06.23 ਤਕ
ਸੁਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਅਨੁਗ੍ਰਹ ਨਰਾਇਣ ਰੋਡ, ਡੇਹਰੀ ਆਨਸੋਨ, ਸਾਸਾਰਾਮ, ਭਭੂਆ ਰੋਡ, ਪੰ. ਦੀਨ ਦਿਆਲ ਉਪਾਧਿਆਏ, ਪ੍ਰਯਾਗਰਾਜ ਜੰ. ਅਤੇ ਕਾਨਪੁਰ ਸੈਂਟਰਲ ਸਟੇਸ਼ਨ।

**05734/05733 ਕਟਿਹਾਰ ਜੰ. - ਅੰਮ੍ਰਿਤਸਰ - ਕਟਿਹਾਰ ਜੰ. ਗਰਮੀਆਂ ਦੀਆਂ ਵਿਸ਼ੇਸ਼ (ਸਪਤਾਹਿਕ) — 12 ਫੇਰੇ**

| ਗੱਡੀ ਨੰ. 05734 ਪਹੁੰਚ | ਗੱਡੀ ਨੰ. 05734 ਰਵਾਨਗੀ | ਸਟੇਸ਼ਨ | ਗੱਡੀ ਨੰ. 05733 ਪਹੁੰਚ | ਗੱਡੀ ਨੰ. 05733 ਰਵਾਨਗੀ |
|---|---|---|---|---|
| — | 07:50 | ਕਟਿਹਾਰ ਜੰ. | 18:20 | — |
| 19:30 | — | ਅੰਮ੍ਰਿਤਸਰ | — | 08:45 |

ਚਲਣ ਦੇ ਦਿਨ : 05734 ਕਟਿਹਾਰ ਜੰ. ਤੋਂ ਹਰੇਕ ਸ਼ਨੀਵਾਰ ਨੂੰ ਮਿਤੀ 7.05.23 ਤੋਂ 01.07.23 ਤਕ ਅਤੇ 05733 ਅੰਮ੍ਰਿਤਸਰ ਤੋਂ ਹਰੇਕ ਸੋਮਵਾਰ ਨੂੰ ਮਿਤੀ 9.5.23 ਤੋਂ 03.07.23 ਤਕ।
ਸੁਥਾਨ: 3 ਟੀਯਰ ਏਸੀ., ਇਕਾਨਮੀ।
ਠਹਿਰਾਓ: ਨਵਗਛਿਯਾ, ਖਗੜਿਯਾ ਜੰ., ਹਸਨਪੁਰ ਰੋਡ, ਸਮਸਤੀਪੁਰ ਜੰ., ਮੁਜ਼ਫਰਪੁਰ ਜੰ., ਬਾਪੂਧਾਮ ਮੋਤਿਹਾਰੀ, ਬੇਤਿਯਾ, ਨਰਕਟਿਯਾਗੰਜ ਜੰ., ਗੋਰਖਪੁਰ, ਸਿਧਾਰਥ ਨਗਰ, ਬਲਰਾਮਪੁਰ, ਗੋਂਡਾ ਜੰ. ਲਖਨਊ, ਕਾਨਪੁਰ ਸੈਂਟਰਲ, ਅਲੀਗੜ੍ਹ ਜੰ., ਦਿੱਲੀ, ਅੰਬਾਲਾ, ਲੁਧਿਆਣਾ ਅਤੇ ਜਲੰਧਰ ਸਟੇਸ਼ਨ।

**04137/04138 ਸੂਬੇਦਾਰਗੰਜ - ਉਧਮਪੁਰ - ਸੂਬੇਦਾਰਗੰਜ. ਸੁਪਰਫਾਸਟ ਗਰਮੀਆਂ ਦੀਆਂ ਵਿਸ਼ੇਸ਼ (ਸਪਤਾਹਿਕ) — 10 ਫੇਰੇ**

| ਗੱਡੀ ਨੰ. 04137 ਪਹੁੰਚ | ਗੱਡੀ ਨੰ. 04137 ਰਵਾਨਗੀ | ਸਟੇਸ਼ਨ | ਗੱਡੀ ਨੰ. 04138 ਪਹੁੰਚ | ਗੱਡੀ ਨੰ. 04138 ਰਵਾਨਗੀ |
|---|---|---|---|---|
| — | 16:05 | ਸੂਬੇਦਾਰਗੰਜ | 12:55 | — |
| 12:40 | — | ਉਧਮਪੁਰ | — | 15:40 |

ਚਲਣ ਦੇ ਦਿਨ : 04137 ਸੂਬੇਦਾਰਗੰਜ ਤੋਂ ਹਰੇਕ ਐਤਵਾਰ ਨੂੰ ਮਿਤੀ 28.05.23 ਤੋਂ 25.06.23 ਤਕ ਅਤੇ 04138 ਉਧਮਪੁਰ ਤੋਂ ਹਰੇਕ ਸੋਮਵਾਰ ਨੂੰ ਮਿਤੀ 29.05.23 ਤੋਂ 26.06.23 ਤਕ
ਸੁਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਫਤੇਹਪੁਰ, ਕਾਨਪੁਰ ਸੈਂਟਰਲ, ਇਟਾਵਾ, ਟੂੰਡਲਾ, ਅਲੀਗੜ੍ਹ, ਖੁਰਜਾ, ਬੁਲੰਦਸ਼ਹਿਰ, ਹਾਪੁੜ, ਮੇਰਠ ਸਿਟੀ, ਮੁਜ਼ਫਰਨਗਰ, ਸਹਾਰਨਪੁਰ, ਅੰਬਾਲਾ ਕੈਂਟ, ਲੁਧਿਆਣਾ ਜੰ., ਜਲੰਧਰ ਕੈਂਟ, ਪਠਾਨਕੋਟ ਕੈਂਟ ਅਤੇ ਜੰਮੂ ਤਵੀ ਸਟੇਸ਼ਨ।

**04048/04047 ਦਿੱਲੀ ਜੰ. - ਮੁਜ਼ਫਰਪੁਰ ਜੰ. - ਦਿੱਲੀ ਜੰ. ਵਿਸ਼ੇਸ਼ ਐਕਸਪ੍ਰੈਸ — 02 ਫੇਰੇ**

| ਗੱਡੀ ਨੰ. 04048 ਪਹੁੰਚ | ਗੱਡੀ ਨੰ. 04048 ਰਵਾਨਗੀ | ਸਟੇਸ਼ਨ | ਗੱਡੀ ਨੰ. 04047 ਪਹੁੰਚ | ਗੱਡੀ ਨੰ. 04047 ਰਵਾਨਗੀ |
|---|---|---|---|---|
| — | 23:00 | ਦਿੱਲੀ ਜੰ. | 23:30 | — |
| 21:15 | — | ਮੁਜ਼ਫਰਪੁਰ ਜੰ. | — | 23:00 |

ਚਲਣ ਦੇ ਦਿਨ : 04048 ਦਿੱਲੀ ਜੰ. ਤੋਂ ਮਿਤੀ 27.05.23 (ਸ਼ਨੀਵਾਰ) ਅਤੇ 04047 ਮੁਜ਼ਫਰਪੁਰ ਜੰ. ਤੋਂ ਮਿਤੀ 28.05.23 (ਐਤਵਾਰ)
ਸੁਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਮੁਰਾਦਾਬਾਦ, ਚੰਦੌਸੀ ਜੰ., ਲਖਨਊ, ਗੋਰਖਪੁਰ, ਛਪਰਾ ਅਤੇ ਹਾਜੀਪੁਰ ਜੰ. ਸਟੇਸ਼ਨ।

ਰੇਲਮਦਦ ਹੈਲਪਲਾਈਨ ਨੰ. 139 | ਰੇਲਮਦਦ ਵੈਬਸਾਈਟ ਵੇਖੋ: www.railmadad.indianrailways.gov.in | ਰੇਲਮਦਦ ਐਪ ਡਾਊਨਲੋਡ ਕਰੋ

'ਤੇ ਸਾਨੂੰ ਫੋਲੋ ਕਰੋ | ਉੱਤਰ ਰੇਲਵੇ ਤੁਹਾਡੀ ਸੁਵਿਧਾ - ਸਾਡਾ ਲਕਸ਼ | www.nr.indianrailways.gov.in 'ਤੇ ਮਿਲੋ | 1614/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਕਲਾਸੀਫਾਈਡ ਇਸ਼ਤਿਹਾਰ

### Public Notice

I, Neelam W/o Roshan Lal R/o HN 59A/11, Ujala Nagar, Near Basti Sheikh Jalandhar, Punjab, declare that my husband Roshan Lal is mentally retired and don't listen our request. He is doing Unmeanfull acts and residing out of house. I or my family member will not responsible for any kind of acts/deeds/things of Mr. Roshan Lal S/o Chaman Lal. Please note.

I , Narinder Singh Nandha S/O Labh Singh R/O 142 Ranjit Avenue Kapurthala Declare That My Son Kamalpreet Singh And His Wife Navneet Kaur Are Out Of My Control . I Disinherit Them And Their Heirs From My Moveable And Immovable Properties . All Please Note.

I, Piara Lal S/o Khushi Ram R/o 316 Mohalla Abadpura, Jalandhar and Surinder Kaur W/o Piara Lal declare that we have disinherited our son Naresh Kumar, his wife Deepa and their children Abhi and Nisha from our all moveable and immoveable property due to out of control. We and our other family members have no concern/relation with them. Whosoever shall deals with them, shall be dealing at their own risk and responsibility. We will not be responsible for the same. Concerned note. (7782)

I, Ravi Parkash S/o Charan Dass R/o Village and P.O. Khothran Kalan, Tehsil Banga, District S.B.S.Nagar (Nawanshahr) declare that my daughter Monika who is divorcee, residing with us, is out of our family control and she left her parents house without any information. Therefore I disinherit her from my all moveable and immovable properties. Any body dealing with her shall be self responsible. All concerned please note. (R)

I Sandeep Kaur W/o. Santokh Singh (D/o. Gurdeep Singh), R/o. H.No.52, Pholriwal, Jalandhar, Punjab-144022, do solemnly hereby declare and affirm as under:- 1. That in my Passport No.N3102807 and in my education certificate the name of my father is mentioned as GURDEEP SINGH 2. Now I want to change the name of my father from GURDEEP SINGH to KULVEER SINGH in my documents.

### ਆਮ ਸੂਚਨਾ

ਉੱਪ ਮੰਡਲ ਦਫਤਰ, ਤਿੱਬੜ ਵਿਖੇ ਟਿਊਬਵੈੱਲ ਕੁਨੈਕਸ਼ਨ AP35/0073K ਜੋ ਪਹਿਲਾਂ ਤਰਸੇਮ ਸਿੰਘ ਪੁੱਤਰ ਬੁੱਢਾ ਸਿੰਘ ਪਿੰਡ ਤਿੱਬੜ ਵਿਖੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਦਾ ਨਾਮ ਬਦਲ ਕੇ ਕੁਲਜੀਤ ਸਿੰਘ ਪੁੱਤਰ ਤਰਸੇਮ ਸਿੰਘ ਪਿੰਡ ਤਿੱਬੜ ਦੇ ਨਾਮ ਬਦਲੀ ਕਰਨ ਦੀ ਦਰਖਾਸਤ ਪ੍ਰਾਪਤ ਹੋਈ ਹੈ। ਇਸ ਨਾਮ ਬਦਲੀ ਸਬੰਧੀ ਕਿਸੇ ਨੂੰ ਕੋਈ ਇਤਰਾਜ 15 ਦਿਨਾਂ ਅੰਦਰ ਉਪ ਮੰਡਲ ਅਫਸਰ, ਪੀਐੱਸਪੀਸੀਐੱਲ, ਤਿੱਬੜ (ਗੁਰਦਾਸਪੁਰ) ਨੂੰ ਸੂਚਿਤ ਕਰੇ। ਮਿਥੇ ਸਮੇਂ ਬਾਅਦ ਕੋਈ ਇਤਰਾਜ ਮੰਨਣ ਯੋਗ ਨਹੀਂ ਹੋਵੇਗਾ। (K P)

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸਨ ਖਾਤਾ ਨੰਬਰ ਵਾਈ ਏ ਪੀ 1858 ਹਾਰਸ ਪਾਵਰ 10 ਜੋ ਪ੍ਰੀਤਮ ਕੌਰ ਪਤਨੀ ਅਨੂਪ ਸਿੰਘ ਵਾਸੀ ਅਤਾਲਾਂ ਤਹਿਸੀਲ ਪਾਤੜਾਂ (ਪਟਿਆਲਾ) ਦੇ ਨਾਮ ਚੱਲਦਾ ਹੈ, ਨੂੰ ਆਪਣੇ ਨਾਮ ਕਰ ਲਈ ਮਹਿੰਦਰ ਸਿੰਘ ਪੁੱਤਰ ਪੂਰਨ ਸਿੰਘ ਨੇ ਦਰਖਾਸਤ ਦਿੱਤੀ ਹੈ। ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ 15 ਦਿਨਾਂ ਵਿੱਚ ਪੇਸ ਕਰੇ। ਐਸ ਡੀ ਓ ਪਾਵਰਕਾਮ ਪਾਤੜਾਂ ਦਿਹਾਤੀ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸਨ ਖਾਤਾ ਨੰਬਰ ਵਾਈ ਏ 1401 ਹਾਰਸ ਪਾਵਰ 15 ਜੋ ਕਾਲਾ ਰਾਮ ਪੁੱਤਰ ਬਿੱਕਰ ਰਾਮ ਵਾਸੀ ਕਲਵਾਨੂੰ ਤਹਿਸੀਲ ਪਾਤੜਾਂ (ਪਟਿਆਲਾ) ਦੇ ਨਾਮ ਚੱਲਦਾ ਹੈ, ਨੂੰ ਆਪਣੇ ਨਾਮ ਕਰ ਲਈ ਕੁਲਦੀਪ ਸਿੰਘ ਪੁੱਤਰ ਸਰਦਾਰਾ ਸਿੰਘ ਨੇ ਦਰਖਾਸਤ ਦਿੱਤੀ ਹੈ। ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ 15 ਦਿਨਾਂ ਵਿੱਚ ਪੇਸ ਕਰੇ। ਐਸ ਡੀ ਓ ਪਾਵਰਕਾਮ ਪਾਤੜਾਂ ਦਿਹਾਤੀ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸਨ ਖਾਤਾ ਨੰਬਰ 3008223763 ਜੋ ਜਸਵੀਰ ਕੌਰ ਪਤਨੀ ਬਲਕਾਰ ਸਿੰਘ ਵਾਸੀ ਅਤਾਲਾਂ ਤਹਿਸੀਲ ਪਾਤੜਾਂ (ਪਟਿਆਲਾ) ਦੇ ਨਾਮ ਚੱਲਦਾ ਹੈ, ਨੂੰ ਡਰੋਲੀ ਵਿਖੇ ਤਬਦੀਲ ਕਰਨ ਲਈ ਦਰਖਾਸਤ ਦਿੱਤੀ ਹੈ। ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ 15 ਦਿਨਾਂ ਵਿੱਚ ਪੇਸ ਕਰੇ। ਐਸ ਡੀ ਓ ਪਾਵਰਕਾਮ ਪਾਤੜਾਂ ਦਿਹਾਤੀ

ਮੈਂ, ਅਮਲੋਕ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ। ਮੇਰਾ ਟਿਊਬਵੈੱਲ ਕੁਨੈਕਸ਼ਨ ਨੰ. ਏ ਪੀ 1840, 3 ਐੱਚ ਪੀ, ਵਾਕਿਆ ਪਿੰਡ ਮੁੰਨਣ ਕਲਾਂ ਵਿੱਚ ਮੇਰੇ ਨਾਂਅ 'ਤੇ ਲੱਗਾ ਹੋਇਆ ਹੈ। ਮੈਂ ਆਪਣਾ ਉਪਰੋਕਤ ਟਿਊਬਵੈੱਲ ਕੁਨੈਕਸ਼ਨ ਜ਼ਮੀਨ ਸਮੇਤ ਨਿਰਮਲਾ ਪਤਨੀ ਪ੍ਰੀਤਮ ਸਿੰਘ ਨੂੰ ਵੇਚ ਦਿੱਤਾ ਹੈ। ਹੁਣ ਇਹ ਟਿਊਬਵੈੱਲ ਕੁਨੈਕਸ਼ਨ ਨਿਰਮਲਾ ਦੇ ਨਾਂਅ ਟਰਾਂਸਫਰ ਕਰ ਦਿੱਤਾ ਜਾਵੇ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 30 ਦਿਨਾਂ ਦੇ ਅੰਦਰ-ਅੰਦਰ ਬਿਜਲੀ ਦਫਤਰ ਪੁਰਾਣਾ ਸ਼ਾਲਾ ਵਿਖੇ ਇਤਰਾਜ਼ ਪੇਸ਼ ਕਰ ਸਕਦਾ ਹੈ।

ਮੈਂ, ਦਲੀਪ ਸਿੰਘ ਪੁੱਤਰ ਸ੍ਰੀ ਸ਼ਰਮ ਸਿੰਘ ਵਾਸੀ ਪਿੰਡ ਮਿਆਣੀ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਪਿੰਡ ਮਿਆਣੀ ਹੱਦਬਸਤ ਨੰ. 532, ਤਹਿਸੀਲ ਟਾਂਡਾ ਦੀ ਜਮ੍ਹਾਂਬੰਦੀ ਵਿੱਚ ਮੇਰੇ ਪੁੱਤਰ ਦਾ ਨਾਂਅ ਬਲਵਿੰਦਰ ਸਿੰਘ ਪੁੱਤਰ ਦਲੀਪ ਸਿੰਘ ਗਲਤ ਦਰਜ ਹੋ ਗਿਆ ਹੈ, ਜੋ ਕਿ ਗਲਤ ਹੈ। ਮੇਰੇ ਪੁੱਤਰ ਦਾ ਸਹੀ ਨਾਂਅ ਪਲਵਿੰਦਰ ਸਿੰਘ ਪੁੱਤਰ ਦਲੀਪ ਸਿੰਘ ਹੈ। ਕਿਰਪਾ ਕਰਕੇ ਮਾਲ ਰਿਕਾਰਡ ਵਿੱਚ ਉਸ ਦਾ ਸਹੀ ਨਾਂਅ ਦਰਜ ਕੀਤਾ ਜਾਵੇ।

### ਬੇਦਖਲੀ ਨੋਟਿਸ

ਮੈਂ, ਹਰਭਜਨ ਸਿੰਘ ਪੁੱਤਰ ਸ: ਸਰਦਾਰਾ ਸਿੰਘ ਵਾਸੀ ਮਕਾਨ ਨੰ: 138/2, ਦਿਲਬਾਗ ਨਗਰ, ਬਸਤੀ ਗੁਜਾਂ, ਜਲੰਧਰ ਆਪਣੇ ਬੇਟੇ ਇੰਦਰਜੀਤ ਸਿੰਘ ਅਤੇ ਉਸ ਦੀ ਪਤਨੀ ਮਨਜੀਤ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਵਿਦੇਸ਼ ਇਟਲੀ ਰਹਿੰਦੇ ਹਨ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ, ਮੇਰਾ ਪਰਵਾਰ ਅਤੇ ਰਿਸ਼ਤੇਦਾਰ ਇਹਨਾਂ ਦੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਲਈ ਜ਼ਿੰਮੇਵਾਰ ਨਹੀਂ ਹੋਵਾਂਗੇ। ਸਾਡਾ ਇਹਨਾਂ ਨਾਲ ਕੋਈ ਤਲਕ-ਵਾਸਤਾ ਜਾਂ ਸੰਬੰਧ ਨਹੀਂ ਹੋਵੇਗਾ। (7776)

ਮੈਂ, ਸਵਰਨ ਸਿੰਘ ਪੁੱਤਰ ਮੱਸਾ ਸਿੰਘ ਵਾਸੀ ਪਿੰਡ ਕੱਲ੍ਹਾ, ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਅਤੇ ਇਸ ਦੀ ਪਤਨੀ ਸੁਖਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੇ ਬਾਕੀ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (ਨਾਰੰਗ)

ਮੈਂ, ਅਨੀਤਾ ਪਤਨੀ ਦਰਸ਼ਨ ਕੁਮਾਰ ਵਾਸੀ ਮ.ਨੰ. 527, ਸੋਡਲ ਰੋਡ, ਪ੍ਰੀਤ ਨਗਰ, ਜਲੰਧਰ-1, ਇੰਡਸਟਰੀਅਲ ਜਲੰਧਰ, ਪੰਜਾਬ-144004 ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਸਾਹਿਲ ਅਤੇ ਨੂੰਹ ਸਪਨਾ ਸੈਨੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈ ਗੁਰਦਿਆਲ ਸਿੰਘ ਪੁੱਤਰ ਸ੍ਰੀ ਅਮਰੀਕ ਸਿੰਘ ਵਾਸੀ ਮੱਲੂਨੰਗਲ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਸਿੰਘ ਅਤੇ ਉਸਦੀ ਪਤਨੀ ਨਵਜੋਤ ਕੌਰ ਉਰਫ ਨਿਸ਼ਾ ਜੋ ਕੀ ਮੇਰੇ ਕਹਿਣੇ ਤੋ ਬਾਹਰ ਹਨ। ਇਹਨਾਂ ਨੂੰ ਮੈ ਆਪਣੀ ਚੱਲ-ਅੱਚਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੈਣ ਕਰਨ ਵਾਲਾ ਖੁੰਦ ਜਿੰਮੇਵਾਰ ਹੋਵੇਗਾ। ਇਹਨਾਂ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਤੱਲਕ-ਵਾਸਤਾ ਨਹੀ ਹੋਵੇਗਾ।

ਮੈਂ ਅਨੀਤਾ ਦੇਵੀ ਪਤਨੀ ਸਵ: ਗੋਬਿੰਦ ਕੁਮਾਰ ਵਾਸੀ 4-ਸੀ, ਅਫਸਰ ਕਲੋਨੀ, ਨਜਦੀਕ ਐਸ.ਡੀ.ਐਮ ਰੈਜ਼ੀਡੈਂਟ, ਕਪੂਰਥਲਾ, ਪੰਜਾਬ, ਭਾਰਤ ਆਪਣੇ ਲੜਕੇ ਰੋਹਿਤ ਕੁਮਾਰ ਅਤੇ ਨੂੰਹ ਮੀਨਾਲੀ ਸ਼ਰਮਾ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ ਬਲਵਿੰਦਰ ਸਿੰਘ ਪੁੱਤਰ ਦੀਵਾਨ ਸਿੰਘ, ਸੁਰਿੰਦਰ ਕੌਰ ਪਤਨੀ ਬਲਵਿੰਦਰ ਵਾਸੀਆਨ ਪਿੰਡ ਨੌਸ਼ਹਿਰਾ, ਡਾਕਖਾਨਾ ਪੁੱਲ ਤਿੱਬੜੀ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਸਾਡਾ ਲੜਕਾ ਹਰਜਿੰਦਰ ਸਿੰਘ ਅਤੇ ਉਸ ਦੀ ਪਤਨੀ ਰਵਿੰਦਰ ਕੌਰ ਜੋ ਸਾਡੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

### ਨਾਂਅ ਦੀ ਬਦਲੀ

ਮੈਂ, ਰਿੰਕੂ ਸੁਰਿੰਦਰ ਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ 769/3, ਮੁਹੱਲਾ ਜੱਟਾਂ, ਆਦਮਪੁਰ ਦੋਆਬਾ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਰਿੰਕੂ ਸੁਰਿੰਦਰ ਪਾਲ ਸਿੰਘ ਤੋਂ ਬਦਲ ਕੇ ਸੁਰਿੰਦਰ ਪਾਲ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਦਿਲਬਾਗੀ)

ਮੈਂ, ਦਵਿੰਦਰ ਕੌਰ ਪਤਨੀ ਸਤਨਾਮ ਸਿੰਘ ਕੰਗ ਵਾਸੀ ਬੋਦੇਵਾਲ, ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦੀ ਹਾਂ ਕਿ ਮੈਂ ਆਪਣਾ ਨਾਂਅ ਦਵਿੰਦਰ ਕੌਰ ਤੋਂ ਬਦਲ ਕੇ ਦਵਿੰਦਰ ਕੌਰ ਕੰਗ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਸਿੱਧੂ)

ਮੈਂ, ਕਾਂਤਾ ਦੇਵੀ ਪਤਨੀ ਪੂਰਨ ਚੰਦ ਵਾਸੀ ਪਿੰਡ ਲੇਹਲ ਕਲਾਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣੀ ਪੁੱਤਰੀ ਦਾ ਨਾਂਅ ਬਦਲ ਕੇ ਦੀਆ ਬੰਗੜ ਰੱਖ ਲਿਆ ਹੈ। ਹੁਣ ਬੰਗੜ ਉਸ ਦਾ ਉਪ ਨਾਂਅ ਹੈ।

ਮੈਂ, ਪ੍ਰੀਆ ਪੁੱਤਰੀ ਬਲਵੀਰ ਚੰਦ ਵਾਸੀ ਚੱਕ ਗੁਰੂ, ਤਹਿਸੀਲ ਬੰਗਾ, ਜ਼ਿਲ੍ਹਾ ਸ. ਭ. ਸ. ਨਗਰ ਨੇ ਆਪਣਾ ਨਾਂਅ ਬਦਲ ਕੇ ਪ੍ਰੀਆ ਕੌਰ ਰੱਖ ਲਿਆ ਹੈ। ਹੁਣ ਕੌਰ ਮੇਰਾ ਉਪ ਨਾਂਅ ਹੈ।

ਮੈਂ, ਛੰਮਪਾਲ ਪੁੱਤਰ ਰੇਸ਼ਮ ਲਾਲ ਵਾਸੀ ਜੌਹਲ, ਡਾਕਖਾਨਾ ਬੜਾ ਪਿੰਡ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਛੰਮਪਾਲ ਬਾਂਸਲ ਰੱਖ ਲਿਆ ਹੈ। ਹੁਣ ਬਾਂਸਲ ਮੇਰਾ ਉਪ ਨਾਂਅ ਹੈ।

ਮੈਂ, ਪਲਵੀ ਪੁੱਤਰੀ ਤੀਰਥ ਰਾਮ ਵਾਸੀ ਪਿੰਡ ਸੇਮੀ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨੇ ਆਪਣਾ ਨਾਮ ਪਲਵੀ ਤੋਂ ਬਦਲ ਕੇ ਪਲਵੀ ਉਰਫ ਪਲਵੀ ਕੈਂਥ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਰਜਨੀ ਪੁੱਤਰੀ ਲੇਟ ਤਰਸੇਮ ਲਾਲ, ਪਤਨੀ ਰਣਜੋਧ ਸਿੰਘ ਵਾਸੀ ਪਿੰਡ ਕੰਬੋ ਢਾਏਵਾਲਾ, ਜ਼ਿਲ੍ਹਾ ਤਰਨ ਤਾਰਨ ਨੇ ਆਪਣਾ ਨਾਮ ਰਜਨੀ ਤੋਂ ਬਦਲ ਕੇ ਰਜਨੀ ਕੌਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਪ੍ਰੀਤੀ ਪੁੱਤਰੀ ਗੁਰਬਖ਼ਸ਼ ਸਿੰਘ ਵਾਸੀ ਮਕਾਨ ਨੰ. 456, ਗਲੀ ਨੰ. 4, ਸੁਭਾਸ਼ ਨਗਰ, ਹੁਸ਼ਿਆਰਪੁਰ-146001, ਪੰਜਾਬ ਨੇ ਆਪਣਾ ਨਾਮ ਪ੍ਰੀਤੀ ਤੋਂ ਬਦਲ ਕੇ ਪ੍ਰੀਤੀ ਕੌਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ ਲਵ ਪੁਤਰ ਜਤਿੰਦਰ ਪਾਲ ਵਾਸੀ ਅਨੰਦ ਨਗਰੀ, ਜਲਾਲਾਬਾਦ, ਮੇਰਾ ਨਾਮ ਲਵ ਤੋਂ ਬਦਲ ਕੇ ਲਵ ਇੱਛਪੁਜਾਨੀ ਕਰ ਰਿਹਾ ਹਾਂ ਅਤੇ ਲਵ ਮੇਰਾ ਪਹਿਲਾ ਨਾਮ ਹੈ ਅਤੇ ਇੱਛਪੁਜਾਨੀ ਮੇਰਾ ਸਰਨੇਮ ਹੈ।

ਮੈਂ ਖੁਸ਼ਕਰਨ ਪੁੱਤਰ ਕਮਲੇਸ਼ ਕੁਮਾਰ, ਵਾਸੀ ਦੋਰਾਹਾ ਨੇ ਆਪਣਾ ਨਾਮ ਖੁਸ਼ਕਰਨ ਥਾਪਰ ਬਦਲ ਲਿਆ ਹੈ।

### Change of Name

I, Jasdeep Singh S/o Hardial Singh Virdi R/o Vill. Rara, Teh. Dasuya (Hoshiarpur), Punjab, have changed my name to Jasdeep Singh Virdi. All concerned please note.

### Change of Name

I, Saroj Bala W/o Sh. Harinder Kumar R/o H.No. 60, Street No. 29, Sadar Bazar, Jalandhar Cantt, Jalandhar-144005, have changed my name from Saroj Bala to Saroj Rani. Concerned note. (7777)

I, Girdhri Lal S/o Lal Chand R/o Dhuri (Sangrur), have changed my name to Girdhari Lal. (CRP)

I, Charanjit Kaur W/o Sajjan Singh R/o Bardwal (Sangrur), have changed my name to Charanjeet Kaur. (CRP)

I, Gurjeet Kaur W/o Kulveer Singh R/o Vill. Dhandiwal (Sangrur), have changed my name to Gurjit Kaur. (CRP)

I,Rajesh Kumar S/O Sudesh Kumar R/O Near Mandir Devi Duara, Ward No.7, Mohalla Pritam Singh, Raja Sansi, Amritsar, Punjab have changed my daughter's name from Jasmeen to Jasmeen Kochar. Concerned note. (KK)

I, Navjit Kaur W/o Lt. Pardeep Kumar R/o V.P.O. Binpalke, Distt. Jalandhar, have changed the name of my minor son from Namandeep to Namandeep Singh. Concerned note. (7779)

I, Mehar Singh S/O Priyanav Pal Singh Walia R/O H.No.8, Krishna Square-1, Batala Road, Amritsar, Punjab have changed my name from Mehar Singh to Mehar Singh Ahluwalia. Concerned note.

I, Sourav S/o Balvir Kumar R/o VPO Bihala Tehsil & Distt. Hoshiarpur Punjab have changed my name from Sourav to Sourav Mall. Concerned note. (HITESH)

I Dalip Kumar S/o Teja Singh R/o of Mohalla Partap Nagar,Qadian, Tehsil Batala, District Gurdaspur have changed my daughter's name Muskan to Muskan Salotra. Please note all.

I VARYAM SINGH S/O ARJAN SINGH R/O H NO.2397 B BACK-SIDE GRACE PUBLIC SCHOOL JANDIALA GURU AMRITSAR HAVE CHANGED MY NAME TO WARYAM SINGH. (Narang)

I, Harvinder Singh S/o Virsa Singh R/o Village Manakpura Tehsil and District Tarn Tara have changed my name from Harvinder Singh to Harwinder Singh. (Narang)

I Meesha Sharma D/o Sh. Pankaj Sharma W/o Sh. Rajat Mahajan R/o H No. 495, Green Field, Majitha Road, Amritsar. I have changed my name after marriage Meesha Sharma to Meesha Mahajan (Narang)

I HARPREET KAUR D/O PARGAT SINGH R/O VILL.LASHKARI NANGAL TEHSIL AJNALA DISTT.AMRITSAR HAVE CHANGED MY FROM HARPREET KAUR TO GIVEN NAME HARPREET SURNAME KAUR. (Narang)

I Simmy Alias Nripjit Kaur Chhatwal W/o Sh. Kanwar Sukhjinder Singh Chhatwal R/o H.No.AV-026/121, Dream City, G.T. Road, Near Best Price Manawala, Amritsar have changed my name from Simmy Alias Nripjit Kaur Chhatwal To Nripjit Kaur Chhatwal. (Narang)

I Naina Puri D/o Sh. Sunil Puri W/o Mr. Ravi Sethi R/o 44R, Gali No. 2, Gopal Nagar, Majitha Road, Amritsar. I have changed my name after marriage Naina Puri to Naina Sethi. (Narang)

I, Solina W/o David R/o Vill. Kutbi Nangal, Tehsil Batala, Distt. Gurdaspur, Punjab have changed my name from Solina to Salina. All concerned please note.

I Sobeg Singh S/O Gurdeep Singh R/O Vpo Village Chohla Sahib , Tehsil Distt. Tarn Taran Have Changed My Name From Sobeg Singh To Subeg Singh. All Concerned Please Note.

I, Bunty S/o Raj Kumar, R/o 73/20 Bhatia Gali Mohalla Arafwala, Kapurthala, have changed my name from BUNTY to BANTI. All Concerned please note.


### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਭਰਿਆਲ ਲਾਹੜੀ ਤੋਂ ਪਠਾਨਕੋਟ ਨੂੰ ਜਾਣ ਵਾਲੀ ਸੜਕ ਦੀ ਹਾਲਤ ਬੇਹੱਦ ਖਸਤਾ



ਗੁਰਦਾਸਪੁਰ (ਜਨਕ ਮਹਾਜਨ)-ਪਿੰਡ ਭਰਿਆਲ ਤੋਂ ਪਠਾਨਕੋਟ ਵਾਲੀ ਸਾਈਡ ਨੂੰ ਜਾਣ ਵਾਲੀ ਸੜਕ ਦੀ ਹਾਲਤ ਬੇਹੱਦ ਖਸਤਾ ਹੋਈ ਪਈ ਹੈ। ਇਸ ਸੜਕ ਜਗ੍ਹਾ-ਜਗ੍ਹਾ 'ਤੇ ਟੋਏ ਹੋਣ ਕਾਰਨ ਇਸ ਵਿਚ ਵਰਖਾ ਦਾ ਪਾਣੀ ਭਰ ਜਾਂਦਾ ਹੈ। ਪਾਣੀ ਨਾਲ ਭਰੇ ਟੋਏ ਦਿਖਾਈ ਨਾ ਦੇਣ ਕਾਰਨ ਰਾਹਗੀਰ ਕਈ ਵਾਰ ਸੱਟਾਂ ਵੀ ਲਗਵਾ ਚੁੱਕੇ ਹਨ। ਇਸ ਸਬੰਧੀ ਇਲਾਕਾ ਨਿਵਾਸੀ ਹਰਦੀਪ ਸਿੰਘ, ਬਲਰਾਜ ਸਿੰਘ, ਰਾਕੇਸ਼ ਕੁਮਾਰ, ਰੋਹਿਤ ਕੁਮਾਰ, ਅਨਿਲ ਕੁਮਾਰ, ਸੁਰਿੰਦਰ ਸੈਣੀ, ਨਰੇਸ਼ ਕੁਮਾਰ, ਸੋਮ ਰਾਜ, ਅਵਿਨਾਸ਼, ਸੁਨੀਲ ਕੁਮਾਰ ਨੇ ਦੱਸਿਆ ਕਿ ਇਹ ਸੜਕ ਵਿੱਚ ਖੱਡੇ ਹੋਣ ਕਾਰਨ ਰਾਤੀਂ ਆਉਣ-ਜਾਣ ਵਾਲੇ ਰਾਹਗੀਰ ਰੋਜ਼ਾਨਾ ਦੁਰਘਟਨਾ ਦੇ ਸ਼ਿਕਾਰ ਹੋ ਰਹੇ ਹਨ। ਬਰਸਾਤ ਦੇ ਮੌਸਮ ਵਿੱਚ ਇਹ ਖੱਡੇ ਛੱਪੜ ਦਾ ਰੂਪ ਧਾਰਨ ਕਰ ਲੈਂਦੇ ਹਨ। ਕਈ ਵਾਰ ਸਬੰਧਤ ਵਿਭਾਗ ਨੂੰ ਜਾਣਕਾਰੀ ਦੇਣ ਦੇ ਬਾਵਜੂਦ ਅਜੇ ਤੱਕ ਇਸ ਸੜਕ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਇੰਝ ਲੱਗਦਾ ਹੈ ਕਿ ਸਬੰਧਤ ਵਿਭਾਗ ਕਿਸੇ ਵੱਡੀ ਦੁਰਘਟਨਾ ਦੇ ਇੰਤਜ਼ਾਰ ਵਿੱਚ ਹੈ। ਰਾਹਗੀਰ ਅਤੇ ਇਲਾਕਾ ਨਿਵਾਸੀਆਂ ਦੀ ਸਬੰਧਤ ਵਿਭਾਗ ਅਤੇ ਸਰਕਾਰ ਤੋਂ ਮੰਗ ਹੈ ਕਿ ਇਸ ਸੜਕ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਤਾਂ ਕਿ ਆਉਣ ਵਾਲੀ ਕਿਸੇ ਵੱਡੀ ਦੁਰਘਟਨਾ ਤੋਂ ਬਚਿਆ ਜਾ ਸਕੇ।

## ਸਿਹਤ ਵਿਭਾਗ ਨੇ ਤੰਬਾਕੂਨੋਸ਼ੀ ਦੇ ਮਾੜੇ ਪ੍ਰਭਾਵਾਂ ਬਾਰੇ ਜਨਤਾ ਨੂੰ ਕੀਤਾ ਖ਼ਬਰਦਾਰ

ਸਮਰਾਲਾ, (ਸੁਰਜੀਤ ਸਿੰਘ) ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸਿਵਲ ਸਰਜਨ ਡਾ. ਹਿਤਿੰਦਰ ਕੌਰ ਦੀਆਂ ਹਦਾਇਤਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਿਕਜੋਤ ਸਿੰਘ ਐਸ ਐਮ ਓ ਦੀ ਅਗਵਾਈ ਹੇਠ ਸਥਾਨਕ ਸਿਵਲ ਹਸਪਤਾਲ ਵੱਲੋਂ ਤੰਬਾਕੂਨੋਸ਼ੀ ਵਿਰੋਧੀ ਪੰਦਰਵਾੜਾ ਮਨਾਇਆ ਗਿਆ। ਇਹ ਪੰਦਰਵਾੜਾ 31 ਮਈ ਤੱਕ ਜਾਰੀ ਰਹੇਗਾ। ਹਸਪਤਾਲ ਦੇ ਡਾ. ਤਾਰਿਕਜੋਤ ਸਿੰਘ ਐਸ ਐਮ ਓ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਦੱਸਿਆ ਜਾਵੇਗਾ ਕਿ ਤੰਬਾਕੂਨੋਸ਼ੀ ਸਿਹਤ ਲਈ ਬਹੁਤ ਹੀ ਖਤਰਨਾਕ ਹੈ। ਉਨ੍ਹਾ ਕਿਹਾ ਕਿ ਤੰਬਾਕੂ ਦੇ ਪੈਕਟਾਂ 'ਤੇ ਦਰਜ ਸਿਹਤ ਸੰਬੰਧੀ ਚੇਤਾਵਨੀ ਨੂੰ ਲੋਕ ਅਕਸਰ ਨਜ਼ਰਅੰਦਾਜ਼ ਕਰਦੇ ਹਨ ਜਦਕਿ ਚੇਤਾਵਨੀ ਦੱਸਦੀ ਹੈ ਕਿ ਇਹ ਜਾਨਲੇਵਾ ਆਦਤ ਹੈ। ਇਸ ਲਈ ਇਸ ਆਦਤ ਤੋਂ ਹਰ ਹਾਲ ਵਿਚ ਬਚਣ ਦੀ ਲੋੜ ਹੈ। ਤੰਬਾਕੂ ਵਿਰੋਧੀ ਪੰਦਰਵਾੜੇ ਸੰਬੰਧੀ ਦੁਕਾਨਦਾਰਾਂ ਅਤੇ ਆਮ ਲੋਕਾਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਕਰਨਵੀਰ ਸਿੰਘ ਨੇ ਦੱਸਿਆ ਕਿ ਤੰਬਾਕੂ ਦੇ ਸੇਵਨ ਕਰਨ ਨਾਲ ਮੂੰਹ, ਗਲੇ, ਖੁਰਾਕ ਨਲੀ, ਫੇਫੜਿਆਂ ਅਤੇ ਪੇਟ ਆਦਿ ਦੇ ਕੈਂਸਰ ਦਾ ਖਤਰਾ ਬਣਿਆ ਰਹਿੰਦਾ ਹੈ ਕਿਉਂਕਿ ਤੰਬਾਕੂ ਵਿਚ ਨਿਕੋਟੀਨ ਸਮੇਤ ਹੋਰ ਬਹੁਤ ਸਾਰੇ ਜ਼ਹਿਰੀਲੇ ਤੱਤ ਪਾਏ ਜਾਂਦੇ ਹਨ ਜੋਂ ਕਿ ਸਰੀਰ 'ਤੇ ਨੁਕਸਾਨ ਦੇਹ ਅਸਰ ਪਾਉਂਦੇ ਹਨ। ਤੰਬਾਕੂ ਦਾ ਸੇਵਨ ਦਿਲ ਅਤੇ ਬੀ ਪੀ ਦੇ ਰੋਗਾਂ ਦਾ ਕਾਰਨ ਵੀ ਬਣਦਾ ਹੈ। ਉਨ੍ਹਾ ਦੱਸਿਆ ਕਿ ਤੰਬਾਕੂ ਕੰਟਰੋਲ ਐਕਟ 2003 ਤਹਿਤ ਜਨਤਕ ਥਾਵਾਂ 'ਤੇ ਤੰਬਾਕੂਨੋਸ਼ੀ ਕਰਨਾ, 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਪਦਾਰਥ ਵੇਚਣਾ ਅਤੇ ਤੰਬਾਕੂ ਦੇ ਇਸ਼ਤਿਹਾਰਬਾਜ਼ੀ ਦੀ ਪੂਰਨ ਮਨਾਹੀ ਹੈ। ਇਸ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਵੀ ਕੱਟੇ ਜਾਂਦੇ ਹਨ। ਇਸ ਮੌਕੇ ਸੁਖਵਿੰਦਰ ਸਿੰਘ ਕੌਂਸਲਰ, ਪ੍ਰਦੀਪ ਸ਼ਰਮਾ ਅਤੇ ਮਨਪ੍ਰੀਤ ਸਿੰਘ ਹਾਜ਼ਰ ਸਨ।

## ਸਰਕਾਰੀ ਹਾਈ ਸਕੂਲ ਮੱਲ੍ਹੀਆਂ ਖੁਰਦ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ



ਕਾਲਾ ਸੰਘਿਆਂ (ਮਨਜੀਤ ਮਾਨ)- ਸਰਕਾਰੀ ਹਾਈ ਸਮਾਰਟ ਸਕੂਲ ਮੱਲ੍ਹੀਆਂ ਖੁਰਦ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਕਿਰਨਦੀਪ(579) ਨਵਜੋਤ ਕੌਰ(542) ਸ਼ਿਲਪਾ ਸਲਾਰਿਆ (525) ਰਮਨਦੀਪ ਕੌਰ(520) ਸੁਖਪ੍ਰੀਤ ਕੌਰ (519) ਪਰਵੀਨ (512) ਚਰਨਜੀਤ ਕੌਰ(505) ਮੁਸਕਾਨ (503). ਮੁੱਖ ਅਧਿਆਪਕ ਸ ਕਮਲਜੀਤ ਸਿੰਘ ਅਤੇ ਸਮੂਹ ਸਟਾਫ ਵਲੋ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ ਅਤੇ ਪਰਿਵਾਰਕ ਮੈਂਬਰਾਂ ਨਾਲ ਵੀ ਖੁਸ਼ੀ ਸਾਂਝੀ ਕੀਤੀ ਗਈ।

# ਨਗਰ ਕੌਂਸਲ ਦੀਆਂ ਮੀਟਿੰਗਾਂ ਚੜ੍ਹ ਜਾਂਦੀਆਂ ਹਨ ਹੰਗਾਮਿਆਂ ਦੀ ਭੇਟ



**ਖਰੜ (ਹਰਨਾਮ ਸਿੰਘ ਡੱਲਾ)**-ਅੱਜ ਫਿਰ ਸਥਾਨਕ ਕੌਂਸਲਰਾਂ ਅਤੇ ਨਗਰ ਕੌਂਸਲ ਪ੍ਰਧਾਨ ਬੀਬੀ ਜਸਪ੍ਰੀਤ ਕੌਰ ਲੌਂਗੀਆ ਵਿਚਕਾਰ ਜੰਮ ਕੇ ਤਣਾ ਤਣੀ ਦੇਖਣ ਨੂੰ ਮਿਲੀ, ਜਦੋਂ ਕੌਂਸਲਰਾਂ ਨੇ ਨਗਰ ਕੌਂਸਲ ਦੀ ਪ੍ਰਧਾਨ ਨੂੰ ਸਾਰੇ ਸੱਤ ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਨੇਪਰੇ ਚੜ੍ਹਾਉਣ ਲਈ ਦਬਾਅ ਪਾਉਣਾ ਜਾਰੀ ਰੱਖਿਆ। ਪਾਣੀ, ਸੀਵਰੇਜ, ਸੜਕਾਂ ਅਤੇ ਸ਼ਹਿਰ ਦੇ ਬਹੁਤ ਸਾਰੇ ਮਸਲਿਆਂ ਦੇ ਹੱਲ ਲਈ ਆਮ ਨਾਗਰਿਕਾਂ ਨੇ ਵੀ ਈ.ਓ. ਅਤੇ ਨਗਰ ਕੌਂਸਲ ਪ੍ਰਧਾਨ ਦਾ ਘਿਰਾਓ ਕੀਤਾ ਹੋਇਆ ਸੀ। ਗਰਮਾ ਗਰਮੀ ਦੇ ਚੱਲਦਿਆਂ ਪ੍ਰਧਾਨ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਪੁਲਸ ਬੁਲਾ ਲਈ ਗਈ ਅਤੇ ਨਗਰ ਕੌਂਸਲ ਪ੍ਰਧਾਨ ਵਾਰ ਵਾਰ ਵਿਰੋਧੀ ਧਿਰ ਨੂੰ ਮੀਟਿੰਗ ਬੁਲਾ ਕੇ ਮਸਲੇ ਹੱਲ ਕਰਨ ਦੀਆਂ ਬੇਨਤੀਆਂ ਕਰਦੀ ਦਿਖਾਈ ਦਿੱਤੀ। ਦੱਸਣਾ ਬਣਦਾ ਹੈ ਕਿ ਨਗਰ ਕੌਂਸਲ ਖਰੜ ਦੀ ਇਸ ਵਾਰ ਦੀ ਹੁਣ ਤੱਕ ਦੀ ਟਰਮ ਹੰਗਾਮਿਆਂ ਵਿੱਚ ਹੀ ਗੁਜ਼ਰ ਰਹੀ ਹੈ। ਨਗਰ ਕੌਂਸਲ ਖਰੜ ਦੀ ਚੋਣ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਹੁਗਿਣਤੀ ਨਾਲ ਜਿੱਤ ਪ੍ਰਾਪਤ ਕੀਤੀ ਸੀ। ਜਦੋਂ ਕਿ ਪੰਜਾਬ ਵਿੱਚ ਕਾਂਗਰਸ ਸਰਕਾਰ ਸੱਤਾ ਉੱਤੇ ਕਾਬਜ ਸੀ ਤੇ ਪ੍ਰਧਾਨਗੀ ਹਥਿਆਉਣ ਲਈ ਅੱਕੀਂ ਪਲਾਹੀਂ ਹੱਥ ਮਾਰ ਰਹੀ ਸੀ। ਕਾਂਗਰਸ ਅਤੇ ਅਕਾਲੀ ਦਲ ਵਿੱਚ ਪ੍ਰਧਾਨਗੀ ਨੂੰ ਲੈ ਕੇ ਹੋਈ ਰੱਸਾਕਸ਼ੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਬੀਬੀ ਜਸਪ੍ਰੀਤ ਕੌਰ ਲੌਂਗੀਆ ਨੇ ਪ੍ਰਧਾਨਗੀ ਹਾਸਲ ਕੀਤੀ ਸੀ। ਪਿਛਲੇ ਸਾਲ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਕੁਝ ਕੌਂਸਲਰ ਜੋ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਉੱਤੇ ਜਿੱਤੇ ਸਨ, ਨੇ ਬੀਬੀ ਲੌਂਗੀਆ ਦਾ ਸਾਥ ਛੱਡ ਕੇ ਆਮ ਆਦਮੀ ਪਾਰਟੀ ਵੱਲ ਚਲੇ ਗਏ। ਇਸ ਤਰ੍ਹਾਂ ਬੀਬੀ ਲੌਂਗੀਆ ਦੀ ਕੁਰਸੀ ਨੂੰ ਅਸਥਿਰ ਬਣਾ ਦਿੱਤਾ। ਇਸ ਬਾਰੇ ਕੇਸ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪੈਂਡਿੰਗ ਪਿਆ ਸੁਣੀਂਦਾ ਹੈ। ਜਦੋਂ ਲੋਕ ਆਪਣੀਆਂ ਸਮੱਸਿਆਵਾਂ ਆਪਣੇ ਕੌਂਸਲਰਾਂ ਕੋਲ ਲੈ ਕੇ ਜਾਂਦੇ ਹਨ ਤਾਂ ਕੌਂਸਲਰ, ਨਗਰ ਕੌਂਸਲ ਖਰੜ ਦੀ ਪ੍ਰਧਾਨ ਬੀਬੀ ਲੌਂਗੀਆ ਉੱਤੇ ਦੋਸ਼ ਲਗਾ ਦਿੰਦੇ ਹਨ ਕਿ ਉਹ ਸਾਨੂੰ ਸਾਰੇ ਕੌਂਸਲਰਾਂ ਦੇ ਮਸਲਿਆਂ ਅਤੇ ਸ਼ਹਿਰ ਦੇ ਮਸਲਿਆਂ ਲਈ ਹੈਂਕੜ ਭਰਿਆ ਰਵੱਈਆ ਰੱਖਦੇ ਹਨ। ਜਦੋਂ ਕਿ ਦਲ ਬਦਲ ਕੇ ਦੂਜੇ ਪਾੜੇ ਵਿੱਚ ਗਏ ਕੌਂਸਲਰ ਲੋਕਾਂ ਨੂੰ ਦਲ ਬਦਲੀ ਦਾ ਇਹ ਤਰਕ ਦੇ ਰਹੇ ਹਨ ਕਿ ਪੰਜਾਬ ਵਿੱਚ ਆਮ ਆਦਮੀ ਦੀ ਸਰਕਾਰ ਤੋਂ ਜੇਕਰ ਸ਼ਹਿਰ ਦਾ ਵਿਕਾਸ ਕਰਵਾਉਣਾ ਹੈ ਤਾਂ ਸਰਕਾਰ ਨਾਲ ਚੱਲ ਕੇ ਹੀ ਲੋਕਾਂ ਦਾ ਭਲਾ ਸੰਭਵ ਹੈ। ਪਰ ਲੋਕਾਂ ਵਿੱਚ ਸ਼ਹਿਰ ਦੇ ਰੁਕੇ ਹੋਏ ਵਿਕਾਸ ਲਈ ਰੋਸ ਪਾਇਆ ਜਾ ਰਿਹਾ ਹੈ ਅਤੇ ਲੋਕ ਬੇਬਸੀ ਦੇ ਆਲਮ ਵਿੱਚ ਹਨ।

# ਟਾਂਡਾ 'ਚ ਬਿਜਲੀ ਮੁਲਾਜ਼ਮਾਂ ਨੇ ਮੰਗਾਂ ਪ੍ਰਤੀ ਆਵਾਜ਼ ਕੀਤੀ ਬੁਲੰਦ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਬਿਜਲੀ ਕਰਮਚਾਰੀਆਂ ਦੀ ਸੰਘਰਸ਼ਸ਼ੀਲ ਜਥੇਬੰਦੀ ਜੁਆਇੰਟ ਫੋਰਮ ਪੰਜਾਬ ਦੇ ਸੱਦੇ 'ਤੇ ਸੀਨੀਅਰ ਕਾਰਜਕਾਰੀ ਇੰਜੀਨੀਅਰ ਭੋਗਪੁਰ ਅਧੀਨ ਆਉਂਦੇ ਸਬ ਡਵੀਜ਼ਨ ਬਿਜਲੀ ਮੁਲਾਜ਼ਮਾਂ ਨੇ ਬਿਜਲੀ ਘਰ ਟਾਂਡਾ ਵਿਖੇ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਅਤੇ ਪਾਵਰਕਾਮ ਖਿਲਾਫ ਰੋਸ ਪ੍ਰਦਰਸ਼ਨ ਅਤੇ ਨਾਅਰੇਬਾਜ਼ੀ ਕੀਤੀ। ਮੰਡਲ ਪ੍ਰਧਾਨ ਭੋਗਪੁਰ ਟੈਕਨੀਕਲ ਸਰਵਿਸ ਯੂਨੀਅਨ ਦਿਲਬਰ ਸਿੰਘ ਸੈਣੀ ਦੀ ਅਗਵਾਈ ਵਿਚ ਹੋਏ ਰੋਸ ਪ੍ਰਦਰਸ਼ਨ ਦੌਰਾਨ ਮੁਲਾਜ਼ਮਾਂ ਨੇ ਸੂਬਾ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਮੰਗ ਕੀਤੀ ਕਿ ਪਾਵਰਕਾਮ ਵੱਲੋਂ ਠੇਕੇ 'ਤੇ ਰੱਖੇ ਹੋਏ ਸੀ.ਐੱਚ.ਬੀ ਕਾਮੇ ਜੋ ਕਿ ਪਿਛਲੇ ਲੰਬੇ ਸਮੇਂ ਤੋਂ ਸਹਾਇਕ ਕਾਰਜਕਾਰੀ ਇੰਜੀਨੀਅਰ ਨਾਲ ਕਲੈਰੀਕਲ ਪੋਸਟ ਤੇ ਹਨ। ਉਨ੍ਹਾਂ ਨੂੰ ਪਿੰਡ ਵਿੱਚ ਕੰਮ ਵਾਸਤੇ ਭੇਜਿਆ ਜਾਵੇ ਕਿਉਂਕਿ ਫੀਲਡ ਵਿੱਚ ਬਿਜਲੀ ਕਰਮਚਾਰੀ ਨਾ ਹੋਣ ਕਾਰਨ ਬਿਜਲੀ ਦਾ ਕੰਮ ਲਗਾਤਾਰ ਪ੍ਰਭਾਵਤ ਹੋ ਰਿਹਾ ਹੈ। ਉਨ੍ਹਾਂ ਹੋਰ ਮੰਗ ਕੀਤੀ ਕਿ ਬਿਜਲੀ ਦੇ ਢੋਆ-ਢੁਆਈ ਦੇ ਸਮਾਨ ਵਾਸਤੇ ਸਰਕਾਰੀ ਗੱਡੀ ਦਾ ਇੰਤਜ਼ਾਮ ਕੀਤਾ ਜਾਵੇ, ਬਿਜਲੀ ਦੀ ਬਰਾਮਦ ਵਾਸਤੇ ਜ਼ਰੂਰੀ ਸਮਾਨ ਉਪਲਬਧ ਕਰਵਾਇਆ ਜਾਵੇ, ਸੀ.ਆਰ.ਏ 295 ਦੇ ਵਾਲੇ ਕਰਮਚਾਰੀਆਂ ਦਾ ਕਾਰਜਕਾਲ ਪੂਰਾ ਹੋਣ ਉਪਰੰਤ ਉਨ੍ਹਾਂ ਨੂੰ ਫੁੱਲ ਸਕੇਲ ਦਿੱਤਾ ਜਾਵੇ ਅਤੇ 295/19 ਵਾਲੇ ਬਿਜਲੀ ਮੁਲਾਜ਼ਮਾਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਬੰਦ ਕੀਤੀ ਜਾਵੇ।

ਇਸ ਮੌਕੇ ਬਿਜਲੀ ਮੁਲਾਜ਼ਮਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਪਿਛਲੇ ਸਮੇਂ ਤੋਂ ਚਲਦਾ ਆ ਰਿਹਾ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

ਇਸ ਮੌਕੇ ਰਾਜ ਕੁਮਾਰ, ਹਰਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਸੁਰਿੰਦਰ ਸਿੰਘ, ਲਖਵੀਰ ਸਿੰਘ, ਨੀਰਜ ਕੁਮਾਰ, ਗੁਰਪ੍ਰੀਤ ਸਿੰਘ, ਪਲਵਿੰਦਰ ਸਿੰਘ, ਸਤਨਾਮ ਸਿੰਘ, ਕਸ਼ਮੀਰ ਸਿੰਘ ਨੇ ਵੀ ਸੰਬੋਧਨ ਕਰਦਿਆਂ ਆਪਣੀਆਂ ਮੰਗਾਂ ਪ੍ਰਤੀ ਅਵਾਜ਼ ਬੁਲੰਦ ਕੀਤੀ।

# ਓਇੰਦ ਵਿਖੇ ਜਨ ਸੁਣਵਾਈ ਕੈਂਪ



**ਮੋਰਿੰਡਾ :** ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ 'ਤੇ ਪਿੰਡ ਪੱਧਰ 'ਤੇ ਲੋਕ ਸਮੱਸਿਆਵਾਂ ਦੇ ਹੱਲ ਲਈ 'ਜਨ ਸੁਣਵਾਈ ਕੈਂਪਾਂ' ਦਾ ਆਯੋਜਨ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਮੁੱਖ ਮੰਤਰੀ ਫੀਲਡ ਅਫਸਰ ਸਰਦਾਰ ਕੌਰ ਵੱਲੋਂ ਮੋਰਿੰਡਾ ਦੇ ਪਿੰਡ ਓਇੰਦ ਵਿਖੇ ਕੈਂਪ ਲਗਾ ਕੇ ਆਮ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਇਸ ਮੌਕੇ ਹਲਕਾ ਵਿਧਾਇਕ ਸ੍ਰੀ ਚਮਕੌਰ ਸਾਹਿਬ ਡਾ. ਚਰਨਜੀਤ ਸਿੰਘ ਵੀ ਹਾਜ਼ਰ ਹੋਏ। ਡਾ. ਚਰਨਜੀਤ ਸਿੰਘ ਨੇ ਦੱਸਿਆ ਕਿ ਜਨ ਸੁਣਵਾਈ ਕੈਂਪ ਵਿਚ ਮੋਰਿੰਡਾ ਦੇ ਪਿੰਡ ਦੇ ਲੋਕਾਂ ਦੀਆਂ ਵੱਖ-ਵੱਖ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕਰਦਿਆਂ ਉਨ੍ਹਾਂ ਦਾ ਹੱਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਰਕਾਰੀ ਵਿਭਾਗਾਂ ਦੇ ਕੰਮਾਂ ਨਾਲ ਸੰਬੰਧਤ ਦਰਖ਼ਾਸਤਾਂ ਨੂੰ ਸਮਾਂਬੱਧ ਢੰਗ ਨਾਲ ਹੱਲ ਕਰਨ ਲਈ ਸੰਬੰਧਤ ਅਧਿਕਾਰੀਆਂ ਹਦਾਇਤਾਂ ਕੀਤੀਆਂ ਗਈਆਂ ਅਤੇ ਕਾਫੀ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰ ਦਿੱਤਾ ਹੈ। ਪਿੰਡ ਓਇੰਦ ਤੋਂ ਸਰਪੰਚ ਪ੍ਰਿਤਪਾਲ ਸਿੰਘ ਨੇ ਆਪਣੇ ਪਿੰਡ ਦੀ ਸਮੱਸਿਆ ਤੋਂ ਜਾਣੂ ਕਰਵਾਉਂਦਿਆਂ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਮੁੱਖ ਸਮੱਸਿਆ ਦੱਸੀ ਅਤੇ ਡਿਸਪੈਂਸਰੀ ਦੇ ਅਪਗ੍ਰੇਡ ਹੱਲ ਯਕੀਨੀ ਕਰਨ ਦੀ ਮੰਗ ਰੱਖੀ।

ਪਿੰਡ ਛੋਟੇ ਸਮਾਨਾ ਦੇ ਸਰਪੰਚ ਮਨਪ੍ਰੀਤ ਸਿੰਘ ਨੇ ਪਿੰਡ ਵਿਚ ਨਜਾਇਜ਼ ਕਬਜ਼ੇ ਅਤੇ ਪਿੰਡ ਵਿਚ ਸੜਕਾਂ ਦੀ ਸਮੱਸਿਆ ਬਾਰੇ ਜਾਣੂ ਕਰਵਾਇਆ। ਪਿੰਡ ਬੜਾ ਸਮਾਨਾ ਵੱਲੋਂ ਹਾਜ਼ਰ ਸਰਪੰਚ ਨਸੀਬ ਸਿੰਘ ਨੇ ਪਿੰਡ ਵਿੱਚ ਸੀਵਰੇਜ ਦੀ ਸਮੱਸਿਆ, ਸੜਕਾਂ ਦੀ ਮੁਰੰਮਤ, ਘਰਾਂ ਦੀ ਉਸਾਰੀ ਲਈ ਪ੍ਰਸ਼ਾਸਨ ਅੱਗੇ ਮੰਗਾਂ ਰੱਖੀਆਂ ।

# ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਫਗਵਾੜਾ (ਡਾ. ਰਮਨ)** ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ 10+2 ਦੀ ਸਾਲਾਨਾ ਪ੍ਰੀਖਿਆ ਦੇ ਐਲਾਨੇ ਨਤੀਜਿਆਂ 'ਚ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਸਕੂਲ ਦੇ ਸਾਰੇ ਹੀ ਵਿਦਿਆਰਥੀ ਚੰਗੇ ਨੰਬਰ ਹਾਸਲ ਕਰਕੇ ਪਾਸ ਹੋਏ ਹਨ। ਸਕੂਲ ਪ੍ਰਿੰਸੀਪਲ ਹਰਦੀਪ ਕੌਰ ਨੇ ਦੱਸਿਆ ਕਿ ਹਿਊਮਨਟੀਜ ਗਰੁੱਪ ਤੇ ਵਿਗਿਆਨ ਗਰੁੱਪ ਦਾ ਨਤੀਜਾ ਸੌ ਫੀਸਦੀ ਰਿਹਾ। ਹਿਊਮਨਟੀਜ ਗਰੁੱਪ 'ਚ ਮਨੀਸ਼ਾ, ਸੋਲੋਨੀ ਅਕਸ਼ੇ ਕੁਮਾਰ, ਅਜੈ ਯਾਦਵ, ਗਗਨਦੀਪ ਸਿੰਘ, ਅੰਜਲੀ ਬਾਂਸਲ ਤੇ ਗੁਰਪ੍ਰੀਤ ਸਿੰਘ ਨੂੰ 90% ਤੋਂ ਜਿਆਦਾ ਅੰਕ ਮਿਲੇ ਜਦਕਿ ਵਿਗਿਆਨ ਗਰੁੱਪ ਦੇ ਲੱਗਭਗ ਸਾਰੇ ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਵਿਗਿਆਨ ਗਰੁੱਪ ਦੇ ਵਿਦਿਆਰਥੀ ਰੋਬਿਨ ਭਾਟੀਆ ਨੇ ਸਕੂਲ 'ਚ ਪਹਿਲਾ, ਸੁਮਿਤ ਕੁਮਾਰ ਨੇ ਦੂਸਰਾ ਤੇ ਅਵਿਨਾਸ਼ ਕੁਮਾਰ ਨੇ ਸਕੂਲ 'ਚ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਪ੍ਰਿੰਸੀਪਲ ਹਰਦੀਪ ਕੌਰ ਨੇ ਸਮੂਹ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਸ਼ੁੱਭ ਇੱਛਾਵਾਂ ਦਿੰਦੇ ਹੋਏ ਉਹਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਦੌਰਾਨ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਨੂੰ ਲੈ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਸਕੂਲ ਦੇ ਚੰਗੇ ਰਿਜਲਟ ਦਾ ਸਿਹਰਾ ਤਜੁਰਬੇਕਾਰ ਤੇ ਮਿਹਨਤੀ ਸਟਾਫ ਦੇ ਸਿਰ ਸਜਾਇਆ। ਉਹਨਾਂ ਕਿਹਾ ਕਿ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਵਲੋਂ ਹਮੇਸ਼ਾ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦਾ ਉਪਰਾਲਾ ਕੀਤਾ ਜਾਂਦਾ ਹੈ। ਇੱਥੋਂ ਪੜ੍ਹੇ ਵਿਦਿਆਰਥੀ ਨਾ ਸਿਰਫ ਉੱਚ ਅਹੁਦਿਆਂ ਤੇ ਵਿਰਾਜਮਾਨ ਹਨ ਬਲਕਿ ਦੇਸ਼ ਵਿਦੇਸ਼ 'ਚ ਫਗਵਾੜਾ ਅਤੇ ਸਕੂਲ ਦਾ ਨਾਮ ਰੌਸ਼ਨ ਕਰ ਰਹੇ ਹਨ।

# ਡਾ. ਭਾਨੂੰ ਪ੍ਰਮਾਰ ਆਈ ਐੱਮ ਏ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ



**ਰੋਪੜ (ਬਿੰਦਰਾ)**- ਆਈ ਐਮ ਏ ( ਇੰਡੀਅਨ ਮੈਡੀਕਲ ਐਸੋਸੀਏਸ਼ਨ) ਜ਼ਿਲ੍ਹਾ ਰੋਪੜ ਦੀ ਜਨਰਲ ਬਾਡੀ ਮੀਟਿੰਗ ਹੋਈ। ਚੋਣ ਅਧਿਕਾਰੀ ਡਾ. ਐਚ ਐਨ ਸ਼ਰਮਾ ਅਤੇ ਡਾ. ਰਾਜੀਵ ਅਗਰਵਾਲ ਨੂੰ ਅਹੁਦੇਦਾਰ ਚੁਣਨ ਲਈ ਕਿਹਾ। ਜਿਸ 'ਤੇ ਸਰਬਸੰਮਤੀ ਨਾਲ ਡਾ. ਭਾਨੂੰ ਪ੍ਰਤਾਪ ਸਿੰਘ ਪ੍ਰਮਾਰ ਨੂੰ ਪ੍ਰਧਾਨ, ਡਾ. ਜਗਦੀਪ ਚੌਧਰੀ ਨੂੰ ਸਕੱਤਰ ਅਤੇ ਡਾ. ਅਰੁਣ ਸ਼ਰਮਾ ਨੂੰ ਫਾਇਨੈਂਸ ਸਕੱਤਰ ਚੁਣ ਲਿਆ ਗਿਆ। ਮੌਜੂਦਾ ਪ੍ਰਧਾਨ ਡਾ. ਅਜੇ ਜਿੰਦਲ ਨੇ ਪਿਛਲੇ 13 ਸਾਲ ਦੀ ਕਾਰਗੁਜ਼ਾਰੀ 'ਤੇ ਪੰਛੀ ਝਾਤ ਪਾਉਂਦਿਆਂ ਵੱਖ ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਬਾਰੇ ਦੱਸਿਆ। ਉਨ੍ਹਾ ਆਖਿਆ ਕਿ ਐਸੋਸੀਏਸ਼ਨ ਡਾਕਟਰਾਂ ਦੀ ਲਗਾਤਾਰ ਚਿਕਿਤਸਾ ਸਿੱਖਿਆ ਵੱਲ ਵੀ ਪੂਰਾ ਧਿਆਨ ਦੇ ਰਹੀ ਹੈ। ਇਸ ਸੰਬੰਧੀ ਕਈ ਸੈਮੀਨਾਰ ਅਤੇ ਵਰਕਸ਼ਾਪਾਂ ਵੀ ਲਗਾਈਆਂ ਗਈਆਂ । ਡਾ. ਆਰ ਐਸ ਪਰਮਾਰ ਨੇ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਬਜ਼ੁਰਗ ਡਾਕਟਰਾਂ ਦੀ ਹਰ ਫੈਸਲੇ ਸਮੇਂ ਰਾਏ ਲੈਣ। ਉਨ੍ਹਾਂ ਦੇ ਤਜਰਬੇ ਤੁਹਾਨੂੰ ਵਧੀਆ ਸੇਧ ਦੇਣਗੇ। ਡਾ. ਜਗਦੀਪ ਚੌਧਰੀ ਅਤੇ ਡਾ. ਅਰੁਣ ਸ਼ਰਮਾ ਨੇ ਮੈਂਬਰਾਂ ਦਾ ਇਨ੍ਹਾਂ ਨੂੰ ਚੁਣਨ ਲਈ ਧੰਨਵਾਦ ਕੀਤਾ। ਡਾ. ਭਾਨੂੰ ਨੇ ਵਿਸ਼ਵਾਸ ਦੁਆਇਆ ਕਿ ਡਾਕਟਰੀ ਭਾਈਚਾਰੇ ਦੇ ਮਸਲਿਆਂ ਦੇ ਹੱਲ ਲਈ ਹਰ ਮੁਮਕਿਨ ਕੋਸ਼ਿਸ਼ ਰਹੇਗੀ। ਇਸ ਅਵਸਰ 'ਤੇ ਡਾ. ਪਵਨ ਸ਼ਰਮਾ, ਡਾ. ਕੇ ਪੀ ਪੋਸਵਾਲ, ਡਾ. ਐਚ ਐਨ ਸ਼ਰਮਾ, ਡਾ. ਅਮਰਿੰਦਰ ਸਿੰਘ ਗਿੱਲ, ਡਾ. ਭੀਮ ਸੈਨ, ਡਾ. ਧਰਮ ਸਿੰਘ, ਡਾ. ਸੁਖਬੀਰ ਸਿੰਘ, ਡਾ. ਰਾਜੀਵ ਅਗਰਵਾਲ, ਡਾ ਅਰੁਣ ਸਿਰੋਹੀ, ਡਾ. ਤਰਨ ਬਵੇਜਾ, ਡਾ. ਵਰੁਣ ਬਵੇਜਾ, ਡਾ. ਬਜਿੰਦਰਾ ਸਿੰਘ, ਡਾ. ਸੁਭਾਸ਼ ਚੰਦਰ, ਡਾ. ਖੁਸ਼ਪ੍ਰੀਤ ਸਿੰਘ, ਡਾ. ਦਵਿੰਦਰਬੀਰ ਸਿੰਘ, ਡਾ. ਮਨਰਿਤਾ ਪ੍ਰਮਾਰ, ਡਾ. ਕੰਵਲਦੀਪ ਕੌਰ, ਡਾ. ਮਨਪ੍ਰੀਤ ਕੌਰ, ਡਾ. ਕ੍ਰਿਸ਼ਨਾ ਕੈਸ਼ਪ ਆਦਿ ਹਾਜ਼ਰ ਸਨ।

# ਮੀਂਹ, ਝੱਖੜ ਨਾਲ ਹੋਏ ਨੁਕਸਾਨ ਦਾ ਪਰਵਾਰਾਂ ਨੂੰ ਮੁਆਵਜ਼ਾ ਮਿਲੇ : ਮੱਟੂ



**ਮਾਹਿਲਪੁਰ (ਸਫਰੀ)** ਗੜ੍ਹਸ਼ੰਕਰ ਅਨੰਦਪੁਰ ਸਾਹਿਬ ਸੜਕ ਤੇ ਸਥਿਤ ਪਿੰਡ ਗੋਗੋਂ ਦੇ ਗਰੀਬਾਂ ਮਰਹੂਮ ਬਲਵੀਰ ਸਿੰਘ, ਵਕੀਲ ਸਿੰਘ ਕੈਂਸਰ ਮਰੀਜ ਦੇ ਮਕਾਨਾਂ ਉੱਤੇ ਬਹੁਤ ਭਾਰੀ ਸਫੈਦਾ ਝੱਖੜ, ਮੀਂਹ ਨਾਲ ਡਿੱਗ ਪਿਆ। ਮਕਾਨਾਂ ਦੀਆਂ ਛੱਤਾਂ ਡਿੱਗ ਪਈਆਂ। ਕੰਢੀ ਸੰਘਰਸ਼ ਕਮੇਟੀ ਦੇ ਸੂਬਾਈ ਕਨਵੀਨਰ ਦਰਸ਼ਨ ਸਿੰਘ ਮੱਟੂ, ਪ੍ਰੇਮ ਸਿੰਘ ਸਾਬਕਾ ਸਰਪੰਚ ਪਾਹਲੇਵਾਲ ਬੇਘਰ ਹੋਏ ਪਰਿਵਾਰਾਂ ਨੂੰ ਮਿਲੇ ਅਤੇ ਸਰਕਾਰ ਤੋਂ ਗਰੀਬਾਂ ਨੂੰ ਤੁਰੰਤ ਮੁਆਵਜਾ ਦੇਣ ਦੀ ਮੰਗ ਤਾਂ ਕਿ ਗਰੀਬ ਦੁੱਖੀ ਪਰਵਾਰ ਆਪਣਾ ਅਸ਼ਿਆਨਾ ਬਣਾ ਸਕਣ। ਇਸ ਮੌਕੇ ਵਕੀਲ ਸਿੰਘ, ਰਾਜਿੰਦਰ ਕੁਮਾਰ, ਰਾਵਿੰਦਰ ਮੰਗਲ ਸਿੰਘ, ਹਰਜਿੰਦਰ ਸਿੰਘ, ਜੰਗਲਾਤ ਵਿਭਾਗ ਦੇ ਅਮਰੀਕ ਸਿੰਘ ਮਹਿਤਾਬ ਪੁਰ, ਪਵਨ ਕੁਮਾਰ ਗੜ੍ਹੀ ਮੱਟੋਂ ਤੇ ਹੋਰ ਹਾਜ਼ਰ ਸਨ।

# ਲੁਟੇਰੇ ਵਾਲੀਆਂ ਲਾਹ ਕੇ ਕੇ ਫਰਾਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਦੇ ਬੇਬੇ ਨਾਨਕੀ ਜੀ ਅਰਬਨ ਅਸਟੇਟ ਪੁੱਡਾ ਕਾਲੋਨੀ ਦੇ ਨਜਦੀਕ ਸਕੂਟਰੀ 'ਤੇ ਜਾ ਰਹੀਆਂ ਦੋ ਔਰਤਾਂ ਕੋਲੋਂ 2 ਮੋਟਰਸਾਈਕਲ ਸਵਾਰ ਲੁਟੇਰੇ ਕੰਨਾਂ 'ਚ ਵਾਲੀਆਂ ਲਾਹ ਕੇ ਕੇ ਫਰਾਰ ਹੋ ਗਏ। ਪੀੜਤ ਔਰਤ ਗੁਰਮੀਤ ਕੌਰ ਪਤਨੀ ਅਜੀਤ ਸਿੰਘ ਸਾਬਕਾ ਸਰਪੰਚ ਵਾਸੀ ਅਦਾਲਤ ਚੱਕ ਨੇ ਦੱਸਿਆ ਕਿ ਉਹ ਆਪਣੀ ਨੂੰਹ ਨਾਲ ਸਕੂਟਰੀ 'ਤੇ ਸਵਾਰ ਹੋ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਮੱਥਾ ਟੇਕਣ ਜਾ ਰਹੀਆਂ ਸਨ। ਉਹਨਾਂ ਦੀ ਨੂੰਹ ਜੋ ਐਕਟਿਵਾ ਚਲਾ ਰਹੀ ਸੀ ਅਤੇ ਉਹ ਪਿੱਛੇ ਬੈਠੀ ਸੀ। ਉਹਨਾਂ ਕਿਹਾ ਕਿ ਅਸੀਂ ਗੁਰਦੁਆਰਾ ਸਾਹਿਬ ਤੋਂ ਥੋੜ੍ਹੀ ਦੂਰੀ 'ਤੇ ਸੀ ਕਿ ਪਿਛਲੇ ਪਾਸੋਂ ਇੱਕ ਮੋਟਰਸਾਈਕਲ 'ਤੇ ਸਵਾਰ 2 ਨੌਜਵਾਨ ਝਪਟ ਮਾਰ ਕੇ ਮੇਰੇ ਕੰਨਾਂ 'ਚੋਂ ਵਾਲੀਆਂ ਲਾਹ ਕੇ ਫਰਾਰ ਹੋ ਗਏ। ਘਟਨਾ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਹੈ।

# ਮੇਸੀ ਟਰੈਕਟਰ (ਟੈਫੇ) ਨੇ ਨਵਾਂ ਸ਼ੋਅ ਰੂਮ ਖੋਲ੍ਹਿਆ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਪਿੰਡ ਮਹਿੰਦੀਪੁਰ ਵਿਖੇ ਪੰਜਾਬ ਦੇ ਕਿਸਾਨਾਂ ਦੀ ਪਹਿਲੀ ਪਸੰਦ ਮੇਸੀ ਟਰੈਕਟਰ (ਟੈਫੇ) ਵਲੋਂ ਰਾਣਾ ਟਰੈਕਟਰਜ ਨਾਂਅ ਦਾ ਸ਼ੋਅ ਰੂਮ ਖੋਲ੍ਹਿਆ ਗਿਆ। ਟਰੈਕਟਰਜ ਕਾਰੋਬਾਰ ਦੇ ਨਾਲ ਜੁੜੇ ਜਗਤਾਰ ਸਿੰਘ ਕਿੱਤਣਾ ਤੇ ਪ੍ਰਿੰਸ ਚੌਧਰੀ ਵਲੋਂ ਕਿਸਾਨਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਇਹ ਸ਼ੋਅ ਰੂਮ ਖੋਲਿਆ ਗਿਆ ਹੈ। ਸ਼ੁੱਭ ਆਰੰਭ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਇਥੇ ਵਿਸ਼ੇਸ਼ ਤੌਰ 'ਤੇ ਪੁੱਜੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਨਵੇਂ ਕਾਰੋਬਾਰ ਕਰਨੇ ਵਾਲੇ ਜਗਤਾਰ ਸਿੰਘ ਕਿੱਤਣਾ ਤੇ ਪ੍ਰਿੰਸ ਚੌਧਰੀ ਨੂੰ ਵਧਾਈ ਦਿੱਤੀ ਤੇ ਕਿਹਾ ਇਸ ਸ਼ੋਅ ਰੂਮ ਖੁੱਲਣ ਨਾਲ ਬਹੁਤ ਸਾਰੇ ਨੌਜਵਾਨਾਂ ਨੂੰ ਰੋਜਗਾਰ ਮਿਲੇਗਾ। ਮੇਸੀ ਟਰੈਕਟਰਜ ਟੈਫੇ ਲਿਮਟਿਡ ਦੇ ਸੀਨੀਅਰ ਡੀ ਜੀ ਐੱਮ ਤੇ ਸੀਨੀਅਰ ਏਰੀਆ ਮੈਨੇਜਰ ਵਿਕੀ ਭਾਰਦਵਾਜ ਨੇ ਕਿਹਾ ਕਿ ਅੱਜ ਉਦਘਾਟਨੀ ਮੌਕੇ ਗਿਆਰਾਂ ਟਰੈਕਰਜ ਵੱਖ-ਵੱਖ ਕਿਸਾਨਾਂ ਨੂੰ ਦਿੱਤੇ ਗਏ ਤੇ ਉਹਨਾਂ ਕਿਹਾ ਕਿ ਕਿਸਾਨਾਂ ਨੂੰ ਆਪਣੇ ਟਰੈਕਰਟਰਜ ਦੀ ਸਰਵਿਸ ਲਈ ਵਰਕਸ਼ਾਪ ਨਹੀਂ ਆਉਣਾ ਪਾਵੇਗਾ ਸਗੋ ਸਰਵਿਸ ਕਿਸਾਨਾਂ ਦੇ ਪਿੰਡ ਘਰ ਵਿੱਚ ਜਾ ਕੇ ਕੰਪਨੀ ਦੇ ਟੈਕਨੀਸ਼ੀਅਨ ਕਰਨਗੇ। ਇਸ ਮੌਕੇ ਸਤਨਾਮ ਸਿੰਘ ਜਲਵਾਹਾ ਚੇਅਰਮੈਨ ਇੰਮਪਰੂਵਮੈਂਟ ਟਰੱਸਟ ਨਵਾਂ ਸ਼ਹਿਰ ,ਕੁਲਵੰਤ ਸਿੰਘ ਭੌਰਾ, ਜਸਵੀਰ ਸਿੰਘ ਭੌਰਾ, ਬਲਵੀਰ ਸਿੰਘ ਭੌਰਾ, ਭਜਨ ਲਾਲ ਹਾਜੀਪੁਰ,ਹਰਪ੍ਰਕਾਸ਼ ਸਿੰਘ ਮੋਲ੍ਹਾ ਬੇਦੀਆ, ਜੁਝਾਰ ਸਿੰਘ ਨਾਗਰਾਂ ਸਰਪੰਚ ਕੁੱਕੜਾਂ, ਨੰਬਰਦਾਰ ਦਵਿੰਦਰ ਸੰਧੂ, ਪ੍ਰਦੀਪ ਸਿੰਘ ਲੋਈ, ਜੈ ਚੰਦ ਪੰਡੋਰੀ ਲਈ, ਬਲਵੀਰ ਸਿੰਘ ਹਾਜੀਪੁਰ, ਹੈਪੀ ਪੱਖੋਵਾਲ, ਸੁਖਵੰਤ ਸਿੰਘ ਚੱਕ ਹਾਜੀਪੁਰ ਤੋਂ ਇਲਾਵਾ ਭਾਰੀ ਗਿਣਤੀ ਦੇ ਕਿਸਾਨ ਹਾਜਰ ਸਨ।

# ਪੀਲੇ ਕਾਰਡ ਦੇ ਨਵੀਨੀਕਰਨ 'ਤੇ ਲਗਾਈਆਂ ਗਈਆਂ ਸ਼ਰਤਾਂ ਨੂੰ ਹਟਾਇਆ ਜਾਵੇ : ਇੰਦਰਜੀਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਵਿੱਚ ਫੀਲਡ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਹਰ ਸਾਲ ਇਸ ਨੂੰ ਰੀਨਿਊ ਕਰਵਾ ਕੇ ਪੀਲਾ ਕਾਰਡ ਦਿੱਤਾ ਜਾਂਦਾ ਹੈ। ਇਸ ਕਾਰਡ 'ਤੇ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਤੋਂ ਪਹਿਲਾਂ ਕੋਈ ਸਹੂਲਤ ਨਹੀਂ ਮਿਲਦੀ ਸੀ। ਪਰ ਕੈਪਟਨ ਅਮਰਿੰਦਰ ਸਿੰਘ ਨੇ ਪੀਲੇ ਕਾਰਡ ਵਾਲੇ ਪੱਤਰਕਾਰਾਂ ਨੂੰ ਟੋਲ ਪਲਾਜ਼ਾ ਮੁਫਤ ਕੀਤਾ ਅਤੇ ਪੰਜ ਲੱਖ ਤੱਕ ਦੀ ਸਿਹਤ ਬੀਮਾ ਪਾਲਿਸੀ ਲਾਗੂ ਕੀਤੀ ਗਈ ਸੀ। ਪੰਜਾਬ ਦੇ ਪੱਤਰਕਾਰ ਭਾਈਚਾਰੇ ਨੇ ਸਰਕਾਰ ਦੇ ਇਸ ਫੈਸਲੇ ਦੀ ਭਰਪੂਰ ਸ਼ਲਾਘਾ ਕੀਤੀ ਕਿਉਂਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪੱਤਰਕਾਰਾਂ ਨੂੰ ਸਰਕਾਰ ਵੱਲੋਂ ਪੀਲੇ ਕਾਰਡ 'ਤੇ ਅਜਿਹੀ ਸਹੂਲਤ ਦਿੱਤੀ ਗਈ ਸੀ। ਪਰ ਇਸ ਕਾਰਡ ਨੂੰ ਰੀਨਿਊ ਕਰਨ ਲਈ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਵੱਲੋਂ ਕਈ ਨਿਯਮ ਲਾਗੂ ਕੀਤੇ ਗਏ ਹਨ। ਵਰਕਿੰਗ ਰਿਪੋਰਟਸ ਐਸੋਸੀਏਸ਼ਨ ਰਜਿਸਟਰ, ਪੰਜਾਬ, ਇੰਡੀਆ ਦੀ ਮੁਕੇਰੀਆ ਯੂਨਿਟ ਦੇ ਪ੍ਰਧਾਨ ਇੰਦਰਜੀਤ ਨੇ ਦਿੱਤੀ ਦਾ ਕਹਿਣਾ ਹੈ ਕਿ ਲੋਕਤੰਤਰ ਦੇ ਚੌਥੇ ਥੰਮ੍ਹ ਅਧੀਨ ਆਉਣ ਵਾਲੇ ਮੀਡੀਆ ਖੇਤਰ ਦੇ ਕਰਮਚਾਰੀ ਬਿਨਾਂ ਤਨਖਾਹ ਤੋਂ ਆਪਣੀ ਡਿਊਟੀ ਨਿਭਾਉਂਦੇ ਹਨ ਪਰ ਕਿਸੇ ਪੱਤਰਕਾਰ ਨੂੰ ਆਪਣਾ ਕੰਮ ਕਰਨ ਲਈ ਨਾ ਤਾਂ ਸਰਕਾਰ ਤੋਂ ਕੋਈ ਭੱਤਾ ਮਿਲਦਾ ਹੈ ਅਤੇ ਨਾ ਹੀ ਕਿਸੇ ਪ੍ਰੈੱਸ ਤੋਂ ਕੋਈ ਵਿੱਤੀ ਸਹਾਇਤਾ ਮਿਲਦੀ ਹੈ। ਸਰਕਾਰ ਵੱਲੋਂ ਪੀਲੇ ਕਾਰਡਾਂ ਨੂੰ ਰੀਨਿਊ ਕਰਵਾਉਣ ਲਈ ਕਈ ਤਰ੍ਹਾਂ ਦੀਆਂ ਰੁਕਾਵਟਾਂ ਲਗਾਈਆਂ ਜਾ ਰਹੀਆਂ ਹਨ ਜੋ ਕਿ ਅਤਿ ਨਿੰਦਣਯੋਗ ਅਤੇ ਸ਼ਰਮਨਾਕ ਹਨ। ਉਨ੍ਹਾਂ ਦੱਸਿਆ ਕਿ ਜਿੱਥੇ ਇੱਕ ਪਾਸੇ ਪੰਜਾਬ ਸਰਕਾਰ ਪੀਲੇ ਕਾਰਡਾਂ ਨੂੰ ਰੀਨਿਊ ਕਰਵਾਉਣ ਲਈ ਕਈ ਸਖ਼ਤ ਸ਼ਰਤਾਂ ਲਗਾ ਰਹੀ ਹੈ, ਤਾਂ ਕਿ ਜਿਆਦਾਤਰ ਪੱਤਰਕਾਰ ਪੀਲਾ ਕਾਰਡ ਦੀ ਪਹੁੰਚ ਤੋਂ ਬਾਹਰ ਹੋ ਜਾਣ ਜਦੋਂ ਕਿ ਪਹਿਲਾਂ ਅਜਿਹੀਆਂ ਕੋਈ ਸ਼ਰਤਾਂ ਲਾਗੂ ਨਹੀਂ ਹੁੰਦੀਆਂ ਸਨ। ਦੂਜੇ ਪਾਸੇ ਗੁਆਂਢੀ ਸੂਬੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਪੱਤਰਕਾਰਾਂ ਨੂੰ 11,000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਐਲਾਨ ਕੀਤਾ ਜਾ ਰਿਹਾ ਹੈ, ਜੋ ਕਿ ਸ਼ਲਾਘਾਯੋਗ ਫੈਸਲਾ ਹੈ। ਇਹ ਵੀ ਜਿਕਰਯੋਗ ਹੈ ਕਿ ਪੱਤਰਕਾਰਾਂ ਦੀ ਆਮਦਨ ਦਾ ਹੋਰ ਕੋਈ ਸਾਧਨ ਨਹੀ ਹੁੰਦਾ, ਦੂਜੇ ਪਾਸੇ ਲੋਕਤੰਤਰ ਦੇ ਤਿੰਨ ਥੰਮ੍ਹ ਨਿਆਂਪਾਲਿਕਾ, ਵਿਧਾਨ ਪਾਲਿਕਾ, ਕਾਰਜਪਾਲਿਕਾ ਦੇ ਅਧੀਨ ਆਉਂਦੇ ਮੁਲਾਜ਼ਮ/ਲੋਕ ਤਨਖ਼ਾਹ ਲੈ ਕੇ ਆਪਣਾ ਕੰਮ ਕਰਦੇ ਹਨ, ਫਿਰ ਚੌਥੇ ਥੰਮ੍ਹ ਦੇ ਮਜ਼ਦੂਰਾਂ ਨੂੰ ਤਨਖਾਹ ਕਿਉਂ ਨਹੀਂ ਦਿੱਤੀ ਜਾਂਦੀ।

# ਦੋਆਬਾ ਜਨਰਲ ਕੈਟਗਰੀਜ਼ ਫਰੰਟ ਪੰਜਾਬ ਤੇ ਸਹਿਯੋਗੀ ਜਥੇਬੰਦੀਆ ਦੇਣਗੀਆਂ ਡੀ ਸੀ ਨੂੰ ਮੰਗ ਪੱਤਰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਦੋਆਬਾ ਜਨਰਲ ਕੈਟਗਰੀਜ ਫਰੰਟ ਪੰਜਾਬ ਅਤੇ ਵਿਸ਼ਵ ਦੋਆਬਾ ਰਾਜਪੂਤ ਸਭਾ ਪੰਜਾਬ ਦੀ ਸਾਂਝੀ ਮੀਟਿੰਗ ਗੁਰਦਿਆਲ ਸਿੰਘ ਜਲਵੇੜਾ ਦੇ ਗ੍ਰਹਿ ਵਿਖੇ ਬਲਵੀਰ ਸਿੰਘ ਫੁਗਲਾਣਾ ਦੀ ਰਹਿਨੁਮਾਈ ਹੇਠ ਹੋਈ, ਜਿਸ ਵਿੱਚ ਸੁਖਜੀਤ ਸਿੰਘ ਪਰਮਾਰ ਫਗਵਾੜਾ,ਬਲਵਿੰਦਰ ਸਿੰਘ ਜਸਵਾਲ, ਵਰਿੰਦਰ ਸਿੰਘ ਭਿੰਡਰ, ਉਂਕਾਰ ਸਿੰਘ ਮਿਨਹਾਸ, ਬਲਵਿੰਦਰ ਸਿੰਘ ਗਿੱਲ, ਜਸਵਿੰਦਰ ਸਿੰਘ ਸੰਘਾ, ਮਾਸਟਰ ਅਵਤਾਰ ਸਿੰਘ, ਸਤਨਾਮ ਸਿੰਘ ਸ਼ਿੰਦੂ ਅਤੇ ਸਾਥੀ ਹਾਜਰ ਹੋਏ।

ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਵਿਸ਼ਵ ਦੋਆਬਾ ਰਾਜਪੂਤ ਸਭਾ ਅਤੇ ਦੋਆਬਾ ਜਨਰਲ ਕੈਟਗਰੀਜ ਫਰੰਟ ਪੰਜਾਬ ਨੇ ਕਿਹਾ ਕਿ ਪਿਛਲੇ ਸਮੇਂ ਪ੍ਰਸ਼ਾਸਨ ਨੂੰ ਵੱਖ ਵੱਖ ਜਥੇਬੰਦੀਆਂ ਵਲੋਂ ਮੰਗ ਪੱਤਰ ਸੌਂਪਿਆ ਗਿਆ ਸੀ ਕਿ ਪਿੰਡਾਂ ਦੇ ਵਿਚ ਜਿਥੇ ਸਾਨੂੰ ਅਵਾਰਾ ਪਸ਼ੂਆਂ ਅਤੇ ਜਾਨਵਰਾਂ ਤੋਂ ਫਸਲਾਂ ਨੂੰ ਬਚਾਉਣਾ ਪੈਂਦਾ ਹੈ ਉਥੇ ਗੁਜਰ ਭਾਈਚਾਰੇ ਵਲੋਂ ਵੀ ਸਰੇਆਮ ਆਪਣੇ ਡੰਗਰਾਂ ਨਾਲ ਫਸਲਾਂ ਦਾ ਉਜਾੜਾ ਕੀਤਾ ਜਾਂਦਾ ਹੈ ਅਤੇ ਪ੍ਰਤੀ ਦਿਨ ਲੜਾਈ ਝਗੜੇ ਦਾ ਮਾਹੌਲ ਬਣਿਆ ਰਹਿਦਾ ਹੈ।

ਡੰਗਰਾਂ ਦਾ ਗੋਹਾ ਸੜਕਾਂ ਉਪਰ ਡਿਗਣ ਕਾਰਨ ਰਾਹਗੀਰਾਂ ਦੇ ਸਕੂਟਰ ਮੋਟਰਸਾਈਕਲ ਤਿਲਕ ਕੇ ਡਿਗਦੇ ਹਨ ਅਤੇ ਹਾਦਸੇ ਵਾਪਰਦੇ ਰਹਿੰਦੇ ਹਨ। ਪ੍ਰੰਤੂ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ। ਹੁਣ 29 ਮਈ ਨੂੰ ਸਮੂਹ ਜਥੇਬੰਦੀਆ ਵਲੋਂ ਫਿਰ ਮੰਗ ਪੱਤਰ ਸੌਂਪਿਆ ਜਾਵੇਗਾ।

# ਪਸ਼ੂ ਪਾਲਣ ਮੰਤਰੀ ਵੱਲੋਂ ਝੀਂਗਾ ਪਾਲਣ ਲਈ ਬਿਜਲੀ ਦਰਾਂ 'ਚ ਰਿਆਇਤ ਲਈ ਵਿਚਾਰ ਕਰਨ ਵਾਸਤੇ ਕਮੇਟੀ ਗਠਤ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਪੰਜਾਬ ਦੇ ਪਸ਼ੂ ਪਾਲਣ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਵੱਲੋਂ ਝੀਂਗਾ ਪਾਲਣ ਲਈ ਬਿਜਲੀ ਦੀਆਂ ਦਰਾਂ ਵਿੱਚ ਰਿਆਇਤ ਦੇਣ ਲਈ ਵਿਚਾਰ ਕਰਨ ਵਾਸਤੇ 4 ਮੈਂਬਰੀ ਕਮੇਟੀ ਗਠਤ ਕੀਤੀ ਗਈ ਹੈ।

ਇਥੇ ਆਪਣੇ ਦਫ਼ਤਰ ਵਿਖੇ ਸੂਬੇ ਦੇ ਝੀਂਗਾ ਪਾਲਕਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਸੂਬਾ ਸਰਕਾਰ ਝੀਂਗਾ ਪਾਲਣ ਅਧੀਨ ਰਕਬਾ ਅਗਲੇ ਪੰਜ ਸਾਲਾਂ ਵਿੱਚ 5000 ਹੈਕਟੇਅਰ ਕਰਨ ਦੇ ਟੀਚੇ ਤਹਿਤ ਇਸ ਕਿੱਤੇ ਦੇ ਲਾਗਤ ਖ਼ਰਚਿਆਂ ਨੂੰ ਘਟਾਉਣ ਵੱਲ ਤਵੱਜੋ ਦੇਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਬਿਜਲੀ ਦਰਾਂ 'ਚ ਰਿਆਇਤ ਸਬੰਧੀ ਵਿਚਾਰ ਕਰਨ ਵਾਸਤੇ ਡਾਇਰੈਕਟਰ ਮੱਛੀ ਪਾਲਣ, ਪੀ.ਐਸ.ਪੀ.ਸੀ.ਐਲ. ਅਧਿਕਾਰੀ ਅਤੇ ਦੋ ਝੀਂਗਾ ਪਾਲਕ ਕਿਸਾਨਾਂ 'ਤੇ ਆਧਾਰਿਤ ਚਾਰ ਮੈਂਬਰੀ ਕਮੇਟੀ ਸਾਰੇ ਪਹਿਲੂਆਂ 'ਤੇ ਵਿਚਾਰ ਕਰਕੇ ਆਪਣੀ ਰਿਪੋਰਟ ਸੌਂਪੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਝੀਂਗਾ ਪਾਲਣ ਲਈ ਰਵਾਇਤੀ ਊਰਜਾ ਸਰੋਤਾਂ ਤੋਂ ਸੌਰ ਊਰਜਾ ਵੱਲ ਜਾਣ ਦੀਆਂ ਸੰਭਾਵਨਾਵਾਂ ਵੀ ਤਲਾਸ਼ੀਆਂ ਜਾਣਗੀਆਂ। ਭੁੱਲਰ ਨੇ ਕਿਹਾ ਕਿ ਸੂਬੇ ਦੇ ਦੱਖਣੀ-ਪੱਛਮੀ ਜ਼ਿਲ੍ਹੇ ਸ੍ਰੀ ਮੁਕਤਸਰ ਸਾਹਿਬ, ਫ਼ਾਜ਼ਿਲਕਾ, ਮਾਨਸਾ, ਬਠਿੰਡਾ ਅਤੇ ਫ਼ਰੀਦਕੋਟ ਖਾਰੇਪਣ ਅਤੇ ਸੇਮ ਦੀ ਸਮੱਸਿਆ ਨਾਲ ਪ੍ਰਭਾਵਿਤ ਹਨ। ਇਸੇ ਦੌਰਾਨ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਵਿਕਾਸ ਪ੍ਰਤਾਪ ਨੇ ਕਿਹਾ ਕਿ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਇਹ ਮਾਮਲਾ ਵਿੱਤ ਵਿਭਾਗ ਕੋਲ ਵਿਚਾਰਿਆ ਜਾਵੇਗਾ ਤਾਂ ਜੋ ਕਿਸੇ ਢੁਕਵੇਂ ਹੱਲ ਤੱਕ ਪਹੁੰਚਿਆ ਜਾ ਸਕੇ।

# ਵਿਦਿਆਰਥਣਾਂ ਦਾ ਕੀਤਾ ਸਨਮਾਨ

**ਫਿਲੌਰ (ਨਿਰਮਲ)** ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਬਾਰ੍ਹਵੀਂ ਜਮਾਤ ਦਾ ਨਤੀਜਾ ਘੋਸ਼ਿਤ ਕੀਤਾ ਗਿਆ ਜਿਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਫਿਲੌਰ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਹਰ ਸਟਰੀਮ ਦੇ ਵਿਦਿਆਰਥੀਆਂ ਨੇ ਖੇਤਰ ਵਿੱਚ ਮੱਲਾਂ ਮਾਰੀਆਂ। ਆਰਟਸ ਦੀ ਵਿਦਿਆਰਥਣ ਦੀਕਸ਼ਾ ਸਪੁੱਤਰੀ ਲਖਵਿੰਦਰ ਕੁਮਾਰ ਨੇ 94.8% ਅੰਕ ਨਾਨ ਮੈਡੀਕਲ ਦੀ ਵਿਦਿਆਰਥਣ ਭਾਰਤੀ ਸਪੁੱਤਰੀ ਰਾਜਿੰਦਰ ਪਾਲ ਨੇ 94.6% ਅੰਕ, ਮੈਡੀਕਲ ਦੀ ਵਿਦਿਆਰਥਣ ਤਕਸ਼ਿਤਾ ਸ਼ਰਮਾ ਸਪੁੱਤਰੀ ਰਜਨੀਸ਼ ਸ਼ਰਮਾ ਨੇ 94.4% ਅੰਕ, ਕਾਮਰਸ ਦੀ ਵਿਦਿਆਰਥਣ ਸੁਹਾਨੀ ਸਪੁੱਤਰੀ ਲਛਮਣ ਦਾਸ ਨੇ 92.6% ਅੰਕ ਪ੍ਰਾਪਤ ਕੀਤੇ। ਇਸ ਸਕੂਲ ਦੀ ਵਿਦਿਆਰਥਣ ਭਾਰਤੀ ਨੇ ਗਣਿਤ ਵਿਸ਼ਸ਼ ਵਿਚ 100% ਅੰਕ, ਦੀਕਸ਼ਾ ਨੇ ਰਾਜਨੀਤੀ ਸ਼ਾਸਤਰ ਵਿਚ 100% ਅੰਕ, ਅੰਜਲੀ ਰਾਣੀ ਨੇ ਕੰਪਿਊਟਰ ਸਾਇੰਸ ਵਿਸੇ ਵਿੱਚੋਂ 100% ਅਤੇ ਇਕਨਾਮਿਕਸ ਵਿੱਚੋਂ 99% ਅੰਕ, ਇਸ਼ਿਤਾ ਨੇ ਗਣਿਤ ਵਿਸ਼ੇ ਵਿੱਚੋਂ 99% ਅੰਕ ਹਾਸਿਲ ਕੀਤੇ। ਸਕੂਲ ਵਿੱਚ 17 ਵਿਦਿਆਰਥਣਾਂ ਨੇ 90% ਤੋਂ ਵੱਧ ਅੰਕ ਅਤੇ 97 ਵਿਦਿਆਰਥਣਾਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਦਾ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਸੁਸ਼ੀਲਾ ਕੁਮਾਰੀ ਨੇ ਇਸ ਮੌਕੇ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਅਤੇ ਮਾਪਿਆਂ ਨੂੰ ਵਧਾਈ ਦਿੱਤੀ।

# ਪ੍ਰਿੰਸੀਪਲ ਵਜੋਂ ਰਾਜੇਸ਼ ਕੁਮਾਰ ਤ੍ਰੇਹਨ ਨੇ ਅਹੁਦਾ ਸੰਭਾਲਿਆ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਵਿਖੇ ਹੋਏ ਇਕ ਸਮਾਗਮ ਦੌਰਾਨ ਰਾਜੇਸ਼ ਕੁਮਾਰ ਨੇ ਬਤੌਰ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ । ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਕੇਸਵ ਸਿੰਘ ਸੈਣੀ, ਸਿਟੀ ਪ੍ਰਧਾਨ ਜਗਜੀਵਨ ਜੱਗੀ ਤੇ ਵਾਈਸ ਪ੍ਰਿੰਸੀਪਲ ਸੁਨੀਤ ਅਰੋੜਾ ਨੇ ਪ੍ਰਿੰਸੀਪਲ ਰਾਜੇਸ਼ ਤ੍ਰੇਹਨ ਨੂੰ ਮੁਬਾਰਕਬਾਦ ਦਿੱਤੀ ਅਤੇ ਸਕੂਲ ਦੀ ਬੇਹਤਰੀ ਲਈ ਸਾਰੇ ਸਟਾਫ ਨੂੰ ਨਾਲ ਲੈ ਕੇ ਕੰਮ ਕਰਨ ਦੀ ਪ੍ਰੇਰਨਾ ਦਿੱਤੀ ਤੇ ਕਿਹਾ ਕਿ ਸਰਕਾਰ ਦੀਆਂ ਯੋਗ ਨੀਤੀਆਂ ਕਾਰਨ ਅੱਜ ਸਰਕਾਰੀ ਸਕੂਲਾਂ ਦੇ ਨਤੀਜੇ ਵੀ ਸ਼ਾਨਦਾਰ ਆ ਰਹੇ ਹਨ ਅਤੇ ਇਸ ਨੂੰ ਬਰਕਰਾਰ ਰੱਖਣ ਲਈ ਸਾਨੂੰ ਸਾਰਿਆਂ ਨੂੰ ਮਿਹਨਤ ਕਰਨੀ ਪਵੇਗੀ। ਇਸ ਤੋਂ ਪਹਿਲਾਂ ਰਜੇਸ਼ ਕੁਮਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਲੇਮਪੁਰ,ਤਲਵੰਡੀ ਸੱਲਾਂ,ਬਸੀ ਜਲਾਲ ਵਿਖੇ ਬਤੌਰ ਪ੍ਰਿੰਸੀਪਲ ਆਪਣੀਆਂ ਸੇਵਾਵਾਂ ਬਾਖੂਬੀ ਨਿਭਾ ਚੁੱਕੇ ਹਨ।

# ਘਰੇਲੂ ਨੌਕਰਾਂ ਦੀ ਪੂਰੀ ਜਾਣਕਾਰੀ ਪੁਲਸ ਨੂੰ ਦਿੱਤਾ ਜਾਵੇ : ਡੀ ਸੀ

**ਕਪੂਰਥਲਾ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਜ਼ਿਲ੍ਹਾ ਮੈਜਿਸਟ੍ਰੇਟ ਕਮ ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਵਲੋਂ ਮਕਾਨ ਮਾਲਕਾਂ ਜਾਂ ਮਕਾਨਾਂ ਵਿਚ ਕਿਰਾਏ 'ਤੇ ਰਹਿੰਦੇ ਕਿਰਾਏਦਾਰਾਂ ਨੂੰ ਹੁਕਮ ਦਿੱਤੇ ਗਏ ਹਨ ਕਿ ਉਹ ਆਪਣੇ ਘਰਾਂ ਵਿਚ ਪੂਰਨ ਤੌਰ ਜਾਂ ਅੰਸ਼ਿਕ ਤੌਰ 'ਤੇ ਕੰਮ ਕਰਦੇ ਨੌਕਰਾਂ, ਨੌਕਰਾਣੀਆਂ, ਘਰੇਲੂ ਨੌਕਰਾਂ ਆਦਿ ਦੀ ਪੂਰੀ ਜਾਣਕਾਰੀ ਨਜਦੀਕੀ ਪੁਲਸ ਥਾਣੇ ਜਾਂ ਚੌਂਕੀ ਵਿਚ ਦੇਣਾ ਯਕੀਨੀ ਬਣਾਉਣ। ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਡਿਪਟੀ ਕਮਿਸਨਰ ਵੱਲੋਂ ਮਕਾਨ ਮਾਲਕਾਂ 'ਤੇ ਕਿਰਾਏਦਾਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਨੌਕਰਾਂ, ਨੌਕਰਾਣੀਆਂ, ਘਰੇਲੂ ਨੌਕਰਾਂ ਆਦਿ ਦੇ ਆਧਾਰ ਕਾਰਡ, ਵੋਟਰ ਕਾਰਡ, ਡਰਾਇਵਿੰਗ ਲਾਇਸੈਂਸ ਜਾਂ ਕਿਸ ਸਰਕਾਰੀ, ਅਰਧ ਸਰਕਾਰੀ ਸੰਸਥਾ,ਸਰਕਾਰੀ ਵਲੋਂ ਮਨਜ਼ੂਰ ਸ਼ੁਦਾ ਅਧਾਰੇ ਵਲੋਂ ਜਾਰੀ ਪਛਾਣ ਪੱਤਰ ਜਿਸ ਵਿਚ ਸਬੰਧਿਤ ਵਿਅਕਤੀ ਦਾ ਨਾਂਅ, ਪੱਕਾ ਪਤਾ, ਫੋਟੋ ਆਦਿ ਹੋਵੇ ਉਹ ਤੁਰੰਤ ਨੇੜਲੇ ਥਾਣੇ ਵਿਚ ਜਮ੍ਹਾਂ ਕਰਵਾਈ ਜਾਵੇ। ਇਹ ਹੁਕਮ 24-07-2023 ਤੱਕ ਲਾਗੂ ਰਹਿਣਗੇ।

# ਮੈਰਿਟ 'ਚ ਆਉਣ ਵਾਲੀਆਂ ਵਿਦਿਆਰਥਣਾਂ ਸਨਮਾਨਤ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** - ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਿਛਲੇ ਦਿਨੀਂ ਬਾਰ੍ਹਵੀਂ ਜਮਾਤ ਦਾ ਨਤੀਜਾ ਘੋਸ਼ਿਤ ਕੀਤਾ ਗਿਆ ਸੀ ਅਤੇ ਬੋਰਡ ਵੱਲੋਂ ਜਾਰੀ ਕੀਤੀ ਗਈ ਮੈਰਿਟ ਲਿਸਟ ਵਿਚ ਸ.ਸ.ਸ.ਸ.ਸਕੂਲ ਚਨੌਲੀ ਬਸੀ ਦੀਆਂ ਤਿੰਨ ਵਿਦਿਆਰਥਣਾਂ ਆਈਆਂ, ਜਿਨ੍ਹਾਂ ਦਾ ਪ੍ਰਿੰਸੀਪਲ ਅਤੇ ਸਮੂਹ ਸਕੂਲ ਸਟਾਫ ਤੇ ਵਿਦਿਆਰਥੀਆਂ ਵੱਲੋਂ ਸਵੇਰ ਦੀ ਸਭਾ ਵਿਚ ਜ਼ੋਰਦਾਰ ਸਵਾਗਤ ਕੀਤਾ ਗਿਆ ਅਤੇ ਇਹਨਾਂ ਤਿੰਨਾਂ ਵਿਦਿਆਰਥਣਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਚਨੌਲੀ ਬਸੀ ਸਕੂਲ ਦੀ ਪ੍ਰਿੰਸੀਪਲ ਮੈਡਮ ਸ਼ਰਨਜੀਤ ਕੌਰ ਨੇ ਦੱਸਿਆ ਕਿ ਵਿਦਿਆਰਥਣ ਸ਼ਮਨਪ੍ਰੀਤ ਕੌਰ ਪੁੱਤਰੀ ਸੋਹਣ ਲਾਲ ਨੇ 493/500( 98.60%) ਅੰਕ ਲੈ ਕੇ ਪੰਜਾਬ ਵਿਚੋਂ 7ਵਾਂ ਰੈਂਕ ਅਤੇ ਜ਼ਿਲ੍ਹਾ ਰੂਪਨਗਰ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਜਦਕਿ ਮਨਪ੍ਰੀਤ ਕੌਰ ਮੰਨੂ ਪੁੱਤਰੀ ਗੁਰਨਾਮ ਸਿੰਘ ਨੇ 489/500(97.80%) ਅੰਕ ਲੈ ਕੇ ਪੰਜਾਬ ਦੀ ਮੈਰਿਟ ਵਿਚ 11ਵਾਂ ਰੈਂਕ ਅਤੇ ਜ਼ਿਲ੍ਹਾ ਰੂਪਨਗਰ ਵਿਚ ਤੀਸਰਾ ਸਥਾਨ ਪ੍ਰਾਪਤ ਕੀਤਾ, ਇਸ ਤੋਂ ਇਲਾਵਾ ਨਵਜੋਤ ਕੌਰ ਪੁੱਤਰੀ ਰਾਮ ਸਿੰਘ ਨੇ 486/500(97.20%) ਅੰਕ ਪ੍ਰਾਪਤ ਕਰਕੇ ਪੰਜਾਬ ਦੀ ਮੈਰਿਟ ਲਿਸਟ ਵਿਚ 14ਵਾਂ ਰੈਂਕ ਪ੍ਰਾਪਤ ਕੀਤਾ। ਵਿਦਿਆਰਥਣਾਂ ਦੇ ਸਨਮਾਨ ਸਮਾਰੋਹ ਵਿਚ ਪੁੱਜੇ ਇਹਨਾਂ ਬੱਚੀਆਂ ਦੇ ਮਾਤਾ ਪਿਤਾ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸ਼ਰਨਜੀਤ ਕੌਰ ਤੋਂ ਇਲਾਵਾ, ਲੈਕਚਰਾਰ ਸ਼ਸ਼ੀ ਬਾਲਾ, ਲੈਕ. ਅਰਵਿੰਦਰ ਕੁਮਾਰ, ਲੈਕ. ਹਰਨੇਕ ਸਿੰਘ, ਲੈਕ. ਰਵਿੰਦਰ ਸਿੰਘ ਗਿੱਲ, ਲੈਕ. ਬਲਜਿੰਦਰ ਕੌਰ, ਮਾ. ਪਵਨ ਕੁਮਾਰ, ਬਲਰਾਮ ਕੁਮਾਰ, ਸਤਵੰਤ ਕੌਰ, ਤਲਵਿੰਦਰ ਸਿੰਘ ਢੀਂਡਸਾ, ਅਮਨ ਕੁਮਾਰ,ਵਿਜੈ ਕੁਮਾਰ, ਨਵਦੀਪ ਸਿੰਘ, ਗੁਰਚਰਨ ਸਿੰਘ, ਇੰਦਰਜੀਤ ਸਿੰਘ, ਰਾਜਵਿੰਦਰ ਕੌਰ, ਇੰਦੂ ਸ਼ਰਮਾ ਆਦਿ ਹਾਜਰ ਸਨ।

# ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਹੈੱਡ ਬੁਆਏ ਤੇ ਹੈੱਡ ਗਰਲ ਦੀ ਹੋਈ ਚੋਣ




**ਟਾਂਡਾ ਉੜਮੁੜ ( ਜਸਵਿੰਦਰ ਸੰਧੂ ,ਉਂਕਾਰ ਸਿੰਘ )**-ਵਿਦਿਆਰਥੀਆਂ ਨੂੰ ਅਨੁਸ਼ਾਸ਼ਨ ਵਿਚ ਰਹਿ ਕੇ ਪੜ੍ਹਾਈ ਕਰਨ ਅਤੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਮਜਬੂਤ ਕਰਕੇ ਸਕੂਲ 'ਚ ਹੋਣ ਵਾਲੀ ਹਰ ਐਕਟੀਵਿਟੀ 'ਚ ਹਿੱਸਾ ਲੈਣ ਸੰਬੰਧੀ ਸਰ ਮਾਰਸ਼ਲ ਸਕੂਲ ਬੈਂਸ ਅਵਾਨ ਦੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ ਦੀ ਅਗਵਾਈ ਵਿਚ ਹੈੱਡ ਬੁਆਏ ਅਤੇ ਹੈੱਡ ਗਰਲ ਦੀ ਚੋਣ ਕਰਵਾਉਣ ਲਈ ਇੱਕ ਚੋਣ ਪ੍ਰਕਿਰਿਆ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਕੂਲ ਦੇ ਸਾਰੇ ਵਿਦਿਆਰਥੀਆਂ ਤੋਂ ਇਲਾਵਾ ਸਰ ਮਾਰਸ਼ਲ ਐਜੂਕੇਸਨਲ ਸੋਸਾਇਟੀ ਦੇ ਚੇਅਰਮੈਨ ਰਾਜਿੰਦਰ ਸਿੰਘ ਮਾਰਸ਼ਲ ਤੇ ਕੁਲਵੰਤ ਸਿੰਘ ਮਾਰਸ਼ਲ ਨੇ ਭਾਗ ਲਿਆ। ਇਸ ਮੌਕੇ ਤੇ ਹਾਜਰ ਵਿਦਿਆਰਥੀਆਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਰਾਜਿੰਦਰ ਸਿੰਘ ਮਾਰਸ਼ਲ ਨੇ ਕਿਹਾ ਕਿ ਬੁਲੰਦੀਆਂ ਦੀਆਂ ਉਚਾਈਆਂ ਨੂੰ ਉਹ ਵਿਦਿਆਰਥੀ ਹੀ ਛੂਹ ਸਕਦੇ ਹਨ ਜਿਹੜੇ ਵਿਦਿਆਰਥੀ ਅਨੁਸਾਸ਼ਨ ਵਿਚ ਰਹਿ ਕੇ ਸਕੂਲ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਂਦੇ ਹੋਏ ਪੂਰੀ ਲਗਨ ਨਾਲ ਆਧਿਆਪਕਾਂ ਤੋਂ ਸਿੱਖਿਆ ਹਾਸਲ ਕਰਦੇ ਹਨ। ਪ੍ਰਿੰਸੀਪਲ ਕਮਲਪ੍ਰੀਤ ਸਿੰਘ ਨੇ ਕਿਹਾ ਕਿ ਹਰ ਵਿਦਿਆਰਥੀ ਦਾ ਇਹ ਫਰਜ ਬਣਦਾ ਹੈ ਕਿ ਉਹ ਸਕੂਲ ਵਿਚ ਮਨ ਲਗਾ ਕੇ ਪੜ੍ਹਾਈ ਕਰੇ ਅਤੇ ਅਧਿਆਪਕਾਂ ਵੱਲੋਂ ਪੜ੍ਹਾਏ ਗਏ ਪਾਠ ਨੂੰ ਘਰ ਜਾ ਕੇ ਵੀ ਯਾਦ ਕਰੇ ਤਾਂ ਜੋ ਪੜ੍ਹਾਈ ਵਿਚ ਵਧੀਆ ਪੁਜੀਸ਼ਨ ਹਾਸਲ ਕਰਕੇ ਆਪਣੇ ਤੈਅ ਕੀਤੇ ਲਕਸ਼ ਨੂੰ ਹਾਸਲ ਕਰ ਸਕੇ। ਸਕੂਲ ਵਿਦਿਆਰਥੀਆਂ ਵੱਲੋਂ ਵੋਟਿੰਗ ਕਰਕੇ ਚੁਣੇ ਗਏ ਹੈੱਡ ਬੁਆਏ ਅਰਸ਼ਵਿੰਦਰ ਦੀਪ ਸਿੰਘ ਅਤੇ ਹੈੱਡ ਗਰਲ ਗਗਨਦੀਪ ਕੌਰ ਨੂੰ ਰਾਜਿੰਦਰ ਸਿੰਘ ਮਾਰਸ਼ਲ ਅਤੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ ਨੇ ਵਧਾਈ ਦਿੰਦੇ ਹੋਏ ਸਨਮਾਨਿਤ ਕੀਤਾ। ਇਸ ਮੌਕੇ ਤੇ ਵਾਈਸ ਪ੍ਰਿੰਸੀਪਲ ਕੁਨਿਕਾ, ਸੰਦੀਪ ਕੌਰ, ਹਰਪ੍ਰੀਤ ਕੌਰ, ਗਗਨਦੀਪ ਕੌਰ, ਪ੍ਰਿਯੰਕਾ, ਪ੍ਰਭਜੋਤ ਕੌਰ, ਸੁਮਨਦੀਪ ਕੌਰ, ਜਸਵਿੰਦਰ ਕੌਰ, ਸੁਖਝਿੰਦਰ ਪਾਲ ਸਿੰਘ, ਭਾਵਨਾ, ਨਵਨੀਤ ਕੌਰ ਅਤੇ ਹੋਰ ਹਾਜਰ ਸਨ।

# ਜੱਸੋਆਣਾ 'ਤੇ ਦਰਜ ਝੂਠਾ ਪਰਚਾ ਰੱਦ ਕਰਨ ਲਈ ਦਿੱਤਾ ਮੰਗ ਪੱਤਰ

**ਫਿਲੌਰ, (ਨਿਰਮਲ)** ਦਿਹਾਤੀ ਮਜਦੂਰ ਸਭਾ ਵੱਲੋਂ ਐਸ ਡੀ ਐਮ ਫਿਲੌਰ ਨੂੰ ਮੰਗ ਪੱਤਰ ਦਿੱਤਾ ਗਿਆ। ਜਿਸ ਵਿੱਚ ਉਨ੍ਹਾਂ ਮੰਗ ਕੀਤੀ ਕਿ ਜਥੇਬੰਦੀ ਬੇਜਮੀਨੇ-ਸਾਧਨਹੀਨ ਪੇਂਡੂ ਮਜਦੂਰਾਂ ਨੂੰ ਸੰਗਠਤ ਕਰਕੇ ਉਨ੍ਹਾਂ ਦੇ ਮੰਗਾਂ ਅਤੇ ਮਸਲੇ ਹੱਲ ਕਰਾਉਣ ਲਈ ਜਮਹੂਰੀ ਲੀਹਾਂ 'ਤੇ ਦਖਲ ਅੰਦਾਜੀ ਕਰਦੀ ਹੈ। ਇਸੇ ਸਿਲਸਿਲੇ ਵਿੱਚ 20 ਮਈ ਨੂੰ ਜੱਥੇਬੰਦੀ ਦੇ ਸੂਬਾਈ ਜੱਥੇਬੰਦਕ ਸਕੱਤਰ ਜਗਜੀਤ ਸਿੰਘ ਜੱਸੋਆਣਾ ਕਿਸੇ ਨਿਰਦੋਸ਼ ਵਿਅਕਤੀ ਨੂੰ ਛੁਡਾਉਣ ਲਈ ਬਸ ਸਟੈਂਡ ਸ੍ਰੀ ਮੁਕਤਸਰ ਸਾਹਿਬ ਵਿਖੇ ਬਣੀ ਪੁਲਸ ਚੌਕੀ 'ਚ ਗਏ ਸਨ। ਚੌਕੀ ਇੰਚਾਰਜ ਏ ਐਸ ਆਈ ਬਲਦੇਵ ਸਿੰਘ ਨੇ ਸਾਥੀ ਜੱਸੋਆਣਾ ਦੀ ਬੇਨਤੀ 'ਤੇ ਅਸਰ ਕਰਨ ਦੀ ਬਜਾਇ ਉਲਟਾ ਉਸ ਨੂੰ ਮਰਿਆਦਾ ਹੀਣ ਭਾਸ਼ਾ 'ਚ ਬੋਲ-ਕੁਬੋਲ ਕਰਦਿਆਂ ਜਾਤੀ ਸੂਚਕ ਟਿੱਪਣੀਆਂ ਕੀਤੀਆਂ। ਇਸ ਦੁਰਵਿਹਾਰ ਦਾ ਵਿਰੋਧ ਕਰਨ ਬਦਲੇ ਸਾਥੀ ਜੱਸੋਆਣਾ ਦੀ ਵਹਿਸ਼ੀਆਨਾ ਕੁੱਟਮਾਰ ਕੀਤੀ ਗਈ ਅਤੇ ਉਸ ਖਿਲਾਫ ਧਾਰਾ 353/186 ਤਹਿਤ ਪਰਚਾ ਦਰਜ ਕਰਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਸਾਥੀ ਜਗਜੀਤ ਸਿੰਘ ਜੱਸੋਆਣਾ ਖਿਲਾਫ ਦਰਜ ਝੂਠਾ ਮੁਕੱਦਮਾ ਫੌਰੀ ਰੱਦ ਕਰਕੇ ਦੋਸ਼ੀ ਪੁਲਸ ਅਧਿਕਾਰੀਆਂ ਖਿਲਾਫ ਤੁਰੰਤ ਵਿਭਾਗੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਜਰਨੈਲ ਫਿਲੌਰ, ਸਰਪੰਚ ਰਾਮ ਲੁਭਾਇਆ, ਮੇਜਰ ਫਿਲੌਰ, ਬਨਾਰਸੀ ਦਾਸ, ਰਾਮ ਨਾਥ ਦੁਸਾਂਝ, ਗਿਆਨ ਦੁਸਾਂਝ, ਕੁਲਦੀਪ ਬਿਲਗਾ, ਸੁਰਿੰਦਰ ਮੰਗਾ , ਅੰਮ੍ਰਿਤ ਨੰਗਲ, ਬਲਵਿੰਦਰ ਕੁਮਾਰ, ਮਨਜੀਤ ਸੂਰਜਾ , ਗੁਰਦੀਪ ਗੋਗੀ ਅਤੇ ਹੋਰ ਹਾਜਰ ਸਨ।

# ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

**ਜਲੰਧਰ (ਨਵਾਂ ਜ਼ਮਾਨਾ ਸਰਵਿਸ )** ਦਿਹਾਤੀ ਮਜਦੂਰ ਸਭਾ ਸੂਬਾ ਵਰਕਿੰਗ ਕਮੇਟੀ ਦੇ ਸੱਦੇ 'ਤੇ ਪਿੰਡ ਜਮਸ਼ੇਰ ਖਾਸ ਵਿੱਚ ਸਭਾ ਦੇ ਸੂਬਾ ਜਥੇਬੰਦਕ ਸਕੱਤਰ ਜਗਜੀਤ ਸਿੰਘ ਜੱਸੋਆਣਾ ਉਪਰ ਝੂਠਾ ਕੇਸ ਬਨਾਉਣ ਵਿਰੁੱਧ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਸਭਾ ਦੇ ਸੂਬਾ ਜੁਆਇੰਟ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਬੱਸ ਸਟੈਂਡ ਪੁਲਿਸ ਚੌਕੀ ਦੇ ਇੰਚਾਰਜ ਕਿਸੇ ਨਿਰਦੋਸ਼ ਵਿਅਕਤੀ ਨੂੰ ਫੜ ਕੇ ਲਿਆਏ ਸਨ ਜਿਸ ਬਾਰੇ ਸਾਥੀ ਜਗਜੀਤ ਸਿੰਘ ਜੱਸੋਆਣਾ ਨੇ ਬਾਦਲੀਲ ਪੁੱਛਿਆ ਤਾਂ ਚੌਂਕੀ ਇੰਚਾਰਜ ਏ ਐਸ ਆਈ ਬਲਦੇਵ ਸਿੰਘ ਨੇ ਗੱਲ ਸੁਣਨ ਦੀ ਬਜਾਏ ਸਾਥੀ ਜੱਸੋਆਣਾ ਨੂੰ ਜਾਤੀ ਸੂਚਕ ਸਬਦ ਕਹੇ ਅਤੇ ਕੁੱਟਮਾਰ ਕਰਨ ਲੱਗ ਪਏ। ਸਾਥੀ ਨੂੰ ਲਹੂ ਲੁਹਾਨ ਕਰਕੇ ਝੂਠਾ 353/186 ਦਾ ਕੇਸ ਦਰਜ ਕਰਕੇ ਜੇਲ੍ਹ ਭੇਜ ਦਿੱਤਾ ਸੀ। ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਮੰਗ ਕੀਤੀ ਗਈ ਕਿ ਜਗਜੀਤ ਸਿੰਘ ਜੱਸੋਆਣਾ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਦੋਸ਼ੀ ਪੁਲਿਸ ਅਧਿਕਾਰੀਆਂ ਖਿਲਾਫ ਫੌਰੀ ਕਾਰਵਾਈ ਕਰਕੇ ਸਖਤ ਸਜਾ ਦਿੱਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਔਰਤ ਮੁਕਤੀ ਮੋਰਚਾ ਦੀ ਆਗੂ ਸੁਨੀਤਾ ਨੂਰਪੁਰੀ, ਬਲਜੀਤ ਕੌਰ, ਅਤੇ ਮਜਦੂਰ ਆਗੂ ਮਨਜੀਤ ਕੌਰ ਸਾਬਕਾ ਪੰਚ,ਭਜਨ ਸਿੰਘ ਗਿੱਲ, ਪਰਮਜੀਤ ਬੁੱਬ, ਰਾਕੇਸ਼ ਚਿੱਤੇਵਾਣੀ ਹਾਜਰ ਸਨ।

# ਵਿਜੀਲੈਂਸ ਵਿਭਾਗ ਵੱਲੋਂ ਨਗਰ ਕੌਂਸਲ ਦੇ ਦਫਤਰ 'ਚ ਛਾਪੇਮਾਰੀ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ)**- ਵਿਜੀਲੈਂਸ ਵਿਭਾਗ ਵੱਲੋਂ ਨਗਰ ਕੌਂਸਲ ਚਮਕੌਰ ਸਾਹਿਬ ਦੇ ਦਫਤਰ ਵਿੱਚ ਛਾਪੇਮਾਰੀ ਕਰਦਿਆਂ ਜਿੱਥੇ ਦਫਤਰੀ ਰਿਕਾਰਡ ਕਬਜੇ ਵਿੱਚ ਲਿਆ , ਉੱਥੇ ਹੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਕੌਂਸਲ ਦੇ ਪ੍ਰਧਾਨ ਦੀ ਕੋਠੀ ਅਤੇ ਕਈ ਵਾਰਡਾਂ ਸਮੇਤ ਕਾਲੋਨੀਆਂ ਵਿੱਚ ਵੀ ਜਾ ਕੇ ਜਾਂਚ ਕੀਤੀ ਗਈ । ਵਿਰੋਧੀ ਧਿਰ ਦੇ ਕੌਂਸਲਰਾਂ ਭੁਪਿੰਦਰ ਸਿੰਘ ਭੂਰਾ, ਕਮਲੇਸ਼ ਰਾਣੀ, ਪਰਮਜੀਤ ਕੌਰ, ਸੰਤੋਸ਼ ਕੁਮਾਰੀ, ਹਰਜੀਤ ਕੌਰ ਅਤੇ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ 18 ਜਨਵਰੀ 2023 ਨੂੰ ਨਗਰ ਕੌਂਸਲ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸ਼ੇਰਾ ਵਿਰੁੱਧ ਕਈ ਦੋਸ਼ਾਂ ਤਹਿਤ ਵਿਭਾਗ ਦੇ ਵਿਜੀਲੈਂਸ ਬਿਊਰੋ ਨੂੰ ਜਾਂਚ ਕਰਨ ਸਬੰਧੀ ਸ਼ਿਕਾਇਤਾਂ ਕੀਤੀਆਂ ਸਨ । ਉਨ੍ਹਾਂ ਦੱਸਿਆ ਕਿ ਉਕਤ ਸ਼ਿਕਾਇਤਾਂ ਦੇ ਸਬੰਧ ਵਿੱਚ ਵਿਭਾਗ ਦੇ ਚੀਫ ਵਿਜੀਲੈਂਸ ਅਫਸਰ ਚਾਂਦ ਸਿੰਗਲਾ ਦੀ ਅਗਵਾਈ ਹੇਠ 5 ਮੈਂਬਰੀ ਟੀਮ ਵੱਲੋਂ ਨਗਰ ਕੌਂਸਲ ਦੇ ਦਫਤਰ ਵਿੱਚ ਛਾਪੇਮਾਰੀ ਕਰਦਿਆਂ ਦਫਤਰ ਦੇ ਸਾਰੇ ਰਿਕਾਰਡ ਦੀ ਘੋਖ ਕਰਨ ਉਪਰੰਤ ਉਨ੍ਹਾਂ ਰਿਕਾਰਡ ਆਪਣੇ ਕਬਜ਼ੇ ਵਿੱਚ ਲੈ ਲਿਆ । ਉਨ੍ਹਾਂ ਦੱਸਿਆ ਕਿ ਵਿਜੀਲੈਂਸ ਦੀ ਟੀਮ ਵੱਲੋਂ ਸ਼ਹੀਦ ਊਧਮ ਸਿੰਘ ਕਾਲੋਨੀ ਵਿੱਚ ਜਾ ਕੇ ਜਾਂਚ ਕੀਤੀ ਅਤੇ ਨਾਲ ਹੀ ਉਸ ਅਣਅਧਿਕਾਰਤ ਕਾਲੋਨੀ ਦੀ ਜਾਂਚ ਕੀਤੀ, ਜਿੱਥੇ ਕੌਂਸਲ ਦੇ ਪ੍ਰਧਾਨ ਨੇ 45 ਮਰਲੇ ਵਿੱਚ ਬਗੈਰ ਨਕਸ਼ੇ ਤੋਂ ਕੋਠੀ ਪਾਈ ਹੈ । ਉਕਤ ਟੀਮ ਵੱਲੋਂ ਪ੍ਰਧਾਨ ਦੀ ਕੋਠੀ ਦੇ ਬਾਹਰੋਂ ਵੀ ਜਾਂਚ ਕਰਦਿਆਂ ਨਾਲ ਦੀਆਂ ਕੋਠੀਆਂ ਸਬੰਧੀ ਵੀ ਪੁੱਛ ਪੜਤਾਲ ਕੀਤੀ ਅਤੇ ਸ਼ਿਕਾਇਤ ਕਰਤਾਵਾਂ ਕੌਂਸਲਰਾਂ ਨੇ ਅਧਿਕਾਰੀਆਂ ਨੂੰ ਇਹ ਵੀ ਦੱਸਿਆ ਕਿ ਇਸ ਕਾਲੋਨੀ ਵਿਚ ਜੋ ਕਿ ਅਣਅਧਿਕਾਰਤ ਹੈ ਵਿੱਚ ਗੈਰ ਕਾਨੂੰਨੀ ਸੀਵਰੇਜ ਪਾ ਦਿੱਤਾ ਗਿਆ ਤਾਂ ਜੋ ਕਿ ਉਸ ਦਾ ਫਾਇਦਾ ਪ੍ਰਧਾਨ ਨੂੰ ਹੋ ਸਕੇ । ਟੀਮ ਵੱਲੋਂ ਵਾਰਡ ਨੰਬਰ 11 ਵਿੱਚ ਵੀ ਜਾਂਚ ਕੀਤੀ ਜਿੱਥੇ ਸਿਰਫ ਤਿੰਨ ਹੀ ਘਰ ਹਨ, ਵਿਖੇ ਗੈਰਕਾਨੂੰਨੀ ਤੌਰ 'ਤੇ ਸੀਵਰੇਜ ਪਾਉਣ ਅਤੇ ਨਜਾਇਜ਼ ਸੜਕ ਬਣਾਉਣ ਦੇ ਇਲਜ਼ਾਮ ਹਨ । ਉਨ੍ਹਾਂ ਦੱਸਿਆ ਕਿ ਟੀਮ ਦੇ ਅਧਿਕਾਰੀਆਂ ਨੂੰ ਪਿੰਡ ਕੰਧੋਲਾ ਟੱਪਰੀਆਂ ਦੀ ਬੇ ਚਿਰਾਗ ਜਮੀਨ ਵੀ ਵਿਖਾਈ ਜਿੱਥੇ ਕੁੱਝ ਪਸ਼ੂ ਪਾਲਕਾਂ ਦੇ ਘਰ ਹਨ , ਉੱਥੇ ਵੀ ਗੈਰ ਕਾਨੂੰਨੀ ਸੀਵਰੇਜ ਪਾ ਦਿੱਤਾ ਗਿਆ ਜਦੋਂ ਕਿ ਉਹ ਜਮੀਨ ਨਗਰ ਕੌਂਸਲ ਦੇ ਅਧੀਨ ਵੀ ਨਹੀਂ ਆਉਂਦੀ । ਸ਼ਿਕਾਇਤ ਕਰਤਾਵਾਂ ਕੌਂਸਲਰਾਂ ਨੇ ਅਧਿਕਾਰੀਆਂ ਨੂੰ ਪੁੱਛਗਿੱਛ ਵਿੱਚ ਦੱਸਿਆ ਕਿ ਪ੍ਰਧਾਨ ਵੱਲੋਂ ਬਿਨਾਂ ਹਾਊਸ ਤੋਂ ਪਾਸ ਕਰਵਾਏ ਮਤਿਆਂ ਤਹਿਤ ਕਈ ਕੰਮ ਕੀਤੇ ਗਏ ਹਨ ।

# ਅਮਨ ਅਰੋੜਾ ਵੱਲੋਂ ਅਤਿ-ਆਧੁਨਿਕ 'ਸੈਂਟਰ ਆਫ ਐਕਸੀਲੈਂਸ' ਦਾ ਉਦਘਾਟਨ




**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ ਰਘਵੀਰ ਸਿੰਘ )**-ਪੰਜਾਬ ਦੇ ਰੋਜਗਾਰ ਉਤਪਤੀ , ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਸਵੈ ਰੋਜਗਾਰ ਦੇ ਕਾਬਲ ਬਣਾ ਕੇ ਰੁਜਗਾਰ ਮੰਗਣ ਵਾਲਿਆਂ ਦੀ ਥਾਂ ਰੁਜਗਾਰ ਦਾਤੇ ਬਣਾਉਣ ਲਈ ਹੁਨਰ ਵਿਕਾਸ ਨੂੰ ਹੋਰ ਉਤਸ਼ਾਹਿਤ ਕੀਤਾ ਜਾਵੇਗਾ। ਫਗਵਾੜਾ ਵਿਖੇ "ਸੈਂਟਰ ਆਫ ਐਕਸੀਲੈਂਸ" ਦਾ ਉਦਘਾਟਨ ਕਰਨ ਮੌਕੇ ਸੰਬੋਧਨ ਕਰਦਿਆਂ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਨੌਜਵਾਨਾਂ ਨੂੰ ਹੁਨਰਮੰਦ ਬਣਾ ਕੇ ਪੰਜਾਬ ਵਿਚ ਹੀ ਉਦਯੋਗ ਸਥਾਪਨਾ ਹੈ ਤਾਂ ਜੋ ਮਜਬੂਰੀ ਵੱਸ ਵਿਦੇਸ਼ ਜਾ ਰਹੇ ਨੌਜਵਾਨਾਂ ਦੇ ਪ੍ਰਵਾਸ ਨੂੰ ਠੱਲ ਪਾਈ ਜਾ ਸਕੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਰੁਜਗਾਰ ਉਤਪੱਤੀ ਵਿਭਾਗ ਵਲੋਂ ਅਜਿਹੇ ਹੋਰ "ਸੈਂਟਰ ਆਫ ਐਕਸੀਲੈਂਸ" ਖੋਲੇ ਜਾਣਗੇ ਤਾਂ ਜੋ ਉਦਯੋਗਾਂ ਦੀ ਮੰਗ ਅਨੁਸਾਰ ਨੌਜਵਾਨਾਂ ਦੇ ਹੁਨਰ ਵਿਕਾਸ ਨੂੰ ਵਿਕਸਤ ਕੀਤਾ ਜਾਵੇਗਾ । ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਪੂਰੇ ਦੁਆਬਾ ਖੇਤਰ ਅਤੇ ਵਿਸੇਸ ਕਰਕੇ ਜਲੰਧਰ ਅਤੇ ਫਗਵਾੜਾ ਦੇ ਉਦਯੋਗਾਂ ਲਈ ਮੀਲਪੱਥਰ ਸਾਬਤ ਹੋਵੇਗਾ,ਜੋਕਿ ਨੌਜਵਾਨਾਂ ਨੂੰ ਵੱਡੀ ਪੱਧਰ 'ਤੇ ਸਵੈ ਰੁਜਗਾਰ ਸਥਾਪਿਤ ਕਰਨ ਲਈ ਰਾਹ ਦਸੇਰਾ ਬਣੇਗਾ। "ਸੈਂਟਰ ਆਫ ਐਕਸੀਲੈਂਸ" ਦੀ ਸ਼ੁਰੂਆਤੀ ਮਿਆਦ 2023-2025 ਤੱਕ 02 ਸਾਲ ਰੱਖੀ ਗਈ ਹੈ,ਜਿਸ ਦੌਰਾਨ ਲਗਭਗ 2000 ਪ੍ਰਾਰਥੀਆਂ ਨੂੰ ਆਟੋਮੋਟਿਵ ਮਸ਼ੀਨ ਅਪਰੇਟਰ ਅਤੇ ਇਲੈਕਟ੍ਰੀਕਲ ਅਤੇ ਇਲੈਕਟ੍ਰੋਨਿਕਸ ਅਸੈਂਬਲੀ ਫਿਟਰ ਦੇ 04-04 ਮਹੀਨੇ ਦੇ ਹੁਨਰ ਸਿਖਲਾਈ ਕੋਰਸ ਕਰਵਾਏ ਜਾਣਗੇ। ਪੰਜਾਬ ਹੁਨਰ ਵਿਕਾਸ ਤੇ ਰੋਜਗਾਰ ਮਿਸ਼ਨ ਦੀ ਡਾਇਰੈਕਟਰ ਜਨਰਲ ਸ੍ਰੀਮਤੀ ਦੀਪਤੀ ਉੱਪਲ ਨੇ ਦੱਸਿਆ ਕਿ ਇਨ੍ਹਾਂ ਕੋਰਸਾਂ ਲਈ ਚਾਹਵਾਨ ਪ੍ਰਾਰਥੀਆਂ ਦੀ ਬੈਚ ਅਨੁਸਾਰ ਰਜਿਸਟ੍ਰੇਸ਼ਨ ਕਰਕੇ ਮਾਹਿਰ ਟ੍ਰੇਨਰਾਂ ਨਾਲ ਟ੍ਰੇਨਿੰਗ ਕਰਵਾਈ ਜਾਵੇਗੀ, ਉਪਰੰਤ ਗੈਸਟ ਲੈਕਚਰਾਂ ਦੇ ਨਾਲ ਇੰਡਸਟਰੀ ਵਿਜਿਟ ਕਰਵਾਈ ਜਾਵੇਗੀ ਅਤੇ ਜਾਬ ਇੰਟਰਵਿਊ ਕਰਕੇ ਮੁਲਾਂਕਣ ਅਤੇ ਸਰਟੀਫਿਕੇਸਨ ਕਰਦੇ ਹੋਏ ਫਾਈਨਲ ਪਲੇਸਮੈਂਟ ਕਰਵਾ ਦਿੱਤੀ ਜਾਵੇਗੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਜੋਗਿੰਦਰ ਸਿੰਘ ਮਾਨ , ਕੁਲਵੰਤ ਸੇਹਰਾ ਕੋ ਚੇਅਰਮੈਨ ਐਸੋਚੈਮ , ਵਿਜੈ ਗਰਗ ਚੇਅਰਮੈਨ ਐਸੋਚੈਮ , ਰਵਿੰਦਰ ਚੰਦਰਾ ਖੇਤਰੀ ਡਾਇਰੈਕਟਰ ਐਨ ਆਰ ਐਸੋਚੈਮ ਨੇ ਵੀ ਵਿਚਾਰ ਰੱਖੇ । ਇਸ ਮੌਕੇ ਵਧੀਕ ਡਿਪਟੀ ਕਮਿਸਨਰ ਫਗਵਾੜਾ ਡਾ.ਨਯਨ ਜੱਸਲ,ਵਧੀਕ ਡਿਪਟੀ ਕਮਿਸਨਰ ਵਿਕਾਸ ਪਰਮਜੀਤ ਕੌਰ , ਐਸ ਡੀ ਐਮ ਡਾ ਜੈ ਇੰਦਰ ਤੇ ਹੋਰ ਹਾਜਰ ਸਨ।

# ਸ਼ਹੀਦੀ ਦਿਹਾੜੇ ਮੌਕੇ ਧਾਰਮਿਕ ਸਮਾਗਮ ਕਰਵਾਏ

**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਪਿੰਡ ਪੁਰਹੀਰਾਂ ਵਿਖੇ ਸ਼ਹੀਦ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਧੰਨ ਗੁਰੂ ਰਾਮਦਾਸ ਜੀ ਲੰਗਰ ਸੇਵਾ ਸਥਾਨ ਪੁਰਹੀਰਾਂ ਦੇ ਅਸਥਾਨ 'ਤੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਬਾਬਾ ਪਿਆਰਾ ਸਿੰਘ ਮਿੱਠਾ ਟਿਵਾਣਾ ਹੁਸ਼ਿਆਰਪੁਰ, ਭਾਈ ਗੁਰਲਿਆਕਤ ਸਿੰਘ ਬਰਾੜ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਮਨਜੀਤ ਸਿੰਘ ਅਮਰੀਕਾ, ਭਾਈ ਗੁਰਦੀਪ ਸਿੰਘ ਮਲਿਕ ਅਮਰੀਕਾ, ਜਸਪ੍ਰੀਤ ਸਿੰਘ ਮਲਿਕ ਅਮਰੀਕਾ, ਬਾਬਾ ਮੱਖਣ ਸਿੰਘ ਅਮਰੀਕ, ਦਰਸ਼ਨ ਸਿੰਘ ਅਮਰੀਕਾ, ਜਰਨੈਲ ਸਿੰਘ ਅਮਰੀਕਾ, ਸੰਥ ਸਿੰਘ ਅਮਰੀਕਾ ਆਦਿ ਹਾਜਰ ਸਨ।

ਮਾਮਲਾ ਅਪਗ੍ਰੇਡ ਹੋਏ ਸੀਨੀਅਰ ਸੈਕੰਡਰੀ ਸਕੂਲ ਮੁਹਾਰ ਸੋਨਾ ਦਾ

# 4 ਪਿੰਡਾਂ ਦੇ ਲੋਕਾਂ ਵੱਲੋਂ ਸਕੂਲ ਨੂੰ ਤਾਲਾ ਲਗਾ ਕੇ ਦਿੱਤਾ ਧਰਨਾ ਜਾਰੀ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਫਾਜ਼ਿਲਕਾ ਦੇ ਸਰਹੱਦੀ ਪਿੰਡ ਮੁਹਾਰ ਸੋਨਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂੰ ਅਪਗ੍ਰੇਡ ਕਰਨ ਦੀ ਮੰਗ ਨੂੰ ਲੈ ਕੇ 4 ਪਿੰਡਾਂ ਦੇ ਲੋਕਾਂ ਵੱਲੋਂ ਦਿੱਤਾ ਜਾ ਰਿਹਾ ਧਰਨਾ ਤੀਜੇ ਦਿਨ ਵੀ ਜਾਰੀ ਰਿਹਾ। ਤੀਜੇ ਦਿਨ ਦੇ ਧਰਨੇ ਵਿੱਚ ਵੀ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਪਿੰਡ ਦੇ ਆਗੂਆਂ ਸੁਖਦੇਵ ਸਿੰਘ, ਰਮੇਸ਼ ਸਰਪੰਚ, ਬੀਬੀ ਅਮਰਜੀਤ ਕੌਰ ਅਤੇ ਹੋਰਨਾਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਪਿੰਡ ਦੇ ਸਕੂਲ ਨੂੰ 2021-22 ਵਿੱਚ ਸੀਨੀਅਰ ਸੈਕੰਡਰੀ ਸਕੂਲ ਨੂੰ ਅਪਗ੍ਰੇਡ ਕਰ ਦਿੱਤਾ ਗਿਆ ਸੀ। ਪਰ ਮੌਜੂਦਾ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਦੱਸਿਆ ਕਿ 2022 ਵਿੱਚ 11ਵੀਂ ਜਮਾਤ ਦੇ ਦਾਖਲੇ ਹੋਏ ਸਨ ਪਰ ਇਸ ਸਾਲ ਦਾਖਲੇ ਨਹੀਂ ਕੀਤੇ ਜਾ ਰਹੇ । ਇਸ ਸਾਲ ਜਦੋਂ ਦਾਖਲੇ ਲਈ ਵਿਦਿਆਰਥੀ ਸਕੂਲ ਗਏ ਤਾਂ ਕਿਹਾ ਗਿਆ ਕਿ ਇਹ ਸੀਨੀਅਰ ਸੈਕੰਡਰੀ ਸਕੂਲ ਸਰਕਾਰ ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਸਰਕਾਰ ਵੱਲੋਂ ਕਿਹਾ ਜਾ ਰਿਹਾ ਹੈ ਕਿ ਇਹ ਸਕੂਲ ਅਜੇ ਤੱਕ ਅਪਗ੍ਰੇਡ ਨਹੀਂ ਕੀਤਾ ਗਿਆ। ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਕਮਲਜੀਤ ਮੁਹਾਰ ਖੀਵਾ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਮੈਂਬਰ ਜਗਦੀਸ਼ ਸਿੰਘ ਮਨਸਾ ਨੇ ਕਿਹਾ ਕਿ ਇਹ ਸਕੂਲ ਸਰਕਾਰ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਇਸ ਸਕੂਲ ਵਿੱਚੋਂ ਹਰ ਸਾਲ 100 ਤੋਂ ਵੱਧ ਵਿਦਿਆਰਥੀ ਦਸਵੀਂ ਪਾਸ ਕਰਦੇ ਹਨ। ਬਾਰਡਰ ਏਰੀਆ 'ਤੇ ਹੋਣ ਕਰਕੇ ਇੱਥੋਂ ਦੇ ਲੋਕ ਆਰਥਕ ਪੱਖੋਂ ਬਹੁਤ ਕਮਜ਼ੋਰ ਹੋਣ ਕਾਰਨ ਆਪਣੀਆਂ ਲੜਕੀਆਂ ਨੂੰ ਬਾਹਰ ਪੜ੍ਹਨ ਲਈ ਨਹੀਂ ਭੇਜ ਸਕਦੇ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਸਿੱਖਿਆ ਨੂੰ ਲੈ ਕੇ ਵੱਡੀਆਂ ਵੱਡੀਆਂ ਗਰੰਟੀਆਂ ਕੀਤੀਆਂ ਗਈਆਂ ਸਨ, ਪਰ ਅੱਜ ਉਹ ਕੋਈ ਵੀ ਗਾਰੰਟੀ ਪੂਰੀ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਅੱਜ ਹਾਲਤ ਇਹ ਹੈ ਕਿ ਜਿਹੜੀ ਸਰਕਾਰ ਨੂੰ ਸਿੱਖਿਆ ਨੂੰ ਲੈ ਕੇ ਉਪਰਾਲੇ ਕਰਨੇ ਸਨ, ਅੱਜ ਉਹ ਸਰਕਾਰੀ ਸਕੂਲਾਂ ਨੂੰ ਖਤਮ ਕਰਨ ਲੱਗੇ ਹੋਏ ਹਨ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਸਕੂਲ ਵਿੱਚ 11ਵੀਂ ਅਤੇ 12ਵੀਂ ਦੇ ਦਾਖਲੇ ਜਲਦੀ ਸ਼ੁਰੂ ਕੀਤੇ ਜਾਣ। ਉਨ੍ਹਾਂ ਐਲਾਨ ਕੀਤਾ ਕਿ ਜਦੋਂ ਤੱਕ ਉਨ੍ਹਾਂ ਦੀ ਮੰਗ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਉਦੋਂ ਤੱਕ ਉਨ੍ਹਾਂ ਦਾ ਧਰਨਾ ਇਸੇ ਤਰ੍ਹਾਂ ਜਾਰੀ ਰਹੇਗਾ। ਇਸ ਮੌਕੇ ਅਲੱਗ ਅਲੱਗ ਪਿੰਡਾ ਦੇ ਆਗੂ ਬੀਬੀ ਕਸ਼ਮੀਰਾ ਬਾਈ, ਕਸ਼ਮੀਰ ਸਿੰਘ ਸਰਪੰਚ ਮਨਸਾ, ਫੁੰਮਣ ਸਿੰਘ ਸਰਪੰਚ ਭੁਵਾਨੀ, ਬਸ਼ੀਰ ਸਿੰਘ ਅਤੇ ਪਿੰਡਾਂ ਤੋਂ ਬਜ਼ੁਰਗ ਬੱਚੇ, ਔਰਤਾਂ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

## 'ਪ੍ਰਵਾਸੀ ਮਜ਼ਦੂਰ ਬਨਾਮ ਪੰਜਾਬੀ' ਦੀ ਸਾਜ਼ਿਸ਼ ਰਚ ਕੇ ਕੁਝ ਲੋਕ ਲੈ ਰਹੇ ਹਨ ਸਿਆਸੀ ਲਾਹਾ : ਗੋਬਿੰਦ ਛਾਜਲੀ

**ਦਿੜ੍ਹਬਾ/ਲੌਂਗੋਵਾਲ (ਜਸਵੀਰ ਲਾਡੀ/ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਪੰਜਾਬ ਅੰਦਰ ਬੀਤੇ ਕਈ ਦਿਨਾਂ ਤੋਂ ਪ੍ਰਵਾਸੀ ਮਜ਼ਦੂਰ ਬਨਾਮ ਪੰਜਾਬੀ ਲੋਕਾਂ ਨੂੰ ਲੈ ਕੇ ਆਪਸੀ ਫੁੱਟ ਪੈਦਾ ਕੀਤੀ ਜਾ ਰਹੀ ਹੈ। ਜਿਸ ਦਾ ਕੁਝ ਲੋਕ ਸਿਆਸੀ ਲਾਹਾ ਲੈ ਕੇ ਆਪਣੀਆਂ ਰੋਟੀਆਂ ਸੇਕ ਰਹੇ ਹਨ। ਇਹ ਸਭ ਕੁਝ ਪੂੰਜੀਵਾਦੀ, ਰਾਸ਼ਟਰੀਆ ਸੇਵਾ ਸੰਘ ਤੇ ਭਾਜਪਾ ਦੇ ਇਸ਼ਾਰੇ ਚੱਲ ਰਿਹਾ ਹੈ। ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰਾਂ ਦੇ ਖ਼ਿਲਾਫ਼ ਪੂਰੀ ਸਾਜਸ਼ ਦੇ ਤਹਿਤ ਇੱਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਪ੍ਰਵਾਸੀ ਮਜ਼ਦੂਰ ਪੰਜਾਬ 'ਤੇ ਕਬਜ਼ਾ ਕਰ ਲੈਣਗੇ, ਪ੍ਰਵਾਸੀ ਮਜ਼ਦੂਰ ਪੰਜਾਬ 'ਤੇ ਰਾਜ ਕਰਨਗੇ। ਇਹ ਮਾਨਸਿਕਤਾ ਬੀ ਜੇ ਪੀ,ਆਰ ਐਸ ਐਸ ਦੀ ਲਹਿਰ ਨੂੰ ਅੱਗੇ ਵਧਾਉਣ ਦੇ ਨਾਲ-ਨਾਲ ਖਾਲਸਤਾਨੀ ਅਮ੍ਰਿਤਪਾਲ, ਲੱਖਾ ਸਿਧਾਣਾ ਤੇ ਭਾਨਾ ਸਿੱਧੂ ਵਰਗੇ ਪਛਾਣ ਦੀ ਸਿਆਸਤ ਕਰਨ ਵਾਲਿਆਂ ਦੀ ਸੌੜੀ ਸੋਚ ਨੂੰ ਪੱਠੇ ਪਾ ਕੇ ਕਿਰਤੀ ਲੋਕਾਂ ਦੇ ਏਕੇ ਨੂੰ ਤੋੜਨ ਦੀ ਇਸ ਕੋਝੀ ਚਾਲ ਦਾ ਸ਼ਿਕਾਰ ਸਾਡੇ ਭੋਲੇ ਭਾਲੇ ਲੋਕ ਹੋ ਜਾਂਦੇ ਹਨ । ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਸੀ. ਪੀ. ਆਈ (ਐੱਮ ਐਲ) ਲਿਬਰੇਸ਼ਨ ਪਾਰਟੀ ਦੇ ਸੂਬਾ ਆਗੂ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਇੱਕ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਉੱਤਰ ਪ੍ਰਦੇਸ਼ ਤੇ ਬਿਹਾਰ ਆਦਿ ਸੂਬਿਆਂ ਦੇ ਪਹਿਲਾਂ ਤੋਂ ਕੰਮ ਕਰਦੇ ਆ ਰਹੇ ਹਨ। ਭਾਰਤ ਦੇਸ਼ ਦੇ 29 ਰਾਜ ਹਨ, ਜਿਨ੍ਹਾਂ ਵਿੱਚ ਪੰਜਾਬੀ ਵੀ ਦੂਜੇ ਰਾਜਾਂ ਵਿਚ ਕੰਬਾਈਨਾਂ, ਤੂੜੀ ਵਾਲੀਆਂ ਮਸ਼ੀਨਾਂ ਅਤੇ ਸਾਡੇ ਟਰੱਕ ਡਰਾਈਵਰ ਭਰਾ ਆਮ ਤੌਰ 'ਤੇ ਆਪਣੀ ਰੋਜ਼ੀ-ਰੋਟੀ ਦਾ ਗੁਜ਼ਾਰਾ ਚਲਾਉਣ ਲਈ ਕਣਕ, ਝੋਨੇ, ਮਟਰ, ਸੋਇਆਬੀਨ ਆਦਿ ਵਸਤਾਂ ਦਾ ਸੀਜ਼ਨ ਲਗਾਉਣ ਲਈ ਜਾਂਦੇ ਹਨ। ਜੇਕਰ ਪੰਜਾਬ ਵਿੱਚੋਂ ਪ੍ਰਵਾਸੀ ਮਜ਼ਦੂਰ ਭਜਾਉਣ ਦੀ ਰੀਤ ਸ਼ੁਰੂ ਹੁੰਦੀ ਹੈ ਤਾਂ ਸਭ ਤੋਂ ਵੱਡਾ ਨੁਕਸਾਨ ਪੰਜਾਬ ਦਾ ਹੋਵੇਗਾ ਕਿਉਂਕਿ ਸਾਡੇ ਪੰਜਾਬੀ ਵੀ ਯੂਪੀ, ਬਿਹਾਰ ਤੋਂ ਹੋਰ ਪ੍ਰਾਂਤਾਂ ਵਿੱਚ ਜ਼ਮੀਨ ਖਰੀਦ ਕੇ ਖੇਤੀਬਾੜੀ ਕਰ ਰਹੇ ਹਨ। ਇਸ ਅਸਰ ਉਨ੍ਹਾਂ ਉੱਪਰ ਵੀ ਪਵੇਗਾ। ਜੇਕਰ ਪ੍ਰਵਾਸੀ ਮਜ਼ਦੂਰ ਪੰਜਾਬ ਵਿੱਚੋਂ ਕੱਢਣ ਦੀ ਰੀਤ ਤੁਰਦੀ ਹੈ ਤਾਂ ਇਸ ਨਾਲ ਇਕੱਲੇ ਪੰਜਾਬ ਵਿੱਚ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਹਲਚਲ ਮਚ ਜਾਵੇਗੀ। ਜਿਸ ਦਾ ਖਮਿਆਜ਼ਾ ਸਭ ਤੋਂ ਪਹਿਲਾਂ ਪੰਜਾਬ ਨੂੰ ਭੁਗਤਣਾ ਪਵੇਗਾ। ਇਹ ਕੁਝ ਸ਼ਰਾਰਤੀ ਅਨਸਰ ਨੇ ਜੋ ਪੰਜਾਬ ਨੂੰ ਲਾਂਬੂ ਲਗਾ ਕੇ ਆਪਸੀ ਟਕਰਾਅ ਦੀ ਸਥਿਤੀ ਪੈਦਾ ਕਰ ਰਹੇ ਹਨ।

# ਗੁਰੂ ਨਾਨਕ ਕਾਲਜ ਦੇ ਵਿਦਿਆਰਥੀਆਂ ਨੇ 5 ਸੋਨ ਤਮਗੇ ਹਾਸਲ ਕਰਕੇ ਫਿਰ ਰਚਿਆ ਇਤਿਹਾਸ




**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰਮ)**-ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਹੋਈ 70ਵੀਂ ਸਾਲਾਨਾ ਕਨਵੋਕੇਸ਼ਨ ਵਿੱਚ ਵੱਖ-ਵੱਖ ਕੋਰਸਾਂ ਦੇ ਵਿੱਚੋਂ ਗੁਰੂ ਨਾਨਕ ਕਾਲਜ ਦੀਆਂ ਵਿਦਿਆਰਥਣਾਂ ਨੇ ਪੰਜ ਗੋਲਡ ਮੈਡਲ ਹਾਸਲ ਕਰਕੇ ਆਪਣੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਨਵਾਂ ਇਤਿਹਾਸ ਰਚਿਆ। ਵੱਖ-ਵੱਖ ਕੋਰਸਾਂ ਦੀਆਂ ਵਿਦਿਆਰਥਣਾਂ ਨੇ ਪੰਜ ਗੋਲਡ ਮੈਡਲ ਹਾਸਲ ਕੀਤੇ ਅਤੇ ਚਾਰ ਵਿਦਿਆਰਥਣਾਂ ਨੇ ਮੈਰਿਟ ਸੂਚੀ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿੰਦਿਆਂ ਪੰਜਾਬ ਯੂਨੀਵਰਸਿਟੀ ਵਿਖੇ ਹੋਈ ਕਨਵੋਕੇਸ਼ਨ ਵਿੱਚ ਡਿਗਰੀ ਲੈ ਕੇ ਆਪਣੇ ਅਤੇ ਕਾਲਜ ਦੇ ਮਾਣ ਸਨਮਾਨ ਵਿੱਚ ਵਾਧਾ ਕੀਤਾ। ਪ੍ਰਿੰਸੀਪਲ ਡਾ. ਤੇਜਿੰਦਰ ਕੌਰ ਧਾਲੀਵਾਲ ਨੇ ਕਿਹਾ ਕਿ ਇਨ੍ਹਾਂ ਵਿਦਿਆਰਥਣਾਂ ਦੀ ਮਿਹਨਤ ਅਤੇ ਪ੍ਰਾਪਤੀਆਂ ਨੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ, ਸਟਾਫ ਤੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੈਥ ਵਿਭਾਗ ਦੀ ਵਿਦਿਆਰਥਣ ਰਾਜਕਰਨ ਕੌਰ ਨੇ ਐਮ ਐਸ ਸੀ ਮੈਥ ਵਿੱਚੋਂ ਪੰਜਾਬ ਯੂਨੀਵਰਸਿਟੀ ਵਿੱਚੋਂ ਗੋਲਡ ਮੈਡਲ ਹਾਸਲ ਕਰਕੇ ਤੇ ਨਾਲ ਹੀ ਮੈਡਲ ਨੇ ਗੋਲਡ ਮੈਡਲ ਹਾਸਲ ਕਰਕੇ ਆਪਣਾ, ਆਪਣੇ ਮਾਪਿਆਂ ਤੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਇਸੇ ਤਰ੍ਹਾ ਵੋਕੇਸ਼ਨਲ ਐਜੂਕੇਸ਼ਨ ਨੂੰ ਪ੍ਰੋਤਸਾਹਿਤ ਕਰਨ ਵਾਲੇ ਬੈਚਲਰ ਆਫ ਵੋਕੇਸ਼ਨਲ ਕੋਰਸਾਂ ਵਿੱਚੋਂ ਕੰਪਿਊਟਰ ਵਿਭਾਗ ਦੀ ਵਿਦਿਆਰਥਣ ਸੁਖਕਿਰਨ ਕੌਰ ਨੇ ਬੀ ਵਾਕ ਸਾੱਫਟਵੇਅਰ ਡਿਵੈਲਪਮੈਂਟ ਵਿੱਚ ਗੋਲਡ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਦੀ ਵਿਦਿਆਰਥਣ ਸੀਨਮ ਅਰੋੜਾ ਅਤੇ ਮਨਜਿੰਦਰ ਕੌਰ ਨੇ ਰਿਟੇਲ ਮੈਨੇਜਮੈਂਟ ਵਿਭਾਗ ਵਿਚੋਂ ਗੋਲਡ ਮੈਡਲ ਹਾਸਲ ਕੀਤਾ। ਇਸ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿਚ ਪਹਿਲੇ ਦੂਜੇ ਤੀਜੇ ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥਣਾਂ ਵਿੱਚੋਂ ਕਾਲਜ ਦੀਆਂ ਚਾਰ ਵਿਦਿਆਰਥਣਾਂ ਰਾਜਕਰਨ ਕੌਰ ਨੇ ਐਮ ਐਸ ਸੀ ਮੈਥ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ, ਸਿਮਰਨ ਅਰੋੜਾ ਐਮ ਐਸ ਸੀ ਹਮੇਸ਼ਾ ਇਨਫਾਰਮੇਸਨ ਟੈਕਨਾਲੋਜੀ ਵਿਚੋਂ ਦੂਜਾ, ਮਨਜਿੰਦਰ ਕੌਰ ਨੇ ਐਮ ਐਸ ਸੀ ਫੈਸ਼ਨ ਡਿਜ਼ਾਇਨਿੰਗ ਵਿੱਚ ਦੂਸਰਾ ਅਤੇ ਰੁਪਾਲੀ ਸ਼ਰਮਾ ਨੇ ਐਮ ਐਸ ਸੀ ਫਿਜ਼ਿਕਸ ਵਿੱਚੋਂ ਤੀਜਾ ਸਥਾਨ ਹਾਸਲ ਕਰਕੇ ਪੰਜਾਬੀ ਯੂਨੀਵਰਸਿਟੀ ਵਿਖੇ ਹੋਈ ਕਨਵੋਕੇਸ਼ਨ ਵਿੱਚ ਡਿਗਰੀ ਹਾਸਲ ਕਰ ਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਪ੍ਰਿੰਸੀਪਲ ਨੇ ਵਿਦਿਆਰਥਣਾਂ ਅਤੇ ਮਾਪਿਆਂ, ਮੈਥ ਵਿਭਾਗ ਦੇ ਮੁਖੀ ਸਤਿੰਦਰਪਾਲ ਕੌਰ, ਸਾਇੰਸ ਵਿਭਾਗ ਦੇ ਮੁਖੀ ਡਾ. ਅਨੀਤਾ ਰਾਣੀ, ਫੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਮੁਖੀ ਮੈਡਮ ਸੀਮਾ ਰਾਣੀ, ਕਾਮਰਸ ਵਿਭਾਗ ਦੇ ਮੁਖੀ ਡਾ. ਜਗਮੀਤ ਕੌਰ, ਮੈਡਮ ਮੋਨਿਕਾ ਗਗਗ ਅਤੇ ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਦੇ ਮੁਖੀ ਨਵਪ੍ਰੀਤ ਕੌਰ ਨੂੰ ਵਧਾਈ ਦਿੱਤੀ। ਪੰਜਾਬ ਯੂਨੀਵਰਸਿਟੀ ਵਿੱਚੋਂ ਗੋਲਡ ਮੈਡਲ ਅਤੇ ਡਿਗਰੀ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਕਾਤਰਾਂ

### ਮਾਛੀਵਾੜਾ ਟ੍ਰੈਫਿਕ ਪੁਲਸ ਨੇ ਪਟਾਕੇ ਪਾਉਣ ਵਾਲਿਆਂ ਦੇ ਕੀਤੇ ਚਲਾਨ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**- ਮਾਛੀਵਾੜਾ ਵਿੱਚ ਵੀ ਬੁਲੇਟ ਦੇ ਪਟਾਕੇ ਮਾਰਨ ਵਾਲੇ ਸਰਗਰਮ ਹਨ। ਖਾਸ ਕਰ ਸਕੂਲਾਂ ਦੇ ਵਿਦਿਆਰਥੀ ਛੁੱਟੀ ਸਮੇਂ ਖਰੂਦ ਪਾਉਂਦੇ ਹਨ। ਇਸ ਸੰਬੰਧੀ ਟ੍ਰੈਫਿਕ ਪੁਲਸ ਨੂੰ ਵੀ ਸ਼ਿਕਾਇਤਾਂ ਮਿਲ ਰਹੀਆਂ ਸਨ। ਟ੍ਰੈਫਿਕ ਇੰਚਾਰਜ ਦਿਲਜਗਜੀਤ ਸਿੰਘ ਤੇ ਅਜਮੇਰ ਸਿੰਘ ਏ.ਐੱਸ.ਆਈ ਨੇ ਬੁਲੇਟ ਮੋਟਰ ਸਾਈਕਲਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਤੇ ਚਲਾਨ ਕੱਟੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸਕੂਲੀ ਬੱਚਿਆਂ ਨੂੰ ਵੱਡੇ ਮੋਟਰ ਸਾਈਕਲ ਨਾ ਦਿੱਤੇ ਜਾਣ ਤੇ ਬੁਲੇਟ ਦੇ ਪਟਾਕੇ ਵਾਲਿਆਂ ਦੀ ਸੂਚਨਾ ਸਾਨੂੰ ਦਿੱਤੀ ਜਾਵੇ।

### ਘੱਗਾ ਦੇ ਢਾਬਿਆਂ ਵਾਲੇ ਨਜਾਇਜ਼ ਤੌਰ 'ਤੇ ਪਿਲਾਉਂਦੇ ਸ਼ਰਾਬ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਬ ਡਵੀਜ਼ਨ ਪਾਤੜਾਂ ਦੇ ਕਸਬਾ ਘੱਗਾ ਨੇੜੇ ਚੱਲ ਰਹੇ ਕੁਝ ਢਾਬਿਆਂ ਵਾਲੇ ਆਪਣੇ ਗਾਹਕਾਂ ਨੂੰ ਨਜਾਇਜ਼ ਤੌਰ 'ਤੇ ਸ਼ਰਾਬ ਪਿਲਾਏ ਜਾਣ ਦਾ ਕਾਰੋਬਾਰ ਕਰ ਰਹੇ ਹਨ ਅਤੇ ਕਈ ਢਾਬਾ ਮਾਲਕਾਂ ਵੱਲੋਂ ਕਥਿਤ ਤੌਰ 'ਤੇ ਨਜਾਇਜ਼ ਸ਼ਰਾਬ ਵੇਚੇ ਜਾਣ ਦਾ ਵੀ ਸਮਾਚਾਰ ਪ੍ਰਾਪਤ ਹੋਇਆ ਹੈ। ਬਿਨਾਂ ਕਿਸੇ ਮਨਜ਼ੂਰੀ ਦੇ ਵੇਚੀ ਜਾ ਰਹੀ ਸ਼ਰਾਬ ਨਾਲ ਪੰਜਾਬ ਸਰਕਾਰ ਨੂੰ ਮਾਲੀਏ 'ਚ ਵੱਡਾ ਘਾਟਾ ਪੈ ਰਿਹਾ ਹੈ। ਜਾਣਕਾਰੀ ਅਨੁਸਾਰ ਸ਼ਰਾਬ ਦੇ ਠੇਕਿਆਂ ਨਾਲ ਲੱਗ ਰਹੇ ਅਹਾਤਿਆਂ 'ਚ ਬੈਠ ਕੇ ਲੋਕ ਆਮ ਹੀ ਸ਼ਰਾਬ ਪੀਂਦੇ ਹਨ ਪਰ ਰਾਜ ਮਾਰਗ 'ਤੇ ਖੋਲ੍ਹੇ ਹੋਏ ਕਈ ਢਾਬਿਆਂ ਅੰਦਰ ਵੀ ਅਜਿਹਾ ਕਾਰੋਬਾਰ ਚਲਾਇਆ ਜਾ ਰਿਹਾ ਹੈ। ਜਿੱਥੇ ਐਕਸਾਈਜ਼ ਵਿਭਾਗ ਤੋਂ ਬਿਨਾਂ ਮਨਜ਼ੂਰੀ ਲਏ ਸ਼ਰਾਬ ਹੁੰਦਿਆਂ ਹੀ ਸ਼ਰਾਬ ਪਿਲਾਈ ਜਾਂਦੀ ਹੈ ਅਤੇ ਕੁਝ ਢਾਬਿਆਂ ਵਾਲੇ ਤਾਂ ਸ਼ਰਾਬ ਵੇਚਣ ਦਾ ਧੰਦਾ ਵੀ ਕਰ ਰਹੇ ਹਨ। ਇਹ ਕਾਰੋਬਾਰ ਪਿਛਲੇ ਕਈ ਮਹੀਨੇ ਤੋਂ ਲਗਾਤਾਰ ਚੱਲ ਰਿਹਾ ਹੈ ਪਰ ਪ੍ਰਸ਼ਾਸਨ ਵੱਲੋਂ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।

### ਆਪ ਸਰਕਾਰ ਜਲੰਧਰ ਜ਼ਿਮਨੀ ਚੋਣ ਸਮੇਂ ਨੰਬਰਦਾਰ ਯੂਨੀਅਨ ਨਾਲ ਕੀਤਾ ਵਾਅਦਾ ਪੂਰਾ ਕਰੇ : ਆਲਮਪੁਰ

**ਸਮਾਣਾ (ਇਕਬਾਲ ਸਿੰਘ ਬੰਨ, ਗੁਰਪਿਆਰ ਸਿੰਘ ਬੰਨ)**-ਜਲੰਧਰ ਜ਼ਿਮਨੀ ਚੋਣ ਸਮੇਂ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਨੰਬਰਦਾਰ ਯੂਨੀਅਨ (ਰਜਿ: 643) ਵੱਲੋਂ ਆਪ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਦਾ ਤਨੋਂ ਮਨੋਂ ਸਮਰਥਨ ਦਿੱਤਾ ਗਿਆ ਸੀ ਪਰੰਤੂ ਇਸ ਜਿੱਤ ਤੋਂ ਬਾਅਦ ਆਪ ਸਰਕਾਰ ਹੁਣ ਨੰਬਰਦਾਰ ਯੂਨੀਅਨ ਨਾਲ ਕੀਤੇ ਵਾਅਦੇ ਤੋਂ ਭੱਜਦੀ ਨਜ਼ਰ ਆ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨੰਬਰਦਾਰ ਯੂਨੀਅਨ (ਰਜਿ: 643) ਪੰਜਾਬ ਦੇ ਮੈਂਬਰ ਅਤੇ ਜ਼ਿਲ੍ਹਾ ਪਟਿਆਲਾ ਕਾਰਜਕਾਰੀ ਦੇ ਪ੍ਰਧਾਨ ਗੁਰਦੇਵ ਸਿੰਘ ਆਲਮਪੁਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਦੱਸਿਆ ਕਿ ਜਲੰਧਰ ਜ਼ਿਮਨੀ ਚੋਣ ਵੇਲੇ ਸਾਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐਸ ਡੀ ਰਾਜਬੀਰ ਸਿੰਘ ਨੇ ਵਿਸ਼ਵਾਸ ਦਿਵਾਇਆ ਸੀ ਕਿ ਸਾਨੂੰ ਵੋਟਾਂ ਪਵਾਓ, ਜਿੱਤਣ ਉਪਰੰਤ ਨੰਬਰਦਾਰ ਯੂਨੀਅਨ ਦੀਆਂ ਜੋ ਵੀ ਮੰਗਾਂ ਹਨ ਪੂਰੀਆਂ ਕੀਤੀਆਂ ਜਾਣਗੀਆਂ। ਪਰੰਤੂ ਹੁਣ ਜਿੱਤਣ ਉਪਰੰਤ ਆਪ ਸਰਕਾਰ ਵੱਲੋਂ ਨੰਬਰਦਾਰ ਯੂਨੀਅਨ ਦੀ ਕੋਈ ਸਾਰ ਨਹੀਂ ਲਈ ਜਾ ਰਹੀ। ਹੁਣ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਜਿਵੇਂ ਪੰਜਾਬ ਦੇ ਨੰਬਰਦਾਰਾਂ ਨੇ ਅਪਣੀ ਜ਼ੁੰਮੇਵਾਰੀ ਨਿਭਾਈ ਹੈ ਤਾਂ ਮੌਕੇ ਦੀ ਸਰਕਾਰ ਨੰਬਰਦਾਰਾਂ ਦੀਆਂ ਮੰਗਾਂ ਜਲਦੀ ਤੋਂ ਜਲਦੀ ਪੂਰੀਆਂ ਕਰੇ।

# ਸਹਾਰਾ ਵੈੱਲਫੇਅਰ ਸੁਸਾਇਟੀ ਵੱਲੋਂ ਲੋੜਵੰਦ ਅਨਾਥ ਬੱਚੀਆਂ ਨੂੰ ਮਕਾਨ ਬਣਾਉਣ ਵਾਸਤੇ ਇੱਕ ਲੱਖ ਗਿਆਰਾਂ ਹਜ਼ਾਰ ਦੀ ਸਹਾਇਤਾ



**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)**- ਸਮਾਜ ਸੇਵਾ 'ਚ ਆਪਣਾ ਯੋਗਦਾਨ ਪਾਉਂਦੇ ਹੋਏ ਐੱਨ ਆਰ ਆਈ ਸਹਾਰਾ ਵੈਲਫੇਅਰ ਸੋਸਾਇਟੀ ਦੇ ਮੈਂਬਰ ਸਹਿਬਾਨ ਵੱਲੋਂ ਅੱਜ ਤਿੰਨ ਗਰੀਬ ਅਨਾਥ ਲੜਕੀਆਂ ਜੋ ਕਿ ਘਰਾਂ ਵਿਚ ਕੰਮ ਕਰਕੇ ਅਸੁਰੱਖਿਅਤ ਕਮਰੇ ਵਿਚ ਰਹਿੰਦਿਆਂ ਹੋਇਆਂ ਜੀਵਨ ਬਸਰ ਕਰ ਰਹੀਆਂ ਸਨ, ਨੂੰ ਮਕਾਨ ਬਣਾਉਣ ਵਾਸਤੇ ਇੱਕ ਲੱਖ ਗਿਆਰਾਂ ਹਜ਼ਾਰ ਰੁਪਏ ਦੀ ਨਕਦ ਰਾਸ਼ੀ ਭੇਟ ਕੀਤੀ ਗਈ। ਉਕਤ ਲੜਕੀਆਂ ਕਿਰਨਦੀਪ ਕੌਰ, ਕੋਮਲ ਦੀਪ ਕੌਰ ਅਤੇ ਏਕਮ ਦੀਪ ਕੌਰ ਦੀ ਉਮਰ ਮਹਿਜ਼ 18, 16 ਅਤੇ 13 ਕੁ ਸਾਲ ਦੀ ਹੈ ਤੇ ਕਰੀਬ ਪੰਜ ਸਾਲ ਪਹਿਲਾਂ ਉਨ੍ਹਾਂ ਦੇ ਪਿਤਾ ਸਤਪਾਲ ਦੀ ਮੌਤ ਹੋ ਜਾਣ ਤੋਂ ਬਾਅਦ ਉਨ੍ਹਾਂ ਦੀ ਮਾਂ ਨੇ ਲੋਕਾਂ ਦੇ ਘਰਾਂ ਵਿਚ ਕੰਮ ਕਰਕੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਦਿਆਂ ਪੜ੍ਹਾਈ ਵੀ ਜਾਰੀ ਰਖਵਾਈ ਸੀ ਤੇ ਬਦਕਿਸਮਤੀ ਨਾਲ ਪਿਛਲੇ ਸਾਲ ਮਾਰਚ ਮਹੀਨੇ ਉਨ੍ਹਾਂ ਦੀ ਮਾਂ ਦਾ ਵੀ ਸੰਖੇਪ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ ਤੇ ਉਸ ਤੋਂ ਬਾਅਦ ਉਹ ਪੜ੍ਹਾਈ ਦੇ ਨਾਲ ਨਾਲ ਘਰਾਂ ਚ ਕੰਮ ਕਰਕੇ ਆਪਣਾ ਗੁਜ਼ਾਰਾ ਕਰ ਰਹੀਆਂ ਹਨ। ਆਪਣੀ ਦੁੱਖ ਭਰੀ ਦਾਸਤਾਨ ਸੁਣਾਉਂਦਿਆਂ ਹੋਇਆਂ ਕਿਰਨਦੀਪ ਕੌਰ ਨੇ ਦੱਸਿਆ ਕਿ ਮੰਮਾ ਦੀ ਮੌਤ ਤੋਂ ਬਾਅਦ ਜਿਨ੍ਹਾਂ ਦੇ ਘਰ ਉਹ ਕੰਮ ਕਰਦੇ ਸਨ ਅੰਕਲ ਮਲਕੀਤ ਸਿੰਘ ਤੇ ਉਨ੍ਹਾ ਦੀ ਧਰਮਪਤਨੀ ਸਾਡੀ ਆਂਟੀ ਨੇ ਸਾਡਾ ਬਹੁਤ ਸਾਥ ਦਿੱਤਾ ਹੈ ਤੇ ਇੱਕ ਕਮਰਾ ਵੀ ਬਣਵਾ ਕੇ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਸਾਡੇ ਘਰ ਨਾ ਪਾਣੀ ਦਾ ਪ੍ਰਬੰਧ ਹੈ ਤੇ ਨਾ ਹੀ ਫਲੱਸ਼ ਬਾਥਰੂਮ ਵਗੈਰਾ। ਇਸ ਸੰਬੰਧੀ ਅੰਕਲ ਮਲਕੀਤ ਸਿੰਘ ਵੱਲੋਂ ਕੋਈ ਸਰਕਾਰੀ ਸਹਾਇਤਾ ਦਿਵਾਉਣ ਵਾਸਤੇ ਸਾਨੂੰ ਨਾਲ ਲਿਜਾ ਕੇ ਜ਼ਿਲ੍ਹੇ ਦੇ ਵੱਖ ਵੱਖ ਅਫਸਰਾਂ ਪਾਸ ਵੀ ਫਰਿਆਦ ਕੀਤੀ ਗਈ ਪਰ ਕਿਤੋਂ ਵੀ ਸਰਕਾਰੀ ਸਹਾਇਤਾ ਪ੍ਰਾਪਤ ਨਹੀਂ ਹੋ ਸਕੀ। ਉਨ੍ਹਾਂ ਆਏ ਸੰਸਥਾਵਾਂ ਦੇ ਸਮੂਹ ਮੈਂਬਰ ਸਹਿਬਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਸਮਾਜ ਸੇਵੀ ਸੰਸਥਾਵਾਂ ਦੇ ਸਾਡੀ ਸਹਾਇਤਾ ਵਾਸਤੇ ਆ ਜਾਣ 'ਤੇ ਸਾਡੀ ਉਮੀਦ ਬੱਝੀ ਹੈ ਕਿ ਸਾਡਾ ਸੁਰੱਖਿਅਤ ਮਕਾਨ ਵਿਚ ਰਹਿਣ ਦਾ ਸੁਪਨਾ ਪੂਰਾ ਹੋ ਸਕੇਗਾ। ਇਸ ਸੰਬੰਧੀ ਹੋਰ ਜਾਣਕਾਰੀ ਦੇਂਦੇ ਹੋਏ ਐੱਨ ਆਰ ਆਈ ਸਹਾਰਾ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਜਸਬੀਰ ਸਿੰਘ ਨੇ ਦੱਸਿਆ ਕਿ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਪਿੰਡ ਜੋਧਪੁਰ ਦੀਆਂ ਇਨ੍ਹਾਂ ਗਰੀਬ ਲੋੜਵੰਦ ਲੜਕੀਆਂ ਦੇ ਅਸੁਰੱਖਿਅਤ ਮਕਾਨ ਵਿਚ ਜੀਵਨ ਬਸਰ ਕਰਨ ਦੇ ਸੰਬੰਧ ਵਿਚ ਕਸਬਾ ਮਮਦੋਟ ਦੇ ਪੱਤਰਕਾਰ ਸੰਦੀਪ ਕੁਮਾਰ ਦੀਪੂ ਵੱਲੋਂ ਵੀਡੀਓ ਵਾਇਰਲ ਕਰਦੇ ਹੋਏ ਖਬਰ ਪ੍ਰਸਾਰਤ ਕੀਤੀ ਗਈ ਸੀ ਜਿਸ 'ਤੇ ਐੱਨ ਆਰ ਆਈ ਸਹਾਰਾ ਵੈਲਫੇਅਰ ਸੋਸਾਇਟੀ ਦੇ ਵਟਸਐਪ ਗਰੁੱਪ ਮੈਂਬਰ ਅਤੇ ਹੋਰ ਸਹਿਯੋਗੀ ਸੰਸਥਾਵਾਂ ਦੇ ਦਾਨੀ ਸੱਜਣਾਂ ਨੂੰ ਸਹਾਇਤਾ ਵਾਸਤੇ ਅਪੀਲ ਕੀਤੀ ਗਈ ਸੀ ਜਿਸ ਦੇ ਫਲਸਰੂਪ ਐੱਨ ਆਰ ਆਈ ਸੋਸਾਇਟੀ ਦੇ ਦਾਨੀ ਸੱਜਣ ਵੱਲੋਂ ਭੇਜੀ ਇੱਕ ਲੱਖ ਰੁਪਏ, ਮੰਗਾ ਰਾਮ ਸਵਾਮੀ (ਲੇਬਰ ਯੂਨੀਅਨ) ਤੇ ਇੱਕ ਹੋਰ ਧਾਰਮਕ ਸੰਸਥਾ ਵੱਲੋਂ ਗਿਆਰਾਂ ਹਜ਼ਾਰ ਰੁਪਏ ਦੀ ਨਕਦ ਰਾਸ਼ੀ ਉਕਤ ਲੜਕੀਆਂ ਨੂੰ ਭੇਟ ਕੀਤੀ ਗਈ ਹੈ। ਉਨ੍ਹਾ ਦੱਸਿਆ ਕਿ ਭਵਿੱਖ ਵਿਚ ਇਨ੍ਹਾਂ ਬੱਚੀਆਂ ਦੀ ਪੜ੍ਹਾਈ 'ਤੇ ਆਉਣ ਵਾਲੇ ਖਰਚੇ ਸੰਬੰਧੀ ਵੀ ਅਗਰ ਕੋਈ ਸੇਵਾ ਲਗਾਈ ਜਾਵੇਗੀ ਤੇ ਸਾਡੀ ਵੈਲਫੇਅਰ ਸੋਸਾਇਟੀ ਵੱਲੋਂ ਬਣਦਾ ਯੋਗਦਾਨ ਦਿਤਾ ਜਾਵੇਗਾ। ਇਸ ਮੌਕੇ ਸੋਸਾਇਟੀ ਦੇ ਅਹੁਦੇਦਾਰ ਗੁਰਪ੍ਰੀਤ ਸਿੰਘ ਸੰਧੂ ਪ੍ਰਧਾਨ ਪ੍ਰੈਸ ਕਲੱਬ ਮਮਦੋਟ, ਅੰਗਰੇਜ ਸਿੰਘ ਚੰਦੀ (ਚੰਦੀ ਸਪੇਅਰ ਪਾਰਟਸ ), ਆਪ ਆਗੂ ਬਲਰਾਜ ਸਿੰਘ ਸੰਧੂ, ਹਰਦੇਵ ਪ੍ਰਕਾਸ਼ (ਨੀਟਾ) ਸੇਠੀ (ਸੇਠੀ ਮੈਡੀਕਲ ਹਾਲ ਮਮਦੋਟ) ਡਾ. ਜਗਿੰਦਰ ਸਿੰਘ ਮਮਦੋਟ, ਮੰਗਾ ਰਾਮ ਸਵਾਮੀ ਬੋਹੜ ਸਿੰਘ ਸਰਪੰਚ, ਰਵਿੰਦਰ ਸਿੰਘ ਰਿੰਕਾ ਜੋਧਪੁਰ ,ਮਲਕੀਤ ਸਿੰਘ ਅਤੇ ਸੰਦੀਪ ਕੁਮਾਰ ਦੀਪੂ ਪੱਤਰਕਾਰ ਵੀ ਹਾਜਰਰ ਸਨ।

# ਨਹਿਰੀ ਪਾਣੀ ਬਾਰੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਧਰਨਾ 30 ਨੂੰ



**ਸਮਰਾਲਾ (ਸੁਰਜੀਤ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਸੰਤੋਖ ਸਿੰਘ ਨਾਗਰਾ ਦੀ ਅਗਵਾਈ ਹੇਠ ਅੱਜ ਇੱਥੇ ਇੱਕ ਹੰਗਾਮੀ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਹੋਏ। ਮੀਟਿੰਗ ਵਿੱਚ ਸੰਤੋਖ ਸਿੰਘ ਨਾਗਰਾ ਨੇ ਸੰਬੋਧਨ ਵਿੱਚ ਕਿਹਾ ਕਿ ਨਹਿਰੀ ਪਾਣੀਆਂ ਦੇ ਸੰਬੰਧ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ 30 ਮਈ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਹੈੱਡਕੁਆਟਰਾਂ 'ਤੇ ਧਰਨੇ ਦਿੱਤੇ ਜਾ ਰਹੇ ਹਨ। ਇਸੇ ਸੰਬੰਧ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਲੁਧਿਆਣਾ ਵੱਲੋਂ ਐਸ. ਈ . (ਨਹਿਰੀ) ਦਫਤਰ ਲੁਧਿਆਣਾ ਵਿਖੇ ਵਿਸ਼ਾਲ ਰੋਸ ਧਰਨਾ ਦਿੱਤਾ ਜਾ ਰਿਹਾ ਹੈ। ਇਸ ਧਰਨੇ 'ਤੇ ਜਾਣ ਲਈ ਸਵੇਰੇ 9 ਵਜੇ ਐਸ. ਡੀ. ਐਮ. ਸਮਰਾਲਾ ਦੇ ਦਫਤਰ ਦੇ ਸਾਹਮਣੇ ਇੱਕ ਵੱਡੇ ਜਥੇ ਦੇ ਰੂਪ ਵਿੱਚ ਲੁਧਿਆਣਾ ਲਈ ਕੂਚ ਕੀਤਾ ਜਾਵੇਗਾ। ਇਸ ਧਰਨੇ ਦਾ ਮੁੱਖ ਮਕਸਦ ਪੰਜਾਬ ਦੀਆਂ ਨਹਿਰਾਂ ਰਾਹੀਂ ਪੂਰੇ ਪੰਜਾਬ ਦੇ ਖੇਤਾਂ ਵਿੱਚ ਪਾਣੀ ਪਹੁੰਚਾਇਆ ਜਾਵੇ, ਤਾਂ ਜੋ ਧਰਤੀ ਹੇਠਲਾ ਪਾਣੀ ਜੋ ਹੁਣ ਖਤਮ ਹੋਣ ਕਿਨਾਰੇ ਹੈ, ਨੂੰ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਬੇਸ਼ੱਕ ਸੂਏ ਪੱਕੇ ਕਰ ਦਿੱਤੇ ਹਨ, ਪ੍ਰੰਤੂ ਉਨ੍ਹਾਂ ਵਿੱਚ ਸਹੀ ਥਾਵਾਂ 'ਤੇ ਮੋਘੇ ਨਹੀਂ ਰੱਖੇ ਗਏ ਜਿਸ ਕਾਰਨ ਬਹੁਤੇ ਕਿਸਾਨਾਂ ਦੇ ਖੇਤਾਂ ਨੂੰ ਪਾਣੀ ਨਹੀਂ ਮਿਲੇਗਾ। ਉਨ੍ਹਾਂ ਪੰਜਾਬ ਸਰਕਾਰ ਨੂੰ ਮੰਗ ਕੀਤੀ ਕਿ ਜੇਕਰ ਸਰਕਾਰ ਸੱਚਮੁੱਚ ਹੀ ਪੰਜਾਬ ਨੂੰ ਬਚਾਉਣ ਲਈ ਯਤਨਸ਼ੀਲ ਹੈ ਤਾਂ ਪੰਜਾਬ ਦੇ ਖੇਤਾਂ ਲਈ ਨਹਿਰੀ ਪਾਣੀ ਦਾ ਪ੍ਰਬੰਧ ਕਰੇ। ਇਸ ਮੌਕੇ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੇ ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਨੇ ਕਿਹਾ ਕਿ ਆਮ ਆਦਮੀ ਦੀ ਸਰਕਾਰ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਚੁੱਪ ਚੁਪੀਤੇ ਗੁਆਂਢੀ ਰਾਜਾਂ ਨੂੰ ਮੁਫਤ ਪਾਣੀ ਦੇਈ ਜਾ ਰਹੀ ਹੈ। ਇਧਰ ਪੰਜਾਬ ਦੇ ਲੋਕ ਆਪਣੇ ਪਾਣੀ ਤੋਂ ਹੀ ਵੰਚਤ ਹੋ ਰਹੇ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਹ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਸੰਭਾਲ ਕੇ ਨਹਿਰਾਂ ਵਿੱਚ ਪਾਏ ਅਤੇ ਉਹ ਪਾਣੀ ਪੰਜਾਬ ਦੇ ਖੇਤਾਂ ਤੱਕ ਪਹੁੰਚਾਏ। ਨਹਿਰੀ ਪਾਣੀ ਜੋ ਕਿ ਖੇਤਾਂ ਲਈ ਬਹੁਤ ਹੀ ਲਾਭਦਾਇਕ ਹੈ, ਸਰਕਾਰਾਂ ਆਪਣੀਆਂ ਲਿਹਾਜ਼ਾਂ ਪੁਗਾਉਣ ਲਈ ਪੰਜਾਬ ਦਾ ਪਾਣੀ ਬਾਹਰਲੇ ਸੂਬਿਆਂ ਨੂੰ ਮੁਫਤ ਵਿੱਚ ਦੇ ਰਹੀ ਹੈ, ਜੋ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅੱਜ ਦੀ ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਬਿਹਾਰੀ ਲਾਲ ਸੱਦੀ ਸਰਪ੍ਰਸਤ ਪੰਜਾਬੀ ਸਾਹਿਤ ਸਭਾ ਸਮਰਾਲਾ, ਪ੍ਰੇਮ ਨਾਥ, ਗੁਰਜੀਤ ਸਿੰਘ ਮਿੱਠੇਵਾਲ, ਨਿਰਮਲ ਸਿੰਘ ਮੁਸ਼ਕਾਬਾਦ, ਗੁਰਬਖਸ਼ ਸਿੰਘ, ਕਾਮਰੇਡ ਭਜਨ ਸਿੰਘ, ਮੋਹਣ ਸਿੰਘ ਸਿਹਾਲਾ, ਸੰਦੀਪ ਸਿੰਘ ਰੁਪਾਲੋਂ, ਸੁਖਵਿੰਦਰ ਸਿੰਘ, ਜਸਵੰਤ ਸਿੰਘ, ਗੁਰਦਿਆਲ ਸਿੰਘ, ਪਵਿੱਤਰ ਸਿੰਘ, ਜਰਨੈਲ ਸਿੰਘ ਬਰਮਾ, ਅਮਨਦੀਪ ਸਿੰਘ, ਨਿਰਮਲ ਸਿੰਘ ਮੁਸ਼ਕਾਬਾਦ, ਕੁਲਵਿੰਦਰ ਸਿੰਘ ਨੋਕਵਾਲ, ਸੀਤਲ ਸਿੰਘ, ਯਾਦਵਿੰਦਰ ਸਿੰਘ, ਮੁਖਤਿਆਰ ਸਿੰਘ, ਪਵਿੱਤਰ ਸਿੰਘ ਬਰਮ, ਦਲਜੀਤ ਸਿੰਘ ਖੀਰਨੀਆਂ, ਜੁਆਲਾ ਸਿੰਘ ਥਿੰਦ ਆਦਿ ਤੋਂ ਇਲਾਵਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸਮਰਾਲਾ ਹਲਕੇ ਦੇ ਵਰਕਰ ਹਾਜਰ ਸਨ।

# 15 ਸਾਲਾਂ ਦੌਰਾਨ ਪਨਗਰੇਨ ਅੰਦਰ ਹੋ ਚੁੱਕੇ ਨੇ ਕਰੋੜਾਂ ਦੇ ਕਣਕ ਘੁਟਾਲੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਵਿੱਚ ਹਰ ਸਾਲ ਕਿਤੇ ਨਾ ਕਿਤੇ ਪਨਗਰੇਨ ਖਰੀਦ ਏਜੰਸੀ 'ਚ ਹੋਣ ਵਾਲਾ ਕਣਕ ਘੁਟਾਲਾ ਸਾਹਮਣੇ ਆ ਜਾਂਦਾ ਹੈ। ਰਾਜ ਦੇ ਕਈ ਜ਼ਿਲਿਆਂ ਅੰਦਰ ਆਟਾ ਦਾਲ ਯੋਜਨਾ 'ਚ ਵੀ ਘਪਲੇ ਹੋ ਚੁੱਕੇ ਹਨ। ਜ਼ਿਲ੍ਹੇ ਪਟਿਆਲੇ ਦੇ ਪਾਤੜਾਂ, ਸਮਾਣਾ ਅਤੇ ਘੱਗਾ ਵਿਖੇ ਕਰੋੜਾਂ ਰੁਪਏ ਦੇ ਹੋਏ ਕਣਕ ਘੁਟਾਲੇ ਵੀ ਸਾਹਮਣੇ ਆ ਚੁੱਕੇ ਹਨ। ਸੂਚਨਾ ਐਕਟ ਰਾਹੀਂ ਪੰਜਾਬ ਦੇ 7 ਜ਼ਿਲ੍ਹਿਆਂ 'ਚ ਹੋ ਚੁੱਕੇ ਕਰੋੜਾਂ ਰੁਪਏ ਦੇ ਕਣਕ ਘੁਟਾਲਿਆਂ ਦਾ ਸੱਚ ਸਾਹਮਣੇ ਆਇਆ ਹੈ। ਜਿਨ੍ਹਾਂ ਵਿੱਚ ਪਾਤੜਾਂ ਸ਼ਹਿਰ ਦੇ ਚਰਚਿਤ ਕਣਕ ਘੁਟਾਲੇ ਵੀ ਸ਼ਾਮਲ ਹੈ। ਇਸ ਘੁਟਾਲੇ ਨੂੰ ਵਿਜੀਲੈਂਸ ਵਿਭਾਗ ਹਵਾਲੇ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਆਰ ਟੀ ਆਈ ਮਾਹਰ ਅਤੇ ਸਮਾਜ ਸੇਵੀ ਬ੍ਰਿਸ਼ ਭਾਨ ਬੁਜਰਕ ਨੇ ਦੱਸਿਆ ਕਿ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਪੰਜਾਬ ਕੋਲੋਂ ਸੂਚਨਾ ਅਧਿਕਾਰ ਐਕਟ 2005 ਤਹਿਤ ਜਨਵਰੀ 2005 ਤੋਂ ਲੈ ਕੇ 31 ਜੁਲਾਈ 2022 ਤੱਕ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਅੰਦਰ ਹੋਏ ਕਣਕ ਘੁਟਾਲਿਆਂ ਸੰਬੰਧੀ ਰਿਕਾਰਡ ਦੀ ਮੰਗ ਕੀਤੀ ਗਈ ਸੀ। ਜਿਸ ਦਾ ਜਵਾਬ ਭੇਜਦੇ ਹੋਏ ਵਿਭਾਗ ਵੱਲੋਂ ਲਿਖਿਆ ਗਿਆ ਹੈ ਕਿ ਸਮਾਣਾ ਵਿਖੇ ਸਾਲ 2014-15, 2016-17 ਪਾਤੜਾਂ /ਘੱਗਾ ਵਿਖੇ ਸਾਲ 2020-21, 2021-22 ਦੌਰਾਨ ਖਰਾਬ ਅਤੇ ਕਣਕ ਦੀ ਵੇਚ-ਖਰੀਦ 'ਚ ਕਰੋੜਾਂ ਰੁਪਏ ਦਾ ਘੁਟਾਲਾ ਹੋਇਆ ਹੈ। ਕਣਕ ਦਾ ਇਹ ਘਪਲਾ ਵਿਜੀਲੈਂਸ ਕੋਲ ਹੋਣ ਕਰਕੇ ਇਸ ਦੀ ਪੜਤਾਲ ਚੱਲ ਰਹੀ ਹੈ ਅਤੇ ਸਮਾਣਾ ਵਿਖੇ ਤਾਇਨਾਤ 7 ਦੇ ਕਰੀਬ ਕਰਮਚਾਰੀਆਂ/ਅਧਿਕਾਰੀਆਂ 'ਤੇ ਮਾਮਲਾ ਦਰਜ ਕਰਵਾ ਕੇ ਚਾਰਜਸ਼ੀਟ ਕੀਤਾ ਗਿਆ ਹੈ। ਇਸੇ ਤਰ੍ਹਾਂ ਹੀ ਪਾਤੜਾਂ ਵਿਖੇ 4 ਕਰਮਚਾਰੀਆਂ/ਅਧਿਕਾਰੀਆਂ 'ਤੇ ਗਬਨ ਦਾ ਮਾਮਲਾ ਦਰਜ ਕਰਵਾ ਕੇ ਚਾਰਜਸ਼ੀਟ ਕੀਤਾ ਗਿਆ ਹੈ। ਸਮਾਣਾ ਵਿਖੇ ਖਰਾਬ ਹੋਈ ਕਣਕ ਦੀ ਘਾਟ-ਵਾਧ ਨਾਲ ਅਤੇ ਪਾਤੜਾਂ ਵਿਖੇ ਖਰੀਦ-ਵੇਚ ਨਾਲ ਸੰਬੰਧਤ ਕਰੋੜਾਂ ਰੁਪਏ ਦਾ ਪਘਲਾ ਸਾਹਮਣੇ ਆਇਆ ਸੀ। ਬੁਜਰਕ ਨੇ ਕਿਹਾ ਕਿ ਰਾਜ ਦੇ ਸ਼ਹੀਦ ਭਗਤ ਸਿੰਘ ਨਗਰ, ਫਿਰੋਜ਼ਪੁਰ, ਜਲੰਧਰ, ਹੁਸ਼ਿਆਰਪੁਰ, ਮੋਗਾ, ਕਪੂਰਥਲਾ ਵਿੱਚ ਵੀ ਕਣਕ ਦੇ ਘਪਲੇ ਸਾਹਮਣੇ ਆ ਚੁੱਕੇ ਹਨ। ਇਨ੍ਹਾਂ ਜ਼ਿਲਿਆਂ 'ਚ ਰਾਸ਼ਨ ਡੀਪੂਆਂ ਨੂੰ ਦਿੱਤੀ ਜਾਣ ਵਾਲੀ ਕਣਕ ਦੇ ਘੁਟਾਲੇ ਵੀ ਸ਼ਾਮਲ ਹਨ। ਰਾਜ ਦੇ ਬਾਕੀ ਜ਼ਿਲ੍ਹਿਆਂ ਵੱਲੋਂ ਦਿੱਤੇ ਗਏ ਰਿਕਾਰਡ 'ਚ ਕੋਈ ਵੀ ਕਣਕ ਘੁਟਾਲਾ ਸਾਹਮਣੇ ਨਹੀਂ ਆਇਆ। ਜ਼ਿਆਦਾਤਰ ਘੁਟਾਲਿਆਂ ਦੀ ਵਿਜੀਲੈਂਸ ਜਾਂਚ ਅਜੇ ਅਧੂਰੀ ਹੈ। ਜਿਸ ਕਰਕੇ ਕਣਕ ਘੁਟਾਲਿਆਂ ਨੂੰ ਸੀ ਬੀ ਆਈ ਹਵਾਲੇ ਕੀਤਾ ਜਾਵੇ।

# ਭਾਜਪਾ ਲੋਕ ਸਭਾ ਦੀਆਂ 13 ਸੀਟਾਂ 'ਤੇ ਚੋਣ ਲੜੇਗੀ : ਕਾਲੀਆ



**ਮੋਗਾ (ਅਮਰਜੀਤ ਬੱਬਰੀ)**-ਦੇਸ਼ ਵਿਚ 2024 ਵਿਚ ਆਉਣ ਵਾਲੇ ਲੋਕ ਸਭਾ ਚੋਣਾਂ ਵਿਚ ਭਾਜਪਾ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਚੋਣ ਲੜ ਕੇ ਇਕ ਇਤਿਹਾਸ ਕਾਇਮ ਕਰੇਗੀ ਅਤੇ ਭਾਜਪਾ ਦੀ ਆਉਣ ਵਾਲੇ ਦਿਨਾਂ ਵਿਚ ਤਾਕਤ ਹੋਰ ਵਧੇਗੀ। ਇਹ ਵਿਚਾਰ ਸਾਬਕਾ ਮੰਤਰੀ ਤੇ ਰਾਸ਼ਟਰੀ ਭਾਜਪਾ ਦੇ ਕਾਰਜਕਾਰਨੀ ਮੈਂਬਰ ਮਨੋਰੰਜਨ ਕਾਲੀਆ ਨੇ ਅੱਜ ਮੋਗਾ ਵਿਖੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੀ ਅਗਵਾਈ ਹੇਠ ਹੋਟਲ ਜੈਸਵਾਲ ਵਿਚ ਕਾਰਜਕਾਰਨੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਇਸ ਮੀਟਿੰਗ ਵਿਚ ਫਰੀਦਕੋਟ ਲੋਕ ਸਭਾ ਭਾਜਪਾ ਦੇ ਪ੍ਰਭਾਰੀ ਤੇ ਸੂਬਾ ਕਾਰਜਕਾਰਨੀ ਮੈਂਬਰ ਡੀ.ਪੀ.ਚੰਦਨ, ਭਾਜਪਾ ਦੇ ਸੂਬਾ ਆਗੂ ਤੇ ਭਵਨ ਨਿਰਮਾਣ ਦੇ ਮੁਖੀ ਮੋਹਨ ਲਾਲ ਸੇਠੀ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ.ਸੀਮਾਂਤ ਗਰਗ, ਜ਼ਿਲ੍ਹਾ ਮਹਾ ਮੰਤਰੀ ਤੇ ਸਾਬਕਾ ਐਸ.ਪੀ.ਮੁਖਤਿਆਰ ਸਿੰਘ, ਮਹਾ ਮੰਤਰੀ ਵਿੱਕੀ ਸਿਤਾਰਾ, ਮਹਾ ਮੰਤਰੀ ਰਾਹੁਲ ਗਰਗ, ਸ੍ਰੀ ਮੁਕਤਸਰ ਸਾਹਿਬ ਦੇ ਪ੍ਰਭਾਰੀ ਵਿਨੇ ਸ਼ਰਮਾ, ਸੂਬਾ ਕਾਰਜਕਾਰਨੀ ਮੈਂਬਰ ਵਿਜੇ ਸ਼ਰਮਾ, ਤਿਰਲੋਚਨ ਸਿੰਘ ਗਿੱਲ, ਕਾਰਜਕਾਰਨੀ ਦੇ ਸਪੈਸ਼ਲ ਮੈਂਬਰ ਰਾਕੇਸ਼ ਭੱਲਾ, ਗੁਰਮਿੰਦਰਜੀਤ ਸਿੰਘ ਬਬਲੂ, ਸੂਬਾ ਵਪਾਰ ਪ੍ਰਕੋਸਟ ਦੇ ਸੈਕਟਰੀ ਦੇਵਪ੍ਰਿਅ ਤਿਆਗੀ, ਸੂਬਾ ਕਿਸਾਨ ਸੈਲ ਦੇ ਆਗੂ ਬੋਹੜ ਸਿੰਘ, ਮਹਿਲਾ ਮੋਰਚਾ ਦੀ ਪ੍ਰਧਾਨ ਨੀਤੂ ਗੁਪਤਾ, ਮੀਤ ਪ੍ਰਧਾਨ ਸੁਮਨ ਮਲਹੋਤਰਾ, ਮਹਾ ਮੰਤਰੀ ਸ਼ਬਨਮ ਮੰਗਲਾ, ਗੀਤਾ ਆਰੀਆ, ਸੀਨੀਅਰ ਆਗੂ ਪ੍ਰੋਮਿਲਾ ਮੈਨਰਾਏ, ਸਾਬਕਾ ਐਮ.ਪੀ. ਕੇਵਲ ਸਿੰਘ, ਮੀਤ ਪ੍ਰਧਾਨ ਬਲਦੇਵ ਸਿੰਘ ਗਿੱਲ, ਵਰੁਣ ਭੱਲਾ, ਰਾਜਿੰਦਰ ਗਾਬਾ, ਨਾਨਕ ਚੋਪੜਾ, ਕੁਲਵਿੰਦਰ ਕੌਰ, ਜਤਿੰਦਰ ਚੱਢਾ, ਹੇਮੰਤ ਸੂਦ, ਤੇਜਵੀਰ ਸਿੰਘ, ਅਵਤਾਰ ਸਿੰਘ, ਮਨਜੀਤ ਸਿੰਘ ਬੁੱਟਰ, ਮੰਡਲ ਪ੍ਰਧਾਨ ਅਮਿਤ ਗੁਪਤਾ, ਭੂਪਿੰਦਰ ਹੈਪੀ, ਸੁਖਵਿੰਦਰ ਸਿੰਘ, ਦੀਪਕ ਤਲਵਾੜ, ਸੁਰਿੰਦਰ ਪੱਬੀ, ਚਮਨ ਲਾਲ, ਅਵਤਾਰ ਸਿੰਘ, ਸੋਨੀ ਭੱਟੀ, ਕੁਲਵੰਤ ਸਿੰਘ ਆਦਿ ਹਾਜਰ ਸਨ। ਇਸ ਮੌਕੇ ਮਨੋਰੰਜਨ ਕਾਲੀਆ ਨੇ ਕਿਹਾ ਕਿ ਅੱਜ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਬਹੁਤ ਹੀ ਖਰਾਬ ਹੋ ਚੁੱਕੀ ਹੈ ਅਤੇ ਪੰਜਾਬ ਵਿਚ ਲੋਕਤੰਤਰ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਡੀ.ਪੀ.ਚੰਦਨ ਸੂਬਾ ਕਾਰਜਕਾਰਨੀ ਮੈਂਬਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਸੁਰੱਖਿਆ ਜੈਡ ਪਲੱਸ ਲਈ ਹੋਈ ਹੈ ਅਤੇ ਪੰਜਾਬ ਦੇ ਮੰਤਰੀਆਂ, ਵਿਧਾਇਕਾਂ ਨੂੰ ਵੀ ਸਭ ਤੋਂ ਵੱਧ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ ਜਦ ਕਿ ਪੰਜਾਬ ਦੇ ਲੋਕਾਂ ਦੀ ਸੁਰੱਖਿਆ ਭਗਵਾਨ ਦੇ ਭਰੋਸੇ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ.ਸੀਮਾਂਤ ਗਰਗ ਨੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ, ਡੀ.ਪੀ.ਚੰਦਨ ਦਾ ਮੀਟਿੰਗ ਵਿਚ ਹਾਜ਼ਰ ਹੋਣ 'ਤੇ ਧੰਨਵਾਦ ਕਰਦਿਆਂ ਉਨ੍ਹਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

# ਪਹਿਲਵਾਨਾਂ ਦੇ ਸੰਘਰਸ਼ ਨੂੰ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਨੇ ਦਿੱਤਾ ਸਮਰਥਨ

**ਦੋਰਾਹਾ (ਹਰਮਿੰਦਰ ਸਿੰਘ ਸੇਠ)**

ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਅਤੇ ਜਨਰਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਦਾ ਜਥਾ ਜੰਤਰ ਮੰਤਰ ਵਿਖੇ ਕੁਸ਼ਤੀ ਫੈਡਰੇਸ਼ਨ ਦੀਆਂ ਮਹਿਲਾ ਪਹਿਲਵਾਨਾਂ ਵੱਲੋਂ ਇਨਸਾਫ ਲਈ ਲਾਏ ਹੋਏ ਧਰਨੇ ਵਿਚ ਪਹੁੰਚਿਆ। ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲ, ਸੂਰਤ ਸਿੰਘ ਧਰਮਕੋਟ, ਲਖਬੀਰ ਸਿੰਘ ਨਿਜ਼ਾਮਪੁਰ, ਜਸਵੀਰ ਝੱਜ (ਲੁਧਿਆਣਾ), ਬਲਕਾਰ ਸਿੰਘ ਵਲਟੋਹਾ ਅਤੇ ਹਰਦੀਪ ਢਿੱਲੋਂ ਆਦਿ ਕਿਸਾਨ ਆਗੂਆਂ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਜਦੋਂ ਤੱਕ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਜਥੇਬੰਦੀ ਅੰਦੋਲਨ ਚਲਾ ਰਹੇ ਖਿਡਾਰੀਆਂ ਦੇ ਹਰ ਫੈਸਲੇ 'ਤੇ ਪਹਿਰਾ ਦੇਵੇਗੀ। ਦੇਸ਼ ਦੀ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਪਰਚਾ ਦਰਜ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਦੋਸ਼ੀ ਨੂੰ ਬਚਾਉਣ ਲਈ ਸਾਰੇ ਕਨੂੰਨਾਂ ਨੂੰ ਛਿੱਕੇ ਢੰਗੇ ਕਿ ਦੇਸ਼ ਦੀਆਂ ਜਮਹੂਰੀ ਕਦਰਾਂ ਕੀਮਤਾਂ ਦਾ ਕਤਲ ਕਰ ਰਹੀ ਹੈ। ਪੰਜਾਬ ਭਰ ਵਿਚੋਂ ਜਥੇਬੰਦੀ ਦੇ ਆਗੂ ਚਮਕੌਰ ਸਿੰਘ ਬਰਮੀ, ਰੂਪ ਸਿੰਘ ਢਿੱਲੋਂ, ਤਰਸੇਮ ਸਿੰਘ ਨੰਗਲ, ਚਰਨਜੀਤ ਸਿੰਘ, ਹਰਦੇਵ ਸਿੰਘ ਬਖਸ਼ੀ, ਕੁਲਵੰਤ ਬਾਵਾ, ਹਰਦਿਆਲ ਸਿੰਘ ਘਾਲੀ, ਸੁਬੇਗ ਸਿੰਘ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ ਮੁਹਾਲੀ, ਬਰਿਜ ਲਾਲ ਪਟਿਆਲਾ, ਜਸਵਿੰਦਰ ਸਿੰਘ ਮੰਗਲ, ਵਜੀਰ ਚੰਦ, ਸਤਿਆਪਾਲ ਸੈਣੀ, ਮੁਕੰਦ ਸਿੰਘ, ਜੈਪਾਲ ਸਿੰਘ, ਗੁਰਪ੍ਰੀਤ ਕੌਰ, ਜੰਗ ਸਿੰਘ ਸਿਰਥਲਾ, ਕੇਵਲ ਬਨਵੈਤ, ਦਾਨ ਸਿੰਘ, ਨਰਿੰਦਰ ਸਿੰਘ ਮਾਨ ਅਤੇ ਗੁਰਪ੍ਰੀਤ ਸਿੰਘ ਕੱਟਿਆਂਵਾਲੀ ਆਦਿ ਪੰਜ ਸੌ ਦੇ ਕਰੀਬ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚੋਂ ਕਿਸਾਨ ਹਾਜ਼ਰ ਸਨ। ਅੰਤ ਵਿਚ ਧਰਨਾਕਾਰੀ ਪਹਿਲਵਾਨ ਸੁਨੀਤਾ ਫੋਗਾਟ ਅਤੇ ਬਜਰੰਗ ਪੂਨੀਆਂ ਨੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸਮੂਹ ਹਾਜ਼ਰੀਨ ਦਾ ਪੰਜਾਬ ਤੋਂ ਦਿੱਲੀ ਆ ਕੇ ਧਰਨੇ ਵਿਚ ਹਾਜ਼ਰ ਹੋਣ ਅਤੇ ਇਨਸਾਫ ਦੇ ਸੰਘਰਸ਼ ਵਿਚ ਹਮਾਇਤ ਕਰਨ 'ਤੇ ਧੰਨਵਾਦ ਕੀਤਾ।

26 ਦਿੱਲੀ ਧਰਨਾ- ਦਿੱਲੀ ਵਿਖੇ ਚੱਲ ਰਹੇ ਪਹਿਲਵਾਨਾਂ ਦੇ ਸੰਘਰਸ਼ ਨੂੰ ਸਮਰਥਨ ਦੇ ਕੇ ਧਰਨੇ ਵਿਚ ਸ਼ਾਮਲ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਕਿਸਾਨ ਅਤੇ ਧਰਨੇ ਵਿਚ ਸ਼ਾਮਲ ਹੋਣ ਲਈ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਤੋਂ ਰਵਾਨਾ ਹੁੰਦਾ ਹੋਇਆ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਕਿਸਾਨਾਂ ਦਾ ਜਥਾ।

# ਪਹਿਲਵਾਨ ਧੀਆਂ ਦੇ ਹੱਕ 'ਚ ਕੱਢਿਆ ਵਿਸ਼ਾਲ ਮੋਮਬੱਤੀ ਮਾਰਚ

ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਕੀਤੀ ਮੰਗ




**ਧੂਰੀ (ਸੁਖਦੇਵ ਧੂਰੀ)**-ਮੋਦੀ ਸਰਕਾਰ ਨੂੰ ਕੁੰਭਕਰਨੀ ਨੀਂਦ ਤੋਂ ਜਗਾਉਣ ਅਤੇ ਜੰਤਰ ਮੰਤਰ 'ਤੇ ਧਰਨਾ ਦੇ ਰਹੀਆਂ ਪਹਿਲਵਾਨ ਧੀਆਂ ਨਾਲ ਇੱਕਮੁੱਠਤਾ ਪ੍ਰਗਟ ਕਰਨ ਲਈ ਪੂਰੇ ਦੇਸ਼ ਅੰਦਰ ਲੋਕ ਸੜਕਾਂ 'ਤੇ ਆ ਰਹੇ ਹਨ।

ਇੱਕ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਆਪਣੀ ਇੱਜ਼ਤ ਅਤੇ ਮਾਣ ਸਨਮਾਨ ਦੀ ਰਾਖੀ ਲਈ ਅੰਤਰਰਾਸ਼ਟਰੀ ਤਮਗੇ ਜੇਤੂ ਮਹਿਲਾ ਪਹਿਲਵਾਨਾਂ ਵਲੋਂ ਜਾਰੀ ਸੰਘਰਸ਼ ਸੰਬੰਧੀ ਵੱਖ ਵੱਖ ਜਨਤਕ ਜਮਹੂਰੀ ਜਥੇਬੰਦੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਧਾਰੀ ਸਾਜ਼ਿਸ਼ੀ ਚੁੱਪ ਦਾ ਗੰਭੀਰ ਨੋਟਿਸ ਲੈਂਦਿਆਂ ਮੋਮਬੱਤੀ ਮਾਰਚ ਕਰਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਕਾਰਕੁੰਨਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਮੈਂਬਰ ਪਾਰਲੀਮੈਂਟ ਬਿਰਜ ਭੂਸ਼ਨ ਸ਼ਰਨ ਸਿੰਘ ਵਰਗੇ ਵਿਆਕਤੀ ਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਬਣਾ ਕੇ ਅਤੇ ਉਸ ਨੂੰ ਔਰਤਾਂ ਦੇ ਮਾਣ ਸਨਮਾਨ ਨੂੰ ਰੌਂਦਣ ਦੀ ਖੁੱਲ੍ਹ ਦੇ ਕੇ ਕੇਂਦਰ ਦੀ ਮੋਦੀ ਸਰਕਾਰ ਨੇ ਔਰਤ ਵਿਰੋਧੀ ਦ੍ਰਿਸ਼ਟੀਕੋਣ ਨੂੰ ਜੱਗ ਜ਼ਾਹਰ ਕਰ ਦਿੱਤਾ ਹੈ।

ਬੁਲਾਰਿਆਂ ਨੇ ਕਿਹਾ ਕਿ ਪਹਿਲਾਂ ਵੀ ਜਿਨਸੀ ਸ਼ੋਸ਼ਣ ਦੇ ਅਨੇਕਾਂ ਕੇਸਾਂ ਦੇ ਦੋਸ਼ੀਆਂ ਦੀ ਬੀਜੇਪੀ ਸ਼ਾਸਤ ਰਾਜਾਂ ਦੀਆਂ ਸਰਕਾਰਾਂ ਵਲੋਂ ਪੁਸ਼ਤਪਨਾਹੀ ਕੀਤੀ ਗਈ ਹੈ। ਹੁਣ ਨਾਬਾਲਗ ਲੜਕੀ ਸਮੇਤ 7 ਔਰਤ ਪਹਿਲਵਾਨਾਂ ਵਲੋਂ ਲਗਾਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਉਪਰ ਪੋਕਸੋ ਐਕਟ ਅਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਦਰਜ ਹੋਣ ਦੇ ਬਾਵਜੂਦ ਵੀ ਉਸ ਨੂੰ ਗ੍ਰਿਫਤਾਰ ਨਾ ਕਰਨ ਕਾਰਨ ਦੇਸ਼ ਦਾ ਮਾਣ ਅੰਤਰਰਾਸਟਰੀ ਤਗਮੇ ਜੇਤੂ ਮਹਿਲਾ ਪਹਿਲਵਾਨ ਧੀਆਂ ਇੱਕ ਮਹੀਨੇ ਤੋਂ ਸੜਕਾਂ 'ਤੇ ਸੰਘਰਸ਼ ਕਰਨ ਲਈ ਮਜਬੂਰ ਹਨ। ਦੇਸ਼ ਦੇ ਇਨਸਾਫ ਪਸੰਦ ਵਿਅਕਤੀਆਂ ਅਤੇ ਜਥੇਬੰਦੀਆਂ ਵਲੋਂ ਇਸ ਸੰਘਰਸ਼ ਦੀ ਕੀਤੀ ਜਾ ਰਹੀ ਹਮਾਇਤ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਗੋਦੀ ਮੀਡੀਏ ਵੱਲੋਂ ਮਾਮਲੇ ਦੀ ਗਲਤ ਪੇਸ਼ਕਾਰੀ ਰਾਹੀਂ ਨੀਵੇਂ ਪੱਧਰ ਦੀ ਪੱਤਰਕਾਰੀ ਕਰਕੇ ਇਨਸਾਫ ਮੰਗਦੀਆਂ ਲੜਕੀਆਂ ਨੂੰ ਬਦਨਾਮ ਕਰਨ ਦੀਆਂ ਕੋਝੀਆਂ ਹਰਕਤਾਂ ਦੀ ਨਿੰਦਾ ਕੀਤੀ। ਸੰਘਰਸ਼ ਨਾਲ ਇਕਮੁੱਠਤਾ ਜ਼ਾਹਰ ਕਰਦੇ ਹੋਏ ਉਨ੍ਹਾਂ ਪੰਜਾਬ ਦੀਆਂ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਇਨਸਾਫ ਪਸੰਦ ਵਿਅਕਤੀਆਂ ਖਾਸ ਕਰ ਔਰਤਾਂ ਨੂੰ ਵੱਡੀ ਗਿਣਤੀ ਵਿਚ ਮੋਰਚੇ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਗੁਰਦਿਆਲ ਨਿਰਮਾਣ ਅਤੇ ਰਣਜੀਤ ਸਿੰਘ ਨੇ ਸਮਾਜਿਕ ਗੀਤ ਪੇਸ਼ ਕੀਤੇ। ਉਪਰੰਤ ਸੀਨੀਅਰ ਸਿਟੀਜ਼ਨਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਗਦੀਸ਼ ਸ਼ਰਮਾ, ਜਨਰਲ ਸਕੱਤਰ ਸਰਬਜੀਤ ਰਾਜੋਮਾਜਰਾ, ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਧੂਰੀ ਇਕਾਈ ਦੇ ਪ੍ਰਧਾਨ ਕੁਲਵਿੰਦਰ ਬੰਟੀ, ਪੰਜਾਬ ਏਟਕ ਦੇ ਕਾਰਜਕਾਰੀ ਪ੍ਰਧਾਨ ਸੁਖਦੇਵ ਸ਼ਰਮਾ, ਲੋਕ ਚੇਤਨਾ ਮੰਚ ਧੂਰੀ ਦੇ ਪ੍ਰਧਾਨ ਨਰਿੰਦਰ ਨਿੰਦੀ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ, ਤਰਕਸ਼ੀਲ ਸੁਸਾਇਟੀ ਦੇ ਸੰਗਰੂਰ ਬਰਨਾਲਾ ਦੇ ਜ਼ੋਨ ਆਗੂ ਰਾਜਿੰਦਰ ਰਾਜੂ, ਡੈਮੋਕਰੇਟਿਕ ਟੀਚਰਜ਼ ਫਰੰਟ ਦੇ ਪ੍ਰਧਾਨ ਗਗਨਦੀਪ ਸਰਮਾ, ਡੀਟੀਐੱਫ ਦੇ ਆਗੂ ਯਾਦਵਿੰਦਰ ਪਾਲ, ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਦੇ ਆਗੂ ਰਾਮ ਸਿੰਘ, ਉੱਘੇ ਕਾਲਮਨਵੀਸ ਜਗਦੇਵ ਸ਼ਰਮਾ ਬੁਗਰਾ, ਹਰਜਿੰਦਰ ਸਿੰਘ ਢੀਂਡਸਾ ਅਤੇ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ,ਰਮਾ ਨੇ ਸੰਬੋਧਨ ਕੀਤਾ। ਇਸ ਸਮੇਂ ਪਰਿਵਰਤਨ ਸੰਸਥਾ ਵੱਲੋਂ ਇਸਤਰੀ ਵਿੰਗ ਦੀ ਆਗੂ ਅਮਨਦੀਪ ਕੌਰ, ਕਿਰਨਾ ਰਾਣੀ ਸਮੇਤ ਵੱਡੀ ਗਿਣਤੀ ਵਿਚ ਔਰਤਾਂ ਵੀ ਸ਼ਾਮਲ ਸਨ। ਇਸ ਮਾਰਚ ਵਿੱਚ ਹੋਰਨਾਂ ਤੋਂ ਇਲਾਵਾ ਸਮਾਜ ਸੇਵੀ ਜਨਕ ਰਾਜ ਮੀਮਸਾ, ਪ੍ਰਿੰਸੀਪਲ ਪ੍ਰੇਮ ਕੁਮਾਰ ਲੱਡਾ, ਗਿਰਧਾਰੀ ਲਾਲ, ਗੋਬਿੰਦ ਸਿੰਘ ਸ਼ੇਰਪੁਰ, ਭਜਨ ਸਿੰਘ ਰੰਗੀਆਂ, ਅਧਿਆਪਕ ਆਗੂ ਸਰਬਜੀਤ ਰਾਜੋਮਾਜਰਾ, ਰਾਜ ਸਿੰਘ, ਹਰਦੀਪ ਸਿੰਘ ਭੂਦਨ, ਅਸ਼ਵਨੀ ਕੁਮਾਰ, ਸੁਖਪਾਲ ਸਿੰਘ, ਵਿਸਾਖਾ ਸਿੰਘ, ਅਵਤਾਰ ਸਿੰਘ ਮੂਕਰ, ਚਰਨਜੀਤ ਸਿੰਘ ਮੀਮਸਾ ਸਮੇਤ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।

## ਟੈਗੋਰ ਵਿਦਿਆਲਿਆ 'ਚ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਪ੍ਰੋਗਰਾਮ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਵਿਦਿਆਰਥੀਆਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਅਤੇ ਨੈਤਿਕ ਕਦਰਾਂ ਕੀਮਤਾਂ ਨਾਲ ਜੋੜਨ ਲਈ ਆਯੋਜਤ ਕਰਵਾਈ ਜਾਣ ਵਾਲੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸੰਬੰਧੀ ਪ੍ਰੋਗਰਾਮ ਦਾ ਆਯੋਜਨ ਟੈਗੋਰ ਵਿਦਿਆਲਿਆ ਲੌਂਗੋਂਵਾਲ ਵਿਖੇ ਕਰਵਾਇਆ ਗਿਆ। ਜਿਸ ਵਿੱਚ ਤਰਕਸ਼ੀਲ ਆਗੂ ਜੁਝਾਰ ਲੌਂਗੋਂਵਾਲ ਨੇ ਵਿਦਿਆਰਥੀਆਂ ਦੇ ਰੂ ਬ ਰੂ ਹੁੰਦਿਆਂ ਪ੍ਰੀਖਿਆ ਬਾਬਤ ਜਾਣਕਾਰੀ ਦਿੰਦਿਆਂ ਵਿਗਿਆਨਕ ਵਿਚਾਰਧਾਰਾ ਦਾ ਲੜ ਫੜਨ ਲਈ ਪ੍ਰੇਰਿਆ। ਉਨ੍ਹਾਂ ਨੇ ਤਰਕਸ਼ੀਲ ਵਿਚਾਰਧਾਰਾ ਦੀ ਜੀਵਨ ਵਿੱਚ ਮਹੱਤਤਾ ਅਤੇ ਸਮਾਜ ਵਿੱਚ ਫੈਲੇ ਅੰਧਵਿਸ਼ਵਾਸਾਂ, ਰੂੜ੍ਹੀਵਾਦੀ ਰਸਮਾਂ ਦੇ ਅੰਧਕਾਰ ਅਤੇ ਸਮਾਜ ਨੂੰ ਇਸ ਦਲਦਲ ਵਿਚੋਂ ਨਿਕਲਣ 'ਤੇ ਜਾਣਕਾਰੀ ਦਿੰਦਿਆਂ ਵੱਧ ਤੋਂ ਵੱਧ ਇਸ ਪ੍ਰੀਖਿਆ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ। ਇਸ ਮੌਕੇ ਤਰਕਸ਼ੀਲ ਆਗੂ ਬੀਰਬਲ ਸਿੰਘ, ਸਕੂਲ ਪ੍ਰਿੰਸੀਪਲ ਜਸਵਿੰਦਰ ਕੌਰ, ਅਧਿਆਪਕਾ ਮਨਦੀਪ ਕੌਰ, ਸੁਨੀਤਾ ਸ਼ਰਮਾ, ਮੈਡਮ ਸੀਮਾ , ਮੈਡਮ ਜੀਨਤ, ਅਧਿਆਪਕ ਲਖਮੀਰ ਸਿੰਘ, ਪਰਮਿੰਦਰ ਸਿੰਘ ਸਟਾਫ ਮੈਂਬਰ ਆਦਿ ਹਾਜ਼ਰ ਸਨ। ਅੰਤ 'ਤੇ ਪ੍ਰਿੰਸੀਪਲ ਜਸਵਿੰਦਰ ਕੌਰ ਅਤੇ ਲਖਮੀਰ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਨਿੱਗਰ ਸਮਾਜ ਦੀ ਸਿਰਜਣਾ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ 'ਸਾਡਾ ਰੁਜ਼ਗਾਰ-ਸਾਡਾ ਅਧਿਕਾਰ' ਵਿਸ਼ੇ 'ਤੇ ਵਿਚਾਰ-ਗੋਸ਼ਟੀ



**ਮਾਨਸਾ (ਆਤਮਾ ਸਿੰਘ ਪਮਾਰ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਪ੍ਰਧਾਨ ਧੰਨਾ ਮੱਲ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਜ਼ਿਲ੍ਹਾ ਫਾਜ਼ਿਲਕਾ ਦੇ ਬਲਾਕ ਫਾਜ਼ਿਲਕਾ ਵੱਲੋਂ ਜ਼ਿਲ੍ਹਾ ਪ੍ਰਧਾਨ ਰਾਜ ਕਿਸ਼ਨ ਜੋਸਨ ਅਤੇ ਬਲਾਕ ਪ੍ਰਧਾਨ ਜਤਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਜ਼ਦੂਰ ਦਿਵਸ ਨੂੰ ਸਮਰਪਿਤ ਸਾਡਾ ਮਿਸ਼ਨ "ਸਾਡਾ ਰੁਜ਼ਗਾਰ ਸਾਡਾ ਅਧਿਕਾਰ" ਵਿਸ਼ੇ 'ਤੇ ਸੈਮੀਨਾਰ ਕਰਵਾਇਆ ਜਿਸ ਵਿੱਚ ਬਲਾਕ ਦੇ ਸਮੂਹ ਸਾਥੀਆਂ ਅਤੇ ਜ਼ਿਲ੍ਹਾ ਕਮੇਟੀ ਨੇ ਸ਼ਮੂਲੀਅਤ ਕੀਤੀ। ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਪ੍ਰੈਸ ਸਕੱਤਰ ਮਲਕੀਤ ਥਿੰਦ ਅਤੇ ਵਾਇਸ ਪ੍ਰਧਾਨ ਸੀ ਆਰ ਸ਼ੰਕਰ ਨੇ ਵੀ ਵਿਸ਼ੇਸ ਤੌਰ 'ਤੇ ਸ਼ਮੂਲੀਅਤ ਕੀਤੀ। ਜ਼ਿਲ੍ਹਾ ਸਕੱਤਰ ਪਰਸ਼ੋਤਮ ਸ਼ਰਮਾ, ਬਲਾਕ ਸਕੱਤਰ ਸੰਦੀਪ ਕੰਬੋਜ ਨੇ ਸੂਬਾ ਆਗੂਆਂ ਅਤੇ ਜੋਸ਼ੋ ਖਰੋਸ਼ ਨਾਲ ਪਹੁੰਚੇ ਸਮੂਹ ਜੁਝਾਰੂ ਸਾਥੀਆਂ ਦਾ ਸਵਾਗਤ ਕਰਦਿਆਂ ਮਜ਼ਦੂਰ ਦਿਵਸ ਦੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਅਤੇ ਪਿਛਲੇ ਦਿਨੀਂ ਵਿਛੜੇ ਸਾਥੀ ਡਾ. ਗੁਰਪ੍ਰੀਤ ਸਿੰਘ ਕੰਧਵਾਲਾ ਬਲਾਕ ਅਰਨੀ ਵਾਲਾ, ਡਾ. ਸੁਖਦੇਵ ਸਿੰਘ ਬਲਾਕ ਬੱਲੂਆਣਾ ਤੇ ਬਲਾਕ ਅਰਨੀਵਾਲਾ ਦੇ ਪ੍ਰਧਾਨ ਪ੍ਰੇਮ ਕੁਮਾਰ ਦੇ ਮਾਤਾ ਸ਼ਿਮਲਾ ਬਾਈ ਨੂੰ ਸ਼ਰਧਾਂਜਲੀ ਦੇ ਕੇ ਮੀਟਿੰਗ ਦੀ ਸ਼ੁਰੂਆਤ ਕੀਤੀ। ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਪ੍ਰੈਸ ਸਕੱਤਰ ਮਲਕੀਤ ਥਿੰਦ ਅਤੇ ਵਾਇਸ ਪ੍ਰਧਾਨ ਸੀ ਆਰ ਸ਼ੰਕਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਮਜ਼ਦੂਰ ਦਿਵਸ ਦੇ ਸ਼ਹੀਦਾਂ ਦੀ ਸ਼ਹਾਦਤ ਦੀ ਬਦੌਲਤ ਹੀ ਕਿਰਤੀ ਵਰਗ ਨੂੰ ਕੰਮ ਦਿਹਾੜੀ ਦਾ ਸਮਾਂ ਅੱਠ ਘੰਟੇ ਕਰਵਾਇਆ ਸੀ ਪਰ ਕੇਂਦਰ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਵਿੱਚ ਬੇਲੋੜੀਆਂ ਸੋਧਾਂ ਕਰਕੇ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਲਾਗੂ ਕਰ ਦਿੱਤੇ ਹਨ ਜੋ ਕਿਰਤੀ ਲੋਕਾਂ ਦੇ ਹੱਕਾਂ ਤੇ ਸ਼ਰੇਆਮ ਡਾਕਾ ਹੈ ।ਆਗੂਆਂ ਨੇ ਕਿਹਾ ਕਿ ਸਾਡੇ ਕੋਲ ਜਥੇਬੰਦੀ ਹੀ ਸਾਡੇ ਰੁਜ਼ਗਾਰ ਦੀ ਰਾਖੀ ਦਾ ਇੱਕੋ ਇੱਕ ਸਹਾਰਾ ਹੈ, ਇਸ ਲਈ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਜਥੇਬੰਦੀ ਵੱਲੋਂ ਉਲੀਕੇ ਪ੍ਰੋਗਰਾਮਾਂ ਨੂੰ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ ਅਤੇ ਇੱਕਜੁੱਟ ਹੋ ਕੇ ਜਥੇਬੰਦੀ ਦੀ ਸਮਝ ਅਨੁਸਾਰ ਲੋਕ ਪੱਖੀ ਸਾਂਝੇ ਸੰਘਰਸਾਂ ਵਿੱਚ ਸ਼ਮੂਲੀਅਤ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਅਜੋਕੇ ਸਮੇਂ ਵਿੱਚ ਭਰਾਤਰੀ ਸਾਂਝ ਨੂੰ ਹੋਰ ਪਕੇਰਾ ਕੀਤਾ ਜਾ ਸਕੇ। ਇਸ ਸਮੇਂ ਜੰਤਰ ਮੰਤਰ ਦਿੱਲੀ ਵਿਖੇ ਮਹਿਲਾ ਪਹਿਲਵਾਨਾਂ ਦੇ ਚੱਲ ਰਹੇ ਸੰਘਰਸ਼ ਦੀ ਹਮਾਇਤ ਕੀਤੀ ਅਤੇ ਇਨਸਾਫ ਦੀ ਪੁਰਜ਼ੋਰ ਮੰਗ ਕਰਦਿਆਂ ਕਿਹਾ ਕਿ ਕੁਸ਼ਤੀ ਮਹਾਂ ਸੰਘ ਦੇ ਪ੍ਰਧਾਨ ਅਤੇ ਭਾਜਪਾ ਸਾਂਸਦ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਲੋਕ ਪੱਖੀ ਸੰਘਰਸ਼ਾਂ ਵਿੱਚ ਮੋਹਰੀ ਭੂਮਿਕਾ ਅਦਾ ਕਰਨ ਵਾਲੇ ਡਾ. ਨਵਸ਼ਰਨ ਕੌਰ ਨੂੰ ਬੇਵਜ੍ਹਾ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ । ਪੰਜਾਬ ਸਰਕਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਸਮੇਂ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨਾਲ ਕਾਨੂੰਨੀ ਮਾਨਤਾ ਦੇਣ ਦਾ ਕੀਤਾ ਵਾਅਦਾ ਅਤੇ ਹੋਰ ਲੋਕਾਂ ਨਾਲ ਕੀਤੇ ਵਾਅਦੇ ਤੁਰੰਤ ਪੂਰੇ ਕੀਤਾ ਜਾਣ ਨਹੀਂ ਤਾਂ ਜਥੇਬੰਦੀ ਨੂੰ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵਿੰਦਰ ਸ਼ਰਮਾ ਜ਼ਿਲ੍ਹਾ ਸਰਪ੍ਰਸਤ, ਡਾ. ਨੰਦ ਲਾਲ ਚੇਅਰਮੈਨ, ਡਾ. ਪ੍ਰਸ਼ੋਤਮ ਸ਼ਰਮਾ ਜ਼ਿਲ੍ਹਾ ਕੈਸ਼ੀਅਰ, ਬਲਾਕ ਪ੍ਰਧਾਨ ਫਾਜ਼ਿਲਕਾ ਤਜਿੰਦਰ ਸ਼ਰਮਾ, ਸੱਕਤਰ ਸੰਦੀਪ ਕੰਬੋਜ, ਕੈਸ਼ੀਅਰ ਰੌਸ਼ਨ ਲਾਲ ਮਾਹਰ, ਚੇਅਰਮੈਨ ਵਿਜੈ ਕੁਮਾਰ, ਸਾਬਕਾ ਪ੍ਰਧਾਨ ਜਸਵਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਭਾਵੜਾ, ਸਾਬਕਾ ਚੇਅਰਮੈਨ ਦੇਸਰਾਜ, ਸਾਬਕਾ ਸੱਕਤਰ ਵਿੱਕੀ ਘੋੜੇਲਾ, ਸਾਬਕਾ ਚੇਅਰਮੈਨ ਦੇਸਰਾਜ, ਸਾਬਕਾ ਕੈਸੀਅਰ ਸੱਤਪਾਲ ਸ਼ਾਮਲ ਸਨ। ਸਟੇਜ ਸਕੱਤਰ ਦੀ ਭੂਮਿਕਾ ਹਰਸੁਰੇਸ਼ ਨੇ ਨਿਭਾਈ।

CMYK

28-MAY-PAGE-9.qxd 5/27/2023 10:57 PM Page 1



# 450 ਕਿਲੋਗ੍ਰਾਮ ਚੂਰਾ ਪੋਸਤ ਸਮੇਤ ਟਰੱਕ 2 ਵਿਅਕਤੀ ਕਾਬੂ



ਪੋਸਤ ਸਮੇਤ ਕਾਬੂ ਵਿਅਕਤੀ ਅਤੇ ਨਾਲ ਐਸ ਐਚ ਓ ਸਚਿਨ ਕੰਬੋਜ ਸਮੇਤ ਪੁਲਸ ਕਰਮਚਾਰੀ।

**ਜਲਾਲਾਬਾਦ (ਜੀਤ ਕੁਮਾਰ/ਸਤਨਾਮ ਸਿੰਘ)**-ਡਿਪਟੀ ਜਨਰਲ ਪੁਲਸ ਫਿਰੋਜ਼ਪੁਰ ਰੇਂਜ, ਫਿਰੋਜ਼ਪੁਰ ਅਤੇ ਸੀਨੀਅਰ ਕਪਤਾਨ ਪੁਲਸ ਅਵਨੀਤ ਕੌਰ ਫਾਜ਼ਿਲਕਾ ਦੇ ਦਿਸ਼ਾ-ਨਿਰਦੇਸ਼ ਹੇਠ ਉਪ ਕਪਤਾਨ ਪੁਲਸ ਤਹਿਸੀਲ ਜਲਾਲਾਬਾਦ ਦੀ ਅਗਵਾਈ ਵਿੱਚ ਥਾਣਾ ਵੈਰੋਕੇ ਦੀ ਪੁਲਸ ਟੀਮ ਵੱਲੋਂ ਗਸ਼ਤ ਦੌਰਾਨ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਦੇ ਹੋਏ 450 ਕਿਲੋਗ੍ਰਾਮ ਡੋਡਾ ਚੂਰਾ ਪੋਸਤ, ਟਰੱਕ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐਸ.ਪੀ. ਅਤੁਲ ਸੋਨੀ ਅਤੇ ਥਾਣਾ ਵੈਰੋਕੇ ਦੇ ਐਸ.ਐਚ.ਓ. ਸਚਿਨ ਕੰਬੋਜ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਜੋ ਕਿ ਪੁਲਸ ਪਾਰਟੀ ਦੇ ਨਾਲ ਗਸ਼ਤ ਦੌਰਾਨ ਪਿੰਡ ਝੁੱਗੀਆਂ ਨੰਦ ਸਿੰਘ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਪੁਲਸ ਪਾਰਟੀ ਨੂੰ ਇਤਲਾਹ ਦਿੱਤੀ ਕਿ ਲਾਦੂ ਰਾਮ ਪੁੱਤਰ ਬੁੱਧਾ ਰਾਮ ਅਤੇ ਰਾਜੂ ਰਾਮ ਪੁੱਤਰ ਮਾਹਣਾ ਰਾਮ ਵਾਸੀਆਨ ਪਾਲਡੀਯੋ ਦੀ ਢਾਣੀ ਸਿੰਘਾੜਸਰ ਹੰਸਾ ਦੇਸ਼ ਲੋਹਾਵੇਤ ਯੋਧਪੁਰ ਰਾਜਸਥਾਨ ਜੋ ਕਿ ਡੋਡੇ ਚੂਰਾ ਪੋਸਤ ਵੇਚਣ ਦੇ ਆਦੀ ਹਨ ਅਤੇ ਅੱਜ ਵੀ ਲਾਦੂ ਰਾਮ ਵਗੈਰਾ ਇੱਕ ਟਰੱਕ ਨੰਬਰ ਆਰ.ਜੇ.-19-ਜੀਈ-6837 ਮਾਰਕਾ ਟਾਟਾ 2518-ਸੀ 'ਤੇ ਭਾਰੀ ਮਾਤਰਾ ਵਿੱਚ ਡੋਡੇ ਚੂਰਾ ਪੋਸਤ ਸਮੇਤ ਜਲਾਲਾਬਾਦ ਦੀ ਤਰਫੋਂ ਪਿੰਡ ਝੁੱਗੀਆਂ ਨੰਦ ਸਿੰਘ ਵੱਲ ਆ ਰਹੇ ਹਨ ਅਤੇ ਜੇਕਰ ਰਸਤੇ ਵਿਚ ਨਾਕਾਬੰਦੀ ਕੀਤੀ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦੇ ਹਨ। ਜਿਸ 'ਤੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਵੱਲੋਂ ਸਾਥੀ ਕਰਮਚਾਰੀਆਂ ਦੇ ਸਹਿਯੋਗ ਨਾਲ ਝੁੱਗੀਆਂ ਨੰਦ ਸਿੰਘ ਵਾਲਾ ਦੇ ਨਜ਼ਦੀਕ ਨਾਕਾਬੰਦੀ ਕਰਕੇ ਉਕਤ ਨੰਬਰੀ ਟਰੱਕ ਨੂੰ ਰੋਕ ਕੇ ਚੈਕਿੰਗ ਕਰਨ 'ਤੇ ਉਸ ਵਿਚੋਂ 20 ਗੱਟੇ (450 ਕਿੱਲੋ ਗ੍ਰਾਮ) ਡੋਡੇ ਚੂਰਾ ਪੋਸਤ ਬਰਾਮਦ ਹੋਇਆ। ਐਸ.ਆਈ ਸਚਿਨ ਮੁੱਖ ਅਫਸਰ ਥਾਣਾ ਵੈਰੋਕੇ ਵੱਲੋਂ ਮੌਕੇ 'ਤੇ ਪਹੁੰਚ ਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਅਤੇ ਦੋਸ਼ੀ ਲਾਦੂ ਰਾਮ ਪੁੱਤਰ ਬੁੱਧਾ ਰਾਮ, ਰਾਜੂ ਰਾਮ ਪੁੱਤਰ ਮਾਹਣਾ ਰਾਮ ਵਾਸੀਆਨ ਪਾਲੜੀਯੋਂ ਦੀ ਢਾਣੀ ਸਿੰਘਾੜਸਰ ਹੰਸਾ ਦੇਸ਼ ਲੋਹਾਵਤ ਜੋਧਪੁਰ ਰਾਜਸਥਾਨ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 450 ਕਿੱਲੋਗ੍ਰਾਮ ਚੂਰਾ ਪੋਸਤ ਸਮੇਤ ਟਰੱਕ ਨੰਬਰੀ ਆਰ ਜੇ-19-ਜੀਈ-6837 ਕਾਬੂ ਕੀਤਾ ਗਿਆ।

ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਅਤੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਠੇਕਾ ਕਰਮਚਾਰੀਆਂ ਦਾ ਸ਼ੋਸ਼ਣ ਜਾਰੀ, ਜਥੇਬੰਦੀ ਨੇ ਪ੍ਰਗਟਾਇਆ ਰੋਸ



**ਧੂਰੀ (ਸੁਖਦੇਵ ਧੂਰੀ)**-ਮਿਊਂਸਪਲ ਕਮੇਟੀ ਪਾਰਕ ਵਿਖੇ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਠੇਕਾ ਅਧਾਰਿਤ ਕਰਮਚਾਰੀਆਂ ਦੀ ਮੀਟਿੰਗ ਮੇਲਾ ਸਿੰਘ ਪੁੰਨਾਂਵਾਲ ਜ਼ਿਲ੍ਹਾ ਪ੍ਰਧਾਨ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ ਯੂਨੀਅਨ ਸੰਗਰੂਰ ਦੀ ਪ੍ਰਧਾਨਗੀ ਹੇਠ ਹੋਈ। ਕ੍ਰਮਚਾਰੀਆਂ ਦੀਆਂ ਮੰਗਾਂ 'ਤੇ ਵਿਚਾਰ ਵਟਾਂਦਰਾ ਕਰਦਿਆਂ ਸਾਥੀ ਸਰਬਜੀਤ ਸਿੰਘ ਸੀਤਾ ਰਾਮ ਸ਼ਰਮਾ, ਇੰਦਰ ਸਿੰਘ ਤੇ ਜਨਰਲ ਸਕੱਤਰ ਹੰਸ ਰਾਜ ਦੀਦਾਰਗੜ੍ਹ ਨੇ ਦੱਸਿਆ ਕਿ ਠੇਕਾ ਅਧਾਰਤ ਕੰਮ ਕਰਦੇ ਕ੍ਰਮਚਾਰੀਆਂ ਦਾ ਠੇਕੇਦਾਰਾਂ ਵੱਲੋਂ ਆਰਥਿਕ ਸੋਸ਼ਣ ਕੀਤਾ ਜਾ ਰਿਹਾ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਠੇਕੇਦਾਰੀ ਪ੍ਰਥਾ ਖਤਮ ਕਰਕੇ ਕ੍ਰਮਚਾਰੀਆਂ ਨੂੰ ਸਿੱਧੇ ਤੌਰ 'ਤੇ ਵਿਭਾਗਾਂ ਵਿੱਚ ਮਰਜ਼ ਕਰਕੇ ਬਰਾਬਰ ਕੰਮ ਬਰਾਬਰ ਉਜਰਤ ਦਾ ਕਾਨੂੰਨ ਲਾਗੂ ਕੀਤਾ ਜਾਵੇ ਤੇ ਕਿਰਤ ਕਾਨੂੰਨ ਮੁਤਾਬਕ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ, ਕੋਵਿਡ ਦੌਰਾਨ ਜਿਨ੍ਹਾਂ ਕ੍ਰਮਚਾਰੀਆਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਵਾਰਸਾਂ ਨੂੰ ਸਰਕਾਰ ਵੱਲੋਂ ਬਣਦੀਆਂ ਸਹੂਲਤਾਂ ਅਤੇ ਪਰਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ। ਆਗੂਆਂ ਵੱਲੋਂ ਸਾਂਝੇ ਫਰੰਟ ਦੇ ਕਨਵੀਨਰ ਸਤੀਸ਼ ਰਾਣਾ ਨਾਲ ਸਿੱਖਿਆ ਮੰਤਰੀ ਵੱਲੋਂ ਕੀਤੇ ਗਏ ਦੁਰਵਿਹਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਗੁਰਜੰਟ ਸਿੰਘ ਬੁਗਰਾ, ਹਰਬੰਸ ਸਿੰਘ, ਨਰੈਣ ਦੱਤ, ਸੰਜੀਵ ਕੁਮਾਰ ਸੰਜੂ ਤੇ ਰਾਮ ਆਸਰਾ ਨੇ ਸੰਬੋਧਨ ਕੀਤਾ।

# ਮਾਤਾ ਭਾਗ ਕੌਰ ਦੀਆਂ ਵਾਰਸਾਂ ਨੇ ਜ਼ਿਲ੍ਹੇ ਦੇ ਨਾਂਅ ਨੂੰ ਲਗਾਏ ਚਾਰ ਚੰਨ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ (ਪੂਜਾ, ਸ਼ਮਿੰਦਰਪਾਲ)**-ਪੰਜਾਬ ਸਰਕਾਰ ਅਤੇ ਵਿੱਦਿਆ ਵਿਭਾਗ ਦੇ ਯਤਨਾਂ ਨਾਲ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਪੱਧਰ ਦਿਨੋਂ ਦਿਨ ਉੱਚਾ ਹੁੰਦਾ ਜਾ ਰਿਹਾ ਹੈ। ਇਸ ਕੰਮ ਵਿਚ ਸਾਰੇ ਅਧਿਕਾਰੀ, ਸਕੂਲ ਮੁਖੀ ਅਤੇ ਸਟਾਫ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਆਪਣਾ ਕਿੱਤਾ ਨਿਭਾ ਰਹੇ ਹਨ ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਸਿੱਖ ਇਤਿਹਾਸ ਵਿਚ ਬੇਹੱਦ ਮਾਨਮੱਤਾ ਅਤੇ ਪਵਿੱਤਰ ਦਰਜਾ ਰੱਖਣ ਵਾਲੀ ਮਾਤਾ ਭਾਗ ਕੌਰ ਜੀ ਦੇ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਇਸ ਵਾਰ ਬਾਰ੍ਹਵੀਂ ਦੀ ਸਲਾਨਾ ਪ੍ਰੀਖਿਆ ਵਿਚ ਸਰਕਾਰੀ ਸਕੂਲਾਂ ਦੀ ਮੈਰਿਟ ਸੂਚੀ ਵਿਚ ਸਾਰੇ ਸਥਾਨ ਹੀ ਲੜਕੀਆਂ ਨੇ ਪ੍ਰਾਪਤ ਕੀਤੇ ਹਨ। ਪੇਂਡੂ ਖੇਤਰ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਲੱਖੇਵਾਲੀ ਦੀ ਹਰਮਨਦੀਪ ਕੌਰ ਨੇ ਸੂਬਾ ਪੱਧਰ 'ਤੇ ਨੌਂਵਾਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁਲਾਬੇਵਾਲਾ ਦੀ ਕੁਸਮਜੋਤ ਕੌਰ ਨੇ ਸੋਲ੍ਹਵਾਂ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀ ਖੁਸ਼ੀ ਗਰਗ ਨੇ ਕਾਮਰਸ ਗਰੁੱਪ ਵਿਚ ਸਮੁੱਚੇ ਪੰਜਾਬ ਵਿਚ ਪਹਿਲਾ ਸਥਾਨ ਅਤੇ ਸਟੇਟ ਪੱਧਰ 'ਤੇ ਛੇਵਾਂ ਰੈਂਕ ਹਾਸਲ ਕੀਤਾ ਹੈ। ਇਸੇ ਸਕੂਲ ਦੀ ਮਹਿਕ ਗਰਗ ਨੇ ਸੱਤਵਾਂ, ਤਾਨਿਆ ਨੇ ਨੌਂਵਾਂ, ਰਮਨਦੀਪ ਕੌਰ, ਸੁਖਮਨਪ੍ਰੀਤ ਅਤੇ ਮਹਿਕਜੋਤ (ਤਿੰਨਾਂ ਨੇ) ਬਾਰ੍ਹਵਾਂ, ਸਾਂਵਰੀ ਨੇ ਤੇਰ੍ਹਵਾਂ, ਦੀਪਿਕਾ ਅਚੇ ਚਾਹਤ ਨੇ ਚੌਦ੍ਹਵਾਂ ਅਤੇ ਜਸਲੀਨ ਸ਼ਰਮਾ ਨੇ ਪੰਦਰ੍ਹਵਾਂ ਰੈਂਕ ਹਾਸਲ ਕਰਕੇ ਜ਼ਿਲ੍ਹੇ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਤੋਂ ਇਲਾਵਾ ਇਸੇ ਸਕੂਲ ਦੀ ਅਮਨਪ੍ਰੀਤ ਕੌਰ, ਅਰਚਿਤਾ, ਭੂਮੀ, ਭੂਮਿਕਾ, ਦੀਪਿਕਾ, ਸਹਿਜਦੀਪ, ਸਮਾਈਲ, ਤਨਵੀਰ ਕੌਰ, ਤਰੰਨਮ ਬਰਾੜ, ਗੁਰਲੀਨ ਕੌਰ, ਖੁਸ਼ੀ ਗਰਗ, ਸਾਨੀਆ, ਸੁਖਪ੍ਰੀਤ, ਰੀਆ ਅਤੇ ਸਾਂਵਰੀ ਨੇ ਵੀ 95 ਪ੍ਰਤੀਸ਼ਤ ਤੋਂ ਵੱਧ ਅੰਕ ਹਾਸਲ ਕਰਕੇ ਸ਼ਾਨਦਾਰ ਪ੍ਰਾਪਤੀ ਕੀਤੀ ਹੈ। ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਮੈਰਿਟ ਅਤੇ 95 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੀਆਂ ਸਾਰੀਆਂ ਵਿਦਿਆਰਥਣਾਂ ਨੂੰ ਸ਼ਾਨਦਾਰ ਮੋਮੈਂਟੋ ਅਤੇ ਪਸੰਸਾ ਪੱਤਰ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਰਾਜੀਵ ਛਾਬੜਾ, ਸਕੂਲ ਪ੍ਰਿੰ. ਸੁਭਾਸ਼ ਝਾਂਬ ਅਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਲੱਖੇਵਾਲੀ ਦੇ ਪ੍ਰਿੰ. ਦੀਪਕ ਬਾਂਸਲ ਤੋਂ ਇਲਾਵਾ ਸਕੂਲ ਸਟਾਫ, ਵਿਦਿਆਰਥਣਾਂ ਦੇ ਮਾਪੇ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਡੀ.ਈ.ਓ. ਛਾਬੜਾ ਅਤੇ ਪ੍ਰਧਾਨ ਢੋਸੀਵਾਲ ਨੇ ਸੰਬੰਧਤ ਸਕੂਲਾਂ ਦੇ ਸਾਰੇ ਪ੍ਰਿੰਸੀਪਲਾਂ, ਮਿਹਨਤੀ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਹੈ।

## ਕਾਤਰਾਂ

### ਜ਼ਮੀਨ ਖਰੀਦਣ ਤੋਂ ਪਹਿਲਾਂ ਹੋਏ ਬਿਆਨੇ ਨੇ ਖੜੇ ਕੀਤੇ ਸ਼ੰਕੇ : ਭਾਈ ਰੰਧਾਵਾ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਤਿਹਾਸਕ ਅਸਥਾਨ ਗੁਰੂਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਲਈ ਖਰੀਦੀ ਜਾ ਰਹੀ ਜ਼ਮੀਨ ਦੇ ਸੌਦੇ 'ਚ ਗੜਬੜੀ ਹੋਣ ਦਾ ਸ਼ੱਕ ਜਤਾਉਂਦੇ ਹੋਏ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵੇ ਵਾਲਿਆਂ ਵੱਲੋਂ ਇਸ ਜ਼ਮੀਨ ਦੀ ਖਰੀਦ ਸਬੰਧੀ ਬਣਾਈ ਗਈ ਸਬ-ਕਮੇਟੀ ਦੀ ਮੀਟਿੰਗ ਤੋਂ ਖੁਦ ਨੂੰ ਵੱਖ ਕਰ ਲਿਆ ਗਿਆ ਹੈ। ਭਾਈ ਗੁਰਪ੍ਰੀਤ ਸਿੰਘ ਰੰਧਾਵੇ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਲਿਖ ਕੇ ਦੱਸਿਆ ਗਿਆ ਕਿ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੀ ਪਾਰਕਿੰਗ ਲਈ 7 ਏਕੜ ਜ਼ਮੀਨ ਖਰੀਦੇ ਜਾਣ ਦੀ ਤਜਵੀਜ਼ ਬਣੀ ਸੀ, ਪਰ ਉਨ੍ਹਾਂ ਦੇ ਧਿਆਨ 'ਚ ਆਇਆ ਹੈ ਕਿ ਇਸ ਮਹਿੰਗੇ ਮੁੱਲ ਦੀ ਜ਼ਮੀਨ ਦਾ ਪਹਿਲਾਂ ਕਿਸੇ ਹੋਰ ਵਿਅਕਤੀ ਦੇ ਨਾਂਅ ਬਿਆਨਾ ਕੀਤਾ ਗਿਆ ਤੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਨੂੰ ਵੀ ਤਬਦੀਲ ਕਰ ਦਿੱਤਾ ਗਿਆ, ਜੋ ਕਈ ਪ੍ਰਕਾਰ ਦੇ ਸ਼ੰਕੇ ਖੜੇ ਕਰਦਾ ਹੈ। ਇਸ ਲਈ ਉਨਾਂ ਨੇ ਇਸ ਸਬ-ਕਮੇਟੀ ਦੀ ਮੀਟਿੰਗ 'ਚ ਸ਼ਾਮਲ ਨਾ ਹੋਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਅਪੀਲ ਕੀਤੀ ਕਿ ਮੁੜ ਨਵੀਂ ਕਮੇਟੀ ਬਣਾ ਕੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਖੁਦ ਇਸ ਮਾਮਲੇ ਦੀ ਅਗਵਾਈ ਕਰਨ।

### ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸੰਬੰਧੀ ਸਮਾਗਮ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਵਿਦਿਆਰਥੀਆਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਤੇ ਨੈਤਿਕ ਕਦਰਾਂ ਕੀਮਤਾਂ ਨਾਲ ਜੋੜਨ ਲਈ ਆਯੋਜਤ ਕਰਾਈ ਜਾਣ ਵਾਲੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸਬੰਧੀ ਪ੍ਰੋਗਰਾਮ ਦਾ ਆਯੋਜਨ ਟੈਗੋਰ ਵਿਦਿਆਲਿਆ ਵਿਖੇ ਕਰਾਇਆ ਗਿਆ, ਜਿਸ ਵਿੱਚ ਤਰਕਸ਼ੀਲ ਆਗੂ ਜੁਝਾਰ ਲੌਂਗੋਵਾਲ ਨੇ ਵਿਦਿਆਰਥੀਆਂ ਦੇ ਰੂ ਬ ਰੂ ਹੁੰਦਿਆਂ ਪ੍ਰੀਖਿਆ ਬਾਬਤ ਵਿਗਿਆਨਕ ਵਿਚਾਰਧਾਰਾ ਦਾ ਲੜ ਫੜਨ ਲਈ ਪ੍ਰੇਰਿਆ। ਉਨ੍ਹਾਂ ਨੇ ਤਰਕਸ਼ੀਲ ਵਿਚਾਰਧਾਰਾ ਦੀ ਜੀਵਨ ਵਿੱਚ ਮਹੱਤਤਾ ਤੇ ਸਮਾਜ ਵਿੱਚ ਫੈਲੇ ਅੰਧਵਿਸ਼ਵਾਸਾਂ, ਰੂੜ੍ਹੀਵਾਦੀ ਰਸਮਾਂ ਦੇ ਅੰਧਕਾਰ ਅਤੇ ਸਮਾਜ ਨੂੰ ਇਸ ਦਲਦਲ ਵਿੱਚੋਂ ਨਿਕਲਣ ਤੇ ਭਰਪੂਰ ਜਾਣਕਾਰੀ ਦਿੰਦਿਆਂ ਵੱਧ ਤੋਂ ਵੱਧ ਪ੍ਰੀਖਿਆ ਵਿੱਚ ਹਿਸਾ ਲੈਣ ਦਾ ਸੱਦਾ ਦਿੱਤਾ। ਇਸ ਮੌਕੇ ਤਰਕਸ਼ੀਲ ਆਗੂ ਬੀਰਬਲ ਸਿੰਘ, ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਜਸਵਿੰਦਰ ਕੌਰ, ਅਧਿਆਪਕਾ ਮਨਦੀਪ ਕੌਰ, ਸੁਨੀਤਾ ਸ਼ਰਮਾ, ਮੈਡਮ ਸੀਮਾ, ਮੈਡਮ ਜੀਨਤ, ਅਧਿਆਪਕ ਲਖਮੀਰ ਸਿੰਘ, ਪਰਮਿੰਦਰ ਸਿੰਘ ਸਟਾਫ਼ ਮੈਂਬਰ ਆਦਿ ਹਾਜ਼ਰ ਸਨ। ਅੰਤ ਪ੍ਰਿੰਸੀਪਲ ਜਸਵਿੰਦਰ ਕੌਰ ਅਤੇ ਸ੍ਰੀ ਲਖਮੀਰ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਨਿੱਗਰ ਸਮਾਜ ਦੀ ਸਿਰਜਣਾ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ।

### ਚੋਰੀ ਕਰਨ ਦੇ ਮਾਮਲੇ 'ਚ ਨਾਮਜ਼ਦ

**ਮਹਿਲ ਕਲਾਂ (ਪ੍ਰਦੀਪ ਲੋਹਗੜ੍ਹ)**-ਥਾਣਾ ਮਹਿਲ ਕਲਾਂ ਅਧੀਨ ਆਉਂਦੇ ਪਿੰਡ ਪੰਡੋਰੀ ਤੋਂ ਇਕ ਪ੍ਰਵਾਸੀ ਪੰਜਾਬੀ ਦੇ ਘਰ ਦਾ ਜਿੰਦਰਾ ਤੋੜ ਕੇ 10 ਟੋਟੇ ਡਲਿਵਰੀ 4 ਇੰਚ, ਮੋਟਰ ਸਬਮਰਸੀਬਲ 20 ਪਾਵਰ, ਇਕ ਪੀਟਰ ਇੰਜਨ, ਇਕ ਲੱਕੜ ਦਾ ਤਖਤਪੋਸ਼ ਚੋਰੀ ਕਰਨ ਦੇ ਮਾਮਲੇ ਵਿਚ ਸਿਮਰਜੀਤ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਪੰਡੋਰੀ ਦੇ ਖ਼ਿਲਾਫ ਪੁਲਸ ਥਾਣਾ ਮਹਿਲ ਕਲਾਂ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਸ ਕਾਰਵਾਈ ਅਨੁਸਾਰ ਇਕਬਾਲ ਸਿੰਘ ਪੁੱਤਰ ਬਿੱਕਰ ਸਿੰਘ ਨੇ ਦੱਸਿਆ ਕਿ ਉਹ ਪਰਿਵਾਰ ਸਮੇਤ ਕੈਨੇਡਾ ਰਹਿ ਰਿਹਾ ਹੈ ਤੇ ਮੇਰੇ ਘਰ ਦੀ ਦੇਖ-ਭਾਲ ਦਰਸ਼ਨ ਸਿੰਘ ਪੁੱਤਰ ਕਰਤਾਰ ਸਿੰਘ ਕਰ ਰਿਹਾ ਹੈ। ਮੇਰੇ ਘਰ ਦੇ ਸਾਹਮਣੇ ਮੁਕੱਦਮੇ ਵਿਚ ਨਾਮਜ਼ਦ ਵਿਅਕਤੀ ਦਾ ਘਰ ਹੈ ਤੇ ਮੈਂ ਹੁਣ ਪਿੰਡ ਆਇਆ ਹੋਇਆ ਹਾਂ। ਉਨ੍ਹਾਂ ਦੱਸਿਆ ਕਿ ਮੈਨੂੰ ਪਤਾ ਲੱਗਿਆ ਕਿ ਮੇਰੇ ਘਰ ਦਾ ਜਿੰਦਰਾ ਤੋੜ ਕੇ ਘਰ ਵਿਚ ਪਿਆ ਸਾਮਾਨ ਜੋ ਚੋਰੀ ਹੋਇਆ ਉਸਦੀ ਹਜ਼ਾਰਾਂ ਰੁਪਏ ਕੀਮਤ ਬਣਦੀ ਹੈ। ਇਸ ਸਮੇਂ ਪੁਲਸ ਥਾਣਾ ਮਹਿਲ ਕਲਾਂ ਦੇ ਮੁੱਖ ਅਫਸਰ ਇੰਸਪੈਕਟਰ ਕਮਲਜੀਤ ਸਿੰਘ ਗਿੱਲ ਨੇ ਦੱਸਿਆ ਕਿ ਮਾਮਲੇ ਵਿਚ ਮੁੱਦਈ ਦੇ ਬਿਆਨਾਂ ਅਨੁਸਾਰ ਬਣਦੀ ਕਾਰਵਾਈ ਕਰ ਦਿੱਤੀ ਹੈ ਤੇ ਦੋਸ਼ੀ ਦੀ ਗ੍ਰਿਫਤਾਰੀ ਹਾਲੇ ਬਾਕੀ ਦੱਸੀ ਜਾ ਰਹੀ ਹੈ।

# ਸਮਰਾਲਾ ਨਗਰ ਕੌਂਸਲ ਨੇ ਚਲਾਇਆ ਸਵੱਛਤਾ ਅਭਿਆਨ




**ਸਮਰਾਲਾ (ਸੁਰਜੀਤ ਸਿੰਘ)**-ਆਉਣ ਵਾਲੀ ਵਰਖਾ ਰੁੱਤ ਦੇ ਮੱਦੇਨਜਰ ਬਰਸਾਤ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਸਵੱਛ ਭਾਰਤ ਅਭਿਯਾਨ ਤਹਿਤ ਨਗਰ ਕੌਂਸਲ ਦੇ ਕਾਰਜਸਾਧਕ ਅਫਸਰ ਪੁਸ਼ਪਿੰਦਰ ਕੁਮਾਰ ਦੀ ਅਗਵਾਈ ਵਿਚ ਸ਼ਹਿਰ ਦੀ ਸਫਾਈ ਲਈ ਜ਼ੋਰਦਾਰ ਅਭਿਯਾਨ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੁਹਿੰਮ ਦੇ ਤਹਿਤ ਕਸਬੇ ਦੀਆਂ ਗਲੀਆਂ ਮੁਹੱਲਿਆਂ ਵਿਚ ਸਫਾਈ ਸੇਵਕਾਂ ਦੀ ਤੈਨਾਤੀ ਕੀਤੀ ਗਈ ਹੈ। ਘਰਾਂ ਦਾ ਕੂੜਾ ਘਰੋ-ਘਰੀ ਜਾ ਕੇ ਇਕੱਠਾ ਕਰਨ ਲਈ ਚਾਰ ਗੱਡੀਆਂ ਅਤੇ ਦੋ ਟ੍ਰਾਲੀਆਂ ਦੀ ਵਿਵਸਥਾ ਕੀਤੀ ਗਈ ਹੈ। ਪੁਸ਼ਪਿੰਦਰ ਕੁਮਾਰ ਕਾਰਜ ਸਾਧਕ ਅਫਸਰ ਨੇ 'ਨਵਾਂ ਜ਼ਮਾਨਾ' ਨਾਲ ਗੱਲ ਕਰਦਿਆਂ ਦੱਸਿਆ ਕਿ ਕਰੀਬ 70 ਸਫਾਈ ਸੇਵਕ ਇਸ ਕੰਮ ਲਈ ਤੈਨਾਤ ਕੀਤੇ ਗਏ ਹਨ, ਜੋ ਸ਼ਹਿਰ ਦੀ 22 ਹਜ਼ਾਰ ਦੀ ਅਬਾਦੀ, 4500 ਘਰਾਂ ਅਤੇ ਕਰੀਬ 1800 ਦੁਕਾਨਾਂ ਦੀ ਸਫਾਈ ਦੀ ਜ਼ਿੰਮੇਵਾਰੀ ਕੁਸ਼ਲਤਾ ਪੂਰਵਕ ਨਿਭਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਕੂੜੇ ਨੂੰ ਇੱਕ ਡੰਪ 'ਤੇ ਸੁੱਟਿਆ ਜਾਂਦਾ ਹੈ। ਕੂੜੇ ਨੂੰ ਮਸ਼ੀਨਾਂ ਰਾਹੀਂ ਪ੍ਰੋਸੈਸ ਕਰਕੇ ਉਸ ਦੀ ਕੰਪੋਸਟ ਖਾਦ ਤਿਆਰ ਕੀਤੀ ਜਾਂਦੀ ਹੈ ਜੋ ਲੋੜਵੰਦਾਂ ਨੂੰ ਬਹੁਤ ਹੀ ਵਾਜਬ ਕੀਮਤ 'ਤੇ ਦਿੱਤੀ ਜਾਂਦੀ ਹੈ। ਕਰੀਬ 24 ਹਜ਼ਾਰ ਟਨ ਕੂੜੇ ਵਿਚੋਂ 9 ਹਜ਼ਾਰ ਟਨ ਕੂੜਾ ਪ੍ਰੋਸੈਸ ਕਰ ਲਿਆ ਗਿਆ ਹੈ, ਜੋ ਕਿ ਆਪਣੇ ਆਪ ਵਿਚ ਨਗਰ ਕੌਂਸਲ ਦੀ ਵੱਡੀ ਉਪਲਬਧੀ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਕੋਲ ਸਟਾਫ ਦੀ ਘਾਟ ਹੈ ਕਰੀਬ 25 ਹੋਰ ਸੇਵਕਾਂ ਦੀ ਲੋੜ ਹੈ। ਕਸਬੇ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਦੇ ਸਿੱਟੇ ਵਜੋਂ ਕਰੀਬ 25 ਮਾਰਖੰਡ ਸਾਨ੍ਹਾਂ ਨੂੰ ਕਾਬੂ ਕਰਕੇ ਸਰਕਾਰੀ ਗਊਸ਼ਾਲਾ ਬੁਰਜ ਪਵਾਤ ਦੇ ਸਪੁਰਦ ਕੀਤਾ ਗਿਆ ਹੈ। ਅਵਾਰਾ ਕੁੱਤਿਆਂ ਸੰਬੰਧੀ ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਸ਼ਹਿਰ ਵਾਸੀਆਂ ਨੂੰ ਅਵਾਰਾ ਕੁੱਤਿਆ ਤੋਂ ਨਿਜਾਤ ਦਿਵਾਉਣ ਲਈ ਪਸ਼ੂ ਵਿਭਾਗ ਨਾਲ ਮਿਲ ਕੇ ਕੁੱਤਿਆਂ ਦੀ ਸਟਰਲਾਈਜੇਸ਼ਨ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ। ਸਵੱਛ ਭਾਰਤ ਅਭਿਯਾਨ ਤਹਿਤ ਲੋਕਾਂ ਨੂੰ ਪਲਾਸਟਿਕ ਦੀ ਵਰਤੋਂ ਕਰਨ ਦੇ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਮੁਹਿੰਮ ਦੇ ਤਹਿਤ ਸੈਨੀਟਰੀ ਦੇ ਇੰਚਾਰਜ ਸਿਕੰਦਰ ਸਿੰਘ ਬਾਠ ਦੀ ਅਗਵਾਈ ਵਿਚ ਸ਼ਹਿਰ ਦੇ ਦੁਕਾਨਦਾਰਾਂ ਅਤੇ ਰੇੜ੍ਹੀਆਂ, ਫੜ੍ਹੀਆਂ ਵਾਲਿਆਂ ਦੀ ਪਲਾਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕਰਨ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ ਗਿਆ, ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਗਏ ਅਤੇ ਉਹਨਾਂ ਦੇ ਪਲਾਸਟਿਕ ਦੇ ਲਿਫਾਫੇ ਜ਼ਬਤ ਕੀਤੇ ਗਏ। ਕਾਰਜ ਸਾਧਕ ਅਫਸਰ ਨੇ ਦੱਸਿਆ ਕਿ ਸਵੱਛ ਭਾਰਤ ਅਭਿਯਾਨ ਤਹਿਤ ਹੀ ਨਗਰ ਕੌਂਸਲ ਨੇ ਇੱਕ ਆਰ ਆਰ ਆਰ (ਰਿਡਿਯੂਸ, ਰੀ-ਯੂਜ਼, ਰੀ-ਸਾਈਕਲ) ਸਕੀਮ ਦੀ ਸ਼ੁਰੂਆਤ ਕੀਤੀ ਹੈ ਜਿਸ ਦੇ ਤਹਿਤ ਘਰਾਂ ਵਿਚ ਵਾਧੂ ਪਏ ਕੱਪੜੇ, ਬੱਚਿਆਂ ਦੇ ਖਿਡੌਣੇ, ਪੁਰਾਣੇ ਬੈਗ, ਜੁੱਤੀਆਂ, ਕਿਤਾਬਾਂ ਅਤੇ ਇਲੈਕਟ੍ਰੌਨਿਕਸ ਦਾ ਸਮਾਨ ਲੋਕਾਂ ਨੂੰ ਦਫਤਰ ਵਿਚ ਜਮ੍ਹਾ ਕਰਵਾਉਣ ਦੀ ਅਪੀਲ ਕੀਤੀ ਗਈ ਹੈ ਤਾਂ ਜੋ ਇਹ ਸਮਾਨ ਕਿਸੇ ਲੋੜਵੰਦ ਦੇ ਕੰਮ ਆ ਸਕੇ।

# ਡੁਬਈ ਵਿਖੇ ਅੰਤਰਰਾਸ਼ਟਰੀ ਸਿੱਖਿਆ ਸੰਮੇਲਨ 4 ਜੂਨ ਨੂੰ : ਡਾ. ਜਗਜੀਤ ਧੂਰੀ



**ਧੂਰੀ (ਰਾਜੇਸ਼ਵਰ ਪਿੰਟੂ)**-ਆਪਣਾ ਪੰਜਾਬ ਫਾਊਂਡੇਸ਼ਨ ਜੋ ਕਿ ਸਿਹਤ, ਸਿੱਖਿਆ ਅਤੇ ਵਾਤਾਵਰਨ ਦੀ ਸੰਭਾਲ ਨੂੰ ਲੈ ਕੇ ਕੰਮ ਕਰ ਰਹੀ ਹੈ, ਵੱਲੋਂ 4 ਜੂਨ ਨੂੰ ਡੁਬਈ ਵਿਖੇ ਹੋਟਲ ਹਯਾਤ ਵਿੱਚ ਅੰਤਰਰਾਸ਼ਟਰੀ ਸਿੱਖਿਆ ਸੰਮੇਲਨ ਕਰਵਾਇਆ ਜਾ ਰਿਹਾ ਹੈ। ਫਾਊਂਡੇਸ਼ਨ ਅਤੇ ਫੈਡਰੇਸ਼ਨ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਦੱਸਿਆ ਕਿ ਇਸ ਸੰਮੇਲਨ ਵਿੱਚ 140 ਸਿੱਖਿਆ ਸ਼ਾਸਤਰੀ ਅਤੇ ਚਿੰਤਕ ਭਾਗ ਲੈ ਰਹੇ ਹਨ ਜੋ ਕਿ ਕੈਨੇਡਾ, ਆਸਟਰੇਲੀਆ, ਯੂ.ਐਸ.ਏ., ਡੁਬਈ ਅਤੇ ਭਾਰਤ ਤੋਂ ਹਨ। ਇਹ ਸਿੱਖਿਆ ਸੰਮੇਲਨ ਵਿੱਚ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਅਤੇ ਇੰਡੀਅਨ ਮਨਿਓਰਿਟੀ ਫਾਊਂਡੇਸ਼ਨ ਸਹਿਯੋਗੀ ਹੋਣਗੇ। ਇਸ ਸੰਮੇਲਨ ਵਿੱਚ ਦੇਸ਼ਾਂ ਵਿਦੇਸ਼ਾਂ ਤੋਂ ਉੱਘੇ ਸਿੱਖਿਆ ਪ੍ਰਬੰਧਕਾਂ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਜਾਵੇਗਾ। ਇਹ ਸੰਮੇਲਨ 21ਵੀਂ ਸਦੀ ਵਿੱਚ ਦਿੱਤੀ ਜਾਣ ਵਾਲੀ ਸਿੱਖਿਆ ਦੇ ਵਿਸ਼ੇ ਨੂੰ ਲੈ ਕੇ ਹੈ। ਇਸ ਮੌਕੇ ਸ਼ੇਖ ਸੁਲਤਾਨ ਬਿਨ ਨਾਸਿਰ ਬਿਨ ਹੁਮੈਦ ਰਾਸ਼ੀਦ ਅਲਨੂਆਮੀ, ਇਨਵੈਸਟਮੈਂਟ, ਐੱਲ.ਐੱਲ.ਸੀ. ਡੁਬਈ, ਜਤਿੰਦਰ ਵੈਦਿਯਾ, ਪ੍ਰਧਾਨ, ਇੰਡੀਅਨ ਪਿਊਪਲਜ਼ ਫੋਰਮ, ਯੂ.ਏ.ਈ., ਸ. ਸੁਰਿੰਦਰ ਸਿੰਘ ਕੰਧਾਰੀ, ਚੇਅਰਮੈਨ, ਗੁਰੂ ਨਾਨਕ ਦਰਬਾਰ, ਗੁਰਦੁਆਰਾ ਅਤੇ ਚੇਅਰਮੈਨ ਐਲਡੋਬੋਵੀ ਗਰੁੱਪ ਅਤੇ ਸ਼੍ਰੀ ਵਿਵੇਕ ਓਬਰਾਇ, ਇੰਡੀਅਨ ਐਕਟਰ ਵਿਸ਼ੇਸ਼ ਮਹਿਮਾਨ ਹੋਣਗੇ। ਇਸ ਸੰਮੇਲਨ ਤੋਂ ਇਲਾਵਾ ਇੰਡੀਅਨ ਮਨਿਓਰਿਟੀ ਫਾਊਂਡੇਸ਼ਨ ਵੱਲੋਂ ਡੁਬਈ ਚੈਪਟਰ ਫਾਊਂਡੇਸ਼ਨ ਦੇ ਕਨਵੀਨਰ ਸਤਨਾਮ ਸਿੰਘ ਸੰਧੂ ਦੀ ਸਰਪ੍ਰਸਤੀ ਹੇਠ ਸ਼ੁਰੂ ਕੀਤਾ ਜਾਵੇਗਾ। ਇੱਕ ਵਿਸ਼ੇਸ਼ ਮੀਟਿੰਗ ਉਪਰੰਤ ਆਪਣਾ ਪੰਜਾਬ ਫਾਊਂਡੇਸ਼ਨ ਦੇ ਡਾਇਰੈਕਟਰ ਸੰਜੇ ਗੁਪਤਾ, ਭੁਪਿੰਦਰ ਸਿੰਘ, ਸੰਜੀਵ ਸੈਣੀ ਅਤੇ ਅਨਿਲ ਮਿੱਤਲ ਨੇ ਜਾਣਕਾਰੀ ਦਿੱਤੀ ਕਿ ਸੰਮੇਲਨ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਉਮੀਦ ਹੈ ਕਿ ਇਹ ਸੰਮੇਲਨ ਦੇ ਚੰਗੇ ਸਿੱਟੇ ਨਿਕਲਣਗੇ।

# ਚਾਰ ਸਾਹਿਤਕ ਸਭਾਵਾਂ ਵੱਲੋਂ ਸਾਂਝੀ ਇਕੱਤਰਤਾ, ਤਿੰਨ ਮਤੇ ਪ੍ਰਵਾਨ

**ਬਠਿੰਡਾ (ਬਖਤੌਰ ਢਿੱਲੋਂ)**-ਸਾਹਿਤ ਕਲਾ ਤਾਲਮੇਲ ਕਮੇਟੀ ਵੱਲੋਂ ਕਹਾਣੀਕਾਰ ਅਤਰਜੀਤ ਹੁਰਾਂ ਦੇ ਸੱਦੇ 'ਤੇ ਚਾਰ ਸਾਹਿਤਕ ਸੰਸਥਾਵਾਂ ਦੇ ਪ੍ਰਤੀਨਿਧ ਲੇਖਕ ਇੱਕਤ ਹੋਏ। ਇਸ ਇਕੱਤਰਤਾ 'ਚ ਅਤਰਜੀਤ ਨੇ ਪਬਲਿਕ ਲਾਇਬ੍ਰੇਰੀ ਬਠਿੰਡਾ ਨੂੰ ਮੌਜੂਦਾ ਸਥਾਨ ਤੋਂ ਹਟਾਉਣ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਦਿੱਲੀ ਵਿੱਚ ਪਹਿਲਵਾਨ ਬੱਚੀਆਂ ਦੇ ਆਪਣੀ ਅਸਮਤ ਉੱਪਰ ਹੋਏ ਮੁਜਰਮਾਨਾ ਹਮਲਿਆਂ ਵਿਰੁੱਧ ਚੱਲ ਰਹੇ ਸੰਘਰਸ਼ ਦੀ ਹਮਾਇਤ ਦਾ ਏਜੰਡਾ ਰੱਖਿਆ। ਪੰਜਾਬ ਦੇ ਸਿਰਮੌਰ ਨਾਟਕਕਾਰ ਮਰਹੂਮ ਭਾਅ ਜੀ ਗੁਰਸ਼ਰਨ ਸਿੰਘ ਦੀ ਬੇਟੀ ਡਾ: ਨਵਸ਼ਰਲ ਕੌਰ ਨੂੰ ਈ ਡੀ ਵੱਲੋਂ ਨਜਾਇਜ਼ ਪ੍ਰੇਸ਼ਾਨ ਕਰਨ ਅਤੇ ਮਨੀ ਲਾਂਡਰਿੰਗ ਜਿਹੇ ਕੇਸ ਵਿੱਚ ਉਲਝਾਉਣ ਦੀ ਕੋਸ਼ਿਸ਼ ਅਤੇ ਬਲੋੜੀ ਪੁੱਛਗਿੱਛ ਦਾ ਨੋਟਿਸ ਲਿਆ ਗਿਆ। ਤਿੰਨੇ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਸ਼ਾਮਲ ਲੇਖਕਾਂ ਨੇ ਕਿਹਾ ਕਿ ਦੇਸ਼ ਭਗਤ ਸੱਤਪਾਲ ਆਜ਼ਾਦ ਦੀ ਯਾਦ ਵਿੱਚ 1938 ਵਿੱਚ ਸਥਾਪਤ ਹੋਈ ਲਾਇਬ੍ਰੇਰੀ ਨੂੰ ਉਸ ਜਗ੍ਹਾ ਤੋਂ ਹਟਾਇਆ ਜਾਣਾ ਲੇਖਕ ਬਰਦਾਸ਼ਤ ਨਹੀਂ ਕਰਨਗੇ। ਜੇ ਪ੍ਰਸ਼ਾਸਨ ਨੇ ਆਪਣਾ ਹੁਕਮ ਵਾਪਸ ਲੈਣ ਦਾ ਲਿਖਤੀ ਭਰੋਸਾ ਨਾ ਦਿੱਤਾ ਤਾਂ ਲੇਖਕ ਵੱਡਾ ਸੰਘਰਸ਼ ਕਰਨ ਲਈ ਤਿਆਰ ਹੋਣਗੇ। ਮੀਟਿੰਗ ਵਿੱਚ ਸਭਾਵਾਂ ਦੇ ਪ੍ਰਮੁੱਖ ਵਿਅਕਤੀਆਂ ਵਿੱਚ ਰਣਬੀਰ ਰਾਣਾ, ਸੁਰਿੰਦਰਪ੍ਰੀਤ ਘਣੀਆ, ਰਣਜੀਤ ਗੌਰਵ, ਤਰਸੇਮ ਬਸ਼ਰ, ਜਸਕਰਨ ਸਿੰਘ ਜਸ, ਭੁਪਿੰਦਰ ਸੰਧੂ, ਕਾਮਰੇਡ ਜਰਨੈਲ ਸਿੰਘ ਭਾਈਰੂਪਾ, ਦਿਲਬਾਗ ਸਿੰਘ, ਹਰਭੁਪਿੰਦਰ ਲਾਡੀ, ਰਮੇਸ਼ ਗਰਗ ਤੇ ਜਗਨ ਨਾਥ ਆਦਿ ਸ਼ਾਮਲ ਸਨ।

# ਸੀ ਜੇ ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਨੇ ਸਿਵਲ ਹਸਪਤਾਲ ਵਿਖੇ ਨਸ਼ਾ ਵਿਰੋਧੀ ਸੈਂਟਰ ਦਾ ਕੀਤਾ ਦੌਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਰਾਜ ਕੁਮਾਰ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਦੀ ਰਹਿਨੁਮਾਈ ਹੇਠ ਸ੍ਰੀਮਤੀ ਹਰਪ੍ਰੀਤ ਕੌਰ, ਸਿਵਲ ਜੱਜ ਸੀਨੀਅਰ ਡਵੀਜ਼ਨ-ਸੀ.ਜੇ.ਐੱਮ-ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਜ਼ਿਲ੍ਹਾ ਸਿਵਲ ਹਸਪਤਾਲ, ਸ੍ਰੀ ਮੁਕਤਸਰ ਸਾਹਿਬ ਵਿਖੇ ਚੱਲ ਰਹੇ ਨਸ਼ਾ ਵਿਰੋਧੀ ਸੈਂਟਰ ਦਾ ਦੌਰਾ ਕੀਤਾ ਗਿਆ। ਡਾ. ਭੁਪਿੰਦਰਜੀਤ ਕੌਰ, ਐੱਸ.ਐੱਮ.ਓ. (ਡੀ.ਐੱਚ) ਦੀ ਅਗਵਾਈ ਹੇਠ ਡਾ. ਰਾਹੁਲ ਜਿੰਦਲ, ਮਨੋਵਿਗਿਆਨਕ ਅਤੇ ਉਨ੍ਹਾਂ ਦੀ ਟੀਮ ਵੱਲੋਂ ਸਿਵਲ ਹਸਪਤਾਲ ਵਿਖੇ ਦਾਖਲ ਮਰੀਜ਼ਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇਸ ਮੌਕੇ ਸੀ.ਜੇ.ਐੱਮ. ਵੱਲੋਂ ਦਾਖਲ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਸ਼ੇ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਦਾ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਪਰਿਵਾਰ ਵੀ ਪ੍ਰਭਾਵਿਤ ਹੁੰਦਾ ਹੈ। ਜੇਕਰ ਆਪ ਨੂੰ ਕਿਸੇ ਕਿਸਮ ਦੀ ਕਾਨੂੰਨੀ ਸਹਾਇਤਾ/ਸਲਾਹ ਜਾਂ ਹੋਰ ਕਿਸੇ ਕਿਸਮ ਦੀ ਸਹਾਇਤਾ ਦੀ ਜਰੂਰਤ ਹੈ ਤਾਂ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਨਾਲ ਸੰਪਰਕ ਕਰ ਸਕਦਾ ਹੈ। ਸਿਵਲ ਹਸਪਤਾਲ ਦੇ ਡਾਕਟਰ ਨੇ ਵਿਸ਼ਵਾਸ ਦਿਵਾਇਆ ਕਿ ਕਾਫੀ ਮਰੀਜ਼ ਠੀਕ ਹੋ ਕੇ ਆਪਣੇ ਪਰਵਾਰ ਵਿੱਚ ਸਹੀ ਸਲਾਮਤ ਰਹਿ ਰਹੇ ਹਨ ਅਤੇ ਭਵਿੱਖ ਵਿੱਚ ਵੀ ਜਿਹੜੇ ਮਰੀਜ਼ ਰਹਿ ਗਏ ਹਨ, ਉਹ ਵੀ ਜਲਦੀ ਹੀ ਠੀਕ ਹੋ ਕੇ ਵਧੀਆ ਸਮਾਜ ਦੀ ਸਿਰਜਣਾ ਕਰਨ ਲਈ ਯਤਨਸ਼ੀਲ ਹੋਣਗੇ।

# ਜ਼ਿਲ੍ਹਾ ਰੁਜ਼ਗਾਰ ਬਿਊਰੋ ਵਿਖੇ 30 ਤੇ 31 ਨੂੰ ਲੱਗੇਗਾ ਰੁਜ਼ਗਾਰ ਕੈਂਪ

**ਮੋਗਾ (ਅਮਰਜੀਤ ਬੱਬਰੀ)**

ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਮੋਗਾ ਬੇਰੋਜ਼ਗਾਰ ਨੌਜਵਾਨਾਂ ਲਈ ਸਹਾਈ ਹੋਣ ਵਾਲੀਆਂ ਗਤੀਵਿਧੀਆਂ ਲਗਾਤਾਰ ਚਲਾ ਰਿਹਾ ਹੈ। ਇਨ੍ਹਾਂ ਗਤੀਵਿਧੀਆਂ ਵਿੱਚ ਜਾਗਰੂਕਤਾ ਗਤੀਵਿਧੀਆਂ, ਰੋਜ਼ਗਾਰ ਮੇਲੇ, ਸਵੈ ਰੋਜ਼ਗਾਰ ਸਹਾਇਤਾ ਕੈਂਪ ਆਦਿ ਸ਼ਾਮਿਲ ਹਨ। ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਫ਼ਸਰ ਮੋਗਾ ਪਰਮਿੰਦਰ ਕੌਰ ਨੇ ਦੱਸਿਆ ਕਿ ਰੋਜ਼ਗਾਰ ਬਿਊਰੋ ਮੋਗਾ ਹੁਣ 30 ਮਈ ਨੂੰ ਸਵੇਰੇ 10 ਵਜੇ ਇੱਕ ਰੋਜ਼ਗਾਰ ਮੇਲੇ ਦਾ ਆਯੋਜਨ ਕਰਵਾ ਰਿਹਾ ਹੈ। ਜ਼ਿਲ੍ਹਾ ਰੋਜ਼ਗਾਰ ਦਫ਼ਤਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਚਨਾਬ-ਜਿਹਲਮ ਬਿਲਡਿੰਗ, ਤੀਜੀ ਮੰਜ਼ਿਲ, ਮੋਗਾ ਵਿਖੇ ਸਥਿਤ ਹੈ। ਇਸ ਰੋਜ਼ਗਾਰ ਮੇਲੇ ਵਿੱਚ ਗ੍ਰੈਜੂਏਟ/ਪੋਸਟ ਗ੍ਰੈਜੂਏਟ ਪ੍ਰਾਰਥੀ (ਲੜਕੇ/ਲੜਕੀਆਂ) ਭਾਗ ਲੈ ਸਕਦੇ ਹਨ। ਇਸ ਤੋਂ ਇਲਾਵਾ ਮਿਤੀ 31 ਮਈ ਨੂੰ ਸਵੇਰੇ 10:30 ਵਜੇ ਵੀ ਇੱਕ ਰੋਜ਼ਗਾਰ ਕੈਂਪ ਦਾ ਆਯੋਜਨ ਹੋ ਰਿਹਾ ਹੈ ਜਿਸ ਵਿੱਚ ਵੱਖ ਵੱਖ ਨਾਮੀ ਕੰਪਨੀਆਂ ਭਾਗ ਲੈ ਕੇ ਸਿੱਖਿਆਰਥੀਆਂ ਦੀ ਚੋਣ ਇੰਟਰਵਿਊ ਜ਼ਰੀਏ ਕਰਨਗੀਆਂ। ਇਸ ਕੈਂਪ ਵਿੱਚ ਅਨਪੜ੍ਹ, 5ਵੀਂ, 8ਵੀਂ, 10ਵੀਂ, 12ਵੀਂ, ਆਈ.ਟੀ.ਆਈ. ਪਾਸ, ਮਿਗ ਵੈਲਡਰ, ਸੀ.ਐਸ.ਸੀ./ਵੀ.ਐਮ.ਸੀ. ਓਪਰੇਟਰ, ਕੁਆਲਿਟੀ ਇੰਸਪੈਕਟਰ, ਇਲੈਕਟ੍ਰੀਸ਼ੀਅਨ (ਸਿਰਫ਼ ਲੜਕੇ) ਪ੍ਰਾਰਥੀ ਭਾਗ ਲੈ ਸਕਦੇ ਹਨ। ਸ਼ਰਤ ਇਹ ਹੈ ਕਿ ਇਹ ਨੌਕਰੀ ਲੁਧਿਆਣਾ ਵਿਖੇ ਰਹਿ ਕੇ ਕਰਨੀ ਪਵੇਗੀ ਅਤੇ ਇਸ ਵਿੱਚ 18 ਤੋਂ 40 ਸਾਲ ਦੇ ਉਮੀਦਵਾਰ ਯੋਗ ਹਨ। ਇਸ ਮੇਲੇ ਵਿੱਚ ਪ੍ਰਾਰਥੀ ਆਪਣੇ ਨਾਲ ਆਪਣਾ ਰਜ਼ਿਊਮ ਲੈ ਕੇ ਆਉਣ ਅਤੇ ਵਧੇਰੇ ਜਾਣਕਾਰੀ ਲਈ 62392-66860 'ਤੇ ਸੰਪਰਕ ਵੀ ਕੀਤਾ ਜਾ ਸਕਦਾ ਹੈ।

# ਸਤਿੰਦਰ ਜੈਨ ਨੂੰ ਜ਼ਮਾਨਤ ਮਿਲਣ 'ਤੇ ਵਲੰਟੀਅਰਾਂ ਨੇ ਮਨਾਈ ਖੁਸ਼ੀ



**ਜਗਰਾਉਂ (ਅਮਿਤ ਖੰਨਾ)**-ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਦੇ ਸਿਹਤ ਮੰਤਰੀ ਸਤਿੰਦਰ ਜੈਨ ਨੂੰ ਮਾਣਯੋਗ ਕੋਰਟ ਤੋਂ ਜ਼ਮਾਨਤ ਮਿਲਣ ਦੀ ਖੁਸ਼ੀ ਵਿੱਚ ਹਲਕਾ ਜਗਰਾਉਂ ਦੇ ਜੁਝਾਰੂ ਵਲੰਟੀਅਰਾਂ ਨੇ ਅੱਜ ਮਠਿਆਈ ਵੰਡੀ ਅਤੇ ਹਲਕਾ ਵਿਧਾਇਕ ਬੀਬੀ ਸਰਵਜੀਤ ਕੌਰ ਮਾਣੂੰਕੇ ਦਾ ਮੂੰਹ ਮਿੱਠ ਕਰਵਾਇਆ। ਇਸ ਮੌਕੇ ਸਮੂਹ ਵਲੰਟੀਅਰਾਂ ਨੂੰ ਵਧਾਈ ਦਿੰਦਿਆਂ ਬੀਬੀ ਮਾਣੂੰਕੇ ਨੇ ਆਖਿਆ ਕਿ ਚੰਦ 'ਤੇ ਚਿੱਕੜ ਸੁੱਟਣ ਨਾਲ ਚੰਦ ਕਦੇ ਵੀ ਗੰਦਾ ਨਹੀਂ ਹੁੰਦਾ, ਸਗੋਂ ਦੂਜਿਆਂ 'ਤੇ ਚਿੱਕੜ ਸੁੱਟਣ ਵਾਲੇ ਖੁਦ ਲਿੱਬੜ ਜਾਂਦੇ ਹਨ ਅਤੇ ਜਿੱਤ ਹਮੇਸ਼ਾ ਸਚਾਈ ਦੀ ਹੀ ਹੁੰਦੀ ਹੈ। ਉਹਨਾਂ ਆਖਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਜਾਣਬੁੱਝ ਕੇ ਆਮ ਆਦਮੀ ਪਾਰਟੀ ਦੇ ਆਗੂਆਂ ਉਪਰ ਝੂਠੇ ਦੋਸ਼ ਲਗਾ ਕੇ ਬਦਨਾਮ ਕਰਨ ਵਿੱਚ ਲੱਗੀ ਹੋਈ ਹੈ, ਤਾਂ ਜੋ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਹਿਲਾਂ ਆਮ ਆਦਮੀ ਪਾਰਟੀ ਦਾ ਲੋਕਾਂ ਵਿੱਚੋਂ ਅਧਾਰ ਖਤਮ ਕੀਤਾ ਜਾ ਸਕੇ ਅਤੇ ਲੋਕ ਸਭਾ ਚੋਣਾਂ ਸੌਖੇ ਢੰਗ ਨਾਲ ਜਿੱਤੀਆਂ ਜਾ ਸਕਣ। ਪਰੰਤੂ ਭਾਜਪਾ ਦੇ ਮਨਸੂਬੇ ਕਿਸੇ ਵੀ ਕੀਮਤ ਉਪਰ ਕਾਮਯਾਬ ਨਹੀਂ ਹੋਣਗੇ ਅਤੇ ਦੇਸ਼ ਦੇ ਲੋਕਾਂ ਕੋਲੋਂ ਭਾਜਪਾ ਨੂੰ ਮੂੰਹ ਦੀ ਖਾਣੀ ਪਵੇਗੀ। ਬੀਬੀ ਮਾਣੂੰਕੇ ਨੇ ਆਖਿਆ ਕਿ ਮੋਦੀ ਸਰਕਾਰ ਈ.ਡੀ. ਅਤੇ ਸੀ.ਬੀ.ਆਈ.ਨੂੰ ਆਪਣੇ ਹਥਿਆਰ ਬਣਾ ਕੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਨਿਸ਼ਾਨਾ ਬਣਾ ਰਹੀ ਹੈ ਅਤੇ ਕਦੇ ਦਿੱਲੀ ਦੇ ਬੇਹੱਦ ਇਮਾਨਦਾਰ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਬਦਨਾਮ ਕਰ ਰਹੀ ਹੈ, ਕਦੇ ਸਿਹਤ ਮੰਤਰੀ ਸਤਿੰਦਰ ਜੈਨ ਨੂੰ ਅਤੇ ਕਦੇ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਅਰਵਿੰਦ ਕੇਜਰੀਵਾਲ ਨੂੰ ਉਲਝਾਉਣ ਦੇ ਯਤਨ ਕਰ ਰਹੀ ਹੈ ਅਤੇ ਦੇਸ਼ ਅੰਦਰ ਡਰ ਦਾ ਮਹੌਲ ਬਣਾਇਆ ਜਾ ਰਿਹਾ ਹੈ। ਇਸ ਮੌਕੇ ਬਲਾਕ ਪ੍ਰਧਾਨ ਨਿਰਭੈ ਸਿੰਘ ਕਮਾਲਪੁਰਾ, ਐਡਵੋਕੇਟ ਕਰਮ ਸਿੰਘ ਸਿੱਧੂ, ਇੰਦਰਜੀਤ ਸਿੰਘ ਲੰਮੇ, ਕਾਕਾ ਕੋਠੇ ਅੱਠ ਚੱਕ, ਸੁਭਾਸ਼ ਸ਼ਰਮਾ, ਸਨੀ ਬਤਰਾ, ਨੋਨੀ ਸੈਂਭੀ, ਤਰਸੇਮ ਸਿੰਘ ਹਠੂਰ, ਡਾ.ਜਗਦੇਵ ਸਿੰਘ ਗਿੱਦੜਵਿੰਡੀ, ਚੇਅਰਮੈਨ ਹਰਜਿੰਦਰ ਸਿੰਘ, ਗੁਰਦੇਵ ਸਿੰਘ ਬਾਰਦੇਕੇ ਆਦਿ ਹਾਜ਼ਰ ਸਨ।

# ਬਾਬਾ ਫਰੀਦ ਪਬਲਿਕ ਸਕੂਲ ਦੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਰਹੇ ਮੋਹਰੀ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫਰੀਦ ਦੀ ਅਪਾਰ ਬਖਸ਼ਿਸ਼, ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਕੁਲਦੀਪ ਕੌਰ ਦੀ ਅਗਵਾਈ ਹੇਠ ਚੱਲ ਰਹੀ ਫਰੀਦਕੋਟ ਜ਼ਿਲ੍ਹੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਬਾਬਾ ਫਰੀਦ ਪਬਲਿਕ ਸਕੂਲ, ਫਰੀਦਕੋਟ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ-ਪੱਧਰੀ ਲਿਖਣ ਅਤੇ ਕਲਾ ਮੁਕਾਬਲੇ ਵਿੱਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰ ਕੇ ਆਪਣਾ, ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਨਾਂ ਮੁਕਾਬਲਿਆਂ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਅਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸੰਸਥਾ ਦੇ ਪ੍ਰਿੰਸੀਪਲ ਕੁਲਦੀਪ ਕੌਰ ਨੇ ਦੱਸਿਆ ਕਿ ਨਹਿਰੂ ਯੁਵਾ ਕੇਂਦਰ ਵੱਲੋਂ ਕਰਵਾਏ ਗਏ ਵੱਖ-ਵੱਖ ਕਲਾਤਮਿਕ ਮੁਕਾਬਲਿਆ ਵਿੱਚ ਬਾਬਾ ਫਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਕਵਿਤਾ, ਭਾਸਣ ਅਤੇ ਪੇਂਟਿੰਗ ਮੁਕਾਬਲਿਆਂ ਵਿੱਚ ਮੋਹਰੀ ਸਥਾਨ ਹਾਸਲ ਕੀਤੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਕਵਿਤਾ ਰਚਨਾ ਮੁਕਾਬਲਿਆ ਵਿੱਚ ਸਕੂਲ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਖੁਸ਼ਦੀਪ ਕੌਰ ਨੇ ਪਹਿਲਾ ਅਤੇ ਗਿਆਰਵੀਂ ਜਮਾਤ ਦੀ ਵਿਦਿਆਰਥਣ ਕਿਰਨਜੀਤ ਕੌਰ ਨੇ ਦੂਜਾ ਸਥਾਨ ਹਾਸਲ ਕਰਕੇ ਸਮੁੱਚੇ ਫਰੀਦਕੋਟ ਜ਼ਿਲ੍ਹੇ ਵਿੱਚ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਭਾਸਣ ਮੁਕਾਬਲਿਆਂ ਵਿੱਚ ਗਿਆਰਵੀਂ ਜਮਾਤ ਦੀ ਵਿਦਿਆਰਥਣ ਮਾਨਵਜੀਤ ਕੌਰ ਨੇ ਦੂਜਾ ਅਤੇ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਜਸਲੀਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੀ ਪੇਂਟਿੰਗ ਮੁਕਾਬਲਿਆਂ ਵਿੱਚ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਜੈਸਮੀਨ ਕੌਰ ਨੇ ਦੂਜਾ ਅਤੇ ਗੁਰਸ਼ਾਨ ਸਿੰਘ ਨੇ ਤੀਜਾ ਸਥਾਨ ਹਾਸਲ ਕਰਕੇ ਬੇਹੱਦ ਅਹਿਮ ਪ੍ਰਾਪਤੀਆਂ ਕੀਤੀਆਂ ਹਨ। ਇਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ ਨੇ ਟਰਾਫੀ ਅਤੇ ਸਰਟੀਫਿਕੇਟ ਨਾਲ ਪ੍ਰੋਗਰਾਮ ਦੌਰਾਨ ਸਨਮਾਨਿਤ ਕੀਤਾ। ਜ਼ਿਕਰਯੋਗ ਹੈ ਕਿ ਇਹਨਾਂ ਮੁਕਾਬਲਿਆਂ ਵਿਚ ਜ਼ਿਲੇ ਦੇ ਬਹੁਤ ਸਾਰੇ ਸਕੂਲਾਂ ਨੇ ਸ਼ਮੂਲੀਅਤ ਕੀਤੀ, ਜਿਨ੍ਹਾਂ ਵਿੱਚੋਂ ਬਾਬਾ ਫਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਮੋਹਰੀ ਸਥਾਨ ਹਾਸਿਲ ਕਰਕੇ ਨਾਮਣਾ ਖੱਟਿਆ। ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਕੁਲਦੀਪ ਕੌਰ ਵੱਲੋਂ ਵਿਦਿਆਰਥੀਆਂ ਨੂੰ ਸਵੇਰੇ ਦੀ ਪ੍ਰਾਰਥਨਾ ਸਭਾ ਵਿੱਚ ਉਤਸ਼ਾਹਿਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਵੱਲੋਂ ਵਿਸ਼ੇਸ਼ ਤੌਰ ਤੇ ਇਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਆਪਣਾ ਅਸ਼ੀਰਵਾਦ ਦਿੰਦਿਆਂ ਸਨਮਾਨਿਤ ਕੀਤਾ ਗਿਆ। ਖਾਲਸਾ ਨੇ ਇਨਾਂ ਜੇਤੂ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਬਾਬਾ ਫਰੀਦ ਪਬਲਿਕ ਸਕੂਲ ਦੇ ਹੋਣਹਾਰ ਵਿਦਿਆਰਥੀਆਂ 'ਤੇ ਉਨ੍ਹਾਂ ਨੂੰ ਬੇਹੱਦ ਫਖਰ ਹੈ, ਜਿਨ੍ਹਾਂ ਨੇ ਆਪਣੀ ਸਾਹਿਤਕ ਅਤੇ ਕਲਾਤਮਿਕ ਸੂਝਬੂਝ ਦਾ ਖੂਬਸੂਰਤ ਅਤੇ ਉੱਤਮ ਕਲਾ ਦਾ ਪ੍ਰਗਟਾਵਾ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਉਨਾਂ ਨੇ ਪ੍ਰਿੰਸੀਪਲ ਕੁਲਦੀਪ ਕੌਰ ਦੀ ਯੋਗ ਅਗਵਾਈ ਹੇਠ ਇਨਾਂ ਵਿਦਿਆਰਥੀਆਂ ਨੂੰ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਅਤੇ ਮਾਪਿਆਂ ਦਾ ਵਿਸ਼ੇਸ ਤੌਰ 'ਤੇ ਧੰਨਵਾਦ ਕੀਤਾ।

# ਤਰਕਸ਼ੀਲਾਂ ਨੇ ਸ ਸ ਸ ਸਕੂਲ ਤੁੰਗਾਂ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ



**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੁੰਗਾਂ ਵਿਖੇ ਇੱਕ ਸਿਖਿਆਦਾਇਕ, ਤਰਕਸ਼ੀਲ ਪ੍ਰੋਗਰਾਮ ਦਿੱਤਾ। ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਤੇ ਚਰਨ ਕਮਲ ਸਿੰਘ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਲਾਈਲੱਗਤਾ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੌਸ਼ਨੀ ਵਿੱਚ ਆਉਣ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਵਿਗਿਆਨਕ ਚੇਤਨਾ ਤੇ ਨੈਤਿਕ ਕਦਰਾਂ ਕੀਮਤਾਂ ਅਪਣਾ ਕੇ ਆਪਣੀ ਸ਼ਖ਼ਸੀਅਤ ਨੂੰ ਵਿਕਸਤ ਕਰਨਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਹਿੰਮਤ ਲਗਨ ਲਗਾਤਾਰਤਾ ਦੇ ਨਾਲ ਕੀ, ਕਿਉਂ, ਕਿਵੇਂ, ਕਿੱਥੇ, ਕਦੋਂ ਆਦਿ ਗੁਣ ਜਿਹੜੇ ਹਰ ਵਰਤਾਰੇ ਦੀ ਸੱਚਾਈ ਦੀ ਤਹਿ ਤੱਕ ਜਾਣ ਲਈ ਜ਼ਰੂਰੀ ਹੁੰਦੇ ਹਨ, ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਵਰਤਾਰੇ ਦੇ ਕਾਰਨ ਜਾਨਣਾ ਹੀ ਤਰਕਸ਼ੀਲਤਾ ਹੈ। ਉਨ੍ਹਾਂ ਦੱਸਿਆ ਕਿ ਪ੍ਰੀਖਿਆ ਵਿੱਚ 6ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ, ਇਸ ਵਾਰੀ ਕਲਾਸ ਅਨੁਸਾਰ ਮੈਰਿਟ ਬਣਾਈ ਜਾਵੇਗੀ। ਸਿਲੇਬਸ ਦੀ ਕਿਤਾਬ ਉਪਲਬਧ ਹੈ, ਸਕੂਲ ਵਿੱਚ ਆਪਣੀ ਰਜਿਸਟ੍ਰੇਸ਼ਨ ਕਰਾ ਕੇ ਕਿਤਾਬ ਪ੍ਰਾਪਤ ਕੀਤੀ ਜਾ ਸਕਦੀ ਹੈ। ਸਿਰਫ਼ ਕਿਤਾਬ ਦੀ ਕੀਮਤ ਲਈ ਜਾਵੇਗੀ। ਭਾਗ ਲੈਣ ਵਾਲੇ ਹਰ ਵਿਦਿਆਰਥੀ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਜਾਵੇਗਾ। ਸੂਬਾ ਪੱਧਰ 'ਤੇ ਹਰ ਜਮਾਤ ਵਿੱਚ ਪਹਿਲੇ ਤਿੰਨ ਸਥਾਨਾਂ 'ਤੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਤੇ ਪੜ੍ਹਨ ਸਮੱਗਰੀ ਨਾਲ, ਇਕਾਈ ਤੇ ਜ਼ੋਨ ਪੱਧਰ 'ਤੇ ਜੇਤੂ ਵਿਦਿਆਰਥੀਆਂ ਨੂੰ ਵਧੀਆ ਪੜ੍ਹਨ ਸਮੱਗਰੀ ਨਾਲ ਸਨਮਾਨਤ ਕੀਤਾ ਜਾਵੇਗਾ। ਪ੍ਰਿੰਸੀਪਲ ਪਰਮਜੀਤ ਸਿੰਘ ਨੇ ਸਕੂਲ ਵਿੱਚ ਪਹੁੰਚਣ ਲਈ ਤਰਕਸ਼ੀਲ ਆਗੂਆਂ ਜੀ ਆਇਆਂ ਕਹਿੰਦਿਆਂ ਤੇ ਵਿਦਿਆਰਥੀਆਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੱਦਾ ਦਿੰਦਿਆਂ, ਵਿਗਿਆਨਕ ਵਿਚਾਰ ਅਪਨਾਉਣ ਦਾ ਸੁਨੇਹਾ ਲੈ ਕੇ ਵਿਦਿਆਰਥੀਆਂ ਦੇ ਰੂ-ਬ-ਰੂ ਹੋਣ ਲਈ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ।

# ਸੁੰਦਰ ਲਿਖਾਈ ਮੁਕਾਬਲਿਆਂ 'ਚ ਜਹਾਂਗੀਰ ਸਕੂਲ ਮੋਹਰੀ



**ਧੂਰੀ (ਸੁਖਦੇਵ ਧੂਰੀ)**-ਸੈਂਟਰ ਪੱਧਰੀ ਸਹਿ ਵਿੱਦਿਅਕ ਮੁਕਾਬਲਿਆਂ ਦੀ ਲੜੀ ਨੂੰ ਅੱਗੇ ਤੋਰਦਿਆਂ ਪੰਜਾਬੀ ਸੁੰਦਰ ਲਿਖਾਈ ਦੇ ਮੁਕਾਬਲੇ ਸੈਂਟਰ ਸਕੂਲ ਜਹਾਂਗੀਰ ਵਿਖੇ ਸੀ ਐਚ ਟੀ ਜਸਵੀਰ ਸਿੰਘ ਗਿੱਲ ਦੀ ਅਗਵਾਈ ਵਿੱਚ ਕਰਾਏ ਗਏ ਮੁਕਾਬਲਿਆਂ ਦੀ ਸ਼ੁਰੂਆਤ ਪਿੰਡ ਦੇ ਸਰਪੰਚ ਪਰਵਿੰਦਰ ਪਾਲ ਸਿੰਘ ਕਾਕਾ ਦੁਆਰਾ ਕਰਾਈ ਗਈ ਅਤੇ ਸੀਐਚਟੀ ਦੁਆਰਾ ਕਰਾਏ ਜਾ ਰਹੇ ਉੱਦਮ ਦੀ ਸ਼ਲਾਘਾ ਕੀਤੀ। ਸੈਂਟਰ ਦੇ ਦਸ ਸਕੂਲਾਂ ਦੇ ਵਿਦਿਆਰਥੀਆਂ ਨੇ ਜੂਨੀਅਰ ਤੇ ਸਬ ਜੂਨੀਅਰ ਦੇ ਦੋ ਗਰੁੱਪਾਂ ਵਿੱਚ ਭਾਗ ਲਿਆ।

ਇਨ੍ਹਾਂ ਮੁਕਾਬਲਿਆਂ ਨੂੰ ਸੁਚਾਰੂ ਢੰਗ ਨਾਲ ਕਰਾਉਣ ਦੀ ਜ਼ਿੰਮੇਵਾਰੀ ਵੰਦਨਾ ਮਿੱਤਲ ਬੱਬਨਪੁਰ ਅਤੇ ਸੁਖਜੀਤ ਕੌਰ ਦੌਲਤਪੁਰ ਨੇ ਨਿਭਾਈ ਇਹ ਮੁਕਾਬਲੇ ਕਲਮ ਨਾਲ ਤੇ ਜੈਲ ਪੈਨ ਨਾਲ ਦੋ ਵੰਨਗੀਆਂ ਤਹਿਤ ਕਰਵਾਏ ਗਏ। ਕਲਮ ਵੰਨਗੀ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਜਹਾਂਗੀਰ ਬੱਚਿਆਂ ਪਹਿਲਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਮੱਲੂਮਾਜਰਾ ਦੇ ਬੱਚਿਆਂ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰਾਂ ਜੈੱਲ ਪੈੱਨ ਵੰਨਗੀ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਬੱਲਮਗੜ ਦੇ ਬੱਚਿਆਂ ਨੇ ਪਹਿਲਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਜਹਾਂਗੀਰ ਦੇ ਬੱਚਿਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਨਿਹਮਤ ਕੌਰ, ਸੁਖਦੀਪ ਕੌਰ ਐਚ.ਟੀ, ਹਰਵਿੰਦਰ ਪਾਲ, ਪ੍ਰਕਾਸ਼ ਸਿੰਘ, ਦਲਵਾਰਾ ਸਿੰਘ ਨੇ ਸੈਂਟਰ ਮੁਖੀ ਦੀ ਅਗਵਾਈ ਵਿੱਚ ਜੇਤੂ ਬੱਚਿਆਂ ਨੂੰ ਇਨਾਮ ਦਿੱਤੇ। ਜੁਲਾਈ ਮਹੀਨੇ ਵਿੱਚ ਹੋਣ ਵਾਲੇ ਦਸਤਾਰਬੰਦੀ ਮੁਕਾਬਲਿਆਂ ਲਈ ਮਿਹਨਤ ਕਰਨ ਲਈ ਪ੍ਰੇਰਣਾ ਦਿੱਤੀ।

# ਐੱਮ ਜੀ ਐੱਮ ਸਕੂਲ ਵਿਖੇ ਯੁਵਾ ਉਤਸਵ ਪ੍ਰੋਗਰਾਮ ਕਰਾਇਆ

## ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਤੇ ਖੇਡ ਮੰਤਰਾਲੇ ਦੇ ਨਹਿਰੂ ਯੁਵਾ ਕੇਂਦਰ ਵੱਲੋਂ ਐੱਮ.ਜੀ.ਐੱਮ. ਸੀਨੀਅਰ ਸੈਕੰਡਰੀ ਸਕੂਲ ਵਿਖੇ ਜ਼ਿਲ੍ਹਾ ਪੱਧਰੀ ਯੁਵਾ ਉਤਸਵ ਪ੍ਰੋਗਰਾਮ ਕੀਤਾ ਗਿਆ। ਸਮਾਗਮ ਵਿੱਚ ਫਰੀਦਕੋਟ ਦੇ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਜੋਤੀ ਜਗਾਉਣ ਦੀ ਰਸਮ ਅਦਾ ਕਰਕੇ ਕੀਤੀ ਗਈ। ਸਮਾਗਮ ਨੂੰ ਸੰਬੋਧਨ ਕਰਦਿਆਂ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ ਨੇ ਕਿਹਾ ਕਿ ਨਵੀਂ ਪਨੀਰੀ ਨੂੰ ਜੀਵਨ 'ਚ ਤਰੱਕੀ ਕਰਨ ਤੇ ਅੱਗੇ ਵਧਣ ਲਈ ਇਹੋ ਜਿਹੇ ਪ੍ਰੋਗਰਾਮ ਕਰਵਾਉਣਾ ਇੱਕ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾ ਕਿਹਾ ਕਿ ਨੌਜਵਾਨਾਂ ਨੂੰ ਪੂਰੀ ਤਨਦੇਹੀ ਨਾਲ ਮਿਹਨਤ ਕਰਨੀ ਚਾਹੀਦੀ ਹੈ, ਤਾਂ ਹੀ ਸਫਲਤਾ ਦਾ ਰਾਹ ਪੱਧਰਾ ਹੋ ਸਕਦਾ ਹੈ। ਇਸ ਦੌਰਾਨ ਕੀਤੀਆਂ ਗਈਆਂ ਸੱਭਿਆਚਾਰਕ ਪੇਸ਼ਕਾਰੀਆਂ ਦੀ ਵੀ ਸਾਂਸਦ ਵੱਲੋਂ ਜੰਮ ਕੇ ਤਾਰੀਫ ਕੀਤੀ ਗਈ। ਐੱਮ.ਪੀ. ਮੁਹੰਮਦ ਸਦੀਕ ਨੇ ਕਿਹਾ ਕਿ ਉਹ ਨੌਜਵਾਨਾਂ ਦੇ ਚੰਗੇ ਭਵਿੱਖ ਲਈ ਰੱਬ ਅੱਗੇ ਅਰਦਾਸ ਕਰਦੇ ਹਨ ਅਤੇ ਨਾਲ ਹੀ ਉਨ੍ਹਾਂ ਪ੍ਰੋਗਰਾਮ ਕਰਵਾਉਣ ਲਈ ਆਯੋਜਕਾਂ ਨੂੰ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਅਜਿਹੇ ਪ੍ਰੋਗਰਾਮ ਨਸ਼ੇ ਦੀ ਲੱਤ ਤੋਂ ਦੂਰ ਰਹਿਣ ਦਾ ਸੁਨੇਹਾ ਦਿੰਦੇ ਹਨ। ਇਸ ਦੌਰਾਨ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਕੇਂਦਰੀ ਸੰਚਾਰ ਬਿਊਰੋ ਅੰਮ੍ਰਿਤਸਰ ਵੱਲੋਂ ਲਾਈ ਗਈ ਪ੍ਰਦਰਸ਼ਨੀ ਲੋਕਾਂ ਲਈ ਖਿੱਚ ਦਾ ਕੇਂਦਰ ਬਣੀ। ਇਸ ਪ੍ਰਦਰਸ਼ਨੀ 'ਚ ਮੁਦਰਾ ਯੋਜਨਾ, ਅਗਨੀਪਥ ਯੋਜਨਾ, ਸਕਿੱਲ ਇੰਡੀਆ ਸਣੇ ਹੋਰਨਾਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪੇਂਟਿੰਗ, ਭਾਸ਼ਣ, ਕਵਿਤਾ, ਫੋਟੋਗ੍ਰਾਫੀ ਮੁਕਾਬਲਿਆਂ ਸਣੇ ਸੱਭਿਆਚਾਰਕ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿੱਚ ਵੱਡੇ ਪੱਧਰ 'ਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਵੱਖੋ ਵੱਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਵੱਲੋਂ ਵਧਾਈ ਦਿੱਤੀ ਗਈ ਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸਕੂਲ ਦੇ ਪ੍ਰਿੰਸੀਪਲ ਨੇ ਨਹਿਰੂ ਯੁਵਾ ਕੇਂਦਰ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਹ ਪ੍ਰੋਗਰਾਮ ਸਥਾਨਕ ਵਾਸੀਆਂ ਵਿੱਚ ਨਵੀਂ ਊਰਜਾ ਦਾ ਸੰਚਾਰ ਕਰਦਿਆਂ ਤੇ ਦੇਸ਼ 'ਚ ਨੌਜਵਾਨ ਪੀੜ੍ਹੀ ਦੀ ਮਹੱਤਤਾ ਦਾ ਸੁਨੇਹਾ ਦਿੰਦਿਆਂ ਸਫਲ ਹੋ ਨਿੱਬੜਿਆ।

## ਕਰਾਟੇ ਚੈਂਪੀਅਨਸ਼ਿਪ 'ਚ ਬਰੇਟਾ ਜ਼ੋਨ ਨੇ ਮਾਰੀਆਂ ਮੱਲਾਂ



**ਬਰੇਟਾ (ਗੋਬਿੰਦ ਸ਼ਰਮਾ)**-ਬੀ ਐੱਮ ਡੀ ਸਕੂਲ ਵਿੱਚ ਕਰਾਟੇ ਐਸੋਸੀਏਸ਼ਨ ਆਫ਼ ਮਾਨਸਾ ਵੱਲੋਂ ਜ਼ਿਲ੍ਹਾ ਪੱਧਰੀ ਕਰਾਟੇ ਚੈਂਪੀਅਨਸ਼ਿਪ ਕਰਵਾਈ ਗਈ, ਜਿਸ ਵਿੱਚ 100 ਤੋਂ ਵੱਧ ਬੱਚਿਆਂ ਨੇ ਭਾਗ ਲਿਆ। ਇਸ ਚੈਂਪੀਅਨਸ਼ਿਪ ਵਿੱਚ ਸਰਦੂਲਗੜ੍ਹ, ਭੀਖੀ, ਕੋਟੜਾ, ਬੁਢਲਾਡਾ, ਬਰੇਟਾ ਬਲਾਕ ਦੇ ਵੱਖ-ਵੱਖ ਸਕੂਲਾਂ ਨੇ ਭਾਗ ਲਿਆ, ਜਿਸ ਵਿੱਚ ਬਰੇਟਾ ਜ਼ੋਨ ਜੇਤੂ ਰਿਹਾ। ਜੇਤੂ ਖਿਡਾਰੀਆਂ ਦੀ ਚੋਣ 9, 10, 11, ਜੂਨ ਨੂੰ ਹੋਣ ਵਾਲੇ ਪੰਜਾਬ ਸਟੇਟ ਕਰਾਟੇ ਚੈਂਪੀਅਨਸ਼ਿਪ ਲਈ ਹੋਈ। ਇਸ ਮੌਕੇ ਜ਼ੋਨ ਸਕੱਤਰ ਸੁਖਵਿੰਦਰ ਸਿੰਘ, ਸੰਤੋਖ ਕੁਮਾਰ ਪ੍ਰਿੰਸੀਪਲ ਕਲਪਨਾ ਚਾਵਲਾ ਸਕੂਲ ਤੇ ਮਨਿੰਦਰ ਸਿੰਘ ਪ੍ਰਧਾਨ ਕਿੱਕ ਬਾਕਸਿੰਗ ਮਾਨਸਾ ਨੇ ਪਹੁੰਚ ਕੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਚੈਂਪੀਅਨਸ਼ਿਪ ਵਿੱਚ ਵਿਸ਼ੇਸ਼ ਯੋਗਦਾਨ ਸ੍ਰੀ ਐੱਮ.ਡੀ. ਸਕੂਲ ਦੀ ਮੈਨੇਜਮੈਂਟ ਤੇ ਸਮੂਹ ਸਟਾਫ ਦਾ ਰਿਹਾ। ਕੋਚ ਅਮਨਦੀਪ ਸਿੰਘ, ਰਾਹੁਲ ਕੁਮਾਰ, ਜਗਦੀਪ ਸਿੰਘ, ਪ੍ਰਿਤਪਾਲ ਸਿੰਘ, ਅਰਸ਼ਦੀਪ ਸਿੰਘ ਤੇ ਪ੍ਰਿੰਸੀਪਲ ਸ੍ਰੀਮਤੀ ਪਰਮਿੰਦਰ ਕੌਰ, ਵਾਈਸ ਪ੍ਰਿੰਸੀਪਲ ਸ੍ਰੀਮਤੀ ਨੀਲਮ ਰਾਣੀ ਨੇ ਜੇਤੂ ਬੱਚਿਆਂ ਨੂੰ ਮੈਡਲ ਪਾ ਕੇ ਸਨਮਾਨਤ ਕੀਤਾ ਅਤੇ ਵਧਾਈ ਦਿੱਤੀ ਅਤੇ ਹੋਰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।

## ਪਬਲਿਕ ਲਾਇਬ੍ਰੇਰੀ ਨੂੰ ਮਿਲੇ ਫੰਡਾਂ 'ਚ ਕੋਈ ਘਪਲਾ ਨਹੀਂ : ਬਲਤੇਜ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਨਗਰ ਨਿਗਮ ਬਠਿੰਡਾ ਵੱਲੋਂ 75 ਸਾਲ ਪੁਰਾਣੀ ਪਬਲਿਕ ਲਾਇਬ੍ਰੇਰੀ ਨੂੰ 31 ਮਈ ਤੱਕ ਖਾਲੀ ਕਰਨ ਦੇ ਦਿੱਤੇ ਨੋਟਿਸ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਨਿਗਮ ਵੱਲੋਂ ਭੇਜੇ ਇਸ ਨੋਟਿਸ ਵਿਰੁੱਧ ਸ਼ੁੱਕਰਵਾਰ ਨੂੰ ਬਠਿੰਡਾ ਜ਼ਿਲ੍ਹੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਇਕਜੁੱਟ ਹੋ ਕੇ ਨਿਗਮ ਦੀ ਇਸ ਕਾਰਵਾਈ ਦਾ ਵਿਰੋਧ ਕਰਦਿਆਂ ਇਸ ਨੂੰ ਤਾਨਾਸ਼ਾਹੀ ਫਰਮਾਨ ਕਰਾਰ ਦਿੱਤਾ ਹੈ। ਪਬਲਿਕ ਲਾਇਬ੍ਰੇਰੀ ਦੇ ਪ੍ਰਬੰਧਕਾਂ ਤੋਂ ਇਲਾਵਾ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਮੰਗ ਉਠਾਈ ਹੈ ਕਿ ਸ਼ਹਿਰ ਦੀ ਸਭ ਤੋਂ ਪੁਰਾਣੀ ਪਬਲਿਕ ਲਾਇਬ੍ਰੇਰੀ ਦਾ ਮਸਲਾ ਹੱਲ ਕੀਤਾ ਜਾਵੇ, ਤਾਂ ਜੋ ਲਾਇਬ੍ਰੇਰੀ ਨੂੰ ਬਚਾਇਆ ਜਾ ਸਕੇ। ਇਸ ਮੌਕੇ ਕਾਂਗਰਸੀ ਆਗੂ ਕਿਰਨਜੀਤ ਸਿੰਘ ਗਹਿਰੀ, ਸੀ ਪੀ ਆਈ ਆਗੂ ਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਤੇ 'ਆਪ' ਦੇ ਕੌਂਸਲਰ ਸੁਖਦੀਪ ਸਿੰਘ ਢਿੱਲੋਂ ਹਾਜ਼ਰ ਸਨ। ਬੀਤੇ ਸ਼ੁੱਕਰਵਾਰ ਲਾਇਬ੍ਰੇਰੀ ਦੇ ਕਾਰਜਕਾਰੀ ਪ੍ਰਧਾਨ ਬਲਤੇਜ ਸਿੰਘ, ਜ਼ਿਲ੍ਹਾ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਰਾਜਨ ਗਰਗ, ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਐਡਵੋਕੇਟ ਹਰਪਾਲ ਸਿੰਘ, 'ਆਪ' ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅੰਮ੍ਰਿਤ ਲਾਲ ਅਗਰਵਾਲ ਆਦਿ ਦੀ ਤਰਫ਼ੋਂ ਮੀਟਿੰਗ ਕੀਤੀ ਗਈ। ਨਿਗਮ ਨੇ ਪਬਲਿਕ ਲਾਇਬ੍ਰੇਰੀ ਦੇ ਫੰਡਾਂ 'ਚ ਬੇਨਿਯਮੀਆਂ ਦੇ ਦੋਸ਼ ਲਾਏ ਹਨ ਅਤੇ ਜ਼ਮੀਨ ਦੀ ਲੀਜ਼ ਫੀਸ ਜਮ੍ਹਾਂ ਨਾ ਕਰਵਾਉਣ ਦੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ। ਪਬਲਿਕ ਲਾਇਬ੍ਰੇਰੀ ਕਮੇਟੀ ਦੇ ਪ੍ਰਧਾਨ ਬਲਤੇਜ ਸਿੰਘ ਅਤੇ ਜਨਰਲ ਸਕੱਤਰ ਕੁਲਦੀਪ ਢੀਂਡਸਾ ਨੇ ਕਿਹਾ ਕਿ ਨਿਗਮ ਅਧਿਕਾਰੀਆਂ ਵੱਲੋਂ ਕੀਤੇ ਜਾ ਰਹੇ ਦਾਅਵੇ ਤੱਥਾਂ ਦੇ ਉਲਟ ਹਨ। ਉਨ੍ਹਾਂ ਦੱਸਿਆ ਕਿ ਲਾਇਬ੍ਰੇਰੀ ਦੀ ਸ਼ੁਰੂਆਤ ਆਜ਼ਾਦੀ ਘੁਲਾਟੀਆਂ ਨੇ 1938 ਵਿੱਚ ਕੀਤੀ ਸੀ ਅਤੇ ਮੌਜੂਦਾ ਇਮਾਰਤ 1954 ਵਿੱਚ ਬਣਾਈ ਗਈ ਸੀ, ਜੋ ਕਿ 1840 ਵਰਗ ਗਜ਼ ਵਿੱਚ ਸਥਿਤ ਹੈ। ਲਾਇਬ੍ਰੇਰੀ ਦੇ ਨਾਲ-ਨਾਲ ਅਜਿਹੀਆਂ ਦੁਕਾਨਾਂ ਵੀ ਹਨ, ਜਿਨ੍ਹਾਂ ਦਾ ਕਿਰਾਇਆ ਲਾਇਬ੍ਰੇਰੀ ਦਾ ਖਰਚਾ ਪੂਰਾ ਕਰਦਾ ਹੈ। ਇਹ ਜ਼ਮੀਨ ਪਹਿਲਾਂ ਨਗਰ ਕੌਂਸਲ ਅਤੇ ਬਾਅਦ ਵਿੱਚ ਨਗਰ ਨਿਗਮ ਵੱਲੋਂ ਸਮੇਂ-ਸਮੇਂ 'ਤੇ 1840 ਗਜ਼ ਲੀਜ਼ 'ਤੇ ਦਿੱਤੀ ਗਈ ਸੀ। ਦੂਜੇ ਪਾਸੇ ਕੌਂਸਲ ਨੇ 2003 ਅਤੇ 2004 ਵਿੱਚ ਐਸ ਡੀ ਐਮ ਦੀ ਅਦਾਲਤ ਵਿੱਚ ਕੇਸ ਦਾਇਰ ਕੀਤਾ, ਜਿਸ ਵਿੱਚ 2006 ਵਿੱਚ ਲਾਇਬ੍ਰੇਰੀ ਦੇ ਹੱਕ ਵਿੱਚ ਫੈਸਲਾ ਸੁਣਾਇਆ ਗਿਆ ਅਤੇ ਉਦੋਂ ਤੋਂ 1840 ਗਜ਼ ਦੀ ਲੀਜ਼ 2015 ਤੱਕ ਜਾਰੀ ਹੈ। ਇਸ ਲੀਜ਼ ਨੂੰ ਵਧਾਉਣ ਲਈ ਲਾਇਬ੍ਰੇਰੀ ਵੱਲੋਂ ਨਗਰ ਨਿਗਮ ਨੂੰ ਸਮੇਂ-ਸਮੇਂ 'ਤੇ ਬੇਨਤੀਆਂ ਕੀਤੀਆਂ ਗਈਆਂ ਹਨ, ਜਿਸ ਦੇ ਸੰਬੰਧ 'ਚ ਨਿਗਮ ਨੇ ਲਾਇਬ੍ਰੇਰੀ ਦੀ ਲੀਜ਼ ਨੂੰ 2015 ਤੋਂ 2018 ਤੱਕ ਅਤੇ 2018 ਤੋਂ 2021 ਤੱਕ ਏਜੰਡਾ ਨੰਬਰ 21 ਮਿਤੀ 23-06-2021 ਨੂੰ ਵਧਾਉਣ ਲਈ ਪਾਸ ਕੀਤਾ ਅਤੇ ਦੁਕਾਨਾਂ 'ਤੇ ਸਬ-ਕਮੇਟੀ ਬਣਾਈ ਗਈ, ਜਿਸ ਦੀ ਅੱਜ ਤੱਕ ਮੀਟਿੰਗ ਨਹੀਂ ਹੋਈ। ਇਸੇ ਤਰ੍ਹਾਂ 3 ਜਨਵਰੀ 2022 ਦੀ ਤਜਵੀਜ਼ ਰਾਹੀਂ ਲਾਇਬ੍ਰੇਰੀ ਦੀ ਇਮਾਰਤ ਦੀ ਲੀਜ਼ ਨੂੰ 2024 ਤੱਕ ਵਧਾ ਕੇ ਦੁਕਾਨਾਂ ਦਾ ਫੈਸਲਾ ਟਾਲ ਦਿੱਤਾ ਗਿਆ। ਲਾਇਬ੍ਰੇਰੀ ਵੱਲੋਂ ਉਕਤ ਲੀਜ਼ ਆਰਡਰ ਦੀ ਰਕਮ ਨਿਗਮ ਦੇ ਖਾਤੇ ਵਿੱਚ ਜਮ੍ਹਾਂ ਕਰਵਾਈ ਗਈ ਸੀ।

ਉਨ੍ਹਾਂ ਕਿਹਾ ਕਿ ਲਾਇਬ੍ਰੇਰੀ ਕਮੇਟੀ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ, ਇਹ ਪੂਰੀ ਤਰ੍ਹਾਂ ਬੇਬੁਨਿਆਦ ਹਨ। ਹੁਣ ਤੱਕ ਇਸ ਲਾਇਬ੍ਰੇਰੀ ਨੂੰ ਪਿਛਲੇ 10 ਸਾਲਾਂ ਦੌਰਾਨ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ 10 ਲੱਖ ਰੁਪਏ ਸਰਕਾਰੀ ਗਰਾਂਟ ਵਜੋਂ ਦਿੱਤੇ ਗਏ ਸਨ, ਜਿਸ ਵਿੱਚ ਸੋਲਰ ਪਲਾਂਟ, ਨਵਾਂ ਫਰਨੀਚਰ, ਕੰਪਿਊਟਰ, ਇੰਟਰਲਾਕਿੰਗ ਟਾਈਲਾਂ, ਕਿਤਾਬਾਂ ਆਦਿ ਖਰੀਦੀਆਂ ਗਈਆਂ ਹਨ। ਹਰ ਸਾਲ ਹਰ ਪੈਸੇ ਦਾ ਹਿਸਾਬ ਲਿਆ ਜਾਂਦਾ ਹੈ ਅਤੇ ਲਾਇਬ੍ਰੇਰੀ ਨੂੰ ਆਡਿਟ ਕੀਤਾ ਜਾਂਦਾ ਹੈ। ਹਾਲਾਂਕਿ ਜੇਕਰ ਕਮਿਸ਼ਨਰ ਚਾਹੁਣ ਤਾਂ ਉਹ ਖੁਦ ਆ ਕੇ ਖਾਤਿਆਂ ਦੀ ਜਾਂਚ ਕਰ ਸਕਦੇ ਹਨ। ਉਹ ਕਿਸੇ ਵੀ ਜਾਂਚ ਲਈ ਤਿਆਰ ਹਨ। ਲਾਇਬ੍ਰੇਰੀ ਦੇ ਪ੍ਰਬੰਧਕਾਂ ਨੇ ਦੋਸ਼ ਲਾਇਆ ਕਿ ਨਿਗਮ ਕਮਿਸ਼ਨਰ ਵੱਲੋਂ ਲਾਇਬ੍ਰੇਰੀ ਦੇ ਸਾਬਕਾ ਅਹੁਦੇਦਾਰ ਦੀ ਸ਼ਹਿ 'ਤੇ ਇਹ ਕਾਰਵਾਈ ਕੀਤੀ ਜਾ ਰਹੀ ਹੈ। ਇੱਕ ਪਬਲਿਕ ਲਾਇਬ੍ਰੇਰੀ ਇੱਕ ਚੁਣੀ ਹੋਈ ਕਮੇਟੀ ਦੇ ਨਾਲ ਇੱਕ ਵਿਧਾਨਕ ਸੰਸਥਾ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਪਤਾ ਲੱਗਾ ਹੈ ਕਿ ਲਾਇਬ੍ਰੇਰੀ ਦੀ ਜਗ੍ਹਾ ਨਿਗਮ ਦੀ ਨਹੀਂ, ਸਗੋਂ ਵਕਫ ਬੋਰਡ ਦੀ ਹੈ।

## ਗੱਗੀ ਲੋਪੋ ਕਬੱਡੀ ਅਕੈਡਮੀ ਮਾਲਵਾ ਮਲੇਸ਼ੀਆ ਵੱਲੋਂ ਤੀਜਾ ਕਬੱਡੀ ਕੱਪ ਅੱਜ

**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਯੂਨਾਈਟਿਡ ਕਬੱਡੀ ਫੈਡਰੇਸ਼ਨ ਮਲੇਸ਼ੀਆ ਦੇ ਬੈਨਰ ਹੇਠ ਗੱਗੀ ਲੋਪੋ ਕਬੱਡੀ ਅਕੈਡਮੀ ਮਾਲਵਾ ਮਲੇਸ਼ੀਆ ਵੱਲੋਂ ਤੀਜਾ ਕਬੱਡੀ ਕੱਪ 28 ਮਈ ਨੂੰ ਆਰਕੂਆਲਾ ਅੰਪਾਂਗ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਵਿਚ ਪਹਿਲਾ ਇਨਾਮ ਕੱਪ ਤੇ 2100, ਦੂਜਾ ਇਨਾਮ ਕੱਪ ਤੇ 1500 ਤੇ ਬੈਸਟ ਨੂੰ 300-300 ਰਿੰਗਿਟ ਤੇ ਕੱਪ ਦਿੱਤੇ ਜਾਣਗੇ। ਜਿਸ ਵਿੱਚ ਫੈਡਰੇਸ਼ਨ ਦੇ ਪੰਜਾਂ ਕਲੱਬਾਂ ਦੀਆਂ ਟੀਮਾਂ ਦੇ ਖਿਡਾਰੀ ਆਪਣੀ ਖੇਡ ਦੇ ਜੌਹਰ ਦਿਖਾਉਣਗੇ। ਇਹ ਜਾਣਕਾਰੀ ਸਾਂਝੀ ਕਰਦਿਆਂ ਗੱਗੀ ਲੋਪੋ ਕਬੱਡੀ ਕਲੱਬ ਦੇ ਪ੍ਰਧਾਨ ਬਚੀ ਬਾਈ ਗੰਗਣਵਾਲਾ ਨੇ ਦੱਸਿਆ ਕਿ ਇਸ ਕਬੱਡੀ ਕੱਪ 'ਤੇ ਮੁੱਖ ਮਹਿਮਾਨ ਵਜੋਂ ਤੁਆਨ ਨਦੇਸ਼ੇਨ ਮੈਂਬਰ ਮਜਲਿਸ ਐਮ ਪੀ ਏ ਜੇ (ਜੇ ਕੇ ਪੀ ਸੀ ਨੇ 6) ਪਹੁੰਚ ਰਹੇ ਹਨ ਤੇ ਨਾਲ ਹੀ ਪੰਜਾਬੀ ਲੋਕ ਗਾਇਕ ਕੁਲਦੀਪ ਚੱਠਾ ਤੇ ਮੰਚਾ ਸਿੰਘ ਪਾਲੀਆਂ ਵੀ ਆਪਣੀ ਗਾਇਕੀ ਨਾਲ ਦਰਸ਼ਕਾਂ ਦੇ ਰੂਬਰੂ ਹੋਣਗੇ, ਪੰਜਾਬੀ ਗੀਤਕਾਰ ਤੇ ਬੁਲਾਰਾ ਮੱਟ ਸ਼ੇਰੋਂ ਵਾਲਾ ਦਰਸ਼ਕਾਂ ਨਾਲ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕਰੇਗਾ ਤੇ ਪੰਜਾਬੀ ਫ਼ਿਲਮੀ ਅਦਾਕਾਰ ਅਮਰੀਕ ਦਿਓਲ ਵੀ ਉਚੇਚੇ ਤੌਰ 'ਤੇ ਪਹੁੰਚ ਰਿਹਾ ਹੈ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਹ ਕਬੱਡੀ ਕੱਪ ਚੇਅਰਮੈਨ ਹਰਦੀਪ ਸਿੰਘ ਸੋਢੀ ਰਾਣੀਪੁਰ ਦੀ ਨਿਗਰਾਨੀ ਹੇਠ ਪ੍ਰਧਾਨ ਪ੍ਰੀਤ ਢਿੱਲਵਾਂ, ਉੱਪ ਪ੍ਰਧਾਨ ਸੀਰਾ ਸਰਾਂਵਾਂ, ਮੁੱਖ ਸਕੱਤਰ ਸਾਹੀ ਮਲੇਸ਼ੀਆ, ਸਹਾਇਕ ਸਕੱਤਰ ਰਾਣਾ ਅਸਨ ਸਮੁੰਦੜਾ, ਖਜ਼ਾਨਚੀ ਬਿੱਟੂ ਬਠਿੰਡਾ, ਸਹਾਇਕ ਖਜ਼ਾਨਚੀ ਮਨਦੀਪ ਬਠਿੰਡਾ, ਇੰਚਾਰਜ ਗਰਾਊਂਡ ਯਾਸਿਰ ਗੁੱਜਰ ਤੇ ਮੁੱਖ ਸਲਾਹਕਾਰ ਗੁਰੂ ਟੈਟੂ ਆਰਟਿਸਟ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

## ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ 'ਮਿਸ਼ਨ ਲਾਈਫ਼' ਪ੍ਰੋਗਰਾਮ 'ਚ ਸ਼ਿਰਕਤ



**ਲੁਧਿਆਣਾ (ਰੈਕਟਰ ਕਥੂਰੀਆ)**- ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਬੀਬੀ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਆਯੋਜਤ 'ਮਿਸ਼ਨ ਲਾਈਫ਼' ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਗਈ, ਜਿਸ ਵਿੱਚ ਹਲਕਾ ਦੱਖਣੀ ਦੇ ਉਦਯੋਗਪਤੀ ਵੀ ਮੌਜੂਦ ਸਨ। ਇਸ ਦੌਰਾਨ ਉਦਯੋਗਪਤੀਆਂ ਨੂੰ ਆ ਰਹੀਆਂ ਮੁਸ਼ਕਲਾਂ ਵੀ ਸੁਣੀਆਂ ਗਈਆਂ ਤੇ ਉਨ੍ਹਾਂ ਨੂੰ ਸਰਕਾਰ ਦੀਆਂ ਨਵੀਆਂ ਹਦਾਇਤਾਂ ਅਤੇ ਪਾਲਿਸੀ ਬਾਰੇ ਵੀ ਜਾਣੂ ਕਰਵਾਇਆ ਗਿਆ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਸਰਕਾਰੀ ਮੁਲਾਜ਼ਮਾਂ ਵੱਲੋਂ ਲੋਕਾਂ ਤੱਕ ਪਹੁੰਚ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਾਇਆ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਗਿਆਸਪੁਰਾ ਵਿਖੇ ਮੰਦਭਾਗੀ ਗੈਸ ਲੀਕ ਘਟਨਾ ਵਾਪਰਨ ਨਾਲ ਜਿਸ ਡਾਕਟਰ ਦੇ ਪੂਰੇ ਪਰਵਾਰ ਦੀ ਮੌਤ ਹੋ ਗਈ ਸੀ, ਦੇ ਵਾਰਸਾਂ ਨੂੰ ਮੁਆਵਜ਼ੇ ਵਜੋਂ ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਦਾ ਚੈੱਕ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪਰਵਾਰ ਨੂੰ ਜੀਆਂ ਦਾ ਘਾਟਾ ਤਾ ਅਸੀਂ ਕਦੀ ਪੂਰਾ ਨਹੀਂ ਕਰ ਸਕਦੇ, ਪਰ ਉਨ੍ਹਾਂ ਨੂੰ ਲੋੜ ਪੈਣ 'ਤੇ ਹਰ ਸੰਭਵ ਮਦਦ ਕਰਦੇ ਰਹਾਂਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ, ਜੋ ਹਰ ਵਕਤ ਲੋਕਾਂ ਲਈ ਹਾਜ਼ਰ ਹੈ।

## ਅੰਤਰਰਾਜੀ ਮੈਡੀਕਲ ਨਸ਼ਾ ਸਪਲਾਈ ਦਾ ਪਰਦਾਫਾਸ਼, 6 ਵਿਅਕਤੀ ਗ੍ਰਿਫਤਾਰ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸੀਨੀਅਰ ਕਪਤਾਨ ਪੁਲਸ ਫਤਿਹਗੜ੍ਹ ਸਾਹਿਬ ਡਾ.ਰਵਜੋਤ ਕੌਰ ਗਰੇਵਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਡੀ ਜੀ ਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਕੇਸ਼ ਯਾਦਵ ਕਪਤਾਨ ਪੁਲਸ ਇੰਨਵੈਸਟੀਗੇਸ਼ਨ ਫਤਿਹਗੜ੍ਹ ਸਾਹਿਬ ਦੀਆਂ ਹਦਾਇਤਾਂ ਅਨੁਸਾਰ ਰਮਨਦੀਪ ਸਿੰਘ ਉਪ ਕਪਤਾਨ ਪੁਲਸ (ਇੰਨਵੈਸਟੀਗੇਸ਼ਨ) ਜਿਲ੍ਹਾ ਫਤਿਹਗੜ੍ਹ ਸਾਹਿਬ ਦੀ ਨਿਗਰਾਨੀ ਹੇਠ ਇੰਸਪੈਕਟਰ ਅਮਰਬੀਰ ਸਿੰਘ ਇੰਚਾਰਜ ਸੀ.ਆਈ.ਏ ਸਰਹਿੰਦ ਦੀ ਪੁਲਸ ਟੀਮ ਨੇ ਸਹਾਰਨਪੁਰ (ਯੂ.ਪੀ) ਨਾਲ ਸੰਬੰਧਤ ਤਿੰਨ ਮੈਡੀਕਲ ਨਸ਼ਾ ਤਸਕਰ ਅਤੇ ਪੰਜਾਬ ਦੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਨਾਲ ਸੰਬੰਧਤ ਤਿੰਨ ਮੈਡੀਕਲ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 1 ਲੱਖ 4 ਹਜ਼ਾਰ 460 ਨਸ਼ੀਲੀਆਂ ਗੋਲੀਆਂ ਲੋਮੋਟਿਲ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਿਸ ਨਾਲ ਇੰਟਰਸਟੇਟ ਨਸ਼ਾ ਸਪਲਾਈ ਚੈਨ ਨੂੰ ਤੋੜਿਆ ਗਿਆ ਹੈ। ਡਾ.ਗਰੇਵਾਲ ਨੇ ਹੋਰ ਦੱਸਿਆ ਕਿ 22 ਮਈ ਨੂੰ ਸੀ.ਆਈ.ਏ ਸਰਹਿੰਦ ਦੀ ਟੀਮ ਨੇ ਮੁਕੱਦਮਾ ਨੰਬਰ 81 ਮਿਤੀ 22.05.2023 ਅਧ 220/61/85 ਥਾਣਾ ਸਰਹਿੰਦ ਵਿੱਚ ਕਥਿਤ ਦੋਸ਼ੀ ਗੁਰਮੀਤ ਸਿੰਘ ਅਤੇ ਸੁਰਿੰਦਰ ਉਰਫ ਸ਼ਿੰਦਰ ਵਾਸੀਆਨ ਸਰਹਿੰਦ ਸ਼ਹਿਰ ਨੂੰ ਥਾਣਾ ਸਰਹਿੰਦ ਏਰੀਆ ਵਿੱਚੋਂ ਕਾਬੂ ਕਰਕੇ ਉਨ੍ਹਾਂ ਪਾਸੋਂ 11460 ਗੋਲੀਆਂ ਲੋਮੋਟਿਲ ਬਰਾਮਦ ਕੀਤੀਆਂ ਗਈਆਂ। ਜਿਨ੍ਹਾਂ ਨੇ ਪੁਲਸ ਰਿਮਾਂਡ ਦੌਰਾਨ ਖੁਲਾਸਾ ਕੀਤਾ ਕਿ ਉਹ ਇਹ ਨਸ਼ੀਲੀਆਂ ਗੋਲੀਆਂ ਰਾਜ ਕੁਮਾਰ ਉਰਫ ਰਾਜੂ ਵਾਸੀ ਸਰਹਿੰਦ ਸ਼ਹਿਰ ਤੋਂ ਸਹਾਰਨਪੁਰ (ਯੂ.ਪੀ) ਤੋਂ ਮੰਗਵਾਉਂਦੇ ਹਨ। ਜਿਸ 'ਤੇ ਰਾਜ ਕੁਮਾਰ ਨੂੰ ਮੁਕੱਦਮਾ ਵਿੱਚ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ। ਰਾਜ ਕੁਮਾਰ ਨੇ ਪੁੱਛਗਿੱਛ ਦੌਰਾਨ ਇਹ ਮੰਨਿਆ ਕਿ ਉਹ ਨਸ਼ੀਲੀਆਂ ਗੋਲੀਆਂ ਸਹਰਾਨਪੁਰ (ਯੂ.ਪੀ) ਤੋਂ ਸੰਮੀ ਅਖਤਰ ਕੁਰੇਸ਼ੀ, ਅਤੇ ਮੁਜਮਿਲ ਨਾਂਅ ਦੇ ਨਸ਼ਾ ਤਸਕਰਾਂ ਪਾਸੋਂ ਲੈ ਕੇ ਆਉਂਦਾ ਹੈ, ਜਿਨ੍ਹਾਂ ਨੂੰ ਵੀ ਮੁਕੱਦਮਾ ਹਜਾ ਵਿਚ ਨਾਮਜ਼ਦ ਕਰਕੇ ਸਹਾਨਰਪੁਰ (ਯੂ.ਪੀ) ਵਿਖੇ ਸੀ.ਆਈ.ਏ ਵੱਲ ਰੇਡ ਕੀਤੀ ਗਈ ਅਤੇ ਇਨ੍ਹਾਂ ਤਿੰਨਾਂ ਦੋਸ਼ੀਆਂ ਨੂੰ ਕਾਬੂ ਕਰਕੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਕੁੱਲ 93,000 ਗੋਲੀਆਂ ਲੋਮੋਟਿਲ ਬਰਾਮਦ ਕੀਤੀਆਂ ਗਈਆਂ।

ਹੁਣ ਤੱਕ ਕੁੱਲ 1,04,460 ਨਸ਼ੀਲੀਆਂ ਗੋਲੀਆਂ ਲੋਮੋਟਿਲ ਬਰਾਮਦ ਕੀਤੀਆਂ ਗਈਆਂ ਹਨ ਅਤੇ 6 ਕਥਿਤ ਦੋਸ਼ੀ ਗ੍ਰਿਫਤਾਰ ਕੀਤੇ ਗਏ ਹਨ। ਇਹ ਸਾਰਾ ਡਰੱਗ ਰੈਕਟ ਸਹਾਰਨਪੁਰ (ਯੂ.ਪੀ) ਤੋਂ ਚੱਲ ਰਿਹਾ ਸੀ ਜਿਸ ਸੰਬੰਧੀ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ।

## ਵਿਦਿਆਰਥੀ ਕਿਸੇ ਗੱਲ ਨੂੰ ਮੰਨਣ ਤੋਂ ਪਹਿਲਾਂ ਪਰਖਣ : ਤਰਕਸ਼ੀਲ ਆਗੂ



**ਸੰਗਰੂਰ (ਪ੍ਰਵੀਨ ਸਿੰਘ)**-ਵਿਗਿਆਨਕ ਵਿਚਾਰ ਅਪਣਾਉਣ ਦਾ ਸੁਨੇਹਾ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂ ਮਾਸਟਰ ਪਰਮਵੇਦ ਤੇ ਚਰਨ ਕਮਲ ਸਿੰਘ ਐਸ ਯੂ ਐੱਸ ਸਕੂਲ ਮਹਿਲਾਂ ਪਹੁੰਚੇ। ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਸੱਦਾ ਲੈ ਕੇ ਆਉਣ ਲਈ ਸਕੂਲ ਪ੍ਰਿੰਸੀਪਲ ਸੰਦੀਪ ਨੇ ਤਰਕਸ਼ੀਲ ਆਗੂਆਂ ਦਾ ਸਵਾਗਤ ਕੀਤਾ ਤੇ ਹਾਜ਼ਰੀਨ ਨੂੰ ਆਪਣਾ ਨਜ਼ਰੀਆ ਵਿਗਿਆਨਕ ਬਣਾਉਣ ਦਾ ਸੱਦਾ ਦਿੱਤਾ। ਮਾਸਟਰ ਪਰਮਵੇਦ ਤੇ ਚਰਨ ਕਮਲ ਸਿੰਘ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਆਪਣੀ ਸੋਚ ਨੂੰ ਵੀ ਵਿਗਿਆਨਕ ਲੀਹ 'ਤੇ ਤੋਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਦੁਨੀਆ ਵਿੱਚ ਚਮਤਕਾਰ ਨਾ ਹੋ ਕੇ ਘਟਨਾਵਾਂ ਵਾਪਰਦੀਆਂ ਹਨ, ਉਨ੍ਹਾਂ ਦੇ ਕਾਰਨ ਜਾਣਨਾ ਹੀ ਤਰਕਸ਼ੀਲਤਾ ਹੈ। ਇਸ ਸਮੇਂ ਤਰਕਸ਼ੀਲ ਆਗੂਆਂ ਨੇ ਸਮੁੱਚੇ ਸੂਬੇ ਵਿਚ ਚਾਰਲਸ ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਨੂੰ ਸਮਰਪਤ ਕਰਵਾਈ ਜਾ ਰਹੀ ਚੇਤਨਾ ਪ੍ਰੀਖਿਆ ਲਈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕੀਤੀ ਤੇ ਪ੍ਰਿੰਸੀਪਲ ਸੰਦੀਪ ਤੇ ਅਧਿਆਪਕ ਸਾਹਿਬਾਨ ਨੂੰ ਚਾਰਲਸ ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਨਾਲ ਸੰਬੰਧਤ ਤੇ ਵਿਗਿਆਨਕ ਵਿਚਾਰ ਅਪਣਾਉਣ ਦੀ ਸੇਧ ਦਿੰਦੇ ਸਾਹਿਤ ਸਮੇਤ ਸਿਲੇਬਸ ਪੁਸਤਕਾਂ ਭੇਟ ਕੀਤੀਆਂ। ਤਰਕਸ਼ੀਲ ਆਗੂਆਂ ਨੇ ਤਰਕਸ਼ੀਲ ਸੁਸਾਇਟੀ ਦੀਆਂ 23 ਸ਼ਰਤਾਂ ਵਾਲੀ ਚਣੌਤੀ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਤੇ ਕਿਹਾ ਕਿ ਇੱਕ ਵੀ ਸ਼ਰਤ ਪੂਰੀ ਕਰਕੇ ਕੋਈ ਵੀ ਅਖੌਤੀ ਸਿਆਣਾ ਪੰਜ ਲੱਖ ਰੁਪਏ ਦਾ ਨਕਦ ਇਨਾਮ ਜਿੱਤ ਸਕਦਾ ਹੈ। ਲਿਫਾਫਾ ਬੰਦ ਕਰੰਸੀ ਨੋਟ ਦਾ ਨੰਬਰ ਪੜ੍ਹਨਾ ਵੀ ਇਨ੍ਹਾਂ ਵਿਚੋਂ ਇਕ ਸ਼ਰਤ ਹੈ। ਉਨ੍ਹਾਂ ਹਾਜ਼ਰੀਨ ਨੂੰ ਕਿਹਾ ਕਿ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ ਚੋਂ ਕੱਢ ਕੇ ਵਿਗਿਆਨਕ ਸੋਚ ਦੇ ਧਾਰਨੀ ਬਣਾ ਕੇ ਇੱਕ ਜਾਗਰੂਕ ਨਾਗਰਿਕ ਬਣਾਉਣਾ ਹੈ।

## ਐੱਸ ਐੱਮ ਕਾਨਵੈਂਟ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ



**ਮੱਖੂ (ਰਛਪਾਲ ਸਿੰਘ ਸੰਧੂ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 12ਵੀਂ ਕਲਾਸ ਦੇ ਨਤੀਜੇ ਵਿੱਚ ਐਸਐਮ ਕੌਨਵੈਂਟ ਪਬਲਿਕ ਸਕੂਲ ਦਾ ਨਤੀਜਾ ਸੌ ਫ਼ੀਸਦੀ ਰਹਿਣ 'ਤੇ ਸਕੂਲ ਦੇ ਸਟਾਫ਼ ਅਤੇ ਵਿਦਿਆਰਥੀਆਂ ਵਿੱਚ ਖ਼ੁਸ਼ੀ ਦੀ ਲਹਿਰ ਦੌੜੀ ਹੋਈ ਹੈ। ਸਕੂਲ ਦੀ ਵਿਦਿਆਰਥਣ ਸਨੇਹਾ ਪੁੱਤਰੀ ਨਰੇਸ਼ ਕੁਮਾਰ ਵਾਸੀ ਮੱਖੂ ਵੱਲੋਂ 95 ਫ਼ੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਦੇ ਨਾਲ-ਨਾਲ ਆਪਣੇ ਮਾਪਿਆਂ ਦਾ ਵੀ ਰੌਸ਼ਨ ਕੀਤਾ ਗਿਆ। ਸਕੂਲ ਦੇ ਐਮਡੀ ਸੰਦੀਪ ਮਲਹੋਤਰਾ, ਪ੍ਰਿੰਸੀਪਲ ਸ੍ਰੀਮਤੀ ਸੀਮਾ ਮਲਹੋਤਰਾ ਤੇ ਮੈਨੇਜਰ ਅੰਕਿਤ ਮਲਹੋਤਰਾ ਨੇ ਦੱਸਿਆ ਕਿ ਸਕੂਲ ਦੇ ਸਟਾਫ਼ ਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ 12ਵੀਂ ਕਲਾਸ ਦਾ ਨਤੀਜਾ ਸੌ ਫ਼ੀਸਦੀ ਰਿਹਾ। ਸਕੂਲ ਦੇ ਸਾਰੇ ਵਿਦਿਆਰਥੀਆਂ ਵੱਲੋਂ ਵਧੀਆਂ ਅੰਕ ਪ੍ਰਾਪਤ ਕਰਕੇ ਜਿਥੇ ਸਕੂਲ ਦਾ ਨਾਂਅ ਰੌਸ਼ਨ ਕੀਤਾ, ਉੱਥੇ ਮਾਪਿਆਂ ਦਾ ਨਾਂਅ ਵੀ ਰੌਸ਼ਨ ਕੀਤਾ ਗਿਆ। ਸਕੂਲ ਦੇ ਐਮਡੀ ਸੰਦੀਪ ਮਲਹੋਤਰਾ ਨੇ ਦੱਸਿਆ ਕਿ ਸਕੂਲ ਦੇ ਸਟਾਫ਼ ਵੱਲੋਂ ਬਹੁਤ ਵਧੀਆ ਤਰੀਕੇ ਨਾਲ ਵਿਦਿਆਰਥੀਆਂ ਨੂੰ ਪੜ੍ਹਾਈ ਕਰਾਈ ਜਾਂਦੀ ਹੈ। ਸਕੂਲ ਦੇ ਸਟਾਫ਼ ਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਹਰ ਸਾਲ ਸਕੂਲ ਦਾ ਹਰੇਕ ਕਲਾਸ ਦਾ ਨਤੀਜਾ ਸ਼ਾਨਦਾਰ ਆਉਂਦਾ ਹੈ।

## ਸ਼੍ਰੋਅਦ ਦੇ ਗਗਨਦੀਪ ਸਿੰਘ 'ਆਪ' 'ਚ ਸ਼ਾਮਲ



**ਮੋਗਾ (ਅਮਰਜੀਤ ਬੱਬਰੀ)**- ਮੁੱਖ ਮੰਤਰੀ ਭਗਵੰਤ ਮਾਨ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਮੋਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗਗਨਦੀਪ ਸਿੰਘ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਸਮਾਗਮ ਦੌਰਾਨ ਸਿਰੋਪਾਓ ਪਾ ਕੇ ਪਾਰਟੀ ਵਿੱਚ ਸ਼ਾਮਲ ਕੀਤਾ। ਸੀਨੀਅਰ ਆਗੂ ਗਗਨਦੀਪ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕਹਿਣੀ ਤੇ ਕਰਨੀ ਦੇ ਪ੍ਰਪੱਕ ਹਨ, ਉਨ੍ਹਾਂ ਪੰਜਾਬ ਦੇ ਲੋਕਾਂ ਨਾਲ ਚੋਣਾਂ ਤੋਂ ਪਹਿਲਾਂ ਜੋ ਵਆਦੇ ਕੀਤੇ ਸਨ, ਉਨ੍ਹਾਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਇਸ ਮੌਕੇ ਪਾਰਟੀ ਸੂਬਾ ਜੁਆਇੰਟ ਸਕੱਤਰ ਸੀਨੀਅਰ ਆਗੂ ਹਰਜਿੰਦਰ ਸਿੰਘ ਰੋਡੇ ਨੇ ਗਗਨਦੀਪ ਸਿੰਘ ਦਾ ਆਮ ਆਦਮੀ ਪਾਰਟੀ ਵਿਚ ਆਉਣ 'ਤੇ ਜਿੱਥੇ ਸਵਾਗਤ ਕੀਤਾ ਹੈ, ਉੱਥੇ ਕਿਹਾ ਕਿ ਗਗਨਦੀਪ ਸਿੰਘ ਦਾ ਪਾਰਟੀ ਵਿੱਚ ਆਉਣ ਨਾਲ ਜ਼ਿਲ੍ਹੇ ਭਰ ਵਿੱਚ ਆਮ ਆਦਮੀ ਪਾਰਟੀ ਹੋਰ ਮਜ਼ਬੂਤੀ ਵੱਲ ਵਧੇਗੀ। ਇਸ ਮੌਕੇ ਅਸ਼ੋਕ ਕੁਮਾਰ ਅਗਰਵਾਲ, ਹਰਜੀਤ ਸਿੰਘ, ਸਾਧੂ ਸਿੰਘ, ਜੱਜ ਸਿੰਘ, ਅਰੁਣ ਕੁਮਾਰ, ਮਨਜਿੰਦਰ ਸਿੰਘ, ਮਨਪ੍ਰੀਤ ਸਿੰਘ, ਬਹਾਦਰ ਸਿੰਘ, ਬਲਦੇਵ ਸਿੰਘ, ਅਮਰਜੀਤ ਕੌਰ, ਸਰੋਜ ਬਾਲਾ, ਪੂਜਾ ਗਰਗ, ਗੁਰਵਿੰਦਰ ਕੌਰ, ਗੋਪੀ ਸਿੰਘ, ਰਾਜਾ ਸਿੰਘ, ਬਲਜੀਤ ਸਿੰਘ ਚਾਨੀ ਤੇ ਮਿਲਾਪ ਸਿੰਘ ਆਦਿ ਹਾਜ਼ਰ ਸਨ।

## ਕੈਬਨਿਟ ਮੰਤਰੀ ਨੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



**ਮਲੋਟ (ਗੁਰਮੀਤ ਸਿੰਘ ਮੱਕੜ)**

ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਨੇ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਜਾਇਜ਼ ਮੁਸ਼ਕਲਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ।ਕੈਬਨਿਟ ਮੰਤਰੀ ਨੇ ਆਪਣੇ ਵਿਧਾਨ ਸਭਾ ਹਲਕੇ ਦੇ ਦੌਰੇ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ ਤਾਂ ਜੁ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਮਿਲ ਸਕੇ। ਇਸ ਮੌਕੇ 'ਤੇ ਉਨ੍ਹਾਂ ਮਲੋਟ ਵਿਖੇ ਲੋਕਾਂ ਦੀਆਂ ਆਮ ਜ਼ਰੂਰਤ ਜਿਵੇਂ ਪੀਣ ਵਾਲਾ ਸਾਫ ਪਾਣੀ, ਸੀਵਰੇਜ਼ ਦੀ ਸਮੱਸਿਆ, ਗਲੀਆਂ ਬਣਾਉਣ, ਗੰਦਗੀ ਦੇ ਢੇਰ ਤੇ ਬਿਜਲੀ ਨਾਲ ਸਬੰਧਤ ਲੋਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਸੁਣਿਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ।ਇਸ ਮੌਕੇ 'ਤੇ ਕੈਬਨਿਟ ਮੰਤਰੀ ਵਲੋਂ ਦੌਰੇ ਦੌਰਾਨ ਮਲੋਟ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੋਂ ਇਲਾਵਾ ਪਿੰਡ ਘੁਮਿਆਰਾ ਤੇ ਮਹਾਂਬੱਧਰ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਜਾਇਜ਼ ਸਮੱਸਿਆਵਾਂ ਦਾ ਮੌਕੇ 'ਤੇ ਹੱਲ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਲੋਕਾਂ ਦੇ ਨਾਲ ਖੜੀ ਹੈ ਅਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਸਾਰੀਆਂ ਸਮੱਸਿਆਵਾਂ ਦਾ ਜਲਦ ਹੀ ਹੱਲ ਕੀਤਾ ਜਾਵੇਗਾ।

ਇਸ ਮੌਕੇ ਬਲਕਾਰ ਸਿੰਘ ਡੀ.ਐਸ.ਪੀ, ਬਲਦੇਵ ਸਿੰਘ ਐਸ.ਡੀ.ਓ, ਰਾਕੇਸ਼ ਮੋਹਨ ਮੱਕੜ ਐਸ.ਡੀ.ਓ, ਜਸਮੀਤ ਸਿੰਘ ਬਰਾੜ ਮਲੋਟ ਪ੍ਰਧਾਨ, ਸੁਖਪਾਲ ਸਿੰਘ ਸਰਪੰਚ, ਜਗਦੇਵ ਸੰਧੂ, ਰਮੇਸ਼ ਅਰਨੀਵਾਲਾ, ਪ੍ਰਮਜੀਤ ਗਿੱਲ, ਜਗਨਨਾਥ ਸਰਮਾ, ਰਾਜੂ ਸ਼ਰਮਾ, ਗੁਰਪ੍ਰੀਤ ਸਿੰਘ ਵਿਰਦੀ ਤੋਂ ਇਲਾਵਾ ਪਤਵੰਤੇ ਵਿਅਕਤੀ ਮੌਜੂਦ ਸਨ।

## ਸਰਕਾਰੀ ਸਕੂਲ ਹਾਮਝੇੜੀ ਦੇ ਵਿਦਿਆਰਥੀ ਦਾ ਮੈਰਿਟ ਸੂਚੀ 'ਚ ਸਥਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਕਲਾਸ ਦੇ ਐਲਾਨੇ ਗਏ ਨਤੀਜਿਆਂ ਦੌਰਾਨ ਸਰਕਾਰੀ ਹਾਈ ਸਕੂਲ ਹਾਮਝੇੜੀ ਦੇ ਵਿਦਿਆਰਥੀ ਪਰਵੇਜ਼ ਅਖਤਰ ਨੇ ਮੈਰਿਟ ਲਿਸਟ ਵਿਚ ਆਪਣਾ ਨਾਂਅ ਦਰਜ ਕਰਵਾਇਆ ਹੈ। ਵਿਦਿਆਰਥੀ ਵੱਲੋਂ ਹਾਸਲ ਕੀਤੀ ਗਈ ਉਪਲਬਧੀ ਨੂੰ ਲੈ ਕੇ ਸਕੂਲ ਸਟਾਫ, ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਵਿਚ ਖੁਸ਼ੀ ਦਾ ਮਹੌਲ ਪਾਇਆ ਜਾ ਰਿਹਾ ਹੈ ਅਤੇ ਪਰਵਾਰ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਗ੍ਰਾਮ ਪੰਚਾਇਤ ਅਤੇ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਵਿਦਿਆਰਥੀ ਨੂੰ ਸਨਮਾਨਤ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਦਿਆਲਗੜ੍ਹ ਹਮਝੇੜੀ ਦੇ ਸਰਪੰਚ ਮੋਹਨ ਸਿੰਘ ਸਿੱਧੂ ਨੇ ਦੱਸਿਆ ਕਿ ਸਕੂਲ ਦੇ ਦਸਵੀਂ ਕਲਾਸ ਦੇ ਵਿਦਿਆਰਥੀ ਪਰਵੇਜ਼ ਅਖਤਰ ਪੁੱਤਰ ਤਰਸੇਮ ਨੇ 97.08 ਪ੍ਰਤੀਸ਼ਤ ਅੰਕ ਹਾਸਲ ਕਰਕੇ ਮੈਰਿਟ ਸੂਚੀ ਵਿਚ ਸਥਾਨ ਹਾਸਲ ਕੀਤਾ ਹੈ।

## ਬਾਬਾ ਈਸ਼ਰ ਸਿੰਘ ਨਾਨਕਸਰ ਸਕੂਲ ਦਾ ਨਤੀਜਾ ਸ਼ਾਨਦਾਰ



**ਕੋਟ ਈਸੇ ਖਾਂ (ਅਰੋੜਾ)**-ਸੰਤ ਬਾਬਾ ਗੁਰਜੀਤ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬਾਬਾ ਈਸ਼ਰ ਸਿੰਘ ਨਾਨਕਸਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਮੁਹਾਰ ਮੰਦਰ ਦਾ ਬਾਰਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੇ ਸਾਰੇ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰਕੇ ਪਾਸ ਹੋਏ। ਲਵਪ੍ਰੀਤ ਸਿੰਘ ਨੇ 462 ਅੰਕ ਪ੍ਰਾਪਤ ਕਰਕੇ ਪਹਿਲਾ, ਹਰਮਨਦੀਪ ਕੌਰ ਨੇ 457 ਅੰਕ ਪ੍ਰਾਪਤ ਕਰਕੇ ਦੂਜਾ ਤੇ ਬਲਜਿੰਦਰ ਕੌਰ 446 ਅੰਕ ਪ੍ਰਾਪਤ ਕਰਕੇ ਕ੍ਰਮਵਾਰ ਤੀਜਾ ਸਥਾਨ ਪ੍ਰਾਪਤ ਕੀਤਾ।

ਸਕੂਲ ਪ੍ਰਿੰਸੀਪਲ ਹਰਪ੍ਰੀਤ ਸਿੰਘ ਨੇ ਸਮੁੱਚੀ ਸਫਲਤਾ ਦਾ ਸਿਹਰਾ ਸਕੂਲ ਸਟਾਫ਼ ਦੀ ਅਣਥੱਕ ਮਿਹਨਤ ਤੇ ਸਕੂਲ ਮੈਨੇਜਮੈਂਟ ਦੀਆਂ ਅਗਵਾਹੀ ਨੀਹਾਂ ਨੂੰ ਦਿੱਤਾ। ਪ੍ਰਿੰਸੀਪਲ ਹਰਪ੍ਰੀਤ ਸਿੰਘ ਨੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਸਮੁੱਚੇ ਸਟਾਫ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਕਲਾਸ ਇੰਚਾਰਜ ਸਰਬਜੀਤ ਕੌਰ, ਵਾਈਸ ਪ੍ਰਿੰਸੀਪਲ ਬਲਜੀਤ ਕੌਰ, ਪਰਮਿੰਦਰ ਸਿੰਘ ਡੀ ਤੋਂ ਇਲਾਵਾ ਸਮੁੱਚਾ ਸਟਾਫ਼ ਹਾਜ਼ਰ ਸੀ।

## ਸ਼ਹੀਦ ਭਗਤ ਸਿੰਘ ਸਕੂਲ ਮਲਕਾਣਾ ਦੀ ਵਿਦਿਆਰਥਣ ਨੇ ਬਣਾਇਆ ਮੈਰਿਟ ਲਿਸਟ 'ਚ ਸਥਾਨ



**ਤਲਵੰਡੀ ਸਾਬੋ (ਜਗਦੀਪ ਗਿੱਲ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਜਮਾਤ ਦੇ ਐਲਾਨੇ ਗਏ ਨਤੀਜੇ ਵਿੱਚ ਸ਼ਹੀਦ ਭਗਤ ਸਿੰਘ ਸਕੂਲ ਮਲਕਾਣਾ ਦੀ ਵਿਦਿਆਰਥਣ ਨੇ ਪੰਦਰ੍ਹਵਾਂ ਰੈਂਕ ਹਾਸਲ ਕਰਕੇ ਮੈਰਿਟ ਲਿਸਟ ਵਿੱਚ ਨਾਂਅ ਦਰਜ ਕਰਵਾਇਆ ਹੈ। ਪ੍ਰਿੰਸੀਪਲ ਜਸਵੰਤ ਕੌਰ ਸਿੱਧੂ ਨੇ ਦੱਸਿਆ ਕਿ ਜਸ਼ਨਦੀਪ ਕੌਰ ਨਿਵਾਸੀ ਪਿੰਡ ਕਿਓਲ ਨੇ ਕੁੱਲ 650 ਅੰਕਾਂ ਵਿੱਚੋਂ 633 ਅੰਕ ਹਾਸਲ ਕਰਕੇ ਆਪਣਾ, ਆਪਣੇ ਮਾਪਿਆਂ ਅਤੇ ਸਕੂਲ ਸਮੇਤ ਪੂਰੇ ਇਲਾਕੇ ਦਾ ਮਾਣ ਵਧਾਇਆ ਹੈ। ਸਕੂਲ ਮੈਨੇਜਰ ਕੌਰ ਸਿੰਘ ਸਿੱਧੂ ਨੇ ਬਾਕੀ ਬੱਚਿਆਂ ਲਈ ਪ੍ਰੇਰਨਾ ਸਰੋਤ ਬਣਨ ਵਾਲੀ ਇਸ ਹੋਣਹਾਰ ਬੱਚੀ ਨੂੰ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਅਤੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ।

## ਬੇਰੁਜ਼ਗਾਰ ਪੀ ਟੀ ਆਈ ਅਧਿਆਪਕ ਯੂਨੀਅਨ ਦੇ ਆਗੂਆਂ ਵੱਲੋਂ ਸਿੱਖਿਆ ਅਧਿਕਾਰੀਆਂ ਨਾਲ ਮੀਟਿੰਗ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਨਵੀਂ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕ ਯੂਨੀਅਨ (ਪੰਜਾਬ) ਦੇ ਆਗੂਆਂ ਨੇ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੇ ਪੈਨਲ ਨਾਲ ਮੀਟਿੰਗ ਕੀਤੀ ਤੇ ਕਾਫੀ ਲੰਮਾ ਸਮਾਂ ਗੱਲਬਾਤ ਤੋਂ ਬਾਅਦ ਇਸ ਮੀਟਿੰਗ ਵਿੱਚ ਆਉਣ ਵਾਲੀ ਪੰਜਾਬ ਸਰਕਾਰ ਦੀ ਕੈਬਨਿਟ ਮੀਟਿੰਗ ਵਿੱਚ 2000 ਪੋਸਟਾਂ 'ਤੇ ਪੱਕੀ ਮੋਹਰ ਲਗਾ ਕੇ ਜਲਦੀ ਹੀ ਪੋਰਟਲ ਆਨਲਾਈਨ ਕਰਕੇ ਭਰਤੀ ਪ੍ਰਕਿਰਿਆ ਸ਼ੁਰੂ ਕਰਨ 'ਤੇ ਸਹਿਮਤੀ ਬਣੀ। ਇਸ ਸਮੇਂ ਸੂਬਾ ਪ੍ਰਧਾਨ ਅਮਨਦੀਪ ਕੰਬੋਜ ਨੇ ਕਿਹਾ ਕਿ ਜੇਕਰ ਸਿੱਖਿਆ ਵਿਭਾਗ ਵੱਲੋਂ ਇਨ੍ਹਾਂ 2000 ਪੀ.ਟੀ.ਆਈ. ਪੋਸਟਾਂ 'ਚ ਕਿਸੇ ਤਰ੍ਹਾਂ ਦੀ ਗੜਬੜੀ ਕੀਤੀ ਜਾਂਦੀ ਹੈ ਜਾਂ ਫਿਰ ਕੈਬਨਿਟ ਮੀਟਿੰਗ ਤੋਂ ਬਾਅਦ ਜਲਦੀ ਤੋਂ ਜਲਦੀ ਪੋਰਟਲ ਆਨਲਾਈਨ ਨਹੀਂ ਕੀਤਾ ਜਾਂਦਾ ਤਾਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਪੱਕਾ ਧਰਨਾ ਲਗਾਇਆ ਜਾਵੇਗਾ ਤੇ ਨਾਲ ਹੀ ਪੰਜਾਬ ਸਰਕਾਰ ਦਾ ਹਰ ਇੱਕ ਪ੍ਰੋਗਰਾਮ ਨੂੰ ਭੰਗ ਕੀਤਾ ਜਾਵੇਗਾ। ਇਸ ਮੌਕੇ ਯੂਨੀਅਨ ਦੇ ਹੋਰ ਆਗੂ ਵੀ ਮੌਜੂਦ ਸਨ।

## ਜ਼ਿਲ੍ਹਾ ਜੇਲ੍ਹ 'ਚ ਮੈਡੀਕਲ ਕੈਂਪ ਦਾ ਆਯੋਜਨ



**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਿਵਲ ਸਰਜਨ ਤੇ ਜੇਲ੍ਹ ਅਧਿਕਾਰੀਆਂ ਦੇ ਸਹਿਯੋਗ ਨਾਲ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਤੇ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਮਿਸ ਪ੍ਰੀਤੀ ਸਾਹਨੀ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਜੇਲ੍ਹ ਮਾਨਸਾ ਵਿਖੇ ਵਿਸ਼ੇਸ਼ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ, ਜਿੱਥੇ ਅੱਖਾਂ, ਸਕਿਨ, ਡੈਂਟਲ, ਗਾਇਨੀ, ਮੈਡੀਸਨ ਤੇ ਆਰਥੋ ਸਪੈਸ਼ਲਿਸਟ ਡਾਕਟਰ ਸ਼ਾਮਲ ਸਨ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਮਿਸ ਪ੍ਰੀਤੀ ਸਾਹਨੀ ਤੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਮਿਸ ਗੁਰਜੀਤ ਕੌਰ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੈਡੀਕਲ ਕੈਂਪ ਦਾ ਮੁੱਖ ਉਦੇਸ਼ ਜ਼ਿਲ੍ਹਾ ਜੇਲ੍ਹ ਵਿੱਚ ਬੰਦ ਕੈਦੀਆਂ ਤੇ ਮੁਲਜ਼ਮਾਂ ਦੀ ਸਰੀਰਕ ਤੰਦਰੁਸਤੀ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ 'ਤੇ ਇਸ ਤਰ੍ਹਾਂ ਦੇ ਮੈਡੀਕਲ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਮੌਕੇ ਜੇਲ੍ਹ ਸੁਪਰਡੈਂਟ ਸ਼੍ਰੀ ਅਰਵਿੰਦਰਪਾਲ ਭੱਟੀ, ਸ਼੍ਰੀ ਆਸ਼ੂ ਭੱਟੀ ਡਿਪਟੀ ਸੁਪਰਡੈਂਟ, ਡਾ. ਦੀਪਕ ਗਰਗ, ਮੈਡੀਕਲ ਅਫ਼ਸਰ, ਆਰਥੋ, ਐਸ.ਡੀ.ਐਚ ਬੁਢਲਾਡਾ, ਡਾ. ਨਿਸ਼ਾਂਤ ਗੁਪਤਾ, ਡੈਂਟਲ, ਸੀ.ਐਚ.ਸੀ ਖਿਆਲਾ ਕਲ੍ਹਾਂ, ਡਾ. ਸਿਵਾਲੀ, ਮੈਡੀਕਲ ਅਫਸਰ, ਗਾਇਨੀ, ਸੀ.ਐਚ.ਸੀ ਖਿਆਲਾ ਕਲਾਂ ਆਦਿ ਅਤੇ ਸਮੂਹ ਜੇਲ੍ਹ ਅਧਿਕਾਰੀ ਤੇ ਸਟਾਫ਼ ਆਦਿ ਵੀ ਮੌਜੂਦ ਸਨ।

## ਕਿੱਥੇ-ਕਿੱਥੇ ਬਿਜਲੀ ਬੰਦ ਰਹੇਗੀ

**ਲੁਧਿਆਣਾ (ਐੱਮ ਐੱਸ ਭਾਟੀਆ)**-ਪੀ ਐੱਸ ਪੀ ਸੀ ਐੱਲ ਵੱਲੋਂ ਜਾਰੀ ਪ੍ਰੈਸ ਨੋਟ ਅਨੁਸਾਰ 28 ਮਈ (ਐਤਵਾਰ) ਨੂੰ ਜ਼ਰੂਰੀ ਰੱਖ-ਰਖਾਅ ਦੇ ਕੰਮ ਕਾਰਨ 11 ਕੇ ਵੀ ਫੀਡਰ ਲੁਧਿਆਣਾ ਵਿਖੇ ਬੰਦ ਰਹਿਣਗੇ। ਜਿਸ ਕਰਕੇ ਹੇਠਲੇ ਖੇਤਰ ਪ੍ਰਭਾਵਿਤ ਰਹਿਣਗੇ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਪੀ ਐਸ ਪੀ ਸੀ ਐਲ ਦਫਤਰ ਦੇ ਨਾਲ, ਆਰ ਕੇ ਰੋਡ ਨੇੜੇ, ਟੈਕਸਟਾਈਲ ਕਲੋਨੀ, ਭਾਰਤ ਇੰਜੀਨੀਅਰਿੰਗ ਵਰਕਸ, ਜ਼ੂਮ ਹੋਟਲ ਏਰੀਆ ਦੇ ਸਾਹਮਣੇ, ਅਰਵਿੰਦ ਫੋਰਜਿੰਗ ਦੇ ਨਾਲ, ਰੇਲਵੇ ਲਾਈਨ ਏਰੀਆ ਆਦਿ, ਹਰਗੋਬਿੰਦਪੁਰਾ ਸੇਂਟ ਨੰਬਰ 1 ਤੋਂ 6, ਚੰਡੀਗੜ੍ਹ ਰੋਡ, ਟਰਾਂਸਪੋਰਟ ਨਗਰ, ਬੇਅੰਤਪੁਰਾ, ਇੰਦਰਾ ਕਾਲੋਨੀ, ਭਾਮੀਆਂ, ਬਾਲਾਜੀ ਪ੍ਰੋਸੈਸਰ, ਤਾਜਪੁਰ, ਗੁਰੂ ਨਾਨਕ ਨਗਰ, ਜੈ ਗਣੇਸ਼, ਜਵੰਦ ਐਂਡ ਸੰਨਜ਼ ਆਦਿ।

## ਗੁਰੂ ਨਾਨਕ ਕਾਲਜ ਵਿਖੇ ਕਾਨੂੰਨੀ ਜਾਗਰੂਕਤਾ ਸੈਮੀਨਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨਾਲਸਾ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਗੁਰੂ ਨਾਨਕ ਕਾਲਜ, ਸ੍ਰੀ ਮੁਕਤਸਰ ਸਾਹਿਬ ਵਿਖੇ ਕਾਨੂੰਨੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਮਿਸ ਹਰਪ੍ਰੀਤ ਕੌਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਨੇ ਕੀਤੀ। ਇਸ ਮੌਕੇ ਨਾਲਸਾ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਸੰਬੰਧੀ ਵੱਖ-ਵੱਖ ਵਿਸ਼ਿਆਂ 'ਤੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇਜਿੰਦਰ ਕੌਰ ਧਾਲੀਵਾਲ, ਪ੍ਰਿੰਸੀਪਲ, ਗੁਰੂ ਨਾਨਕ ਕਾਲਜ ਅਤੇ ਲੀਗਲ ਲਿਟਰੇਸੀ ਕਲੱਬ ਦੇ ਇੰਚਾਰਜ ਮੈਡਮ ਵੱਲੋਂ ਕਾਲਜ ਪਹੁੰਚਣ 'ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਦਾ ਹਾਰਦਿਕ ਸਵਾਗਤ ਕੀਤਾ ਗਿਆ ਅਤੇ ਬੱਚਿਆਂ ਨੂੰ ਦਿੱਤੀ ਗਈ ਜਾਣਕਾਰੀ ਸੰਬੰਧੀ ਵਿਸ਼ਵਾਸ ਦਿਵਾਇਆ ਕਿ ਇਨ੍ਹਾਂ ਸਕੀਮਾਂ ਸੰਬੰਧੀ ਬੱਚਿਆਂ ਵੱਲੋਂ ਵੱਧ ਤੋਂ ਵੱਧ ਆਮ ਲੋਕਾਂ ਤੱਕ ਸੰਦੇਸ਼ ਪਹੁੰਚਾਇਆ ਜਾਵੇਗਾ ਅਤੇ ਇਸ ਮੌਕੇ ਪ੍ਰਚਾਰ ਸਮੱਗਰੀ ਵੀ ਵੰਡੀ ਗਈ।

## 12ਵੀਂ ਦਾ ਨਤੀਜਾ ਸ਼ਾਨਦਾਰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵੱਲੋਂ ਐਲਾਨੇ 12ਵੀਂ ਸ਼੍ਰੇਣੀ ਦੇ ਨਤੀਜੇ 'ਚੋਂ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ (ਬਰਨਾਲਾ) ਦੇ ਵਿਦਿਆਰਥੀਆਂ ਨੇ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ। ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਜ਼ਿੰਦਗੀ ਦੇ ਖਾਸ ਮਕਸਦ ਵੱਲ ਵਧਦੇ ਰਹਿਣ ਲਈ ਸਖਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ। ਸੰਸਥਾ ਦੇ ਵਾਇਸ ਪ੍ਰਿੰਸੀਪਲ ਪ੍ਰਦੀਪ ਸਿੰਘ ਨੇ ਦੱਸਿਆ ਕਿ ਬਾਰ੍ਹਵੀਂ ਸ਼੍ਰੇਣੀ ਵਿੱਚੋਂ ਰਵਨੀਤ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਨੇ 94.4 ਪ੍ਰਤੀਸ਼ਤ, ਰਮਨਦੀਪ ਕੌਰ ਪੁੱਤਰੀ ਹਰਪ੍ਰੀਤ ਸਿੰਘ ਨੇ 92.8 ਪ੍ਰਤੀਸ਼ਤ ਅਤੇ ਅਰਸ਼ਦੀਪ ਕੌਰ ਪੁੱਤਰੀ ਕੁਲਵੰਤ ਸਿੰਘ ਨੇ 91.4 ਪ੍ਰਤੀਸਤ ਅੰਕ ਪ੍ਰਾਪਤ ਕਰਕੇ ਸਾਇੰਸ ਸਟਰੀਮ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਤਰਨਜੋਤ ਕੌਰ ਪੁੱਤਰੀ ਬਲਵੀਰ ਸਿੰਘ ਨੇ 91 ਪ੍ਰਤੀਸ਼ਤ, ਗਗਨਪ੍ਰੀਤ ਕੌਰ ਪੁੱਤਰੀ ਜਸਪਾਲ ਸਿੰਘ ਨੇ 90.4 ਪ੍ਰਤੀਸ਼ਤ, ਸਵੀਟੀ ਰਾਣੀ ਪੁੱਤਰੀ ਰਵੀ ਚੰਦ ਨੇ 90.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਆਰਟਸ ਸਟਰੀਮ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਕਮਲਪ੍ਰੀਤ ਕੌਰ ਪੁੱਤਰੀ ਬੂਟਾ ਸਿੰਘ ਨੇ 89.2 ਪ੍ਰਤੀਸ਼ਤ, ਬਿਪਨਪ੍ਰੀਤ ਕੌਰ ਪੁੱਤਰੀ ਸੋਹਣ ਸਿੰਘ ਨੇ 86 ਪ੍ਰਤੀਸ਼ਤ, ਬਲਕਰਨ ਸਿੰਘ ਪੁੱਤਰ ਜਗਤਾਰ ਸਿੰਘ ਨੇ 81.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਾਮਰਸ ਸਟਰੀਮ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਸੰਸਥਾ ਦੇ ਚੇਅਰਮੈਨ ਕੌਰ ਸਿੰਘ ਧਾਲੀਵਾਲ, ਐੱਮ.ਡੀ. ਸੁਖਵਿੰਦਰ ਕੌਰ ਧਾਲੀਵਾਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਦੀਆਂ ਚਣੌਤੀਆਂ ਨਾਲ ਨਜਿੱਠਣ ਲਈ ਸੁਝਾਅ ਦਿੱਤੇ। ਉਨ੍ਹਾਂ ਕਿਹਾ ਕਿ ਸਖਤ ਮਿਹਨਤ ਦੁਆਰਾ ਹੀ ਸੁਨਿਹਰਾ ਭਵਿੱਖ ਤਰਾਸ਼ਿਆ ਜਾ ਸਕਦਾ ਹੈ। ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਇਸ ਕਾਮਯਾਬੀ ਪਿੱਛੇ ਸਕੂਲ ਦੇ ਮਿਹਨਤੀ ਸਟਾਫ਼ ਦਾ ਵਡਮੁੱਲਾ ਯੋਗਦਾਨ ਹੈ ਅਤੇ ਸੰਸਥਾ ਦਾ ਪੰਜਵੀਂ ਤੇ ਅੱਠਵੀਂ ਦਾ ਨਤੀਜਾ ਵੀ 100 ਪ੍ਰਤੀਸ਼ਤ ਰਿਹਾ ਹੈ। ਇਸ ਮੌਕੇ ਅਕਾਦਮਿਕ ਇੰਚਾਰਜ ਕੁਲਦੀਪ ਸਿੰਘ ਮੰਡ, ਲਖਵੀਰ ਸਿੰਘ, ਕਮਲਜੀਤ ਸਿੰਘ, ਪਰਮਿੰਦਰ ਕੌਰ, ਹਰਪ੍ਰੀਤ ਕੌਰ, ਅਮਨਦੀਪ ਕੌਰ, ਮਨਪ੍ਰੀਤ ਕੌਰ, ਕਿਰਨਜੀਤ ਕੌਰ, ਜਸਪ੍ਰੀਤ ਕੌਰ ਤੇ ਕਮਲਪ੍ਰੀਤ ਕੌਰ ਨੇ ਵੀ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈਆਂ ਦਿੱਤੀਆਂ।

## ਹੱਡੀਆਂ 'ਚ ਕੈਲਸ਼ੀਅਮ ਦੀ ਜਾਂਚ ਲਈ ਵਿਸ਼ੇਸ਼ ਕੈਂਪ

**ਧੂਰੀ (ਸੁਖਦੇਵ ਧੂਰੀ)**-ਸ਼ਹਿਰ ਦੀ ਨਾਮੀ ਸਮਾਜ ਸੇਵੀ ਸੰਸਥਾ ਸੋਸ਼ਲ ਵੈਲਫੇਅਰ ਯੂਨਿਟ ਵੱਲੋਂ ਪ੍ਰਧਾਨ ਸਤੀਸ਼ ਕੁਮਾਰ ਗਰਗ ਸਾਬਕਾ ਕਾਰਜ ਸਾਧਕ ਅਫਸਰ ਦੀ ਯੋਗ ਅਗਵਾਈ ਹੇਠ ਹੱਡੀਆਂ ਵਿੱਚ ਕੈਲਸ਼ੀਅਮ ਦੀ ਮਾਤਰਾ ਦੀ ਜਾਂਚ ਕਰਨ ਲਈ ਇੱਕ ਵਿਸ਼ੇਸ਼ ਕੈਂਪ ਡਾ. ਰਾਕੇਸ਼ ਗਰਗ ਅਤੇ ਸਥਾਨਕ ਆਯੂਰਵੈਦਿਕ ਡਿਸਪੈਂਸਰੀ ਦੇ ਮੁਖੀ ਡਾ. ਰਵੀ ਕਾਂਤ ਮਦਾਨ ਦੇ ਸਹਿਯੋਗ ਨਾਲ ਸਥਾਨਕ ਤੇਰਾ ਪੰਥ ਜੈਨ ਸਭਾ ਵਿਖੇ ਲਗਾਇਆ ਗਿਆ। ਇਸ ਕੈਂਪ ਵਿੱਚ ਐਮਿਲ ਕੰਪਨੀ ਵੱਲੋਂ ਕੰਪਿਊਟਰਾਈਜਡ ਮਸ਼ੀਨਾਂ ਦੀ ਮਦਦ ਨਾਲ 500 ਤੋਂ ਵੱਧ ਮਰੀਜ਼ਾਂ ਦੀ ਹੱਡੀਆਂ ਵਿੱਚ ਕੈਲਸ਼ੀਅਮ ਦੀ ਮਾਤਰਾ ਦੀ ਜਾਂਚ ਕੀਤੀ ਗਈ। ਇਸ ਦੇ ਨਾਲ ਹੀ ਜਿਨ੍ਹਾਂ ਮਰੀਜ਼ਾਂ ਵਿੱਚ ਕੈਲਸ਼ੀਅਮ ਦੀ ਮਾਤਰਾ ਦੀ ਘਾਟ ਪਾਈ ਗਈ ਉਨ੍ਹਾਂ ਨੂੰ ਯੂਨਿਟ ਵੱਲੋਂ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਕੈਂਪ ਵਿੱਚ ਚਾਹ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਸਤੀਸ਼ ਚੰਦਰ ਅਰੋੜਾ, ਪ੍ਰਧਾਨ ਸਤੀਸ਼ ਕੁਮਾਰ ਗਰਗ, ਜਨਰਲ ਸਕੱਤਰ ਮਨਜੀਤ ਸਿੰਘ ਬਖਸ਼ੀ, ਖਜ਼ਾਨਚੀ ਨਰਿੰਦਰ ਪਾਲ, ਅਤੇ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਗਤਾਰ ਸਿੰਘ ਸਮਰਾ, ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸਰਮਾ, ਵਿਜੈ ਸੋਫਤ ਬਿੱਟੂ, ਮਲਕੀਤ ਸਿੰਘ ਚਾਂਗਲੀ, ਕ੍ਰਿਸ਼ਨ ਕੁਮਾਰ ਕੇ ਕੇ, ਰਵਿੰਦਰ ਸਿੰਘ ਕੋਹਲੀ, ਡਾ. ਅਸ਼ੋਕ ਕੁਮਾਰ ਵਰਮਾ, ਰਾਜ ਕੁਮਾਰ ਸਿੰਗਲਾ ਮਨੋਹਰ ਸਿੰਘ ਸੱਗੂ, ਕੁਲਵੰਤ ਸਿੰਘ ਧੂਰੀ, ਪ੍ਰੀਤਮ ਸਿੰਘ ਧੂਰਾ ਆਦਿ ਹਾਜ਼ਰ ਸਨ।

## ਰਵਾਇਤੀ ਖੇਤੀ ਦੀ ਥਾਂ ਫਲ, ਸਬਜ਼ੀਆਂ, ਗੰਨੇ, ਫੂਡ ਪ੍ਰੋਸੈਸਿੰਗ ਤੇ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਕਿਸਾਨ : ਜੌੜਾਮਾਜਰਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸੂਬੇ ਦੇ ਕਿਸਾਨਾਂ ਨੂੰ ਆਪਣੀ ਆਮਦਨ ਵਧਾਉਣ ਲਈ ਰਵਾਇਤੀ ਖੇਤੀ ਦੀ ਥਾਂ ਫਲ, ਸਬਜ਼ੀਆਂ, ਗੰਨੇ ਦੀ ਕਾਸ਼ਤ ਫੂਡ ਪ੍ਰੋਸੈਸਿੰਗ ਤੇ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਦਾ ਸੱਦਾ ਦਿੱਤਾ ਹੈ। ਬਾਗਬਾਨੀ ਮੰਤਰੀ ਜੌੜਾਮਾਜਰਾ ਅੱਜ ਸਮਾਣਾ ਵਿਖੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਲਗਾਏ ਗਏ ਸਾਉਣੀ ਦੀਆਂ ਫ਼ਸਲਾਂ ਸੰਬੰਧੀ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਦਾ ਉਦਘਾਟਨ ਕਰਨ ਪੁੱਜੇ ਹੋਏ ਸਨ। ਅਗਰਵਾਲ ਧਰਮਸ਼ਾਲਾ ਸਮਾਣਾ ਵਿਖੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ, ਸੂਬੇ ਦੀ ਪਹਿਲੀ ਅਜਿਹੀ ਸਰਕਾਰ ਹੈ ਜਿਹੜੀ ਕਿਸਾਨਾਂ, ਮਜ਼ਦੂਰਾਂ ਤੇ ਵਪਾਰੀ ਵਰਗ ਨੂੰ ਨਾਲ ਲੈ ਕੇ ਚੱਲ ਰਹੀ ਹੈ। ਉਨ੍ਹਾ ਕਿਹਾ ਕਿ ਆਪ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਤੇ ਉਨ੍ਹਾਂ ਦੇ ਖੇਤੀ ਖਰਚੇ ਘਟਾਉਣ ਲਈ ਕੰਮ ਕਰ ਰਹੀ ਹੈ ਜਿਸ ਲਈ ਕਿਸਾਨਾਂ ਦੇ ਖੇਤਾਂ 'ਚ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਜਾਵੇਗਾ। ਉਨ੍ਹਾ ਦੱਸਿਆ ਕਿ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਸਾਰੇ ਸਰਕਾਰੀ ਵਿਭਾਗ ਹੇਠਲੇ ਪੱਧਰ 'ਤੇ ਪਹੁੰਚ ਕੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਦਾਨ ਕਰ ਰਹੇ ਹਨ ਤੇ ਅਜਿਹੇ ਕਿਸਾਨ ਕੈਂਪ ਵੀ ਲਗਾਤਾਰ ਲਗਾਏ ਜਾ ਰਹੇ ਹਨ, ਜਿੱਥੇ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਬਾਰੇ, ਚੰਗੇ ਬੀਜ ਤੇ ਧਰਤੀ ਹੇਠਲਾ ਪਾਣੀ ਬਚਾਉਣ ਸਮੇਤ ਸਾਰੀ ਲੋੜੀਂਦੀ ਜਾਣਕਾਰੀ ਦਿੱਤੀ ਗਈ ਹੈ। ਇਸ ਮੌਕੇ ਵਿਧਾਇਕ ਸ਼ੁਤਰਾਣਾ ਕੁਲਵੰਤ ਸਿੰਘ ਅਤੇ ਐਸ ਡੀ ਐਮ ਸਮਾਣਾ ਚਰਨਜੀਤ ਸਿੰਘ ਸਮੇਤ ਓ ਐਸ ਡੀ ਐਡਵੋਕੇਟ ਗੁਲਜਾਰ ਸਿੰਘ ਵਿਰਕ, ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਮਦਨ ਮਿੱਤਲ ਚੇਅਰਮੈਨ ਅਗਰਵਾਲ ਧਰਮਸ਼ਾਲਾ, ਸਰਕਲ ਇੰਚਾਰਜ ਸੁਰਜੀਤ ਸਿੰਘ ਫ਼ੌਜੀ ਆਦਿ ਸਮੇਤ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਨੁਮਾਇੰਦੇ ਵੀ ਕੈਂਪ ਵਿੱਚ ਹਾਜ਼ਰ ਸਨ।

ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਗੁਰਨਾਮ ਸਿੰਘ, ਬਲਾਕ ਖੇਤੀਬਾੜੀ ਅਫਸਰ ਸਮਾਣਾ ਡਾ. ਸਤੀਸ਼ ਕੁਮਾਰ, ਕੇ.ਵੀ.ਕੇ ਦੇ ਵਿਗਿਆਨੀ ਡਾ. ਗੁਰਦੀਪ ਕੌਰ ਅਤੇ ਡਾ. ਪਰਮਿੰਦਰ ਸਿੰਘ ਦੀ ਟੀਮ ਨੇ ਵੀ ਆਪਣੇ ਖੇਤਰ ਬਾਰੇ ਤਕਨੀਕੀ ਲੈਕਚਰ ਦਿੱਤਾ। ਖੇਤੀਬਾੜੀ ਵਿਭਾਗ ਵੱਲੋਂ ਡਾ. ਗੁਰਵੀਨ ਗਰਚਾ (ਸਟੇਜ ਸਕੱਤਰ), ਡਾ. ਗੌਰਵ ਅਰੋੜਾ ਏ.ਡੀ.ਓ. ਗੰਨਾ ਵਿਕਾਸ, ਡਾ. ਅਮਨਦੀਪ ਕੌਰ ਏ.ਡੀ.ਓ. ਸੋਇਲ, ਡਾ. ਅਮਨ ਸੰਧੂ ਏ.ਡੀ.ਓ. ਇਨਫੋਰਸਮੈਂਟ ਅਤੇ ਡਾ. ਗੁਰਮੇਲ ਸਿੰਘ ਏ.ਡੀ.ਓ. ਨੇ ਵੀ ਸਾਉਣੀ ਦੀਆਂ ਫਸਲਾਂ ਬਾਰੇ ਪਾਵਰ ਪੁਆਇੰਟ ਪੇਸ਼ਕਾਰੀ ਦਿੱਤੀ। ਵੱਖ-ਵੱਖ ਵਿਭਾਗਾਂ ਅਤੇ ਸਵੈ ਸਹਾਇਤਾ ਗਰੁੱਪਾਂ ਨੇ ਕਿਸਾਨਾਂ ਲਈ ਆਪਣੇ ਸਟਾਲਾਂ ਦੀ ਪ੍ਰਦਰਸ਼ਨੀ ਲਗਾਈ।

## ਆਮ ਆਦਮੀ ਪਾਰਟੀ ਵਪਾਰ ਮੰਡਲ ਵੱਲੋਂ ਨਗਰ ਕੌਂਸਲ ਦੇ ਸਫਾਈ ਸੇਵਕਾਂ ਦਾ ਵਿਸ਼ੇਸ਼ ਸਨਮਾਨ

**ਨਾਭਾ (ਵਰਿੰਦਰ ਵਰਮਾ)**

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਜ਼ਿਲ੍ਹਾ ਵਪਾਰ ਮੰਡਲ ਪ੍ਰਧਾਨ ਅਜੇ ਜਿੰਦਲ ਦੀ ਅਗਵਾਈ ਹੇਠ ਪਟਿਆਲਾ ਗੇਟ ਵਿਖੇ ਨਗਰ ਕੌਂਸਲ ਦੇ ਸਫਾਈ ਸੇਵਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੇ ਭਰਾ ਕਪਿਲ ਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਕਪਿਲ ਮਾਨ ਅਤੇ ਅਜੇ ਜਿੰਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਸਫਾਈ ਸੇਵਕ ਸਾਡੇ ਸੈਨਿਕ ਹਨ। ਜਿਨ੍ਹਾਂ ਦੀ ਬਦੌਲਤ ਸ਼ਹਿਰ ਨੂੰ ਸਾਫ-ਸੁਥਰਾ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਰੋਨਾ ਮਹਾਮਾਰੀ ਦੇ ਦੌਰਾਨ ਵੀ ਇਨ੍ਹਾਂ ਸਫਾਈ ਸੇਵਕਾਂ ਵੱਲੋਂ ਸ਼ਹਿਰ ਨੂੰ ਸੁੰਦਰ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਗਈ ਸੀ। ਇਨ੍ਹਾਂ ਵੱਲੋਂ ਦਿਨ ਰਾਤ ਮਿਹਨਤ ਕੀਤੀ ਗਈ ਸੀ। ਇਹ ਸਫਾਈ ਸੇਵਕ ਸ਼ਹਿਰ ਵਾਸੀਆਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਸਨ।

ਉਨ੍ਹਾਂ ਦੀ ਮਿਹਨਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ ਅਤੇ ਹੌਸਲਾ ਅਫਜ਼ਾਈ ਕੀਤੀ ਗਈ। ਕਪਿਲ ਮਾਨ ਅਤੇ ਅਜੇ ਜਿੰਦਲ ਨੇ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਵਿੱਚ ਨਾਭਾ ਵਿੱਚ ਸਫਾਈ ਸੇਵਕਾ ਵੱਲੋ ਦਿਨ ਰਾਤ ਮਿਹਨਤ ਕਰਕੇ ਸਫਾਈ ਕੀਤੀ ਜਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਨਾਭਾ ਨੂੰ ਗੰਦਗੀ ਮੁਕਤ ਕੀਤਾ ਜਾਵੇਗਾ। ਇਸ ਮੌਕੇ ਅਵਤਾਰ ਸਿੰਘ ਸ਼ੇਰਗਿੱਲ ਪ੍ਰਧਾਨ, ਨਰੇਸ਼ ਕੁਮਾਰ ਗਰਗ, ਤੇਜਿੰਦਰ ਖਹਿਰਾ, ਧਰਮਿੰਦਰ ਸੁੱਖੇਵਾਲ ਚੇਅਰਮੈਨ, ਸਲੀਮ ਮੁਹੰਮਦ ਚੇਅਰਮੈਨ, ਅਸ਼ੋਕ ਗੋਇਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਟਿਆਲਾ ਗੇਟ ਮਾਰਕੀਟ ਦੇ ਦੁਕਾਨਦਾਰ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

28-May-PAGE-11-Majha.qxd 5/27/2023 11:04 PM Page 1



## ਰੁਜ਼ਗਾਰ ਪ੍ਰਾਪਤੀ ਦੇ ਸੰਘਰਸ਼ ਨਾਲ ਮੋਦੀ ਨੂੰ ਹਰਾਇਆ ਜਾ ਸਕਦੈ : ਮਾੜੀਮੇਘਾ



ਸਹਿਬਾਜ਼ਪੁਰ (ਨਜ਼ਰ)-ਸੀਪੀਆਈ ਨੇ ਮੋਦੀ ਸਰਕਾਰ ਦੀ ਵਾਸੀਵਾਦੀ ਨੀਤੀ ਨੂੰ ਪਛਾੜਨ ਲਈ ਜੁਆਨੀ ਨੂੰ ਸੱਦਾ ਦਿੱਤਾ ਹੈ ਕਿ ਨੌਜਵਾਨ ਰੁਜ਼ਗਾਰ ਦੀ ਪ੍ਰਾਪਤੀ ਲਈ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ' (ਬਨੇਗਾ) ਕਾਨੂੰਨ ਸੰਸਦ ਵਿੱਚ ਪਾਸ ਕਰਾਉਣ ਲਈ ਇੱਕਮੁੱਠ ਹੋ ਕੇ ਸੰਘਰਸ਼ ਲੜਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਮੋਦੀ ਨੂੰ 2024 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਮਾਤ ਦੇਣ ਦਾ ਇਹੋ ਹੀ ਠੀਕ ਰਾਹ ਹੈ। ਮੋਦੀ ਸਰਕਾਰ ਬੇਰੁਜ਼ਗਾਰੀ ਨੂੰ ਜਾਤ, ਧਰਮ ਅਤੇ ਨਸਲ ਵਿੱਚ ਪਾ ਕੇ ਆਪਣੀ ਸਰਕਾਰ ਚਲਾ ਰਹੀ ਹੈ। ਇਲਾਕਾਵਾਦ ਵਿੱਚ ਲੁਕਾਈ ਨੂੰ ਫਸਾਇਆ ਜਾ ਰਿਹਾ ਹੈ। ਮਹਿੰਗਾਈ ਨੇ ਲੋਕਾਂ ਦਾ ਕਚੂੰਬਰ ਕੱਢਿਆ ਹੋਇਆ ਹੈ। ਗਰੀਬ ਔਖੇ ਰੋਟੀ ਖਾ ਰਹੇ ਹਨ ਪਰ ਮੋਦੀ ਕਹਿ ਰਿਹਾ ਕਿ ਦੇਸ਼ ਤਰੱਕੀ ਕਰ ਰਿਹਾ ਹੈ। ਮਾੜੀਮੇਘਾ ਨੇ ਕਿਹਾ ਕਿ ਜਿਸ ਢੰਗ ਨਾਲ ਕਿਸਾਨਾਂ ਨੇ ਏਕਤਾ ਕਰਕੇ ਮੋਦੀ ਨੂੰ ਹਰਾਇਆ ਸੀ ਇਸੇ ਤਰ੍ਹਾਂ ਜੁਆਨੀ ਵੀ ਹਰਾ ਸਕਦੀ ਹੈ। ਇਸ ਮੌਕੇ ਸੀਪੀਆਈ ਦੇ ਜ਼ਿਲ੍ਹਾ ਕੌਂਸਲ ਮੈਂਬਰ ਸੁਖਦੇਵ ਸਿੰਘ ਚਾਹਲ, ਰਣਜੀਤ ਸਿੰਘ ਰਾਣਾ, ਰਛਪਾਲ ਸਿੰਘ ਬਾਠ, ਨਰਿੰਦਰ ਸਿੰਘ ਅਲਗੋਂ ਤੇ ਟਹਿਲ ਸਿੰਘ ਲੱਧੂ ਵੀ ਹਾਜ਼ਰ ਸਨ।

## ਟਿੱਪਰ-ਬਲੈਰੋ ਹਾਦਸੇ ਦੌਰਾਨ ਜ਼ਖ਼ਮੀ ਹੋਏ ਵਿਅਕਤੀ ਦੀ ਜ਼ੇਰੇ ਇਲਾਜ ਮੌਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਇਥੋਂ ਨਜ਼ਦੀਕ ਨੈਸ਼ਨਲ ਹਾਈਵੇ ਉਪਰ ਪਿੰਡ ਔਂਡਾ ਸੋਹਲ ਨੇੜੇ ਹੋਏ ਟਿੱਪਰ ਅਤੇ ਬਲੈਰੋ ਗੱਡੀ ਦੇ ਹਾਦਸੇ ਦੌਰਾਨ ਗੰਭੀਰ ਜ਼ਖ਼ਮੀ ਹੋਏ ਇਕ ਵਿਅਕਤੀ ਦੀ ਜ਼ੇਰੇ ਇਲਾਜ ਹਸਪਤਾਲ ਵਿੱਚ ਲਗਭਗ ਇਕ ਮਹੀਨੇ ਬਾਅਦ ਮੌਤ ਹੋ ਗਈ ਹੈ। ਇਸ ਸਬੰਧੀ 'ਚ ਥਾਣਾ ਧਾਰੀਵਾਲ ਦੀ ਪੁਲਸ ਨੇ ਟਿੱਪਰ ਡਰਾਈਵਰ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮ੍ਰਿਤਕ ਕੁਲਵੰਤ ਸਿੰਘ ਵਾਸੀ ਡੱਡਵਾਂ ਰੋਡ ਧਾਰੀਵਾਲ ਦੀ ਪਤਨੀ ਕੁਲਦੀਪ ਕੌਰ ਨੇ ਥਾਣਾ ਧਾਰੀਵਾਲ ਦੀ ਪੁਲਸ ਨੂੰ ਦੱਸਿਆ ਕਿ 23.04.23 ਨੂੰ ਉਹ ਆਪਣੇ ਪਤੀ ਕੁਲਵੰਤ ਸਿੰਘ, ਭਤੀਜੇ ਸਹਿਜਬੀਰ ਸਿੰਘ ਅਤੇ ਨੂੰਹ ਮਨਦੀਸ਼ ਕੌਰ ਨਾਲ ਆਪਣੀ ਬਲੈਰੋ ਗੱਡੀ ਨੰਬਰੀ ਪੀ ਬੀ 08-ਈ ਡਬਲਯੂ -6284 ਵਿੱਚ ਸਵਾਰ ਹੋ ਕੇ ਜਲੰਧਰ ਤੋਂ ਧਾਰੀਵਾਲ ਨੂੰ ਜਾ ਰਹੇ ਸੀ। ਜਦੋਂ ਉਹ ਬਾਅਦ ਦੁਪਹਿਰ ਕਰੀਬ 2: 45 ਵਜੇ ਨੈਸ਼ਨਲ ਹਾਈਵੇ ਉਪਰ ਮੋੜ ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਸਾਹਿਬ ਗੁਰਦਾਸਨੰਗਲ ਪੁੱਜੇ ਤਾਂ ਉਨ੍ਹਾਂ ਦੇ ਅੱਗੇ-ਅੱਗੇ ਜਾ ਰਹੇ ਇਕ ਟਿੱਪਰ ਨੰਬਰੀ ਪੀਬੀ 06- ਬੀ ਬੀ- 5323 ਦੇ ਡਰਾਈਵਰ ਦਲਜੀਤ ਸਿੰਘ ਨੇ ਬਿਨਾ ਇਸ਼ਾਰਾ ਦਿੱਤੇ ਆਪਣਾ ਟਿੱਪਰ ਯਕਦਮ ਸੱਜੇ ਕੱਟ ਕੇ ਉਨ੍ਹਾਂ ਦੀ ਗੱਡੀ ਨਾਲ ਐਕਸੀਡੈਂਟ ਕਰ ਦਿੱਤਾ। ਇਸ ਹਾਦਸੇ ਦੌਰਾਨ ਉਨ੍ਹਾਂ ਦੇ ਕਾਫੀ ਗੰਭੀਰ ਸੱਟਾਂ ਲੱਗੀਆਂ ਹਨ। ਉਸ (ਕੁਲਦੀਪ ਕੌਰ) ਦੇ ਪਤੀ ਕੁਲਵੰਤ ਸਿੰਘ ਦਾ ਗੰਭੀਰ ਸੱਟਾਂ ਲੱਗਣ ਕਾਰਨ ਲੁਧਿਆਣਾ ਵਿਖੇ ਇਕ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਸੀ, ਜ਼ੇਰੇ ਇਲਾਜ ਬੀਤੇ ਦਿਨ 26 ਮਈ ਨੂੰ ਉਸ (ਕੁਲਵੰਤ ਸਿੰਘ) ਦੀ ਮੌਤ ਹੋ ਗਈ ਹੈ। ਇਸ ਸਬੰਧੀ ਥਾਣਾ ਧਾਰੀਵਾਲ ਦੇ ਐਡੀਸ਼ਨਲ ਐੱਸਐੱਚਓ ਦਵਿੰਦਰ ਸਿੰਘ ਨੇ ਦੱਸਿਆ ਕਿ ਏਐਸਆਈ ਪਲਵਿੰਦਰ ਸਿੰਘ ਨੇ ਮ੍ਰਿਤਕ ਦੀ ਪਤਨੀ ਕੁਲਦੀਪ ਕੌਰ ਦੇ ਬਿਆਨਾਂ ਅਨੁਸਾਰ ਟਿੱਪਰ ਦੇ ਡਰਾਈਵਰ ਦਲਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਗੋਸਲ ਥਾਣਾ ਕਲਾਨੌਰ ਖ਼ਿਲਾਫ਼ ਜੁਰਮ 304-ਏ ਅਤੇ ਹੋਰ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ।

## ਚੋਰੀ ਦੇ ਦੋਸ਼ 'ਚ ਪਤੀ-ਪਤਨੀ ਗ੍ਰਿਫਤਾਰ



ਕਾਦੀਆਂ (ਯਾਦਵਿੰਦਰ ਸਿੰਘ ਮਲਗੋਤਰਾ)-ਪੁਲਸ ਥਾਣਾ ਸੇਖਵਾਂ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ ਜਦੋਂ ਘਰ ਵਿੱਚੋਂ ਲੱਖਾਂ ਰੁਪਿਆਂ ਦੀ ਨਕਦੀ, ਸੋਨੇ ਦੇ ਗਹਿਣੇ ਅਤੇ ਮੋਬਾਇਲ ਫੋਨ ਚੋਰੀ ਕਰਨ ਵਾਲੇ ਪਤੀ ਪਤਨੀ ਨੂੰ ਗ੍ਰਿਫਤਾਰ ਕੀਤਾ ਗਿਆ। ਜਾਣਕਾਰੀ ਅਨੁਸਾਰ ਪੁਲਸ ਥਾਣਾ ਸੇਖਵਾਂ ਦੇ ਐੱਸਐੱਚਓ ਲਖਵਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਨਜ਼ਦੀਕੀ ਪਿੰਡ ਨਵਾਂ ਤਾਰਾਗੜ੍ਹ ਵਿਖੇ ਘਰ ਵਿਚ ਪਤੀ-ਪਤਨੀ ਨੇ ਦਾਖਲ ਹੋ ਕੇ ਗੁਰਦੁਆਰਾ ਸਾਹਿਬ ਦੇ ਰੱਖੇ ਹੋਏ ਪੈਸੇ ਇਕ ਲੱਖ 84 ਹਜ਼ਾਰ ਰੁਪਏ ਅਤੇ 20 ਹਜ਼ਾਰ ਰੁਪਏ ਦੀ ਹੋਰ ਨਕਦੀ, ਸੋਨੇ ਦਾ ਹਾਰ, ਦੋ ਜੋੜੇ ਟੌਪਸ, 10 ਸੋਨੇ ਦੀਆਂ ਮੁੰਦਰੀਆਂ, ਆਈ ਫੋਨ, 8 ਪੁਰਾਣੇ ਮੋਬਾਇਲ ਅਤੇ ਤਿੰਨ ਘੜੀਆਂ ਚੋਰੀ ਕੀਤੀਆਂ। ਪੁਲਸ ਵੱਲੋਂ ਘਰ ਦੇ ਮਾਲਕ ਸਤਨਾਮ ਸਿੰਘ ਪੁੱਤਰ ਸੁਰੇਨ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ। ਇਸ ਮਾਮਲੇ ਵਿਚ ਹਰਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਤੇ ਰੇਖਾਜੀਤ ਪਤਨੀ ਹਰਪ੍ਰੀਤ ਸਿੰਘ ਵਾਸੀ ਬਿੰਦ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਪਤੀ-ਪਤਨੀ ਦੇ ਕੋਲੋਂ ਇੱਕ ਐਕਟਿਵਾ, ਇਕ ਰਾਡ, 7 ਮੋਬਾਇਲ, 6 ਹਜ਼ਾਰ ਰੁਪਏ ਦੀ ਨਕਦੀ ਬਰਾਮਦ ਕਰ ਲਈ ਗਈ ਹੈ।

## ਨਾਜਾਇਜ਼ ਸ਼ਰਾਬ ਸਮੇਤ ਚੋਰੀਸ਼ੁਦਾ ਆਲਟੋ ਬਰਾਮਦ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਐੱਸਆਈ ਬਲਬੀਰ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੇ ਸਬੰਧ ਵਿੱਚ ਖੁੰਡਾ ਪੁਲ ਬਾਈਪਾਸ ਮੌਜੂਦ ਸੀ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਬੱਗਾ ਪੁੱਤਰ ਜਰਨੈਲ ਵਾਸੀ ਖੁਸ਼ੀਪੁਰ ਥਾਣਾ ਡਿੰਡੀਸਿਆਂ ਅੰਮ੍ਰਿਤਸਰ ਦਿਹਾਤੀ, ਮਨੀ ਪੁੱਤਰ ਪ੍ਰੀਤਮ ਸਿੰਘ ਵਾਸੀ ਡਾਲਾ ਰਾਜਪੂਤਾਂ ਥਾਣਾ ਅਜਨਾਲਾ ਅੰਮ੍ਰਿਤਸਰ, ਜਿਨ੍ਹਾਂ ਨੇ ਕਾਫੀ ਦਿਨਾਂ ਤੋਂ ਇਕ ਚੋਰੀ ਦੀ ਆਲਟੋ ਕਾਰ ਨੰਬਰੀ ਪੀ ਬੀ 27-ਜੀ -8895 ਰੰਗ ਸਿਲਵਰ ਵਿੱਚ ਸ਼ਰਾਬ ਲੱਦੀ ਹੋਈ ਹੈ ਅਤੇ ਗੱਡੀ ਦਾ ਐਕਸੀਡੈਂਟ ਹੋਣ ਕਾਰਨ ਖੁੰਡਾ ਬਾਈਪਾਸ ਤੋਂ ਥੋੜੀ ਹੀ ਦੂਰੀ 'ਤੇ ਸਥਿਤ ਗੋਦਾਮਾਂ ਨੇੜੇ ਝਾੜੀਆਂ ਵਿੱਚ ਖੜੀ ਹੈ।

ਇਤਲਾਹ ਮਿਲਣ 'ਤੇ ਐਸਆਈ ਬਲਬੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਤੁਰੰਤ ਮੌਕੇ 'ਤੇ ਪਹੁੰਚ ਕੇ ਉਕਤ ਕਾਰ ਨੂੰ ਕਬਜ਼ੇ ਵਿੱਚ ਲੈ ਕੇ ਕਾਰ ਦੀ ਤਲਾਸ਼ੀ ਲਈ ਤਾਂ ਕਾਰ ਵਿੱਚੋਂ 1,12,500 ਐੱਮਐੱਲ ਸ਼ਰਾਬ ਨਾਜਾਇਜ਼ ਬ੍ਰਾਮਦ ਹੋਈ।

ਪੁਲਸ ਵੱਲੋਂ 1,12,500 ਐੱਮਐੱਲ ਸ਼ਰਾਬ ਨਾਜਾਇਜ਼ ਸਮੇਤ ਚੋਰੀਸ਼ੁਦਾ ਆਲਟੋ ਕਾਰ ਨੰਬਰੀ ਪੀ ਬੀ 27-ਜੀ-8895 ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਮੁਲਜ਼ਮ ਬੱਗਾ ਪੁੱਤਰ ਜਰਨੈਲ ਵਾਸੀ ਖੁਸ਼ੀਪੁਰ ਥਾਣਾ ਡਿੰਡੀਸਿਆਂ ਅੰਮ੍ਰਿਤਸਰ ਦਿਹਾਤੀ ਅਤੇ ਮਨੀ ਪੁੱਤਰ ਪ੍ਰੀਤਮ ਸਿੰਘ ਵਾਸੀ ਡਾਲਾ ਰਾਜਪੂਤਾਂ ਥਾਣਾ ਅਜਨਾਲਾ ਅੰਮ੍ਰਿਤਸਰ ਵਿਰੁੱਧ ਆਬਕਾਰ ਐਕਟ ਤਹਿਤ ਕੇਸ ਦਰਜ ਕਰਕੇ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

## ਦੇਸ਼ ਭਰ ਦੀਆਂ ਕਲਾ-ਕ੍ਰਿਤਾਂ ਦੀ ਵਿਕਰੀ ਲਈ ਅੰਮ੍ਰਿਤਸਰ 'ਚ 'ਯੂਨੀਟੀ ਮਾਲ' ਬਣਾਉਣ ਦੀ ਤਿਆਰੀ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਸਰਕਾਰ 'ਮੇਡ ਇਨ ਇੰਡੀਆ' ਮੁਹਿੰਮ ਨੂੰ ਉਤਸ਼ਹਿਤ ਕਰਨ ਲਈ ਅੰਮ੍ਰਿਤਸਰ ਵਿਚ ਦੇਸ਼ ਭਰ ਦੀਆਂ ਕਲਾ-ਕ੍ਰਿਤਾਂ ਨੂੰ ਇਕ ਛੱਤ ਹੇਠ ਵੇਚਣ ਲਈ ਵੱਡਾ ਸ਼ਾਪਿੰਗ ਮਾਲ ਬਣਾਉਣ ਜਾ ਰਹੀ ਹੈ, ਜਿਸ ਨੂੰ ਯੂਨੀਟੀ ਮਾਲ ਦਾ ਨਾਮ ਦਿੱਤਾ ਜਾਵੇਗਾ। ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਅਹੁਦਾ ਸੰਭਾਲਣ ਤੋਂ ਬਾਅਦ ਆਪਣੀ ਪਲੇਠੀ ਮੀਟਿੰਗ ਵਿਚ ਕੇਂਦਰ ਤੇ ਰਾਜ ਸਰਕਾਰ ਦੇ ਅਧਿਕਾਰੀਆਂ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਰਕੀਟੈਕਟ ਵਿਭਾਗ ਦੇ ਪ੍ਰੋਫੈਸਰ ਸਾਹਿਬਾਨ ਨਾਲ ਇਸ ਵਿਸ਼ੇ ਉਤੇ ਵਿਚਾਰ ਚਰਚਾ ਕਰਦੇ ਕਿਹਾ ਕਿ ਇਸ ਦੀ ਬਾਹਰੀ ਦਿੱਖ ਪੰਜਾਬ ਦੀਆਂ ਇਤਿਹਾਸਕ ਇਮਾਰਤਾਂ ਨਾਲ ਮੇਲ ਖਾਂਦੀ ਹੋਵੇ ਅਤੇ ਇਸਦਾ ਕੰਪਲੈਕਸ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇ। ਉਨ੍ਹਾਂ ਕਿਹਾ ਕਿ ਇਸ ਵਿਚ ਦੇਸ਼ ਦੇ 36 ਰਾਜ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇਕ-ਇਕ ਵੱਡਾ ਹਾਲ ਵਿਕਰੀ ਕੇਂਦਰ ਵਜੋਂ ਦਿੱਤਾ ਜਾਵੇ ਅਤੇ ਇਸੇ ਤਰ੍ਹਾਂ ਪੰਜਾਬ ਦੇ 23 ਜ਼ਿਲਿਆਂ ਨੂੰ ਇਕ-ਇਕ ਸਟਾਲ ਪੱਕੇ ਤੌਰ ਉਤੇ ਦਿੱਤਾ ਜਾਵੇ, ਜਿੱਥੇ ਉਹ ਆਪਣੇ ਆਪਣੇ ਸੂਬੇ ਤੇ ਜ਼ਿਲ੍ਹੇ ਦੇ ਉਤਪਾਦਾਂ ਦੀ ਵਿਕਰੀ ਕਰ ਸਕਣ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਵੱਡਾ ਕਨਵੈਨਸ਼ਨ ਹਾਲ ਵੀ ਇਸ ਕੰਪਲੈਕਸ ਵਿਚ ਬਣਾਇਆ ਜਾਵੇ ਅਤੇ ਅੰਮ੍ਰਿਤਸਰ ਦੇ ਲਜ਼ੀਜ਼ ਪਕਵਾਨਾਂ ਦਾ ਸੁਆਦ ਦੇਣ ਲਈ ਇਸ ਕੰਪੈਲਕਸ ਵਿਚ ਫੂਡ ਕੋਰਟ ਜ਼ਰੂਰ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਨਗਰ ਸੁਧਾਰ ਟਰੱਸਟ ਇਸ ਲਈ ਘੱਟੋ-ਘੱਟ 10 ਏਕੜ ਜ਼ਮੀਨ ਦੇਵੇਗਾ ਅਤੇ ਇਸ ਉਤੇ ਅੰਦਾਜ਼ਨ 200 ਕਰੋੜ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੰਮ ਇੰਨੀ ਤਨਦੇਹੀ ਨਾਲ ਕੀਤਾ ਜਾਵੇਗਾ ਕਿ 26 ਜਨਵਰੀ 2024 ਤੱਕ ਇਸ ਪ੍ਰਾਜੈਕਟ ਦਾ ਇਕ ਹਿੱਸਾ ਜ਼ਰੂਰ ਖੋਲ੍ਹ ਦਿੱਤਾ ਜਾਵੇ।

ਮੀਟਿੰਗ ਵਿਚ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ, ਇਕ ਜ਼ਿਲ੍ਹਾ ਇਕ ਉਤਪਾਦ ਪ੍ਰੋਜੈਕਟ ਦੇ ਕੋਰ ਟੀਮ ਮੈਂਬਰ ਇਸ਼ਦੀਪ ਸਿੰਘ, ਕੈਬਨਿਟ ਮੰਤਰੀ ਇੰਦਰਬੀਰ ਸਿੰਘ ਨਿਜ਼ਰ ਦੇ ਓਐੱਸਡੀ ਮਨਪ੍ਰੀਤ ਸਿੰਘ ਨਿੱਜਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਰਕੀਟੈਕਟ ਵਿਭਾਗ ਦੇ ਮੁਖੀ ਡਾ. ਸਰਬਜੋਤ ਸਿੰਘ ਬਹਿਲ, ਪ੍ਰੋ. ਕਰਮਜੀਤ ਸਿੰਘ ਚਾਹਲ, ਜਨਰਲ ਮੈਨੇਜਰ ਇੰਡਸਟਰੀ ਮਾਨਵਪ੍ਰੀਤ ਸਿੰਘ, ਡੀਡੀਐਫ ਆਰੀਅਨ ਸ਼ਾਹੀ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

## ਕਿਸਾਨ ਸੰਘਰਸ਼ ਕਮੇਟੀ (ਕੋਟਬੁੱਢਾ) ਵੱਲੋਂ ਨਵੀਂ ਇਕਾਈ ਦਾ ਗਠਨ



ਮਾਨਾਂਵਾਲਾ (ਮਨਦੀਪ ਸਿੰਘ ਜੰਮੂ)-ਕਿਸਾਨ ਸੰਘਰਸ਼ ਕਮੇਟੀ ਕੋਟਬੁੱਢਾ (ਪੰਜਾਬ) ਦੀ ਮੀਟਿੰਗ ਪਿੰਡ ਬੁੱਤ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਜ਼ੋਨ ਪ੍ਰਧਾਨ ਮੰਗਲ ਸਿੰਘ ਰਾਮਪੁਰਾ ਦੀ ਅਗਵਾਈ ਵਿਚ ਹੋਈ ਜਿਸ ਵਿੱਚ ਪਿੰਡ ਬੁੱਤ ਦੀ ਨਵੀਂ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ।

ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਨੇ ਨਵੇਂ ਬਣੇ ਪ੍ਰਧਾਨ ਸੁਖਵਿੰਦਰ ਸਿੰਘ ਨੂੰ ਵਧਾਈ ਦਿੱਤੀ ਤੇ ਸਰਕਾਰ ਵੱਲੋਂ ਆਉਂਣ ਵਾਲੇ ਦਿਨਾਂ ਵਿੱਚ ਕਿਸਾਨਾਂ ਨਾਲ ਕੀਤੀਆਂ ਜਾਣ ਵਾਲੀਆਂ ਵਧੀਕੀਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਆਖਿਆ ਕਿ ਘੱਟ ਜ਼ਮੀਨ ਵਾਲੇ ਕਿਸਾਨ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠਾਂ ਹਨ, ਪਰ ਸਰਕਾਰ ਇਨ੍ਹਾਂ ਦਾ ਹੱਥ ਫੜਨ ਦੀ ਜਗ੍ਹਾ ਨਵੀਆਂ ਸਕੀਮਾਂ ਥੋਪ ਰਹੀ ਹੈ। ਸੂਬਾ ਮੈਂਬਰ ਪਰਮਜੀਤ ਸਿੰਘ ਚਾਟੀਵਿੰਡ ਨੇ ਆਖਿਆ ਕਿ ਜੇਕਰ ਸਰਕਾਰ ਚਿੱਪ ਵਾਲੇ ਮੀਟਰ ਲਗਾਵੇਗੀ ਤਾਂ ਕਮੇਟੀ ਵੱਲੋਂ ਉਸ ਦਾ ਡਟ ਕੇ ਵਿਰੋਧ ਕੀਤਾ ਜਾਏਗਾ।

ਮੀਟਿੰਗ ਵਿੱਚ ਸੰਦੀਪ ਸਿੰਘ ਮਿੱਠਾ, ਸਰਬਜੀਤ ਸਿੰਘ ਸਰਪੰਚ, ਸਤਨਾਮ ਸਿੰਘ ਪ੍ਰਧਾਨ ਜੰਡਿਆਲਾ ਗੁਰੂ, ਹਰਮਨ ਸਿੰਘ, ਕਾਰਜ ਸਿੰਘ, ਬਲਵੰਤ ਸਿੰਘ ਪੰਡੋਰੀ, ਅੰਗਰੇਜ਼ ਸਿੰਘ ਚਾਟੀਵਿੰਡ, ਮਹਿੰਦਰ ਪਾਲ ਸਿੰਘ, ਅੰਗਰੇਜ਼ ਸਿੰਘ, ਰਛਪਾਲ ਸਿੰਘ, ਸਤਨਾਮ ਸਿੰਘ, ਕਾਬਲ ਸਿੰਘ, ਮਨਜਿੰਦਰ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ, ਅਮਰਜੀਤ ਸਿੰਘ, ਹਰਜੀਤ ਸਿੰਘ, ਹਰਨੇਕ ਸਿੰਘ, ਹਰਜੀਤ ਸਿੰਘ ਸੰਧੂ, ਆਦਿ ਸ਼ਾਮਲ ਹੋਏ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਰੋਜ਼ਗਾਰ ਕੈਂਪ ਲੱਗਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਡਿਪਟੀ ਕਮਿਸ਼ਨਰ ਅਮਿਤ ਤਲਵਾੜ ਦੇ ਦਿਸ਼ਾ ਨਿਰਦੇਸ਼ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਹਰਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵਿਖੇ ਰੋਜ਼ਗਾਰ ਕੈਂਪ ਲਗਾਇਆ ਗਿਆ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਵਿਕਰਮ ਜੀਤ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਅੰਮ੍ਰਿਤਸਰ ਨੇ ਦੱਸਿਆ ਕਿ ਇਸ ਰੋਜ਼ਗਾਰ ਕੈਂਪ ਵਿੱਚ ਮਸ਼ਹੂਰ ਕੰਪਨੀਆਂ ਸਾਡਾ ਪਿੰਡ, ਭਾਰਤੀ ਐਕਸਾ, ਫੋਨ ਪੇ, ਨਿਵਾ ਭੁਪਾ ਹੈਲਥ ਆਦਿ ਕੰਪਨੀਆ ਵੱਲੋਂ ਭਾਗ ਲਿਆ ਗਿਆ।

ਇਸ ਰੋਜ਼ਗਾਰ ਕੈਂਪ ਵਿੱਚ ਕੰਪਨੀਆਂ ਵੱਲੋਂ ਸੇਲਜ਼ ਐਗਜ਼ੀਕਿਊਟਿਵ, ਡਿਊਟੀ ਮੈਨੇਜ਼ਰ, ਯੂਨਿਟ ਮੈਨੇਜ਼ਰ, ਏਜੰਸੀ ਮੈਨੇਜ਼ਰ ਕਸਟਮਰ ਕੇਅਰ, ਫੀਲਡ ਸੇਲਜ਼ ਐਗਜ਼ੀਕਿਊਟਿਵ, ਸਰਵਿਸ ਐਡਵਾਈਜ਼ਰ ਆਦਿ ਅਸਾਮੀਆਂ ਲਈ ਚੋਣ ਕੀਤੀ ਗਈ। ਇਸ ਰੋਜ਼ਗਾਰ ਕੈਂਪ ਵਿੱਚ 67 ਉਮੀਦਵਾਰਾਂ ਵੱਲੋਂ ਭਾਗ ਲਿਆ ਗਿਆ ਅਤੇ 67 ਉਮੀਦਵਾਰਾਂ ਨੂੰ ਨੌਕਰੀ ਲਈ ਚੋਣ/ਸ਼ਾਰਟਲਿਸਟ ਕੀਤਾ ਗਿਆ।

## ਸ਼ਹੀਦੀ ਜੋੜ ਮੇਲੇ ਨੂੰ ਸਮਰਪਿਤ ਬੁੱਢਾ ਦਲ ਨੇ ਲਗਾਈ ਠੰਡੇ-ਮਿੱਠੇ ਜਲ ਦੀ ਛਬੀਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪਰਬ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ: ਛੇਵੀਂ ਅਤੇ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਗੇਟ ਤੇ ਬੁੱਢਾ ਦਲ ਵੱਲੋਂ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਾਈਆਂ ਗਈਆਂ। ਛਬੀਲ ਲਗਾਉਣ ਸਮੇਂ ਅਰੰਭਤਾ ਦੀ ਅਰਦਾਸ ਬਾਬਾ ਅਮਰੀਕ ਸਿੰਘ ਨੇ ਕੀਤੀ। ਛਬੀਲਾਂ ਸ੍ਰੀ ਹਰਿਮੰਦਰ ਸਾਹਿਬ ਪੁੱਜਣ ਵਾਲੇ ਯਾਤਰੂਆਂ ਲਈ ਤਸਕੀਨ ਦਾ ਕੰਮ ਕਰ ਰਹੀਆਂ ਸਨ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਮੁਖੀ ਬੁੱਢਾ ਦਲ ਦੇ ਆਦੇਸ਼ ਅਨੁਸਾਰ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਹਰ ਰੋਜ ਠੰਡੇ ਮਿੱਠੇ ਜਲ ਦੀਆਂ ਵੱਖ-ਵੱਖ ਗੇਟਾਂ ਤੇ ਛਬੀਲਾਂ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਅਤੇ 6 ਜੂਨ ਨੂੰ ਛੋਲਿਆਂ ਦੀਆਂ ਘੁੰਗਣੀਆਂ ਤੇ ਠੰਡੇ ਮਿੱਠੇ ਜਲ ਦੀ ਛਬੀਲ ਲੱਗੇਗੀ। ਇਸ ਸਮੇਂ ਬਾਬਾ ਭਗਤ ਸਿੰਘ, ਬਾਬਾ ਗੁਰਲਾਲ ਸਿੰਘ, ਬਾਬਾ ਅਮਰੀਕ ਸਿੰਘ, ਬਾਬਾ ਗਗਨ ਸਿੰਘ, ਬਾਬਾ ਪਿਆਰਾ ਸਿੰਘ, ਮਨੋਜ ਕੁਮਾਰ ਮਿੰਟੂ ਨੇ ਸੰਗਤਾਂ ਨੂੰ ਜਲ ਛਕਾਉਣ ਦੀ ਸੇਵਾ ਕੀਤੀ।



## ਲਵਪ੍ਰੀਤ ਨੇ ਐੱਸ ਡੀ ਮਾਡਰਨ ਹਾਈ ਸਕੂਲ ਦਾ ਨਾਂ ਰੁਸ਼ਨਾਇਆ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਦੇ ਐੱਸ. ਡੀ. ਮਾਡਰਨ ਹਾਈ ਸਕੂਲ ਦੇ ਲਵਪ੍ਰੀਤ ਨੇ ਦਸਵੀਂ ਜਮਾਤ 'ਚੋਂ ਬਲਾਕ ਪੱਧਰ 'ਤੇ 650 ਵਿੱਚੋਂ 631 ਨੰਬਰ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ ਜਿਸ ਕਾਰਨ ਲਵਪ੍ਰੀਤ ਦੇ ਪਰਿਵਾਰਕ ਮੈਂਬਰਾਂ ਅਤੇ ਸਕੂਲ ਅਧਿਆਪਕਾਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਸਕੂਲ ਪਹੁੰਚਣ 'ਤੇ ਅਧਿਆਪਕਾਂ ਨੇ ਲਵਪ੍ਰੀਤ ਨੂੰ ਸਨਮਾਨਿਤ ਕੀਤਾ ਅਤੇ ਉਸਦਾ ਮੂੰਹ ਮਿੱਠਾ ਕਰਵਾਇਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਵਪ੍ਰੀਤ ਨੇ ਕਿਹਾ ਕਿ ਉਹ ਅੱਗੋਂ ਮੈਡੀਕਲ ਦੀ ਪੜ੍ਹਾਈ ਜਾਰੀ ਰੱਖੇਗਾ ਅਤੇ ਇੱਕ ਵਧੀਆ ਡਾਕਟਰ ਬਣ ਕੇ ਸਮਾਜ ਦੀ ਸੇਵਾ ਕਰੇਗਾ। ਪਰਿਵਾਰਕ ਮੈਂਬਰਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਉਧਰ ਸਕੂਲ ਦੀ ਪ੍ਰਿੰਸੀਪਲ ਸੁਖਪਾਲ ਕੌਰ ਨੇ ਲਵਪ੍ਰੀਤ ਨੂੰ ਵਧਾਈ ਦਿੱਤੀ ਅਤੇ ਉਸ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਮੈਡਮ ਮਮਤਾ, ਨਵਜੋਤੀ, ਸ਼ਮਾ, ਰੰਜਿਤਾ, ਕੰਚਨ, ਨੇਹਾ, ਅੰਮਿਕਾ, ਗੁਰਸ਼ਰਨ ਕੌਰ, ਸ਼ਿਵਾਨੀ, ਸ਼ਿਫਾਲੀ, ਰੇਨੂੰ ਅਤੇ ਰੀਆ ਆਦਿ ਹਾਜ਼ਰ ਸਨ।



## 12ਵੀਂ ਜਮਾਤ ਦੇ ਨਤੀਜੇ 'ਚ ਅੱਵਲ ਰਹੇ ਵਿਦਿਆਰਥੀਆਂ ਦਾ ਇਨਾਮ ਵੰਡ ਸਮਾਰੋਹ ਆਯੋਜਿਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ. ਰੋਡ ਦੇ ਗੁਰੂ ਅਰਜਨ ਦੇਵ ਆਡੀਟੋਰੀਅਮ ਵਿਖੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਮੈਰਿਟ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਹਿੱਤ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸੱਕਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਵਿਸ਼ੇਸ਼ ਤੌਰ ਤੇ ਬੱਚਿਆਂ ਨੂੰ ਅਸ਼ੀਰਵਾਦ ਦੇਣ ਲਈ ਪਹੁੰਚੇ। ਇਸ ਪ੍ਰੋਗਰਾਮ ਦੌਰਾਨ ਬੱਚਿਆਂ ਦੀ ਸਫਲਤਾ ਲਈ ਸਨਮਾਨਿਤ ਹੋਣ ਦੇ ਖੂਬਸੂਰਤ ਪਲਾਂ ਵਿੱਚ ਭਾਗ ਲੈਣ ਲਈ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ। ਚੇਅਰਮੈਨ ਧਰਮ ਪ੍ਰਚਾਰ ਕਮੇਟੀ ਅਤੇ ਸਕੂਲ ਮੈਂਬਰ ਇੰਚਾਰਜ ਪ੍ਰੋ. ਹਰੀ ਸਿੰਘ, ਆਨਰੇਰੀ ਜਾਇੰਟ ਸੱਕਤਰ ਅਤੇ ਸਕੂਲ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ ਨੇ ਮੁੱਖ ਮਹਿਮਾਨ, ਆਏ ਹੋਏ ਮਹਿਮਾਨਾਂ ਅਤੇ ਮਾਪਿਆਂ ਦਾ ਸਵਾਗਤ ਕਰਦੇ ਹੋਏ ਜੀ ਆਇਆਂ ਆਖਿਆ। ਪ੍ਰੋਗਰਾਮ ਦਾ ਆਰੰਭ ਸਕੂਲ ਸ਼ਬਦ ਨਾਲ ਕਰਦਿਆਂ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਵੱਲੋਂ ਸਵਾਗਤੀ ਗੀਤ, ਸੂਫੀ ਕਲਾਮ ਅਤੇ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਭੰਗੜਾ ਪੇਸ਼ ਕੀਤਾ ਗਿਆ ਜਿਸ ਦਾ ਆਏ ਹੋਏ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਕਾਮਰਸ ਗਰੁੱਪ ਵਿੱਚੋਂ 98.2 ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਹਰਕੀਰਤ ਸਿੰਘ, ਆਰਟਸ ਗਰੁੱਪ ਵਿੱਚ 97.6% ਅੰਕ ਪ੍ਰਾਪਤ ਕਰਨ ਵਾਲੀ ਅਵਲੀਨ ਕੌਰ, ਨਾਨ ਮੈਡੀਕਲ ਗਰੁੱਪ ਵਿੱਚ 97% ਅੰਕ ਪ੍ਰਾਪਤ ਕਰਨ ਵਾਲੇ ਕਨਵਰ ਰਾਜਬੀਰ ਸਿੰਘ ਅਤੇ ਮੈਡੀਕਲ ਗਰੁੱਪ ਵਿੱਚ 96.6% ਅੰਕ ਹਾਸਲ ਕਰਨ ਵਾਲੀ ਹਰਮਨਪ੍ਰੀਤ ਕੌਰ ਸਮੇਤ 85% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ ਨੇ ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਆਨਰੇਰੀ ਸੱਕਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੀਆਂ ਗਈਆਂ ਮਾਣਮੱਤੀਆਂ ਸਫਲਤਾਵਾਂ ਦਾ ਸਿਹਰਾ ਬੱਚਿਆਂ ਦੀ ਸਖ਼ਤ ਮਿਹਨਤ ਅਤੇ ਉਨ੍ਹਾਂ ਦੇ ਭਵਿੱਖ ਦੀ ਨੀਂਹ ਰੱਖਣ ਵਾਲੇ ਅਧਿਆਪਕਾਂ ਨੂੰ ਪਾਇਆ। ਆਨਰੇਰੀ ਸੱਕਤਰ ਅਜੀਤ ਸਿੰਘ ਬਸਰਾ ਨੇ ਬੱਚਿਆਂ ਨੂੰ ਆਪਣੀ ਮਿਹਨਤ ਅਤੇ ਲਗਨ ਨਾਲ ਫਰਸ਼ ਤੋਂ ਅਰਸ਼ ਤੱਕ ਪੁੱਜੀਆਂ ਵਿਸ਼ਵ ਪ੍ਰਸਿੱਧ ਸ਼ਖ਼ਸੀਅਤਾਂ ਤੋਂ ਸੇਧ ਲੈ ਕੇ ਤਰੱਕੀਆਂ ਕਰਨ ਦਾ ਆਸ਼ੀਰਵਾਦ ਦਿੱਤਾ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਮਨਦੀਪ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਪ੍ਰੋਗਰਾਮ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸੱਕਤਰ ਸਵਿੰਦਰ ਸਿੰਘ ਜੀ ਕੱਥੂਨੰਗਲ, ਆਨਰੇਰੀ ਸੱਕਤਰ ਅਜੀਤ ਸਿੰਘ ਜੀ ਬਸਰਾ, ਰੈਜੀਡੈਂਟ ਪ੍ਰੈਜੀਡੈਂਟ ਸੰਤੋਖ ਸਿੰਘ ਸੇਠੀ, ਐਡੀ: ਸੱਕਤਰ ਜਸਪਾਲ ਸਿੰਘ ਢਿੱਲੋਂ, ਆਨਰੇਰੀ ਜਾਇੰਟ ਸੱਕਤਰ ਅਤੇ ਸਕੂਲ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਅਤੇ ਸਕੂਲ ਮੈਂਬਰ ਇੰਚਾਰਜ ਪ੍ਰੋ. ਹਰੀ ਸਿੰਘ, ਡਾਇਰੈਕਟਰ ਉਪਰੇਸ਼ਨਜ਼ ਡਾ: ਏ.ਪੀ.ਐਸ. ਚਾਵਲਾ, ਪ੍ਰਿੰਸੀਪਲ ਮਨਦੀਪ ਸਿੰਘ, ਵਾਈਸ ਪ੍ਰਿੰਸੀਪਲ ਰੇਣੂ ਆਹੂਜਾ, ਮੁੱਖ ਅਧਿਆਪਕਾ ਨਿਸ਼ਚਿੰਤ ਕੌਰ, ਅਧਿਆਪਕ ਸਾਹਿਬਾਨ, ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

## ਡਿਪਟੀ ਕਮਿਸ਼ਨਰ ਵੱਲੋਂ ਨਾਗਰਿਕਾਂ ਨੂੰ ਆਪਣਾ ਆਧਾਰ ਅਪਡੇਟ ਕਰਵਾਉਣ ਦੀ ਅਪੀਲ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਜ਼ਿਲ੍ਹੇ ਦੇ ਅਧਾਰ ਕਾਰਡ ਧਾਰਕਾਂ ਨੂੰ ਪਛਾਣ ਦੇ ਸਬੂਤਾਂ ਅਤੇ ਨਵੀਨਤਮ ਪਤੇ ਦੇ ਸਬੂਤਾਂ ਨਾਲ ਸਬੰਧਤ ਦਸਤਾਵੇਜ਼ ਜਮ੍ਹਾ ਕਰਵਾ ਕੇ ਆਪਣਾ ਆਧਾਰ ਕਾਰਡ ਮੁੜ ਤੋਂ ਪ੍ਰਮਾਣਿਤ ਕਰਵਾਉਣ ਲਈ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਆਧਾਰ ਕਾਰਡ ਨੂੰ ਹੋਰ ਮਜ਼ਬੂਤ ਪਛਾਣ ਦਸਤਾਵੇਜ਼ ਬਣਾਇਆ ਜਾ ਸਕਦਾ ਹੈ, ਜਿਸ ਲਈ ਸਰਕਾਰ ਵੱਲੋਂ ਆਧਾਰ ਕਾਰਡ ਨੂੰ ਅਪਡੇਟ ਕਰਨ ਲਈ ਮੁਹਿੰਮ ਵੀ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਯੂਆਈਡੀਏਆਈ ਨੇ ਆਧਾਰ ਕਾਰਡ ਨਾਲ ਨਵੇਂ ਪਛਾਣ ਦਸਤਾਵੇਜ਼ਾਂ ਨੂੰ ਅਪਲੋਡ ਕਰਨ ਲਈ ਆਪਸ਼ਨ ਵੀ ਮੁਹੱਈਆ ਕਰਵਾਈ ਹੈ। 'ਮਾਈ ਆਧਾਰ ਪੋਰਟਲ' ਜਾਂ ਨੇੜੇ ਦੇ ਆਧਾਰ ਇਨਰੋਲਮੈਂਟ ਕੇਂਦਰਾਂ ਜ਼ਰੀਏ ਇਨ੍ਹਾਂ ਦਸਤਾਵੇਜ਼ਾਂ ਨੂੰ ਅਪਲੋਡ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਨਾਗਰਿਕਾਂ ਨੇ ਪਿਛਲੇ 8 ਤੋਂ 10 ਸਾਲਾਂ ਦਰਮਿਆਨ ਆਪਣੇ ਆਧਾਰ ਕਾਰਡ ਵਿੱਚ ਕੋਈ ਵੀ ਅਪਡੇਸ਼ਨ ਨਹੀਂ ਕਰਵਾਈ ਜਾਂ ਉਨ੍ਹਾਂ ਦਾ ਪਤਾ ਬਦਲ ਗਿਆ ਹੈ, ਉਹ ਅਪਡੇਸ਼ਨ ਕਰਵਾਉਣ ਨੂੰ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਭਾਵੇਂ ਨਾਗਰਿਕਾਂ ਦੀ ਜਾਣਕਾਰੀ ਵਿੱਚ ਤਬਦੀਲੀ ਨਾ ਵੀ ਹੋਈ ਹੋਵੇ, ਤਾਂ ਵੀ ਮੌਜੂਦਾ ਆਧਾਰ ਕਾਰਡ ਨਾਲ ਪਛਾਣ ਅਤੇ ਪਤੇ ਦੇ ਸਬੂਤਾਂ ਨੂੰ ਪ੍ਰਮਾਣਿਤ ਕਰਵਾਉਣਾ ਜ਼ਰੂਰੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਮੋਬਾਇਲ ਨੰਬਰ ਆਧਾਰ ਕਾਰਡ ਰਜਿਸਟਰਡ ਹੈ ਤਾਂ ਅਧਾਰ ਕਾਰਡ ਧਾਰਕ https://myaadhaar.uidai.gov.in 'ਤੇ ਲਾਗਇਨ ਕਰਕੇ, ਆਨਲਾਈਨ ਇਸ ਸੇਵਾ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਆਧਾਰ ਕਾਰਡ ਨਾਲ ਕਈ ਸਰਕਾਰੀ ਸੇਵਾਵਾਂ ਅਤੇ ਹੋਰ ਲਾਭ ਨਾਗਰਿਕਾਂ ਤੱਕ ਪਹੁੰਚਾਏ ਜਾਂਦੇ ਹਨ, ਇਸ ਲਈ ਇਸਨੂੰ ਅਪਡੇਟ ਰੱਖਣਾ ਬਹੁਤ ਹੀ ਜ਼ਰੂਰੀ ਹੈ। ਡਿਪਟੀ ਕਮਿਸ਼ਨਰ ਨੇ ਸਾਰੇ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਵਿਅਕਤੀ ਦੇ ਆਧਾਰ ਕਾਰਡ ਨੂੰ ਪਛਾਣ ਦੇ ਸਬੂਤ ਵਜੋਂ ਲੈਣ ਤੋਂ ਪਹਿਲਾਂ ਇਸਨੂੰ ਤਸਦੀਕ ਜ਼ਰੂਰ ਕਰਵਾ ਲੈਣ ਕਿਉਂਕਿ ਇਸ ਨਾਲ ਫਰਜ਼ੀ/ਫੋਟੋਸ਼ਾਪ ਵਾਲੇ ਆਧਾਰ ਕਾਰਡਾਂ ਦੀ ਪਛਾਣ ਕਰਨ ਵਿੱਚ ਮੱਦਦ ਹਾਸਲ ਹੋਵੇਗੀ।

## ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਲੜਕੀਆਂ ਨੂੰ ਮੁਫਤ ਕੋਚਿੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਰਾਹੀ ਪ੍ਰਯਾਸ ਏਜੂਕੇਸ਼ਨ ਅਤੇ ਚੈਰੀਟੇਬਲ ਸੋਸਾਇਟੀ ਦੇ ਸਹਿਯੋਗ ਨਾਲ ਲੜਕੀਆਂ ਨੂੰ ਮੁਫਤ ਕੋਚਿੰਗ ਸ਼ੁਰੂ ਕੀਤੀ ਗਈ ਹੈ। ਜੋ ਲੜਕੀਆਂ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਅਤੇ ਟੌਪ ਬਿਜ਼ਨੈਸ ਸਕੂਲ ਵਿੱਚ ਜਾਣਾ ਚਾਹੁੰਦੀਆਂ ਹਨ, ਇਹ ਕੋਚਿੰਗ ਉਨਾਂ ਲਈ ਵਰਦਾਨ ਹੈ। ਪ੍ਰਯਾਸ ਏਜੂਕੇਸ਼ਨ ਅਤੇ ਚੈਰੀਟੇਬਲ ਸੋਸਾਇਟੀ ਵੱਲੋਂ ਕੈਟ/ਐਮ.ਬੀ.ਏ ਦੀ ਤਿਆਰੀ ਕਰ ਰਹੀਆਂ 100 ਲੜਕੀਆਂ ਨੂੰ ਮੁਫਤ ਟਰੇਨਿੰਗ ਦਿਤੀ ਜਾਣੀ ਹੈ, ਜਿਸ ਦਾ ਮੁੱਖ ਉਦੇਸ਼ ਲੋੜਵੰਦ ਪ੍ਰਾਰਥੀਆਂ ਨੂੰ ਉਚੇਰੀ ਸਿੱਖਿਆ ਪ੍ਰਧਾਨ ਕਰਨਾ ਹੈ। ਇਸ ਕਰਕੇ ਪ੍ਰਯਾਸ ਏਜੂਕੇਸ਼ਨ ਅਤੇ ਚੈਰੀਟੇਬਲ ਸੋਸਾਇਟੀ ਵੱਲੋਂ ਮਿਸ਼ਨ ਪੰਜਾਬ 100 ਸ਼ੁਰੂ ਕੀਤਾ ਗਿਆ ਹੈ। ਲੜਕੀ ਪੰਜਾਬ ਦੀ ਵਸਨੀਕ ਹੋਣੀ ਚਾਹੀਦੀ ਹੈ ਤੇ ਗ੍ਰੈਜੂਏਸ਼ਨ ਦੀ ਡਿਗਰੀ ਪੂਰੀ ਕਰ ਚੱਕੀ ਹੋਵੇ ਜਾਂ ਫਾਇਨਲ ਸਾਲ ਵਿੱਚ ਹੋਵੇ। ਇਹ ਰਜਿਸਟ੍ਰੇਸ਼ਨ ਬਿਲਕੁਲ ਮੁਫਤ ਹੈ। ਇਸ ਨੂੰ ਅਪਲਾਈ ਕਰਨ ਦੀ ਆਖਰੀ ਮਿਤੀ 27 ਮਈ 2023 ਹੈ ਤੇ ਪ੍ਰਵੇਸ਼ ਪ੍ਰੀਖਿਆ ਦੀ ਮਿਤੀ 28 ਮਈ 2023 ਹੈ ਟੈਸਟ ਦਾ ਸਮਾਂ 60 ਮਿੰਟ ਦਾ ਹੋਵੇਗਾ। ਟੈਸਟ ਦਾ ਸਮਾਂ ਅਤੇ ਸਥਾਨ ਬਾਰੇ ਪਹਿਲਾਂ ਹੀ ਪ੍ਰਾਰਥੀ ਨੂੰ ਸੂਚਿਤ ਕਰ ਦਿੱਤਾ ਜਾਵੇਗਾ। ਯੋਗ ਪ੍ਰਾਰਥੀਆਂ (ਲੜਕੀਆਂ) ਵੱਧ ਤੋਂ ਵੱਧ ਇਸ ਲਿੰਕ ਤੇ ਰਜਿਸਟਰ ਕਰਵਾਉਣ। ਰਜਿਸਟ੍ਰੈਸ਼ਨ ਸਬੰਧੀ ਹੋਰ ਜਾਣਕਾਰੀ ਲੈਣ ਲਈ ਹੈਲਪ ਲਾਈਨ ਨੰਬਰ 9877511555 ਤੇ ਸੰਪਰਕ ਕੀਤਾ ਜਾਵੇ।

## ਡਾ. ਮਨੋਜ ਨਿਸਾਰੀ ਵੱਲੋਂ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਬੱਬੇਹਾਲੀ ਦਾ ਦੌਰਾ



ਗੁਰਦਾਸਪੁਰ (ਜਨਕ ਮਹਾਜਨ)-ਡਾ. ਮਨੋਜ ਨੀਸਾਰੀ ਐਡਵਾਈਜ਼ਰ (ਆਯੂਸ਼) ਮਨਿਸਟਰੀ ਆਫ ਆਯੂਸ਼ ਵਲੋਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਵਲੋਂ ਚਲਾਏ ਜਾ ਰਹੇ ਨਸ਼ਾ ਛੁਡਾਊ ਕੇਂਦਰ ਬੱਬੇਹਾਲੀ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਦੇ ਆਯੂਸ਼ ਵਿਭਾਗ ਦੇ ਡਾਇਰੈਕਟਰ ਡਾ. ਰਵੀ ਕੁਮਾਰ, ਕਵਿਤਾ ਖੰਨਾ ਅਤੇ ਆਰਟ ਆਫ ਲਿਵਿੰਗ ਫਾਊਂਡੇਸ਼ਨ ਦੇ ਨੁਮਾਇੰਦੇ ਵੀ ਹਾਜ਼ਰ ਸਨ। ਆਪਣੀ ਫੇਰੀ ਦੌਰਾਨ ਡਾ. ਮਨੋਜ ਨਿਸਾਰੀ ਨੇ ਕੇਂਦਰ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਇਥੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਵੀ ਦੇਖਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਇਕੱਲੇ-ਇਕੱਲੇ ਮਰੀਜ਼ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਨਸ਼ੇ ਛੱਡ ਕੇ ਤੰਦਰੁਸਤ ਜ਼ਿੰਦਗੀ ਜਿਊਣ ਲਈ ਪ੍ਰੇਰਿਤ ਕੀਤਾ। ਡਾ. ਮਨੋਜ ਨੀਸਾਰੀ ਨੇ ਇਸ ਕੇਂਦਰ ਵਲੋਂ ਨਸ਼ੇ ਦੀ ਦਲ-ਦਲ ਵਿੱਚ ਫਸੇ ਮਰੀਜ਼ਾਂ ਨੂੰ ਬਾਹਰ ਕੱਢਣ ਲਈ ਕੀਤੇ ਜਾ ਰਹੇ ਯਤਨਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਹ ਕੇਂਦਰ ਸੱਚਮੁੱਚ ਹੀ ਨਸ਼ੇ ਤੋਂ ਪੀੜ੍ਹਤ ਵਿਅਕਤੀਆਂ ਨੂੰ ਨਸ਼ੇ ਵਿਚੋਂ ਬਾਹਰ ਕੱਢ ਕੇ ਨਵੀਂ ਜ਼ਿੰਦਗੀ ਦੇ ਰਿਹਾ ਹੈ। ਇਸ ਮੌਕੇ ਮਿਸਜ਼ ਕਵਿਤਾ ਐਂਡ ਵਿਨੋਦ ਖੰਨਾ ਫਾਊਂਡੇਸ਼ਨ ਦੀ ਆਗੂ ਮਿਸਜ਼ ਕਵਿਤਾ ਖੰਨਾ ਨੇ ਕਿਹਾ ਕਿ ਨਸ਼ਾ ਇੱਕ ਸਮਾਜਿਕ ਬੁਰਾਈ ਹੈ ਅਤੇ ਇਸ ਬੁਰਾਈ ਨੂੰ ਸਮਾਜ ਦੇ ਹਰ ਵਰਗ ਦੇ ਸਹਿਯੋਗ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ। ਇਸ ਮੌਕੇ ਆਰਟ ਆਫ ਲਿਵਿੰਗ ਦੇ ਨੁਮਾਇੰਦੇ ਪ੍ਰਿੰਸ ਜੁਨੇਜਾ, ਅਮਿਤ ਸ਼ਰਮਾ, ਅਨਿਲ ਜੁਨੇਜਾ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਰਵੀ ਦਾਰਾ, ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਰਜੀਵ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਤੇ ਨਸ਼ਾ ਛੁਡਾਊ ਕੇਂਦਰ ਦਾ ਸਟਾਫ ਵੀ ਹਾਜ਼ਰ ਸੀ।

## ਐੱਫਸੀਆਈ 'ਚ ਜਾਅਲੀ ਨੌਕਰੀਆਂ ਦੇਣ ਵਾਲੇ ਵੱਡੇ ਘਪਲੇ ਦਾ ਪਰਦਾਫਾਸ



ਪਠਾਨਕੋਟ, (ਦਵਿੰਦਰ ਸਿੰਘ)-ਇੱਕ ਮਹੱਤਵਪੂਰਨ ਸਫਲਤਾ ਵਿੱਚ, ਪਠਾਨਕੋਟ ਪੁਲਸ ਨੇ ਇੱਕ ਵੱਡੇ ਨੌਕਰੀ ਘੁਟਾਲੇ ਵਿੱਚ ਸ਼ਾਮਲ ਦੋਸੀਆਂ ਨੂੰ ਸਫਲਤਾਪੂਰਵਕ ਗ੍ਰਿਫਤਾਰ ਕਰ ਲਿਆ ਹੈ ਜੋ ਨਿਰਦੋਸ਼ ਪੀੜਤਾਂ ਨੂੰ ਉਨ੍ਹਾਂ ਦੀ ਮਿਹਨਤ ਦੀ ਕਮਾਈ ਲੁੱਟ ਕੇ ਧੋਖਾ ਦਿੰਦੇ ਸਨ। ਫੜੇ ਗਏ ਮੁਲਜ਼ਮਾਂ ਦੀ ਪਛਾਣ ਡਾ: ਰਾਜ ਕੁਮਾਰ ਪੁੱਤਰ ਬੂਟੀ ਰਾਮ ਵਾਸੀ ਕਬੀਰ ਦਾਸ ਕਲੋਨੀ, ਫਲਾਈਓਵਰ ਨੇੜੇ, ਸਰਨਾ ਪਠਾਨਕੋਟ ਅਤੇ ਲੱਖਾ ਰਾਮ ਪੁੱਤਰ ਮੰਗਲ ਰਾਮ ਵਾਸੀ ਜ਼ੀਰਕਪੁਰ, ਐੱਸਏਐੱਸ ਨਗਰ, ਮੁਹਾਲੀ ਵਜੋਂ ਹੋਈ ਹੈ।

ਪ੍ਰੈੱਸ ਮੀਡੀਆ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਸ ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਧੋਖਾਧੜੀ ਦਾ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਪੀੜਤ ਹਰਪ੍ਰੀਤ ਸਿੰਘ ਅਤੇ ਰਜਿੰਦਰ ਕੁਮਾਰ ਨੇ ਪਠਾਨਕੋਟ ਪੁਲਸ ਦੇ ਈਓਡਬਲਯੂ ਵਿੰਗ ਨੂੰ ਆਪਣੀਆਂ ਸ਼ਿਕਾਇਤਾਂ ਦਿੱਤੀਆਂ।

ਇੰਚਾਰਜ ਈਓਡਬਲਯੂ ਵਿੰਗ ਪਠਾਨਕੋਟ ਗੁਰਪ੍ਰੀਤ ਕੌਰ ਦੇ ਅਣਥੱਕ ਯਤਨਾਂ ਨੇ ਪੀੜਤਾਂ ਦੇ ਭੈੜੇ ਕੰਮਾਂ ਦੀ ਪੁਸ਼ਟੀ ਕਰਦੇ ਹੋਏ ਦਸਤਾਵੇਜ਼ਾਂ ਦੇ ਫਰਜੀ ਰੂਪ ਦਾ ਪਰਦਾਫਾਸ਼ ਕੀਤਾ।

ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਕਈ ਧਾਰਾਵਾਂ ਤਹਿਤ ਦਰਜ ਕੀਤੀ ਗਈ ਐੱਫਆਈਆਰ ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਐੱਸਐੱਚਓ ਡਿਵੀਜ਼ਨ ਨੰਬਰ -1 ਦੇ ਇੰਸਪੈਕਟਰ ਮਨਦੀਪ ਸਲਗੋਤਰਾ ਦੀ ਅਗਵਾਈ ਵਾਲੀ ਪੁਲਸ ਟੀਮ ਨੇ ਧੋਖੇਬਾਜ਼ਾਂ ਦੇ ਇੱਕ ਵੱਡੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਅਤੇ 89 ਲੱਖ ਤੋਂ ਵੱਧ ਦੇ ਵੱਡੀ ਰਕਮ ਦੇ ਘੁਟਾਲੇ ਦੀਆਂ ਪਰਤਾਂ ਖੋਲ੍ਹੀਆਂ।

## ਬਾਸਮਤੀ ਦੀ ਫਸਲ ਨੂੰ ਝੰਡਾ ਰੋਗ ਤੋਂ ਬਚਾਉਣ ਲਈ ਬੀਜ ਤੇ ਜੜ੍ਹਾਂ ਦੀ ਸੋਧ ਜ਼ਰੂਰੀ : ਡਾ. ਅਮਰੀਕ ਸਿੰਘ



ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਸਾਉਣੀ ਮੁਹਿੰਮ ਤਹਿਤ ਬਲਾਕ ਗੁਰਦਾਸਪੁਰ ਦੇ ਪਿੰਡ ਵਰਸੋਲਾ ਵਿਖੇ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਦਾ ਅਯੋਜਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਡਾ. ਅਮਰੀਕ ਸਿੰਘ ਜ਼ਿਲ੍ਹਾ ਸਿਖਲਾਈ ਅਫ਼ਸਰ ਵੱਲੋਂ ਕੀਤੀ ਗਈ। ਮਨਜੀਤ ਕੌਰ ਖੇਤੀਬਾੜੀ ਵਿਸਥਾਰ ਅਫਸਰ ਦੇ ਪ੍ਰਬੰਧਾਂ ਹੇਠ ਲਗਾਏ ਗਏ ਇਸ ਕਿਸਾਨ ਜਾਗਰੂਕਤਾ ਕੈਂਪ ਵਿਚ ਡਾ. ਰਣਧੀਰ ਸਿੰਘ, ਡਾ. ਹੀਰਾ ਸਿੰਘ ਖੇਤੀਬਾੜੀ ਅਫ਼ਸਰ, ਡਾ. ਸੰਦੀਪ ਸਿੰਘ ਡਿਪਟੀ ਪੀ ਡੀ, ਡਾ. ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ, ਡਾ. ਜਗਮੀਤ ਸਿੰਘ ਬੀਟੀਐਮ, ਹੋਰ ਸਟਾਫ ਅਤੇ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।

ਕੈਂਪ ਵਿਚ ਹਾਜ਼ਰ ਕਿਸਾਨਾਂ ਨੂੰ ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨਾਲ ਭਵਿੱਖ ਦੀ ਖੇਤੀ ਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਉਂਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਕੁਝ ਕਿਸਾਨਾਂ ਵਲੋਂ ਖੇਤਾਂ ਵਿਚ ਦੇਸੀ ਰੂੜ੍ਹੀ ਖਾਦ ਪਾਉਣ ਤੋਂ ਬਾਅਦ ਖੁੱਲੇ ਵਿਚ ਰਹਿਣ ਦਿੱਤਾ ਜਾਂਦਾ ਹੈ ਜਿਸ ਕਾਰਨ ਰੂੜ੍ਹੀ ਵਿਚ ਮੌਜੂਦ ਖੁਰਾਕੀ ਤੱਤਾਂ ਦਾ ਨੁਕਸਾਨ ਹੋ ਜਾਂਦਾ ਹੈ, ਇਸ ਲਈ ਖੇਤਾਂ ਵਿਚ ਰੂੜ੍ਹੀ ਖਾਦ ਪਾਉਣ ਤੋਂ ਬਾਅਦ ਵਾਹ ਕੇ ਪਾਣੀ ਲਗਾ ਦੇਣ ਚਾਹੀਦਾ ਹੈ।

ਡਾ. ਅਮਰੀਕ ਸਿੰਘ ਨੇ ਅੱਗੇ ਕਿਹਾ ਕਿ ਬਾਸਮਤੀ ਦੀ ਫ਼ਸਲ ਦੇ ਸਫਲ ਉਤਪਾਦਨ ਵਿੱਚ ਪੈਰਾਂ ਦੇ ਗਲਣ ਦੇ ਰੋਗ (ਝੰਡਾ ਰੋਗ) ਵੱਡੀ ਸਮੱਸਿਆ ਹੈ। ਇਸ ਲਈ ਇਸ ਰੋਗ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਪਨੀਰੀ ਦੀ ਬਿਜਾਈ ਸਿਫਾਰਸ਼ ਕੀਤੇ ਸਮੇਂ ਜੂਨ ਦੇ ਪਹਿਲੇ ਪੰਦਰਵਾੜੇ ਦੌਰਾਨ ਹੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਿਹਤਮੰਦ ਫਸਲ ਦੀ ਕਾਸ਼ਤ ਲਈ ਜ਼ਰੂਰੀ ਹੈ ਕਿ ਉਸ ਫਸਲ ਦਾ ਬੀਜ ਸ਼ੁੱਧ ਅਤੇ ਉੱਚ ਮਿਆਰ ਦਾ ਹੋਵੇ ਤਾਂ ਜੋ ਬਾਅਦ ਵਿੱਚ ਆਉਣ ਵਾਲੀਆਂ ਕਿਸੇ ਵੀ ਤਰਾਂ ਦੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਬਾਸਮਤੀ ਦਾ ਬੀਜ ਕਿਸੇ ਭਰੋਸੇਯੋਗ ਅਦਾਰਿਆਂ ਜਿਵੇਂ ਪਨਸੀਡ, ਪੀ ਏ ਯੂ, ਇਫਕੋ, ਕਰਿਭਕੋ, ਐਨਐਫਐਲ ਜਾਂ ਲਾਇਸੰਸਧਾਰੀ ਖੇਤੀ ਸਮੱਗਰੀ ਵਿਕ੍ਰੇਤਾਵਾਂ ਤੋਂ ਹੀ ਖ਼੍ਰੀਦਿਆ ਜਾਵੇ। ਉਨ੍ਹਾਂ ਕਿਹਾ ਕਿ ਬੀਜ ਦੀ ਖਰੀਦ ਕਰਨ ਉਪਰੰਤ ਖਰੀਦ ਬਿੱਲ ਡੀਲਰ ਤੋਂ ਜ਼ਰੂਰ ਲਿਆ ਜਾਵੇ। ਉਨ੍ਹਾਂ ਕਿਹਾ ਕਿ ਬਾਸਮਤੀ ਦੀ ਫਸਲ ਨੂੰ ਇਸ ਬਿਮਾਰੀ ਤੋਂ ਬਚਾਅ ਲਈ ਬੀਜ ਅਤੇ ਜੜ੍ਹਾਂ ਦੀ ਸੋਧ ਕਰਨੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਝੋਨੇ ਦੀ ਕਾਸ਼ਤ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਫਸਲ ਨੂੰ ਬਿਮਾਰੀਆਂ ਅਤੇ ਕੀਟਾਂ ਦੇ ਹਮਲੇ ਤੋਂ ਬਚਾਉਣ ਲਈ ਜ਼ਰੂਰੀ ਹੈ ਕਿ ਖਾਦਾਂ ਦੀ ਸਿਫਾਰਸ਼ਾਂ ਅਨੁਸਾਰ ਹੀ ਵਰਤੋਂ ਕੀਤੀ ਜਾਵੇ।।

ਇਸ ਮੌਕੇ ਡਾ. ਦਿਲਰਾਜ ਸਿੰਘ ਨੇ ਪੀਐਮ ਕਿਸਾਨ ਸਕੀਮ ਤਹਿਤ ਲਾਭਪਾਤਰੀਆਂ ਨੂੰ ਪੇਸ਼ ਸਮੱਸਿਆਵਾਂ ਦੇ ਹੱਲ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਦਾ ਰਿਕਾਰਡ ਪੋਰਟਲ ਤੇ ਦਰੁਸਤ ਨਹੀਂ ਹੋਇਆ ਉਹ ਆਪਣਾ ਅਧਾਰ ਕਾਰਡ ਅਤੇ ਜਮਾਂਬੰਦੀ ਖੇਤੀਬਾੜੀ ਦਫਤਰਾਂ ਵਿੱਚ ਜਮ੍ਹਾਂ ਕਰਵਾਉਣ ਤਾਂ ਜੋ ਜ਼ਮੀਨ ਦਾ ਰਿਕਾਰਡ ਦਰੁਸਤ ਕੀਤਾ ਜਾ ਸਕੇ। ਡਾ. ਮਨਜੀਤ ਕੌਰ ਅਤੇ ਡਾ. ਜਗਮੀਤ ਸਿੰਘ ਨੇ ਸਾਉਣੀ ਦੀਆਂ ਫਸਲਾਂ ਵਿਚ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੀ ਰਿਪੋਰਟ ਦੇ ਅਧਾਰ 'ਤੇ ਕਰਨ ਦੀ ਅਪੀਲ ਕੀਤੀ।

## ਸੋਨੀ ਬਰਾਦਰੀ ਨੇ ਮੋਹਲੋਵਾਲੀ ਵਿਖੇ ਮੂਰਤੀ ਸਥਾਪਨਾ ਦਿਵਸ ਮਨਾਇਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਕਸਬੇ ਦੇ ਨਜ਼ਦੀਕੀ ਪਿੰਡ ਮੋਹਲੋਵਾਲੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੈ ਮਾਂ ਸਤਿਊੜੀ ਜਠੇਰੇ ਸੋਨੀ ਖੱਤਰੀ ਬਰਾਦਰੀ ਦੇ ਸਥਾਨ ਪਿੰਡ ਮੋਹਲੋਵਾਲੀ ਵਿਖੇ ਮਹਾਂਮਾਈ ਦਾ ਮੂਰਤੀ ਸਥਾਪਨਾ ਦਿਵਸ ਬੜੀ ਹੀ ਸ਼ਰਧਾ, ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸਮੂਹ ਟਰੱਸਟੀ ਮੈਂਬਰਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 25 ਮਈ ਨੂੰ ਸੋਨੀ ਖੱਤਰੀ ਬਰਾਦਰੀ ਦੇ ਜਠੇਰਿਆਂ ਦੇ ਸਥਾਨ 'ਤੇ ਮਹਾਂਮਾਈ ਦਾ ਮੂਰਤੀ ਸਥਾਪਨਾ ਦਿਵਸ ਕੇਕ ਕੱਟ ਕੇ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਮੌਕੇ ਭਾਰਤ ਦੇ ਕੋਨੇ ਕੋਨੇ ਤੋਂ ਸੋਨੀ ਖੱਤਰੀ ਬਰਾਦਰੀ ਦੇ ਪਰਿਵਾਰਾਂ ਵੱਲੋਂ ਜਠੇਰਿਆਂ ਦੇ ਸਥਾਨ 'ਤੇ ਪਹੁੰਚ ਕੇ ਸ਼ਰਧਾ ਨਾਲ ਸੀਸ ਝੁਕਾ ਕੇ ਆਪਣੇ ਪਰਿਵਾਰ ਦੀ ਮਹਾਂਮਾਈ ਪਾਸੋਂ ਖੁਸ਼ਹਾਲੀ ਦੀ ਕਾਮਨਾ ਕਰਕੇ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਮੌਕੇ ਮਹਾਂਮਾਈ ਦਾ ਅਤੁੱਟ ਭੰਡਾਰਾ ਤੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਤਾਰ ਵਰਤਾਈ ਗਈ। ਇਸ ਮੌਕੇ ਸੰਤੋਸ਼ ਸੋਨੀ, ਪਲਕ ਸੋਨੀ, ਮਮਤਾ ਸੋਨੀ, ਮਧੂ ਸੋਨੀ, ਪਿੰਕੀ ਸੋਨੀ, ਮਿਨਾਕਸ਼ੀ ਸੋਨੀ, ਸੁਨੀਤਾ ਸੋਨੀ, ਡਿੰਪਲ ਸੋਨੀ, ਸੁਦੇਸ਼ ਸੋਨੀ, ਸੁਰਜੀਤ ਸੋਨੀ ਆਦਿ ਹਾਜ਼ਰ ਸਨ।



ਮਾਨਾਂਵਾਲਾ (ਮਨਦੀਪ ਸਿੰਘ ਜੰਮੂ)-ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਿੰਡ ਨਵਾਂ ਕੋਟ ਦੀ ਸੰਗਤ ਤੇ ਛੋਟੇ ਬੱਚਿਆਂ ਵੱਲੋਂ ਘੁੰਗਣੀਆਂ ਦਾ ਪ੍ਰਸ਼ਾਦ ਤੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ।

## ਮੀਸ਼ੋ ਵੱਲੋਂ ਨਵਾਂ ਫੀਚਰ ਸੁਪਰਫਾਸਟਪੇਅ ਲਾਂਚ

ਲੁਧਿਆਣਾ-ਭਾਰਤ ਦੇ ਇਕਲੌਤੇ ਅਸਲੀ ਈ-ਕਾਮਰਸ ਮਾਰਕੀਟਪਲੇਸ, ਮੀਸ਼ੋ ਨੇ ਮੀਸ਼ੋ ਸੁਪਰਫਾਸਟਪੇਅ ਪੇਸ਼ ਕੀਤਾ ਹੈ, ਇੱਕ ਨਵਾਂ ਫ਼ੀਚਰ ਹੈ ਜੋ ਵਿਕਰੇਤਾਵਾਂ ਦਾ ਸਹਿਯੋਗ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ ਅਤੇ ਇਹ ਉਨ੍ਹਾਂ ਨੂੰ ਉਨ੍ਹਾਂ ਦੇ ਭੁਗਤਾਨ ਤੱਕ ਤੇਜ਼ੀ ਨਾਲ ਪਹੁੰਚ ਪ੍ਰਦਾਨ ਕਰਦਾ ਹੈ। ਯੋਗ ਵਿਕਰੇਤਾ ਹੁਣ ਆਪਣੀ ਸਖ਼ਤ ਮਿਹਨਤ ਦਾ ਫਲ ਅਤੇ ਭੁਗਤਾਨ ਸੁਪਰਫਾਸਟਪੇਅ ਦੇ ਜ਼ਰੀਏ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਹਾਸਲ ਕਰ ਸਕਦੇ ਹਨ। ਹਰਸ਼ ਚੌਧਰੀ ਸੀਐਕਸਓ, ਮੋਨੇਟਾਈਜੇਸ਼ਨ ਮੀਸ਼ੋ ਨੇ ਕਿਹਾ ਕਿ ਅਸੀਂ ਜੋ ਵੀ ਕੰਮ ਕਰਦੇ ਹਾਂ ਉਸ ਤਹਿਤ ਸਾਡਾ ਵਿਕਰੇਤਾ ਭਾਈਚਾਰਾ ਸਾਡੇ ਲਈ ਸਭ ਤੋਂ ਮਹੱਤਵਪੂਰਨ ਹੁੰਦਾ ਹੈ। ਰਸਮੀ ਕਰਜ਼ਾ ਹਾਸਲ ਕਰਨ ਵਿੱਚ ਸਾਡੇ ਵਿਕਰੇਤਾਵਾਂ ਨੂੰ ਕਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਸ ਨੂੰ ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਅਤੇ ਅਸੀਂ ਉਨ੍ਹਾਂ ਦੇ ਕਾਰੋਬਾਰ ਨੂੰ ਵਧਾਉਣ ਲਈ ਉਨ੍ਹਾਂ ਨੂੰ ਲੋੜੀਂਦੇ ਸਾਧਨਾਂ ਨਾਲ ਲੈਸ ਕਰਨ ਲਈ ਪ੍ਰਤੀਬੱਧ ਹਾਂ। ਮੀਸ਼ੋ ਸੁਪਰਫਾਸਟਪੇਅ ਸਿਰਫ਼ ਇੱਕ ਸਹੂਲਤ ਹੀ ਨਹੀਂ ਹੈ ਬਲਕਿ ਵੱਖ-ਵੱਖ ਪਹਿਲਕਦਮੀਆਂ ਵਿੱਚ ਮੁੜ ਨਿਵੇਸ਼ ਕਰਨ ਦਾ ਇੱਕ ਹੱਲ ਹੈ ਜਿਵੇਂ ਕਿ ਇਨਵੈਂਟਰੀ ਦਾ ਨਿਰਮਾਣ, ਉਨਾਂ ਦੀ ਉਤਪਾਦ ਲਾਈਨ ਦਾ ਵਿਸਤਾਰ ਹੈ।

## ਕੈਬਨਿਟ ਮੰਤਰੀ ਧਾਲੀਵਾਲ ਵੱਲੋਂ ਪੰਜਾਬ ਦੇ ਪਲੇਠੇ ਕੂੜਾ ਪ੍ਰਬੰਧਨ ਪ੍ਰਾਜੈਕਟ ਦਾ ਉਦਘਾਟਨ

### 78 ਕਰੋੜ ਰੁਪਏ ਦੀ ਲਾਗਤ ਨਾਲ ਧੁੱਸੀ ਬੰਨ੍ਹ ਨੂੰ 18 ਫੁੱਟ ਕੀਤਾ ਜਾਵੇਗਾ ਚੌੜਾ



ਅੰਮ੍ਰਿਤਸਰ, ਅਜਨਾਲਾ (ਨਰਿੰਦਰਜੀਤ ਸਿੰਘ/ਸੁਖਤਿੰਦਰ ਸਿੰਘ ਰਾਜੂ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸਰਕਾਰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪਿੰਡਾਂ ਦਾ ਵਿਕਾਸ ਕਰ ਰਹੀ ਹੈ ਤਾਂ ਜੋ ਪਿੰਡਾਂ ਨੂੰ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ ਅਤੇ ਪਿੰਡਾਂ ਦਾ ਕੋਈ ਵੀ ਰਸਤਾ ਕੱਚਾ ਨਹੀਂ ਰਹਿਣ ਦਿੱਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਹਲਕਾ ਅਜਨਾਲਾ ਦੀ ਗਰਾਮ ਪੰਚਾਇਤ ਗੁਰਾਲਾ ਵਿਖੇ ਕੂੜਾ ਪ੍ਰਬੰਧਨ ਪ੍ਰਾਜੈਕਟ ਜੋ ਕਿ ਪੰਜਾਬ ਦਾ ਇਕ ਨਿਵੇਕਲਾ ਪ੍ਰਾਜੈਕਟ ਹੈ ਜਿਸ ਵਿੱਚ ਆਜੀਵਿਕਾ ਮਿਸ਼ਨ ਪ੍ਰਾਜੈਕਟ ਦੀਆਂ ਸੈਲਫ ਹੈਲਪ ਗਰੁੱਪਾਂ ਦੀਆਂ ਔਰਤਾਂ ਨੂੰ ਸ਼ਾਮਲ ਕੀਤਾ ਗਿਆ, ਦਾ ਉਦਘਾਟਨ ਕਰਨ ਪਿੱਛੋਂ ਕੀਤਾ। ਧਾਲੀਵਾਲ ਨੇ ਦੱਸਿਆ ਕਿ ਇਸ ਪ੍ਰਾਜੈਕਟ 'ਤੇ 11.50 ਲੱਖ ਰੁਪਏ ਖਰਚ ਆਏ ਹਨ ਅਤੇ ਵੱਖ -ਵੱਖ ਸਕੀਮਾਂ ਜਿਵੇਂ 15ਵਾਂ ਵਿੱਤ ਕਮਿਸ਼ਨ, ਮਗਨਰੇਗਾ ਅਤੇ ਪੀ:ਐਸ:ਆਰ:ਐਲ:ਐਮ ਦੇ ਸੈਲਫ ਹੈਲਪ ਗਰੁੱਪ ਦੀ ਕਨਵਰਜੈਂਸ ਕਰਕੇ ਇਹ ਪ੍ਰਾਜੈਕਟ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਤਹਿਤ ਪਿੰਡ ਦੀਆਂ ਸੈਲਫ ਗਰੁੱਪਾਂ ਦੀਆਂ ਔਰਤ ਮੈਂਬਰਾਂ ਨੂੰ ਪਿੰਡ ਵਿੱਚ ਰੁਜ਼ਗਾਰ ਮਿਲੇਗਾ। ਉਨ੍ਹਾਂ ਦੱਸਿਆ ਕਿ ਸੈਲਫ ਹੈਲਪ ਗਰੁੱਪ ਦੀਆਂ ਔਰਤਾਂ ਘਰ-ਘਰ ਜਾ ਕੇ ਗਿੱਲਾ ਅਤੇ ਸੁੱਕਾ ਕੂੜਾ ਰੇਹੜੀ ਰਿਕਸ਼ਾ ਰਾਹੀਂ ਇਕੱਠਾ ਕਰਨਗੀਆਂ ਅਤੇ ਕੂੜਾ ਪ੍ਰਬੰਧਨ ਵਾਲੀ ਥਾਂ 'ਤੇ ਪੁੱਜਦਾ ਕਰਨਗੀਆਂ। ਇਸ ਨਾਲ ਗਰਾਮ ਪੰਚਾਇਤ ਦੀ ਆਮਦਨ ਵਿੱਚ ਵੀ ਵਾਧਾ ਵੀ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਨੂੰ ਪੂਰੇ ਪੰਜਾਬ ਦੇ ਪਿੰਡਾਂ ਵਿੱਚ ਲਾਗੂ ਕੀਤਾ ਜਾਵੇਗਾ ਤਾਂ ਜੋ ਕੂੜੇ ਤੋਂ ਨਿਜਾਤ ਪਾਈ ਜਾ ਸਕੇ।

ਸ. ਧਾਲੀਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 78 ਕਰੋੜ ਰੁਪਏ ਦੀ ਲਾਗਤ ਨਾਲ ਘੋਨੇਵਾਲ ਤੋਂ ਗੁਲਾਰਗੜ੍ਹ ਤੱਕ 42 ਕਿਲੋਮੀਟਰ ਧੁੱਸੀ ਬੰਨ੍ਹ ਨੂੰ 18 ਫੁੱਟ ਚੌੜਾ ਕੀਤਾ ਜਾਵੇਗਾ ਅਤੇ ਇਸ ਕੰਮ ਲਈ ਟੈਂਡਰ ਵੀ ਲੱਗ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 52 ਕਰੋੜ ਰੁਪਏ ਦੀ ਲਾਗਤ ਨਾਲ ਅਜਨਾਲਾ ਤੋਂ ਫਤਿਹਗੜ੍ਹ ਚੂੜੀਆਂ-ਰਮਦਾਸ ਸੜਕ ਮੁਕੰਮਲ ਕੀਤੀ ਜਾਵੇਗੀ। ਬੱਲੜਵਾਲ ਦੇ ਸਕੂਲ ਦੀ ਇਮਾਰਤ ਨੂੰ ਨਵੀਂ ਦਿੱਖ ਪ੍ਰਦਾਨ ਕਰਨ ਲਈ 1 ਕਰੋੜ ਰੁਪਏ ਖਰਚੇ ਜਾਣਗੇ ਅਤੇ ਇਸੇ ਤਰ੍ਹਾਂ ਹੀ ਤੇੜਾਂ ਰਾਜਪੂਤਾਂ ਅਤੇ ਡੱਲਾ ਰਾਜਪੂਤਾਂ ਦੇ ਸਰਕਾਰੀ ਸਕੂਲਾਂ ਦੀ ਇਮਾਰਤ ਦੀ ਮੁਰੰਮਤ ਲਈ 40-40 ਲੱਖ ਰੁਪਏ ਖਰਚ ਕੀਤੇ ਜਾਣਗੇ।

ਇਸ ਮੌਕੇ ਡੀਸੀ ਅਮਿਤ ਤਲਵਾੜ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਬਲਾਕ ਅਜਨਾਲਾ ਦੇ 70 ਪਿੰਡਾਂ ਵਿੱਚ ਲਿਕਡ ਵੇਸਟ ਮੈਨੇਜਮੈਂਟ ਦੇ ਪ੍ਰਾਜੈਕਟ ਚੱਲ ਰਹੇ ਹਨ ਜਿਸ ਨਾਲ ਥਾਪਰ ਮਾਡਲ ਪ੍ਰਾਜੈਕਟ ਬਣਾਏ ਜਾਣਗੇ ਤਾਂ ਜੋ ਪਿੰਡਾਂ ਦੇ ਪਾਣੀ ਨੂੰ ਸਾਫ ਕਰਕੇ ਵਰਤਿਆ ਜਾ ਸਕੇ। ਇਸ ਮੌਕੇ ਆਵਾਜ਼ ਰੰਗ ਮੰਚ ਦੀ ਟੋਲੀ ਵੱਲੋਂ ਪਿੰਡ ਦੇ ਲੋਕਾਂ ਨੂੰ ਕੂੜੇ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਜਾਗਰੂਕ ਕਰਨ ਲਈ ਇਕ ਨੁੱਕੜ ਨਾਟਕ ਵੀ ਖੇਡਿਆ ਗਿਆ ਅਤੇ ਪਿੰਡ ਦੀ ਗਰਾਮ ਪੰਚਾਇਤ ਵੱਲੋਂ ਧਾਲੀਵਾਲ, ਡੀਸੀ ਤਲਵਾੜ ਅਤੇ ਹੋਰ ਪਤਵੰਤਿਆਂ ਨੂੰ ਸਨਮਾਨਤ ਵੀ ਕੀਤਾ ਗਿਆ।

ਇਸ ਮੌਕੇ ਐੱਸਡੀਐੱਮ ਅਜਨਾਲਾ ਅਰਵਿੰਦਰਪਾਲ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਮੈਡਮ ਨਵਦੀਪ ਕੌਰ, ਤਹਿਸੀਲਦਾਰ ਮੈਡਮ ਰੋਬਿਨਜੀਤ ਕੌਰ, ਬੀਡੀਪੀਓ ਸੁਰਜੀਤ ਸਿੰਘ ਬਾਜਵਾ, ਮੀਸ਼ਾ ਵਰਮਾ ਜ਼ਿਲ੍ਹਾ ਇੰਚਾਰਜ ਆਜੀਵਿਕਾ ਮਿਸ਼ਨ, ਅਭਿਸ਼ੇਕ ਸ਼ਰਮਾ, ਪ੍ਰਭਬੀਰ ਸਿੰਘ, ਖੁਸ਼ਪਾਲ ਸਿੰਘ ਧਾਲੀਵਾਲ, ਗੁਰਜੰਟ ਸਿੰਘ ਸੋਹੀ, ਸਰਪੰਚ ਜਸਪਾਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

28-May-Page-12.qxd 5/27/2023 11:04 PM Page 1



# ਮਿਡ ਡੇ ਮੀਲ ਵਰਕਰ ਯੂਨੀਅਨ ਨੇ ਸਰਕਾਰ ਤੇ ਸਿੱਖਿਆ ਮੰਤਰੀ ਦਾ ਪੁਤਲਾ ਫੂਕਿਆ



ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ) ਬੀਤੇ ਦਿਨੀਂ ਚੰਡੀਗੜ੍ਹ ਵਿਖੇ ਮਿਡ ਡੇ ਮੀਲ ਵਰਕਰਾਂ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂਆਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਨਾ ਆਉਣ ਅਤੇ ਵਰਕਰਾਂ ਨੂੰ ਪੰਜਾਬ ਭਵਨ ਵਿੱਚ ਬੰਦ ਕਰਨ ਦੇ ਸਰਕਾਰ ਦੇ ਰਵੱਈਆ ਵਿਰੁੱਧ ਸੁਲਤਾਨਪੁਰ ਲੋਧੀ ਵਿਖੇ ਤਲਵੰਡੀ ਪੁਲ ਚੌਂਕ ਵਿਖੇ ਮਿਡ ਡੇ ਮੀਲ ਵਰਕਰ ਯੂਨੀਅਨ ਵੱਲੋਂ ਸਰਕਾਰ ਅਤੇ ਸਿੱਖਿਆ ਮੰਤਰੀ ਵਿਰੁੱਧ ਜ਼ੋਰਦਾਰ ਨਾਅਰੇਬਾਜੀ ਕਰਦਿਆਂ ਪੁਤਲਾ ਫੂਕਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦਿਉਲ ਸਾਥੀਆਂ ਸਮੇਤ ਹਾਜਰ ਸਨ। ਇਸ ਤੋਂ ਪਹਿਲਾਂ ਧਰਨੇ ਨੂੰ ਸੰਬੋਧਨ ਕਰਦਿਆਂ ਮਿਡ ਡੇ ਮੀਲ ਵਰਕਰ ਯੂਨੀਅਨ ਦੀ ਪ੍ਰਧਾਨ ਮਮਤਾ ਮੋਮੀ ਸੈਦਪੁਰ ਨੇ ਦੱਸਿਆ ਕਿ ਸਿੱਖਿਆ ਮੰਤਰੀ ਵੱਲੋਂ ਯੂਨੀਅਨ ਆਗੂਆਂ ਨੂੰ ਮੀਟਿੰਗ ਦਾ ਸਮਾਂ ਦਿੱਤਾ ਸੀ, ਪਰ ਮੌਕੇ 'ਤੇ ਆ ਕੇ ਅੜੀਅਲ ਰਵੱਈਆ ਅਪਣਾਉਂਦੇ ਮੀਟਿੰਗ ਕਰਨ ਤੋਂ ਨਾਂਹ ਕਰ ਦਿੱਤੀ। ਆਗੂਆਂ ਵੱਲੋਂ ਵਿਰੋਧ ਕਰਨ ਤੇ ਉਨ੍ਹਾਂ ਨੂੰ ਪੰਜਾਬ ਭਵਨ ਵਿੱਚ ਹੀ ਡੱਕ ਦਿੱਤਾ। ਇਸੇ ਤਰ੍ਹਾਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਪ੍ਰਧਾਨ ਸਾਥੀ ਸਤੀਸ਼ ਰਾਣਾ ਨੂੰ ਤਿੰਨ ਨੰਬਰ ਠਾਣੇ ਵਿੱਚ ਨਜ਼ਰਬੰਦ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਉਹ ਸਰਕਾਰ ਦੇ ਜਬਰ ਅੱਗੇ ਨਹੀਂ ਝੁਕਣਗੇ। ਦਿਉਲ ਨੇ ਕਿਹਾ ਕਿ ਸਕੂਲਾਂ ਵਿੱਚ ਮਿਡ ਡੇ ਮੀਲ ਵਰਕਰਾਂ ਪਹਿਲਾਂ ਹੀ ਬਹੁਤ ਘੱਟ ਤਨਖਾਹਾਂ 'ਤੇ ਕੰਮ ਕਰ ਰਹੀਆਂ ਹਨ, ਉੱਤੋਂ ਸਰਕਾਰ ਵੱਲੋਂ ਉਨ੍ਹਾਂ ਨਾਲ ਮਜ਼ਾਕ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਸਮਾਂ ਦੇ ਕੇ ਮੀਟਿੰਗ ਵਿੱਚ ਨਾ ਆਉਣਾ ਬਹੁਤ ਮੰਦਭਾਗਾ ਹੈ। ਇਸ ਮੌਕੇ ਇਕੱਤਰ ਹੋਈਆਂ ਵਰਕਰਾਂ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਮਿਡ ਡੇ ਮੀਲ ਵਰਕਰਾਂ ਨੂੰ ਘੱਟੋ ਘੱਟ ਉਜਰਤਾਂ ਦੇ ਘੇਰੇ ਵਿੱਚ ਲਿਆਂਦਾ ਜਾਵੇ। ਵਰਕਰਾਂ ਦੀ ਤਨਖਾਹ ਘੱਟੋ ਘੱਟ 20000 ਰੁਪਏ ਕੀਤੀ ਜਾਵੇ। ਹਰ ਵਰਕਰ ਦਾ 10 ਲੱਖ ਦਾ ਬੀਮਾ ਅਤੇ ਸਾਲ ਵਿੱਚ ਦੋ ਵਰਦੀਆਂ ਦਿੱਤੀਆਂ ਜਾਣ। ਇਸ ਦੇ ਨਾਲ ਦੂਜੇ ਮੁਲਾਜ਼ਮਾਂ ਵਾਂਗ ਛੁੱਟੀ ਅਤੇ ਸੀ.ਪੀ.ਐਫ ਦੇ ਖਾਤੇ ਖੋਲ੍ਹੇ ਜਾਣ। ਇਸ ਮੌਕੇ ਯੂਨੀਅਨ ਆਗੂਆਂ ਨੇ ਐਲਾਨ ਕੀਤਾ ਕਿ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਜਲਦ ਹੱਲ ਨਾ ਕੀਤਾ ਤਾਂ ਪੰਜਾਬ ਅੰਦਰ ਸਾਰੇ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਮਨਜੀਤ ਕੌਰ , ਸੁਖਚੈਨ ਕੌਰ ,ਜਸਵੀਰ ਕੌਰ, ਪਰਮਜੀਤ ਕੌਰ, ਰਾਜਵਿੰਦਰ ਕੌਰ ,ਬਲਵਿੰਦਰ ਕੌਰ, ਅਮਨਦੀਪ ਕੌਰ, ਨਵਜੀਤ ਕੌਰ, ਅਮਰਜੀਤ ਕੌਰ, ਮਨਜੀਤ ਕੌਰ, ਬਲਜੀਤ ਕੌਰ, ਬਲਵਿੰਦਰ ਕੌਰ, ਸੁਖਵਿੰਦਰ ਕੌਰ, ਹਰਪ੍ਰੀਤ ਕੌਰ ਆਦਿ ਹਾਜਰ ਸਨ।

## ਸਤਿਗੁਰੂ ਕਬੀਰ ਜੀ ਦੇ ਪ੍ਰਗਟ ਦਿਵਸ ਸਮਾਗਮਾਂ ਦੀਆਂ ਤਿਆਰੀਆਂ ਸ਼ੁਰੂ

ਜਲੰਧਰ (ਸ਼ੈਲੀ ਐਲਬਰਟ)- ਸਤਿਗੁਰੂ ਕਬੀਰ ਜੀ ਦੇ 4 ਜੂਨ ਨੂੰ ਮਨਾਏ ਜਾ ਰਹੇ ਪ੍ਰਗਟ ਦਿਵਸ ਅਤੇ 3 ਜੂਨ ਨੂੰ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ ਅਤੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਤੇ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪਦਿਆਂ ਵਿਸਥਾਰਪੂਰਵਕ ਹਦਾਇਤਾਂ ਦਿੱਤੀਆਂ। ਸਮੁੱਚੇ ਪ੍ਰਬੰਧਾਂ ਨੂੰ ਸਮੇਂ ਸਿਰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੰਦਿਆਂ ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸਾਰੇ ਇੰਤਜ਼ਾਮਾਂ ਦੀ ਵਿਅਕਤੀਗਤ ਤੌਰ 'ਤੇ ਨਿਗਰਾਨੀ ਕੀਤੀ ਜਾਵੇ ਤਾਂ ਜੋ ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ। ਇਸ ਦੌਰਾਨ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਵਿਸ਼ੇਸ਼ ਥਾਵਾਂ 'ਤੇ ਐਂਬੂਲੈਂਸਾਂ ਦੀ ਵਿਵਸਥਾ ਕਰਨ ਦੇ ਨਾਲ-ਨਾਲ ਲੋੜੀਂਦੀਆਂ ਦਵਾਈਆਂ ਅਤੇ ਮੈਡੀਕਲ ਟੀਮਾਂ ਤਾਇਨਾਤ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ। ਇਸ ਤੋਂ ਇਲਾਵਾ ਸਾਫ-ਸਫਾਈ, ਚੌਕਾਂ ਦੇ ਸੁੰਦਰੀਕਰਨ, ਪੀਣ ਵਾਲੇ ਪਾਣੀ, ਆਰਜ਼ੀ ਪਖਾਨੇ, ਪਾਰਕਿੰਗ, ਫਾਇਰ ਬ੍ਰਿਗੇਡ ਸਮੇਤ ਸਮੁੱਚੇ ਲੋੜੀਂਦੇ ਬੰਦੋਬਸਤ ਯਕੀਨੀ ਬਣਾਉਣ ਲਈ ਸਬੰਧਤ ਅਧਿਕਾਰੀਆਂ ਦੀ ਡਿਊਟੀਆਂ ਲਗਾਈਆਂ ਗਈਆਂ। ਮੀਟਿੰਗ ਵਿੱਚ ਪ੍ਰਗਟ ਦਿਵਸ ਸਮਾਗਮਾਂ ਨਾਲ ਸਬੰਧਤ ਵੱਖ-ਵੱਖ ਮੰਦਰ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਸ਼ੋਭਾ ਯਾਤਰਾ ਸਤਿਗੁਰੂ ਕਬੀਰ ਜੀ ਮੰਦਰ ਭਾਰਗਵ ਨਗਰ ਤੋਂ ਸ਼ੁਰੂ ਹੋ ਕੇ ਨਾਰੀ ਨਿਕੇਤਨ, ਭਗਵਾਨ ਵਾਲਮੀਕਿ ਚੌਕ, ਬਸਤੀ ਅੱਡਾ ਚੌਕ, ਫੁੱਟਬਾਲ ਚੌਕ, ਵੀਰ ਬਬਰੀਕ ਚੌਕ, ਬਸਤੀ ਸ਼ੇਖ ਅੱਡਾ, ਮਾਡਲ ਹਾਊਸ ਹੁੰਦੀ ਹੋਈ ਮੁੜ ਸਤਿਗੁਰੂ ਕਬੀਰ ਜੀ ਮੰਦਰ ਭਾਰਗਵ ਨਗਰ ਵਿਖੇ ਪੁੱਜੇਗੀ।ਲੋਕਾਂ ਦੀ ਸੁਵਿਧਾ ਲਈ ਸ਼ੋਭਾ ਯਾਤਰਾ ਦੇ ਰੂਟ ਨੂੰ ਵੱਖ-ਵੱਖ ਸੈਕਟਰਾਂ ਵਿੱਚ ਵੰਡਿਆ ਗਿਆ ਹੈ ਅਤੇ ਹਰੇਕ ਸੈਕਟਰ 'ਚ ਲੋੜੀਂਦੇ ਪੁਲਿਸ ਅਧਿਕਾਰੀ/ਕਰਮਚਾਰੀਆਂ ਤਾਇਨਾਤ ਕੀਤੇ ਜਾਣਗੇ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਐਸ.ਡੀ.ਐਮ. ਵਿਕਾਸ ਹੀਰਾ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਆਮ ਆਦਮੀ ਪਾਰਟੀ ਦੇ ਆਗੂ ਮਹਿੰਦਰ ਭਗਤ ਆਦਿ ਵੀ ਮੌਜੂਦ ਸਨ।

## ਸਰਕਾਰੀ ਹਾਈ ਸਕੂਲ ਕੁਹਾੜਾ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ



ਕੁਹਾੜਾ : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਸ਼੍ਰੇਣੀ ਦੀ ਪ੍ਰੀਖਿਆ ਦੇ ਐਲਾਨੇ ਨਤੀਜੇ 'ਚ ਸਰਕਾਰੀ ਹਾਈ ਸਕੂਲ ਕੁਹਾੜਾ ਦੇ ਵਿਦਿਆਰਥੀਆਂ ਨੇ ਹਰ ਸਾਲ ਵਾਂਗ ਐਤਕੀਂ ਵੀ ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਦੇ ਚੰਗੇ ਨਤੀਜੇ ਦੀ ਰਵਾਇਤ ਨੂੰ ਮੁੜ ਦੁਹਰਾਇਆ ਹੈ। ਮੁੱਖ ਅਧਿਆਪਕ ਸ੍ਰੀ ਨੀਰਜ ਕੁਮਾਰ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਸੁਨੈਨਾ ਨੇ 87.3% ਨੰਬਰ ਲੈ ਕੇ ਸਕੂਲ ਚੋਂ ਪਹਿਲਾ ਨੰਬਰ ਪ੍ਰਾਪਤ ਕੀਤਾ। ਸਪਨਾ ਅਤੇ ਆਰਤੀ ਦੋਹਾਂ ਨੇ 86.3%, ਅੰਕ ਪ੍ਰਾਪਤ ਕਰਕੇ ਦੂਜਾ ਅਤੇ ਪ੍ਰਭਜੋਤ ਕੌਰ ਨੇ 84.2%ਅੰਕ ਲੈ ਕੇ ਸਕੂਲ ਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ ਤੇ ਰਹੇ ਹਨ। ਸਕੂਲ ਦੀ ਪ੍ਰਬੰਧਕ ਕਮੇਟੀ , ਸਰਪੰਚ ਸਤਵੰਤ ਸਿੰਘ ਗਰਚਾ ਅਤੇ ਸਮੂਹ ਗ੍ਰਾਮ ਪੰਚਾਇਤ ਨੇ ਸਕੂਲੀ ਬੱਚਿਆਂ ਦੀ ਇਸ ਪ੍ਰਾਪਤੀ ਤੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ ਹੈ। ਇਸ ਸਮੇਂ ਮੈਡਮ ਅਮਿਤਾ, ਸ੍ਰੀ ਗੁਰਪ੍ਰੀਤ ਸਿੰਘ, ਮੈਡਮ ਅਨੀਤਾ ਸ਼ਰਮਾ, ਮੈਡਮ ਮਿਨਾਕਸ਼ੀ ਗੋਇਲ, ਪ੍ਰਭਜੀਤ ਸਿੰਘ , ਰਾਹੁਲ ਕੁਮਾਰ, ਰਵਿੰਦਰ ਕੁਮਾਰ, ਹਰਵਿੰਦਰ ਸਿੰਘ, ਕੁਲਵੰਤ ਸਿੰਘ, ਵਿਸ਼ਾਲ ਪੁਰੀ, ਮੈਡਮ ਹਰਪ੍ਰੀਤ ਕੌਰ ਇੰਗਲਿਸ਼ ਮਿਸਟਰੈਸ, ਸੇਵਕ ਸੈਣੀ ਪੰਜਾਬੀ ਮਾਸਟਰ, ਗੁਰਪ੍ਰੀਤ ਕੌਰ ਕੰਪਿਊਟਰ ਫੈਕਲਟੀ, ਜਸਵਿੰਦਰ ਸਿੰਘ ਤਲਵਾੜ , ਮੈਡਮ ਮੋਨਿਕਾ ਧੀਮਾਨ, ਹਰਪ੍ਰੀਤ ਕੌਰ ਸਾਇੰਸ ਮਿਸਟਰੈਸ, , ਮੈਡਮ ਸੁਰਜੀਤ ਕੌਰ , ਮੈਡਮ ਜਸਨਦੀਪ ਕੌਰ, ਕਰਨਦੀਪ ਸਿੰਘ ਜਲਾਜਣ, ਹਰਪ੍ਰੀਤ ਕੌਰ ਮੈਥ ਮਿਸਟਰੈਸ ਅਤੇ ਸਾਰੇ ਸਟਾਫ ਮੈਂਬਰ ਹਾਜਰ ਸਨ। ਸਾਰੇ ਸਟਾਫ ਨੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਉਹਨਾਂ ਨੇ ਵਧਾਈ ਦਿੰਦਿਆ ਅੱਗੇ ਤੋਂ ਹੋਰ ਮਿਹਨਤ ਕਰਨ ਕਰਨ ਦੀ ਪ੍ਰੇਰਨਾ ਦਿੱਤੀ।

# ਆਰ ਐੱਮ ਪੀ ਆਈ ਵੱਲੋਂ ਮੋਦੀ ਸਰਕਾਰ ਦੀ ਡਟਵੀਂ ਨਿੰਦਾ

ਜਲੰਧਰ (ਨਵਾਂ ਜ਼ਮਾਨਾ ਸਰਵਿਸ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਨੇ ਸੂਬਿਆਂ ਦੇ ਅਧਿਕਾਰਾਂ 'ਤੇ ਦਿਨੋ-ਦਿਨ ਹਮਲੇ ਤੇਜ ਕਰਦੀ ਜਾ ਰਹੀ ਕੇਂਦਰ ਦੀ ਮੋਦੀ ਸਰਕਾਰ ਦੀ ਡਟਵੀਂ ਨਿੰਦਾ ਕੀਤੀ ਹੈ। ਇੱਥੋਂ ਜਾਰੀ ਇੱਕ ਸਾਂਝੇ ਬਿਆਨ ਰਾਹੀਂ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਅਤੇ ਪੰਜਾਬ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਹੈ ਕਿ ਦਿੱਲੀ ਦੀ ਚੁਣੀ ਹੋਈ ਸੂਬਾਈ ਸਰਕਾਰ ਨੂੰ ਲੈਫਟੀਨੈਂਟ ਗਵਰਨਰ ਦਾ ਬੰਧੂਆ ਗੁਲਾਮ ਬਣਾਉਂਦਾ ਆਰਡੀਨੈਂਸ ਜਾਰੀ ਕਰਨਾ ਮੋਦੀ-ਸ਼ਾਹ ਸਰਕਾਰ ਦੇ ਘੋਰ ਫੈਡਰਲਿਜਮ ਵਿਰੋਧੀ ਨੀਤੀ ਚੌਖਟੇ ਦੀ ਬੇਹੱਦ ਭੱਦੀ, ਤਾਜਾ ਮਿਸਾਲ ਹੈ।

ਪਾਸਲਾ ਅਤੇ ਜਾਮਾਰਾਏ ਨੇ ਕਿਹਾ ਕਿ ਦੇਸ਼ ਦੀ ਸਰਵ ਉੱਚ ਅਦਾਲਤ ਦੀਆਂ ਭਾਵਨਾਵਾਂ ਨੂੰ ਪਲਟਾਉਣ ਲਈ ਉਕਤ ਆਰਡੀਨੈਂਸ ਜਾਰੀ ਕਰਨਾ ਨਾ ਕੇਵਲ ਰਾਜਸੀ ਦਲਾਂ ਬਲਕਿ ਸਮੂਹ ਦੇਸ਼ ਵਾਸੀਆਂ ਲਈ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਦੋਹਾਂ ਆਗੂਆਂ ਨੇ, ਦੇਸ਼ ਦੇ ਸਭਨਾਂ ਭਾਜਪਾ ਵਿਰੋਧੀ ਰਾਜਸੀ ਦਲਾਂ, ਖਾਸ ਕਰਕੇ ਖੇਤਰੀ ਪਾਰਟੀਆਂ ਨੂੰ ਕੇਂਦਰ ਦੀ ਕਾਰਪੋਰੇਟ ਪੱਖੀ, ਫਿਰਕੂ-ਫਾਸਿਸਟ ਸੱਤਾ ਦੇ ਤਾਨਾਸ਼ਾਹੀ ਵਾਲੇ ਵਿਚਾਰ ਚੌਖਟੇ 'ਚੋਂ ਉਪਜਦੇ ਇਨ੍ਹਾਂ ਮਾਰੂ ਹੱਲਿਆਂ ਵਿਰੁੱਧ ਜਨ ਪ੍ਰਤੀਰੋਧ ਉਸਾਰਨ ਹਿਤ ਇਕਜੁੱਟ ਹੋਣ ਦੀ ਅਪੀਲ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਦੁੱਖ ਭਰੀ ਹੈਰਾਨੀ ਦੀ ਗੱਲ ਹੈ ਕਿ ਅਤੀਤ 'ਚ ਦੇਸ਼ ਦੀਆਂ ਵਿਰੋਧੀ ਪਾਰਟੀਆਂ ਨਾਲੋਂ ਅਲਹਿਦਗੀ ਰੱਖਦਿਆਂ ਕੇਂਦਰੀ ਸਰਕਾਰ ਦੇ ਸੰਵਿਧਾਨ ਦੀਆਂ ਮੂਲ ਭਾਵਨਾਵਾਂ ਨੂੰ ਤਬਾਹ ਕਰਨ ਵਾਲੇ ਸਾਰੇ ਫੈਸਲਿਆਂ ਅਤੇ ਲੋਕਾਂ ਦੇ ਲੋਕਰਾਜੀ ਅਧਿਕਾਰਾਂ, ਫੈਡਰਲ ਸਰੋਕਾਰਾਂ ਅਤੇ ਧਰਮ ਨਿਰਪੱਖਤਾ ਦਾ ਘਾਣ ਕਰਨ ਵਾਲੇ ਸਾਰੇ ਕਦਮਾਂ ਪ੍ਰਤੀ ਚੁੱਪ ਧਾਰੀ ਰੱਖਨ ਵਾਲੇ ਅਰਵਿੰਦ ਕੇਜਰੀਵਾਲ ਹੁਣ ਦਿੱਲੀ ਸਰਕਾਰ ਦੇ ਅਧਿਕਾਰ ਬਚਾਈ ਰੱਖਣ ਲਈ ਦੇਸ਼ ਦੇ ਸਾਰੇ ਆਗੂਆਂ ਕੋਲੋਂ ਇਮਦਾਦ ਤੇ ਸਮਰਥਨ ਮੰਗਣ ਨਿੱਕਲੇ ਹੋਏ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਲੋਕ ਤੰਤਰ ਨੂੰ ਖਤਮ ਕਰਕੇ ਏਕਾਤਮਕ ਤਰਜ ਦੇ ਰਾਜਕੀ ਢਾਂਚੇ ਦੀ ਉਸਾਰੀ ਦੇ ਮੁੱਦਈ ਆਰ.ਐਸ.ਐਸ. ਦੇ ਸਿਆਸੀ ਵਿੰਗ ਭਾਜਪਾ ਦੇ ਹਮਲਿਆਂ ਦਾ ਟਾਕਰਾ ਸਿਆਸੀ ਮੁਫਾਦਾਂ ਨੂੰ ਇਕ ਪਾਸੇ ਛੱਡਦਿਆਂ ਸਾਰੇ ਦਲਾਂ ਦਾ ਸਾਂਝਾ ਮੰਚ ਉਸਾਰ ਕੇ ਹੀ ਕੀਤਾ ਜਾ ਸਕਦਾ ਹੈ।

## ਸੰਗਤਾਂ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਭਾਰ ਢੋਣ ਵਾਲੇ ਸਾਧਨਾਂ 'ਤੇ ਨਾ ਜਾਣ : ਸੰਤ ਸਤਵਿੰਦਰ ਹੀਰਾ



ਹੁਸ਼ਿਆਰਪੁਰ (ਓ ਪੀ ਰਾਣਾ)- ਪਿਛਲੇ ਦਿਨੀਂ ਇਤਿਹਾਸਕ ਧਾਰਮਿਕ ਅਸਥਾਨ ਸ੍ਰੀ ਚਰਨਛੋਹ ਗੰਗਾ ਸੱਚਖੰਡ ਖੁਰਾਲਗੜ੍ਹ ਸਾਹਿਬ ਦੇ ਦਰਸ਼ਨਾਂ ਲਈ ਪਿੰਡ ਪਰਾਗਪੁਰ ਬਲਾਚੌਰ ਤੋਂ ਆਈ ਸੰਗਤ ਦੀ ਰਸਤੇ ਵਿਚ ਟਰਾਲੀ ਪਲਟਣ ਨਾਲ ਤਿੰਨ ਸ਼ਰਧਾਲੂਆਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਗਈ ਅਤੇ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ । ਇਸ ਸਮੇਂ ਪਿੰਡ ਪਰਾਗਪੁਰ ਅਤੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਤੋਂ ਵੱਡੀ ਪੱਧਰ 'ਤੇ ਸੰਗਤਾਂ ਹਾਜਰ ਸਨ।

ਦੁਰਘਟਨਾ ਵਿਚ ਭੁਪਿੰਦਰ ਕੌਰ (23) ਪਤਨੀ ਹਰਬੰਸ ਲਾਲ, ਸੁਖਪ੍ਰੀਤ (18) ਪੁੱਤਰੀ ਦਵਿੰਦਰ, ਮਹਿੰਦਰ ਕੌਰ (62) ਪਤਨੀ ਪਿਆਰਾ ਵਸੀ ਪਰਾਗਪੁਰ ਬਲਾਚੌਰ ਦੀ ਮੌਤ ਹੋ ਗਈ ਸੀ ਅਤੇ ਕਈ ਸੰਗਤਾਂ ਗੰਭੀਰ ਜ਼ਖਮੀ ਹੋ ਗਈਆਂ ਸਨ, ਜਿਨ੍ਹਾਂ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ।

ਇਸ ਸਮੇਂ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.)ਭਾਰਤ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਸ੍ਰੀ ਖੁਰਾਲਗੜ੍ਹ ਸਾਹਿਬ ਨੂੰ ਦਰਸ਼ਨਾਂ ਲਈ ਆ ਰਹੀਆਂ ਸੰਗਤਾਂ ਦੀਆਂ ਟਰਾਲੀਆਂ ਹਾਦਸਾਗ੍ਰਸਤ ਹੋਈਆਂ ਹਨ ਜਿਸ ਵਿਚ ਕਈ ਜਾਨਾਂ ਵੀ ਗਈਆਂ ਹਨ। ਇਸ ਕਰਕੇ ਸਰਕਾਰ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਖਤਰਨਾਕ ਸੜਕਾਂ ਨੂੰ ਖ਼ੱਡਾਂ ਪੂਰ ਕੇ ਚੌੜੀਆਂ ਕਰਨੀਆਂ ਚਾਹੀਦੀਆਂ ਹਨ।

ਉਨਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਟਰਾਲੀਆਂ, ਟੈਂਪੂ ਆਦਿ ਭਾਰ ਢੋਹਣ ਵਾਲੇ ਸਾਧਨਾਂ 'ਤੇ ਧਾਰਮਿਕ ਯਾਤਰਾ 'ਤੇ ਨਾ ਜਾਣ,ਕਿਉਂਕਿ ਸੜਕਾਂ ਘੱਟ ਚੌੜੀਆਂ ਹੋਣ ਕਾਰਨ ਟਰਾਲੀਆਂ ਨੂੰ ਮੋੜ ਕੱਟਣ ਵਿਚ ਮੁਸ਼ਕਿਲ ਆਉਂਦੀ ਹੈ।

## ਸੇਂਟ ਸੋਲਜਰ ਦੇ ਨੰਨ੍ਹਿਆਂ ਨੇ ਚਮਕਾਇਆ ਨਾਂਅ

ਜਲੰਧਰ, (ਇਕਬਾਲ ਸਿੰਘ ਉੱਭੀ)-ਇਥੇ ਸੀ.ਕੇ.ਸੀ ਪੰਜਾਬ ਸਟੇਟ ਕਰਾਟੇ ਚੈਂਪੀਅਨਸ਼ਿਪ 2023 ਵਿਚ ਸੇਂਟ ਸੋਲਜਰ ਇਲੀਟ ਸਕੂਲ, ਮੋਤੀ ਬਾਗ, ਲੱਧੇਵਾਲੀ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅਨੁਰਾਧਾ ਜੁਨੇਜਾ ਨੇ ਦੱਸਿਆ ਕਿ ਮੁਕਾਬਲਿਆਂ ਵਿਚ 40 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿਚ ਯੂ.ਕੇ.ਜੀ ਜਮਾਤ ਦੇ ਰਿਤਿਸ਼ ਵਾਸਨ ਨੇ ਚਾਂਦੀ ਦਾ ਤਗਮਾ, ਦੂਜੀ ਜਮਾਤ ਦੀ ਗੁਰਸਾਂਝ ਕੌਰ, ਪੰਜਵੀਂ ਜਮਾਤ ਦੇ ਆਰੁਸ਼ ਅਤੇ ਛੇਵੀਂ ਜਮਾਤ ਦੇ ਸੰਚਿਤ ਨੇ ਕਾਂਸੀ ਦਾ ਤਗਮਾ ਜਿੱਤ ਕੇ ਆਪਣਾ ਝੰਡਾ ਲਹਿਰਾਇਆ। ਹੁਣ ਇਨ੍ਹਾਂ ਵਿਦਿਆਰਥੀਆਂ ਨੂੰ ਮਲੇਸ਼ੀਆ ਵਿੱਚ ਹੋਣ ਜਾ ਰਹੀ 22ਵੀਂ ਮਿਲੋ ਓਪਨ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ 2023 ਵਿੱਚ ਭਾਗ ਲੈਣ ਲਈ ਚੁਣਿਆ ਗਿਆ ਹੈ। ਸੇਂਟ ਸੋਲਜਰ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਅਤੇ ਕੋਚ ਜਤਿੰਦਰ ਕੁਮਾਰ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਵਿਖੇ ਕਰਵਾਏ ਬਾਸਕਟਬਾਲ ਮੁਕਾਬਲੇ

ਅੱਡਾ ਸਰਾਂ , (ਕਾਜਲ)- ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਸੋਸਾਇਟੀ ਬੋਕਾਰੋ (ਝਾਰਖੰਡ.) ਵੱਲੋਂ ਚਲਾਏ ਜਾ ਰਹੇ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਨੈਨੋਵਾਲ ਵੈਦ ਵਿਖੇ ਬਾਸਕਟਬਾਲ ਦੇ ਮੈਚ ਕਰਵਾਏ ਗਏ। ਖੇਡ ਇੰਚਾਰਜ ਓਂਕਾਰ ਸਿੰਘ ਦੀ ਦੇਖ-ਰੇਖ ਹੇਠ ਕਰਵਾਏ ਇਨ੍ਹਾਂ ਮੈਚਾਂ ਦੌਰਾਨ ਦਸਵੀਂ ਜਮਾਤ ਅਤੇ ਨੌਵੀਂ ਜਮਾਤ ਦੀਆਂ ਟੀਮਾਂ ਵਿਚਕਾਰ ਫਾਈਨਲ ਮੈਚ ਹੋਇਆ,ਜਿਸ ਵਿਚ ਇਕ ਤਰਫਾ ਮੁਕਾਬਲੇ ਦੌਰਾਨ ਦਸਵੀਂ ਦੀ ਟੀਮ ਨੇ 29-6 ਦੇ ਫਰਕ ਨਾਲ ਜਿੱਤ ਦਰਜ ਕੀਤੀ। ਜੇਤੂ ਟੀਮ ਦੇ ਖਿਡਾਰੀਆਂ ਨੂੰ ਸਨਮਾਨਿਤ ਕਰਦਿਆਂ ਮੁੱਖ ਮਹਿਮਾਨ ਪ੍ਰਬੰਧਕ ਕਮੇਟੀ ਮੈਂਬਰ ਮੋਹਨ ਲਾਲ ਰੂਪਰਾਏ ਨੇ ਖੇਡਾਂ ਦੀ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜਰ ਸੀ।

## ਨਵ ਨਿਯੁਕਤ ਡੀ ਸੀ ਗੁਰਦੁਆਰਾ ਬੇਰ ਸਾਹਿਬ ਵਿਖੇ ਹੋਏ ਨਤਮਸਤਕ



ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ) ਨਵ-ਨਿਯੁਕਤ ਡਿਪਟੀ ਕਮਿਸ਼ਨਰ ਕਪੂਰਥਲਾ ਕੈਪਟਨ ਕਰਨੈਲ ਸਿੰਘ ਬਤੌਰ ਡਿਪਟੀ ਕਮਿਸ਼ਨਰ ਕਪੂਰਥਲਾ ਅਹੁਦਾ ਸੰਭਾਲਨ ਪਿੱਛੋਂ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਨਤਮਸਤਕ ਹੋਏ। ਉਹਨਾਂ ਸ੍ਰੀ ਦਰਬਾਰ ਸਾਹਿਬ ਵਿੱਚ ਬੈਠ ਕੇ ਕੀਰਤਨ ਸਰਵਣ ਕੀਤਾ। ਇਸ ਉਪਰੰਤ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਵੇਈਂ ਦੇ ਵੀ ਦਰਸ਼ਨ ਕੀਤੇ। ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਜਰਨੈਲ ਸਿੰਘ ਬੂਲੇ ਵੱਲੋਂ ਡਿਪਟੀ ਕਮਿਸ਼ਰ ਨੂੰ ਗੁਰੂ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਨਵਾਜਿਆ ਗਿਆ।

# ਰਾਜਾ ਵੱਲੋਂ ਮੈਰਿਟ 'ਚ ਆਈਆਂ ਵਿਦਿਆਰਥਣਾਂ ਸਨਮਾਨਤ




ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 12ਵੀਂ ਕਲਾਸ ਦੇ ਸਾਲਾਨਾ ਨਤੀਜੇ ਚੋਂ ਮੈਰਿਟ ਵਿਚ ਸਥਾਨ ਹਾਸਲ ਕਰਨ ਵਾਲੀਆਂ ਡਾ.ਅਮੀਰ ਸਿੰਘ ਕਾਲਕਟ ਯਾਦਗਾਰੀ ਸੀਨੀਅਰ ਸਕੈਂਡਰੀ ਸਕੂਲ ਲੜਕੀਆਂ (ਅਹੀਆਪੁਰ) ਟਾਂਡਾ ਦੀਆਂ ਹੋਣਹਾਰ ਵਿੱਦਿਆਰਥਣਾਂ ਨਵਨੀਤ ਕੌਰ ਅਤੇ ਸਿਮਰਨਪ੍ਰੀਤ ਕੌਰ ਨੂੰ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਪੰਜਾਬ ਸਰਕਾਰ ਵੱਲੋਂ ਤੇ ਪ੍ਰਿੰਸੀਪਲ ਹਰਦੀਪ ਸਿੰਘ ਨੇ ਸਕੂਲ ਸਟਾਫ ਵੱਲੋਂ ਯਾਦਗਾਰੀ ਚਿੰਨ੍ਹ ਤੇ ਨਕਦ ਇਨਾਮੀ ਰਾਸ਼ੀ ਦੇ ਕੇ ਸਨਮਾਨਿਤ ਕੀਤਾ। ਪ੍ਰਿੰਸੀਪਲ ਹਰਦੀਪ ਸਿੰਘ ਦੀ ਅਗਵਾਈ ਵਿੱਚ ਹੋਏ ਸਮਾਗਮ ਦੌਰਾਨ ਨਵਦੀਪ ਕੌਰ ਪੁੱਤਰੀ ਅਵਤਾਰ ਸਿੰਘ ਵਾਸੀ ਪਿੰਡ ਗਿੱਲ ਜਿਸ ਨੇ 490 ਅੰਕ ਪ੍ਰਾਪਤ ਕਰਕੇ ਪੰਜਾਬ ਭਰ 'ਚੋਂ 10ਵਾਂ ਤੇ ਸਿਮਰਨਪ੍ਰੀਤ ਕੌਰ ਜਿਸ ਨੇ 487 ਅੰਕ ਪ੍ਰਾਪਤ ਕਰਕੇ ਪੰਜਾਬ 'ਚੋਂ 13ਵਾਂ ਸਥਾਨ ਹਾਸਲ ਕਰਨ ਨੂੰ ਸਨਮਾਨਿਤ ਕੀਤਾ। ਉਨ੍ਹਾਂ ਸਕੂਲ ਦੀਆਂ ਹੋਰਨਾਂ ਵਿਦਿਆਰਥਣਾਂ ਨੂੰ ਵੀ ਮਿਹਨਤ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ.ਕੇਵਲ ਸਿੰਘ ਕਾਜਲ ਪ੍ਰਧਾਨ ਕੇਸੇਵ ਸਿੰਘ ਸੈਣੀ ,ਸਿਟੀ ਪ੍ਰਧਾਨ ਜਗਜੀਵਨ ਜੱਗੀ, ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ,ਗੁਰਦੀਪ ਸਿੰਘ ਹੈਪੀ ਤੇ ਚੇਅਰਮੈਨ , ਪ੍ਰਪ੍ਰਮ ਪਡਵਾਲ, ਬਲਜੀਤ ਸਿੰਘ ਸੈਣੀ, ਸਤੀਸ਼ ਕੁਮਾਰ, ਲੇਖ ਰਾਜ ਅਹੀਅਪੁਰ, ਕਵਿਤਾ ਮਹਿੰਦਰੂ, ਰਿਤੇਸ਼ਵਰ ਵਾਲੀਆ, ਮਿਨੀ ਸ਼ਰਮਾ, ਦਲਜੀਤ ਕੌਰ,ਕਮਲੇਸ਼ ਰਾਣੀ, ਨਵਨੀਤ ਕੌਰ, ਸਨੇਹ ਲਤਾ, ਪਰਮਿੰਦਰ ਕੌਰ, ਸਤਵੀਰ ਸਿੰਘ, ਅਮ੍ਰਿਤਾ ਭੱਟੀ ਨੀਰਜ ਸ਼ਰਮਾ, ਸ਼ਸ਼ੀ ਕਾਜਲ ਆਦਿ ਵੀ ਹਾਜਰ ਸਨ ।

## ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲਿਆਂ ਨੂੰ ਕੀਤੇ ਜੁਰਮਾਨੇ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਪਿੰਡ ਬਹਿਰਾਮਪੁਰ ਬੇਟ ਵਿਖੇ ਚੈਕਿੰਗ ਕੀਤੀ ਗਈ। ਇਸ ਮੌਕੇ 'ਤੇ ਕੋਟਪਾ ਐਕਟ ਅਧੀਨ ਉਲੰਘਣਾ ਕਰਨ ਵਾਲੇ ਦੁਕਾਨਦਾਰਾਂ ਨੂੰ ਮੌਕੇ ਤੇ ਜੁਰਮਾਨਾ ਕੀਤਾ ਗਿਆ। ਇਸ ਮੌਕੇ ਤੇ ਦਵਿੰਦਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਨੇ ਕਿਹਾ ਕਿ ਕੋਟਪਾ ਐਕਟ ਅਧੀਨ ਤੰਬਾਕੂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਵਾਲੀ ਪਬਲੀਸਿਟੀ ਦੀ ਮਨਾਹੀ ਹੈ ਅਤੇ ਤੰਬਾਕੂ ਉਤਪਾਦਾਂ ਦੇ ਪੈਕਟਾਂ ਤੇ 85 ਫੀਸਦੀ ਸਿਹਤ ਸਬੰਧੀ ਚੇਤਾਵਨੀ ਹੋਣੀ ਚਾਹੀਦੀ ਹੈ। ਡਰੱਗ ਅਤੇ ਕਾਸਮੈਟਿਕ ਐਕਟ ਅਧੀਨ ਈ.ਸਿਗਰੇਟ ਨੂੰ ਗੈਰ ਕਾਨੂੰਨੀ ਘੋਸ਼ਿਤ ਕੀਤਾ ਗਿਆ ਹੈ ਅਤੇ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦਾਂ ਐਕਟ ਦੀ ਧਾਰਾ 7 ਅਧੀਨ ਖੁੱਲੀ ਸਿਗਰੇਟ/ਤੰਬਾਕੂ ਵੇਚਣ ਤੇ ਪਾਬੰਦੀ ਲਗਾਈ ਗਈ ਹੈ। ਜੇ.ਜੇ ਐਕਟ ਅਧੀਨ ਕੋਈ ਵੀ 18 ਸਾਲ ਤੋਂ ਘੱਟ ਉਮਰ ਦੇ ਨਾਬਾਲਗ ਨੂੰ ਤੰਬਾਕੂ ਉਤਪਾਦ ਵੇਚਣ ਦੀ ਮਨਾਹੀ ਹੈ। ਉਨਾ ਕਿਹਾ ਕਿ ਈ-ਸਿਗਰੇਟ ਵਿੱਚ ਨਿਕੋਟੀਨ ਹੁੰਦਾ ਹੈ, ਇਸ ਲਈ ਪੰਜਾਬ ਵਿੱਚ ਈ.ਸਿਗਰੇਟ ਤੇ ਪੂਰੀ ਤਰ੍ਹਾਂ ਪਾਬੰਦੀ ਹੈ। ਉਨਾਂ ਤੰਬਾਕੂ ਵਿਕਰੇਤਾਂਵਾ ਨੂੰ ਕਿਹਾ ਕਿ ਐਕਟ ਦੀਆਂ ਧਾਰਾਂਵਾ ਦੀ ਪਾਲਣਾ ਯਕੀਨੀ ਬਣਾਈ ਜਾਵੇ। ਇਸ ਟੀਮ ਵਿੱਚ ਰਵਿੰਦਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ, ਮਲਟੀਪਰਪਜ਼ ਹੈਲਥ ਵਰਕਰ ਮੇਲ ਪਰਦੀਪ ਕੁਮਾਰ, ਲਖਵੀਰ ਸਿੰਘ ਅਤੇ ਅਮਰੀਕ ਸਿੰਘ ਹਾਜਰ ਸੀ।

# ਐੱਲ ਪੀ ਯੂ ਨੂੰ ਹਾਰਵਰਡ ਤੇ ਆਕਸਫੋਰਡ 'ਵਰਸਿਟੀਆਂ ਤੋਂ ਉੱਪਰ ਰੈਂਕਿੰਗ ਮਿਲੀ

ਜਲੰਧਰ (ਸ਼ੈਲੀ ਐਲਬਰਟ) ਵਿਸ਼ਵ ਯੂਨੀਵਰਸਿਟੀ ਰੈਂਕਿੰਗਜ ਫਾਰ ਇਨੋਵੇਸ਼ਨ ਨੇ ਹਾਲ ਹੀ ਵਿੱਚ ਆਪਣੀ ਇੱਕ ਗਲੋਬਲ ਰੈਂਕਿੰਗ ਸੂਚੀ 'ਚ ਵਿਸ਼ਵ ਦੀਆਂ ਚੋਟੀ ਦੀਆਂ ਹਾਰਵਰਡ ਅਤੇ ਆਕਸਫੋਰਡ ਯੂਨੀਵਰਸਿਟੀਆਂ ਤੋਂ ਅੱਗੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੂੰ ਸਵੀਕਾਰ ਕੀਤਾ ਹੈ। ਦੁਨੀਆ ਭਰ 'ਚ ਛੇ ਸ਼੍ਰੇਣੀਆਂ 'ਚ ਭਾਗ ਲੈਣ ਵਾਲੀਆਂ ਯੂਨੀਵਰਸਿਟੀਆਂ ਦਾ 'ਚੌਥੀ ਉਦਯੋਗਿਕ ਕ੍ਰਾਂਤੀ' ਸ਼੍ਰੇਣੀ ਲਈ ਮੁਲਾਂਕਣ ਕਰਦਿਆਂ ਐਲ ਪੀ ਯੂ ਨੂੰ 12ਵੇਂ ਸਥਾਨ 'ਤੇ, ਆਈ ਵੀ ਲੀਗ ਯੂਨੀਵਰਸਿਟੀ ਹਾਰਵਰਡ ਨੂੰ 23ਵੇਂ ਅਤੇ ਯੂ ਕੇ ਦੀ ਆਕਸਫੋਰਡ ਨੂੰ 37ਵੇਂ ਰੈਂਕ ਤੇ ਰੱਖਿਆ ਗਿਆ ਹੈ। ਗਲੋਬਲ ਬੈਂਡ 101-200 'ਚ ਐਲ ਪੀ ਯੂ ਨੂੰ ਹਾਰਵਰਡ, ਕਾਰਨੇਲ, ਪੈਨਸਿਲਵੇਨੀਆ ਸਮੇਤ ਅਮਰੀਕਾ ਦੀਆਂ ਵੱਖ-ਵੱਖ ਚੋਟੀ ਦੀਆਂ ਆਈਵੀ ਲੀਗ ਯੂਨੀਵਰਸਿਟੀਆਂ ਨਾਲ ਇੰਗਲੈਂਡ, ਜਰਮਨੀ, ਕੈਨੇਡਾ, ਆਸਟ੍ਰੇਲੀਆ, ਚੀਨ, ਕੋਰੀਆ, ਸਵੀਡਨ ਨਾਲ ਰੱਖਿਆ ਗਿਆ ਹੈ। ਐਲ ਪੀ ਯੂ ਨੈਤਿਕ ਮੁੱਲ ਸੰਕਟ ਪ੍ਰਬੰਧਨ ਅਤੇ, ਚੌਥੀ ਉਦਯੋਗਿਕ ਕ੍ਰਾਂਤੀ ਦੀਆਂ ਤਿੰਨ ਵੱਖ ਵੱਖ ਸ਼੍ਰੇਣੀਆਂ ਲਈ ਭਾਰਤ ਵਿੱਚ, ਸਰਕਾਰੀ ਅਤੇ ਪ੍ਰਾਈਵੇਟ ਯੂਨੀਵਰਸਿਟੀਆਂ ਦੋਵਾਂ ਵਿੱਚ, ਪਹਿਲੇ ਸਥਾਨ 'ਤੇ ਹੈ। ਐਲਪੀਯੂ ਵੀ ਇੰਨਾਂ 3 ਸ਼੍ਰੇਣੀਆਂ ਦੇ ਤਹਿਤ, ਚੋਟੀ ਦੀਆਂ 50 ਦੀ ਸੂਚੀਆਂ ਵਿੱਚ ਵਿਸਵ ਪੱਧਰ 'ਤੇ ਕ੍ਰਮਵਾਰ 48ਵੇਂ, 46ਵੇਂ ਅਤੇ 12ਵੇਂ ਸਥਾਨ 'ਤੇ ਹੈ। ਯੂਨੀਵਰਸਿਟੀ ਦੀ ਵੱਕਾਰੀ ਰੈਂਕਿੰਗ 'ਤੇ ਮਾਣ ਮਹਿਸੂਸ ਕਰਦੇ ਹੋਏ, ਚਾਂਸਲਰ ਡਾ: ਅਸ਼ੋਕ ਕੁਮਾਰ ਮਿੱਤਲ ਸੇਅਰ ਕਰਦੇ ਹਨ ਕਿ ਇਸ ਪ੍ਰਸਿੱਧ ਗਲੋਬਲ ਨਾਮ ਅਤੇ ਪ੍ਰਸਿੱਧੀ ਨੂੰ ਹਾਸਲ ਕਰਨ ਦਾ ਸਿਹਰਾ ਐਲਪੀਯੂ 'ਚ ਸਾਰਿਆਂ ਨੂੰ ਜਾਂਦਾ ਹੈ। ਇਹ ਸਭ ਦੇ ਅਣਥੱਕ ਯਤਨਾਂ ਸਦਕਾ ਸੰਭਵ ਹੋ ਸਕਿਆ ਹੈ।

ਸ੍ਰੀ ਮਿੱਤਲ ਨੇ ਇਹ ਵੀ ਪ੍ਰਗਟ ਕੀਤਾ: "ਇਸ ਦਰਜਾਬੰਦੀ ਨੇ ਸਾਨੂੰ ਬਹੁਤ ਪ੍ਰਭਾਵਿਤ ਕੀਤਾ ਹੈ, ਕਿਓਂਕਿ ਹੁਣ ਉਹ ਦਿਨ ਜਲਦੀ ਹੀ ਦੇਖਣ ਵਾਲਾ ਹੈ ਜਦੋਂ ਭਾਰਤ ਇੱਕ ਵਾਰ ਫਿਰ ਵਿਸਵ ਦੇ ਸਿੱਖਿਆ ਜਗਤ ਵਿੱਚ ਸਿਰਮੌਰ ਹੋਵੇਗਾ।

## ਮਨਸੂਰਪੁਰ ਸਰਕਾਰੀ ਸਕੂਲ ਦੀ ਬਾਰ੍ਹਵੀਂ ਦਾ ਨਤੀਜਾ 100 ਫੀਸਦੀ ਰਿਹਾ



ਫਿਲੌਰ, (ਨਿਰਮਲ)- ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਬਾਰਵੀਂ ਦੇ ਨਤੀਜਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਸੂਰਪੁਰ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਪ੍ਰਿੰਸੀਪਲ ਹਰਦੀਪ ਸਿੰਘ ਨੇ ਦੱਸਿਆ ਕਿ ਕੁੱਲ 48 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਸ ਵਿੱਚੋਂ ਸਾਰੇ ਵਿਦਿਆਰਥੀ ਪਾਸ ਹੋਏ ਕੋਮਲ ਚੋਪੜਾ ਪੁੱਤਰੀ ਗੁਰਪਾਲ ਚੰਦ ਵਾਸੀ ਅੱਟੀ ਨੇ 417 ਅੰਕ ਲੈ ਕੇ ਪਹਿਲਾ ਸਥਾਨ, ਦਿਵਿਅੰਕਾ ਪੁੱਤਰੀ ਬਲਜਿੰਦਰ ਸਿੰਘ ਪਿੰਡ ਤਰਖਾਣ ਮਜਾਰਾ ਨੇ 416 ਅੰਕਾਂ ਨਾਲ਼ ਦੂਜਾ,ਅਤੇ ਸੁਖਵੀਰ ਸਿੰਘ ਪੁੱਤਰ ਜੋਗਾ ਵਾਸੀ ਬੜਾ ਪਿੰਡ ਨੇ 410 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ।48 ਵਿੱਚੋਂ 42 ਵਿਦਿਆਰਥੀਆਂ ਦੀਆਂ ਫਸਟ ਡਵੀਜਨਾਂ ਆਈਆਂ। ਸਕੂਲ ਦਾ ਨਤੀਜਾ 100 ਪ੍ਰਤੀਸਤ ਆਉਣ ਤੇ ਸਕੂਲ ਪ੍ਰਿਸੀਪਲ , ਜਮਾਤ ਇੰਚਾਰਜ ਸ਼੍ਰੀਮਤੀ ਰਜਨੀ ਬਾਲਾ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ।

## ਵਿਦਿਆਰਥੀਆਂ ਨੂੰ ਸਟੇਸ਼ਨਰੀ ਦਾ ਸਮਾਨ ਵੰਡਿਆ




ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ): ਵਿਸ਼ਵ ਮਾਨਵ ਰੂਹਾਨੀ ਸੰਸਥਾ ਨਵਾਂ ਗਾਉਂ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਮਾਣੇਮਾਜਰਾ ਅਤੇ ਚਮਕੌਰ ਸਾਹਿਬ-1 ਵਿੱਚ ਪੜ੍ਹਦੇ ਸਾਰੇ ਵਿਦਿਆਰਥੀਆਂ ਲਈ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦਵਿੰਦਰਪਾਲ ਸਿੰਘ ਦੀ ਹਾਜ਼ਰੀ ਵਿੱਚ ਇੱਕ ਇੱਕ ਸਕੂਲ ਬੈਗ,ਪਾਣੀ ਦੀ ਬੋਤਲ, ਤਿੰਨ ਤਿੰਨ ਕਾਪੀਆਂ ਅਤੇ ਸਟੇਸ਼ਨਰੀ ਦਾ ਸਾਰਾ ਸਮਾਨ ਵੰਡਿਆ ਗਿਆ। ਇਸ ਸੰਬੰਧੀ ਗੱਲਬਾਤ ਕਰਦਿਆਂ ਸਕੂਲ ਮੁੱਖੀ ਹਰਭਜਨ ਸਿੰਘ ਅਤੇ ਗੁਰਪ੍ਰੀਤ ਸਿੰਘ ਕੈਂਥ ਨੇ ਕਿਹਾ ਕਿ 'ਵਿੱਦਿਆ ਵਿਚਾਰੀ ਤਾਂ ਪਰਉਪਕਾਰੀ' ਜੇਕਰ ਅਸੀਂ ਆਪਣੇ ਬੱਚਿਆਂ ਦੇ ਹੱਥਾਂ ਵਿੱਚ ਕਾਪੀਆਂ, ਕਿਤਾਬਾਂ ਦੇਵਾਂਗੇ ਤਾਂ ਹੀ ਅਸੀਂ ਚੰਗੇ ਸਮਾਜ ਦੀ ਕਲਪਨਾ ਕਰ ਸਕਦੇ ਹਾਂ। ਵਿਸ਼ਵ ਮਾਨਵ ਰੂਹਾਨੀ ਸੰਸਥਾ ਦੇ ਇਸ ਉਪਰਾਲੇ ਦੀ ਸਲਾਘਾ ਕਰਦਿਆਂ ਉਨ੍ਹਾਂ ਦੱਸਿਆ ਕਿ ਸੰਸਥਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਮਾਣੇਮਾਜਰਾ ਦੇ ਕੁੱਲ 178 ਵਿਦਿਆਰਥੀ ਅਤੇ ਚਮਕੌਰ ਸਾਹਿਬ-1 ਦੇ 258 ਵਿਦਿਆਰਥੀਆਂ ਨੂੰ ਮੌਕੇ 'ਤੇ ਇਹ ਸਮਾਨ ਵੰਡਿਆ ਗਿਆ। ਇਸ ਮੌਕੇ ਅਧਿਆਪਕ ਰਾਜਵੀਰ ਸਿੰਘ ਚੌਂਤਾ, ਮੈਡਮ ਸੰਗੀਤਾ, ਸਤਵਿੰਦਰ ਕੌਰ, ਕਸ਼ਿਸ਼, ਰੁਪਿੰਦਰਜੀਤ ਕੌਰ, ਹਰਜੀਤ ਕੌਰ, ਅਮਨਦੀਪ ਕੌਰ, ਪਰਸ਼ੋਤਮ ਕੁਮਾਰ ਅਤੇ ਚੱਕਰਵਰਤੀ ਪਾਠਕ ਆਦਿ ਅਧਿਆਪਕ ਹਾਜ਼ਰ ਸਨ।

## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸ਼ਹਿਰੀ ਵਿਕਾਸ ਕਾਰਜਾਂ ਸੰਬੰਧੀ ਸਮੀਖਿਆ

ਮੋਹਾਲੀ, ( ਗੁਰਜੀਤ ਬਿੱਲਾ)-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਜਿਲ੍ਹੇ ਦੇ ਸ਼ਹਿਰੀ ਖੇਤਰਾਂ ਵਿਚ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਵਿਕਾਸ ਕਾਰਜ ਜਲਦੀ ਮੁਕੰਮਲ ਕਰਨ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ਼ਹਿਰੀ ਵਿਕਾਸ ਕਾਰਜਾਂ ਦੀ ਸਮੀਖਿਆ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਚੱਲ ਰਹੇ ਵੱਖ ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਇਨ੍ਹਾਂ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਉਣ ਲਈ ਕਿਹਾ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੀਆਂ ਨਗਰ ਕੌਂਸਲਾਂ ਦੇ ਅਧਿਕਾਰੀਆਂ ਨੂੰ ਆਪਣੇ-ਆਪਣੇ ਖੇਤਰ ਵਿੱਚ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਵੱਲ ਖ਼ਾਸ ਧਿਆਨ ਦੇਣ ਲਈ ਨਿਰਦੇਸ਼ ਦਿੱਤੇ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸ੍ਰੀ ਦਮਨਜੀਤ ਸਿੰਘ ਮਾਨ ਨੇ ਗਰਮੀ ਦੇ ਮੌਸਮ ਅਤੇ ਮੌਨਸੂਨ ਨੂੰ ਦੇਖਦੇ ਹੋਏ ਸ਼ਹਿਰਾਂ ਦੀ ਸਾਫ਼ ਸਫ਼ਾਈ ਅਤੇ ਹੜ੍ਹਾਂ ਤੋਂ ਬਚਾਅ ਲਈ ਅਗੇਤੇ ਤੌਰ ਤੇ ਲੋੜੀਂਦੇ ਕਾਰਜ ਕਰਨ ਲਈ ਵੀ ਆਖਿਆ।

ਸ਼ਹਿਰੀ ਖੇਤਰਾਂ ਵਿਚ ਸਾਫ ਸਫਾਈ ਕਰਵਾਉਣ ਲਈ ਵਿਸ਼ੇਸ ਧਿਆਨ ਦੇਣ ਲਈ ਜ਼ੋਰ ਦਿੰਦੇ ਹੋਏ ਸ੍ਰੀ ਮਾਨ ਨੇ ਕਿਹਾ ਕਿ ਇਸ ਕਾਰਜ ਵਿਚ ਰੈਜ਼ੀਡੈਂਟ ਵੈਲਫੇਅਰ ਐਸੋਸ਼ੀਏਸ਼ਨਾਂ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਇਸ ਦੇ ਨਾਲ ਨਾਲ ਉਹਨਾਂ ਨੇ ਸੌਲਿਡ ਵੇਸਟ ਮੈਨੇਜਮੈਂਟ ਦੇ ਪ੍ਰੋਜੈਕਟਾਂ ਦੀ ਸਮੀਖਿਆ ਕਰਨ ਦੇ ਨਾਲ ਨਾਲ ਬਲਕ ਵੇਸਟ ਜਨਰੇਟਰਜ਼ ਸਬੰਧੀ ਵੀ ਦਿਸ਼ਾ ਨਿਰਦੇਸ਼ ਦਿੱਤੇ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਲੰਬਿਤ ਪਏ ਕੰਮਾਂ ਨੂੰ ਮਿੱਥੇ ਸਮੇਂ ਵਿਚ ਨਿਪਟਾਉਣ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਮੀਟਿੰਗ ਵਿੱਚ ਕਮਿਸ਼ਨਰ ਨਗਰ ਨਿਗਮ ਕਿਰਨ ਸ਼ਰਮਾਂ, ਐੱਸ.ਡੀ.ਐੱਮ. ਮੋਹਾਲੀ ਸਰਬਜੀਤ ਕੌਰ, ਐੱਸ.ਡੀ.ਐੱਮ. ਡੇਰਾਬਸੀ ਹਿਮਾਂਸ਼ੂ ਗੁਪਤਾ, ਐੱਸ.ਡੀ.ਐੱਮ. ਖਰੜ ਰਵਿੰਦਰ ਸਿੰਘ, ਸਹਾਇਕ ਕਮਿਸ਼ਨਰ ਸ੍ਰੀ ਇੰਦਰਪਾਲ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

## ਕਰਾਟੇ ਚੈਂਪੀਅਨਸਿਪ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਦਾ ਸਨਮਾਨ




ਟਾਂਡਾ ਉੜਮੁੜ, (ਉਂਕਾਰ ਸਿੰਘ ਜਸਵਿੰਦਰ ਸੰਧੂ )-ਵਰਲਡ ਜਿਯੂ ਰੇਸੂਕੇਨ ਕਰਾਟੇ ਫੈਡਰੇਸਨ ਵੱਲੋਂ ਅੰਮ੍ਰਿਤਸਰ ਵਿਖੇ ਕਰਵਾਈ ਗਈ ਆਲ ਇੰਡੀਆ ਕਰਾਟੇ ਚੈਂਪੀਅਨਸ਼ਿਪ 2023 ਵਿੱਚ ਜੀ.ਆਰ.ਡੀ ਗਈ ਇੰਟਰਨੈਸ਼ਨਲ ਸਕੂਲ ਟਾਂਡਾ ਉੜਮੁੜ ਦੇ ਖਿਡਾਰੀਆਂ ਵੱਲੋਂ ਸਾਨਦਾਰ ਪ੍ਰਦਰਸਨ ਕਰਦੇ ਹੋਏ 1 ਗੋਲਡ, 4 ਸਿਲਵਰ ਅਤੇ 9 ਕਾਂਸੇ ਦੇ ਮੈਡਲ ਹਾਸਲ ਕੀਤੇ ਹਨ। ਇਨਾ ਹੋਣਹਾਰ ਖਿਡਾਰੀਆਂ ਨੂੰ ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੀ ਚੇਅਰਪਰਸਨ ਪਰਦੀਪ ਕੌਰ ਅਤੇ ਐਮ. ਡੀ ਬਿਕਰਮ ਸਿੰਘ ਦੇ ਦਿਸਾ ਨਿਰਦੇਸਾਂ ਤਹਿਤ ਪ੍ਰਿੰਸੀਪਲ ਅਮਨਦੀਪ ਕੌਰ ਢਿੱਲੋਂ ਨੇ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਭਾਗ ਲੈਣ ਵਾਲੇ ਖਿਡਾਰੀ ਮਨਰੂਪ ਸੋਨਾਕਸ਼ੀ, ਦਿਲਜਾਨ, ਰੀਆ, ਗੁਰਲੀਨ, ਕੁਨਥ, ਤਾਜਬੀਰ, ਰੌਸ਼ਨੀ, ਅਨਮੋਲ, ਅਰਮਨ, ਗੁਰਸਿਮਰਨ, ਜਸਨੂਰ, ਮਨਰੂਪ ਤੇ ਗੁਰਲੀਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਇਸ ਮੌਕੇ ਪ੍ਰਿੰਸਿਪਲ ਮੈਡਮ ਅਮਨਦੀਪ ਕੌਰ ਢਿੱਲੋਂ ਅਤੇ ਮੈਨੇਜਰ ਸਰਬਜਤ ਸਿੰਘ ਮੋਮੀ ਨੇ ਸਾਰੇ ਖਿਡਾਰੀਆਂ ਨੂੰ ਵਧੀਆ ਪ੍ਰਦਰਸ਼ਨ ਕਰਨ 'ਤੇ ਵਧਾਈ ਦਿੱਤੀ ਅਤੇ ਕਰਾਟੇ ਕੋਚ ਸੋਮਦੱਤ ਮਸੀਹ ਦਾ ਵੀ ਧੰਨਵਾਦ ਕੀਤਾ ਤੇ ਦੱਸਿਆ ਕਿ ਇਨ੍ਹਾਂ ਖਿਡਾਰੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਸਕੂਲ ਨੇ ਇਸ ਚੈਂਪੀਅਨਸ਼ਿਪ ਵਿੱਚ ਕੁੱਲ 14 ਤਮਗੇ ਹਾਸਲ ਕੀਤੇ ਹਨ।

ਇਸ ਮੌਕੇ ਦਲਜਿੰਦਰ ਕੌਰ, ਤਜਿੰਦਰ ਕੌਰ, ਬਲਜੀਤ ਕੌਰ, ਗੁਰਪ੍ਰੀਤ ਕੌਰ, ਮੈਡਮ ਮਨਦੀਪ ਕੌਰ, ਮਨਜੀਤ ਕੌਰ, ਮਨਪ੍ਰੀਤ ਕੌਰ, ਰਾਜਵਿੰਦਰ ਕੌਰ, ਕਸ਼ਮੀਰ ਕੌਰ, ਰਜਨੀ ਸੈਣੀ, ਸਿਮਰਨਜੀਤ ਕੌਰ ,ਹਰਜੀਤ ਕੌਰ ਆਦਿ ਹਾਜਰ ਸਨ।

## ਸਾਬਕਾ ਜ਼ਿਲ੍ਹਾ ਸਕੱਤਰ ਅਵਤਾਰ ਚੰਦ ਦਾ ਦਿਹਾਂਤ

ਬਹਿਰਾਮ (ਅਵਤਾਰ ਕਲੇਰ)- ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਨਵਾਂਸਹਿਰ ਦੇ ਸਾਬਕਾ ਸਕੱਤਰ ਸਾਥੀ ਅਵਤਾਰ ਚੰਦ ਚੱਕ ਬਿਲਗਾ ਨਹੀਂ ਰਹੇ। ਉਹ ਲੰਮੇ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ। ਉਨ੍ਹਾ ਦਾ ਸਸਕਾਰ ਪਿੰਡ ਚੱਕ ਬਿਲਗਾ ਦੇ ਸ਼ਮਸ਼ਾਨਘਾਟ ਵਿਚ ਕਰ ਦਿੱਤਾ ਗਿਆ। ਉਨ੍ਹਾ ਦੇ ਵੱਡੇ ਲੜਕੇ ਪਰਮਜੀਤ ਨੇ ਉਨ੍ਹਾ ਨੂੰ ਅਗਨੀ ਦਿਖਾਈ। ਸਾਥੀ ਅਵਤਾਰ ਚੰਦ ਲੰਮਾ ਸਮਾਂ ਪਿੰਡ ਦੇ ਸਰਪੰਚ ਵੀ ਰਹੇ ਅਤੇ ਸੀ ਪੀ ਆਈ ਐਮ ਦੇ ਜ਼ਿਲ੍ਹਾ ਕਮੇਟੀ ਮੈਂਬਰ ਵੀ ਰਹੇ। ਉਹ ਤਹਿਸੀਲ ਬੰਗਾ ਦੇ ਐਕਟਿੰਗ ਸਕੱਤਰ ਰਹੇ। ਉਨ੍ਹਾ ਦੇ ਸਸਕਾਰ 'ਤੇ ਕਈ ਸੱਜਣ ਮਿੱਤਰ ਤੇ ਰਿਸ਼ਤੇਦਾਰ ਸ਼ਾਮਲ ਹੋਏ। ਉਹ ਆਪਣੇ ਪਿੱਛੇ ਪਤਨੀ ਤੇ ਤਿੰਨ ਪੁੱਤਰ ਛੱਡ ਗਏ ਹਨ। ਸਸਕਾਰ ਮੌਕੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ, ਸੁਨੀਤਾ ਤਲਵੰਡੀ, ਨਿਰਮਲ ਦਾਸ ਨੂਰਪਰ, ਆਮ ਆਦਮੀ ਪਾਰਟੀ ਦੇ ਬਲਵੀਰ ਕਰਨਾਣਾ, ਗਿਆਨ ਚੰਦ ਸਾਬਕਾ ਪੰਚ, ਕੁਲਵੀਰ ਸਿੰਘ, ਜਸਵੀਰ ਸਿੰਘ ਮੋਰੋਂ ਆਦਿ ਸਾਥੀ ਹਾਜ਼ਰ ਸਨ। ਉਨ੍ਹਾ ਦੀ ਮੌਤ 'ਤੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸਾਥੀ ਗੁਰਮੇਸ਼ ਸਿੰਘ, ਜ਼ਿਲ੍ਹਾ ਸਕੱਤਰ ਕੁਲਦੀਪ ਝਿੰਗੜ, ਸਰਾਧੂ ਰਾਮ, ਸਤਨਾਮ ਸਿੰਘ ਜਾਨੀਵਾਲ, ਹੁਸਨ ਸਿੰਘ ਮਾਂਗਟ, ਰੌਸ਼ਨ ਲਾਲੀ, ਬਲਵਿੰਦਰ ਪਾਲ ਬੰਗਾ, ਜੋਗਿੰਦਰ ਲੜੋਆ, ਮਨਫੂਲ, ਬਲਵਿੰਦਰ ਕੁਮਾਰ ਹੀਓ ਨੇ ਸਾਥੀ ਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

## ਹਰਸ਼ ਨੇ ਅੱਠਵੀਂ 'ਚੋਂ ਚੰਗੇ ਨੰਬਰ ਲੈ ਸਕੂਲ ਦਾ ਨਾਂਅ ਰੌਸ਼ਨ ਕੀਤਾ



ਫਿਲੌਰ (ਨਿਰਮਲ ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਿਲੌਰ ਦਾ ਵਿਦਿਆਰਥੀ ਹਰਸ਼ ਭੁੱਟਾ ਵਾਸੀ ਪਿੰਡ ਨੰਗਲ ਵੱਲੋਂ 8ਵੀਂ ਜਮਾਤ ਵਿੱਚੋਂ 600 ਅੰਕਾਂ ਵਿੱਚੋਂ 544 ਅੰਕ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਤਾ ਪਿਤਾ, ਇੰਚਾਰਜ ਮੈਡਮ ਪੂਜਾ ਕੋਹਲੀ ਅਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਰਜਵੰਤ ਸਿੰਘ ਵੱਲੋਂ ਵਿਦਿਆਰਥੀ ਨੂੰ ਉਸ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਸ ਦੇ ਮਾਤਾ ਪਿਤਾ ਨੂੰ ਇਸ ਉਪਲਬਧੀ ਲਈ ਮੁਬਾਰਕਾਂ ਦਿੱਤੀਆਂ।

## ਸਰਬਤ ਸਿਹਤ ਬੀਮਾ ਯੋਜਨਾ ਤਹਿਤ 105 ਨਵੇਂ ਕਾਰਡ ਬਣਾਏ

ਕਪੂਰਥਲਾ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)-ਜ਼ਿਲ੍ਹਾ ਕਪੂਰਥਲਾ ਦੀਆਂ ਜ਼ਿਲ੍ਹਾ ਤੇ ਉਪ ਮੰਡਲ ਪੱਧਰ ਦੀਆਂ ਸਰਕਾਰੀ ਸਿਹਤ ਸੰਸਥਾਵਾਂ (ਕਪੂਰਥਲਾ, ਫਗਵਾੜਾ, ਸੁਲਤਾਨਪੁਰ, ਭੁਲੱਥ) ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਗਏ । ਸਿਵਲ ਸਰਜਨ ਕਪੂਰਥਲਾ ਡਾ. ਰਾਜਵਿੰਦਰ ਕੌਰ ਨੇ ਦੱਸਿਆ ਕਿ ਦੋ ਦਿਨ ਚੱਲੇ ਇਨ੍ਹਾਂ ਕੈਂਪਾਂ ਵਿੱਚ 145 ਵਿਅਕਤੀ ਕਾਰਡ ਬਣਵਾਉਣ ਲਈ ਪਹੁੰਚੇ ਜਿਨ੍ਹਾਂ ਵਿਚੋਂ 105 ਯੋਗ ਲਾਭਪਾਤਰੀਆਂ ਦੇ ਕਾਰਡ ਬਣਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਦੇ ਹਾਲੇ ਤੱਕ ਆਯੂਸ਼ਮਾਨ ਭਾਰਤ /ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਨਹੀਂ ਬਣੇ, ਉਹ ਅਗਲੇ ਹਫਤੇ ਫਿਰ ਲਗਾਏ ਜਾਣ ਵਾਲੇ ਕੈਂਪਾਂ ਵਿੱਚ ਕਾਰਡ ਬਣਵਾ ਸਕਦੇ ਹਨ। ਸਿਵਲ ਸਰਜਨ ਨੇ ਦੱਸਿਆ ਕਿ ਇਹ ਕੈਂਪ ਸਿਵਲ ਹਸਪਤਾਲ ਕਪੂਰਥਲਾ ਅਤੇ ਸਬ ਡਵੀਜ਼ਨਲ ਹਸਪਤਾਲ ਸੁਲਤਾਨਪੁਰ, ਫਗਵਾੜਾ, ਭੁਲੱਥ ਆਦਿ ਵਿਖੇ ਲਗਾਏ ਜਾਣਗੇ।

## ਰੇਲ ਗੱਡੀ ਦੀ ਲਪੇਟ 'ਚ ਆਉਣ ਕਾਰਨ ਵਿਅਕਤੀ ਦੀ ਮੌਤ

ਫਿਲੌਰ (ਨਿਰਮਲ ) ਰੇਲਵੇ ਪੁਲਸ ਚੌਕੀ ਇੰਚਾਰਜ ਥਾਣੇਦਾਰ ਸਤਨਾਮ ਸਿੰਘ ਨੇ ਦੱਸਿਆ ਕਿ 28 -29 ਸਾਲਾ ਵਿਅਕਤੀ ਫਿਲੌਰ ਨੇੜੇ ਰੇਲਵੇ ਲਾਈਨਾਂ ਪਾਰ ਕਰਦੇ ਸਮੇਂ ਰੇਲ ਗੱਡੀ ਦੀ ਲਪੇਟ ਵਿਚ ਆ ਗਿਆ ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਮ੍ਰਿਤਕ ਦੀ ਪਹਿਚਾਣ ਨਰੇਸ਼ ਕੁਮਾਰ ਪੁੱਤਰ ਸੋਹਣ ਲਾਲ ਵਾਸੀ ਨੰਗਲ ਫਿਲੌਰ ਵਜੋਂ ਹੋਈ। ਵਾਰਸਾਂ ਦੀ ਬੇਨਤੀ 'ਤੇ ਪੋਸਟਮਾਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ।

# ਸੁੰਨੜਵਾਲ ਦੇ ਖੇਤਾਂ 'ਚ ਮੋਰ, ਚਿੜੀਆਂ ਤੇ ਸ਼ਾਰਕਾਂ ਦੀ ਮੌਤ





ਕਾਲਾ ਸੰਘਿਆਂ (ਮਨਜੀਤ ਮਾਨ)-ਜ਼ਿਲ੍ਹਾ ਕਪੂਰਥਲਾ ਦੇ ਪਿੰਡ ਸੁੰਨੜਵਾਲ ਵਿਖੇ ਖੇਤਾਂ ਵਿੱਚ ਭੇਦ ਭਰੇ ਹਾਲਾਤਾਂ ਵਿੱਚ ਕੁੱਝ ਵੱਖ ਵੱਖ ਪੰਛੀਆਂ ਦੇ ਮਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ ਸਵੇਰੇ ਪਿੰਡ ਸੁੰਨੜਵਾਲ ਵਿਖੇ ਬਾਹਰ ਖੇਤਾਂ ਵਿੱਚ ਪਿੰਡ ਦੇ ਹੀ ਵਿਦੇਸ਼ੋਂ ਆਏ ਨੌਜਵਾਨਾਂ ਅਮਨਦੀਪ ਸਿੰਘ ਅਤੇ ਜਸਵਿੰਦਰ ਸਿੰਘ ਸੁੰਨੜ ਨੇ ਵੇਖਿਆ ਕਿ ਇਕ ਮੋਰ ਜੋ ਮਰਿਆ ਹੋਇਆ ਸੀ ਅਤੇ ਥੋੜ੍ਹੀ ਦੂਰੀ ਤੇ ਇਕ ਹੋਰ ਮੋਰ ਜੋ ਮਰਨ ਕਿਨਾਰੇ ਪਿਆ ਤੜਫ ਰਿਹਾ ਸੀ ਜਿਸ ਨੂੰ ਉਕਤ ਨੌਜਵਾਨਾਂ ਨੇ ਪਾਣੀ ਵੀ ਪਿਲਾਇਆ ਪਰ ਕੁਝ ਸਮੇਂ ਬਾਅਦ ਦੂਸਰੇ ਮੋਰ ਦੀ ਵੀ ਤੜਪ ਤੜਪ ਕੇ ਮੌਤ ਹੋ ਗਈ। ਨੌਜਵਾਨਾਂ ਨੇ ਦੱਸਿਆ ਕਿ ਇਹਨਾਂ ਮੋਰਾਂ ਤੋਂ ਇਲਾਵਾ ਖੇਤਾਂ ਵਿੱਚ ਛਾਰਕਾਂ ਅਤੇ ਇਕ ਚਿੜੀ ਵੀ ਮਰੀ ਹੋਈ ਪਾਈ ਗਈ। ਸੰਭਾਵਨਾ ਹੈ ਕਿ ਹੋਰ ਪੰਛੀਆਂ ਦੀ ਵੀ ਮੌਤ ਹੋਈ ਹੋਵੇ ਪਰ ਖੇਤਾਂ ਵਿੱਚ ਮੱਕੀ ਦੀ ਫਸਲ ਅਤੇ ਹਦਵਾਨਿਆਂ ਦੀ ਫਸਲ ਖੜੀ ਹੋਣ ਕਰਕੇ ਸਿਰਫ ਇਹ ਪੰਛੀ ਜੋ ਫਸਲਾਂ ਤੋਂ ਬਾਹਰ ਮਰੇ ਇਹੀ ਪੰਛੀ ਵਿਖਾਈ ਦਿੱਤੇ ਹੋਣ। ਇਸ ਸਬੰਧੀ ਜਦੋਂ ਜੰਗਲੀਂ ਜੀਵ ਵਿਭਾਗ ਕਪੂਰਥਲਾ ਦੇ ਰੇਂਜ ਅਫਸਰ ਜਸਵੰਤ ਸਿੰਘ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਇਸ ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਸੀਂ ਪਿੰਡਾਂ ਵਿੱਚ ਫਸਲਾਂ ਨੂੰ ਪਾਈਆਂ ਜਾਂਦੀਆਂ ਕੀੜੇ ਮਾਰ ਦਵਾਈਆਂ ਦੀ ਘੱਟ ਤੋਂ ਘੱਟ ਵਰਤੋਂ ਅਤੇ ਮਾਹਿਰਾਂ ਮੁਤਾਬਕ ਛਿੜਕਾਅ ਕਾਰਨ ਲਈ ਕਿਸਾਨਾਂ ਨੂੰ ਜਾਗਰੂਕ ਕਰਦੇ ਹਾਂ ਪਰ ਫਿਰ ਵੀ ਕਈ ਵਾਰ ਕਿਸਾਨ ਮਨਮਰਜੀ ਨਾਲ ਲੋੜ ਤੋਂ ਜ਼ਿਆਦਾ ਦਵਾਈਆਂ ਦਾ ਛਿੜਕਾਅ ਕਰਨ ਕਾਰਨ ਅਜਿਹਾ ਹੋ ਸਕਦਾ ਹੈ। ਉਨ੍ਹਾਂ ਕਿਹਾ ਇਸ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ।

# ਸਵੈ-ਰੋਜਗਾਰ ਦੀ ਪ੍ਰਾਪਤੀ ਲਈ ਨੌਜਵਾਨ ਹੁਨਰ ਵਿਕਾਸ ਕੋਰਸਾਂ ਨੂੰ ਤਰਜੀਹ ਦੇਣ : ਡਾ. ਚਰਨਜੀਤ ਸਿੰਘ



ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ) ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਨੌਜਵਾਨਾਂ ਨੂੰ ਬਿਹਤਰ ਰੋਜ਼ਗਾਰ ਤੇ ਸਵੈ-ਰੋਜਗਾਰ ਦੀ ਪ੍ਰਾਪਤੀ ਲਈ ਹੁਨਰ ਵਿਕਾਸ ਕੋਰਸਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਹੁਨਰਮੰਦ ਹੋ ਕੇ ਨੌਜਵਾਨ ਆਪਣੇ ਨਾਲ-ਨਾਲ ਹੋਰਾਂ ਨੂੰ ਵੀ ਰੋਜਗਾਰ ਦੇਣ ਦੇ ਯੋਗ ਹੋ ਜਾਂਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਸ੍ਰੀ ਚਮਕੌਰ ਸਾਹਿਬ ਡਾ. ਚਰਨਜੀਤ ਸਿੰਘ ਵੱਲੋਂ ਸਿਟੀ ਸੈਂਟਰ ਸ੍ਰੀ ਚਮਕੌਰ ਸਾਹਿਬ ਵਿਖੇ ਲਗਾਏ ਮੈਗਾ ਪਲੇਸਮੈਂਟ ਕੈਂਪ ਵਿੱਚ ਉਚੇਚੇ ਤੌਰ 'ਤੇ ਸ਼ਿਰਕਤ ਕਰਦਿਆਂ ਕੀਤਾ। ਵਿਧਾਇਕ ਡਾ. ਚਰਨਜੀਤ ਸਿੰਘ ਨੇ ਕੈਂਪ ਵਿੱਚ ਹਾਜ਼ਰ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਦੇ ਸੁਨਹਿਰੇ ਭਵਿੱਖ ਦੀ ਸਿਰਜਣਾ ਕਰਨ ਲਈ ਵਚਨਬੱਧ ਹੈ ਅਤੇ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਵੱਧ ਰਹੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਅਣਥੱਕ ਯਤਨ ਕਰ ਰਹੀ ਹੈ। ਡਾ. ਚਰਨਜੀਤ ਸਿੰਘ ਨੇ ਰੋਜਗਾਰ ਲਈ ਚੁਣੇ ਨੌਜਵਾਨਾਂ ਨੂੰ ਵਧਾਈ ਦਿੰਦਿਆ ਕਿਹਾ ਕਿ ਆਪਣੀ ਮਿਲੀ ਜਿੰਮੇਵਾਰੀ ਨੂੰ ਤਨਦੇਹੀ ਨਾਲ ਪੂਰੀ ਕਰੋ ਅਤੇ ਸ਼ਿੱਦਤ ਨਾਲ ਮਿਹਨਤ ਕਰਦੇ ਹੋਏ ਭਵਿੱਖ ਵਿੱਚ ਵੱਡੇ ਅਹੁਦੇ ਪ੍ਰਾਪਤ ਕਰੋ। ਉਨ੍ਹਾਂ ਇਹ ਵੀ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਕੈਂਪ ਲਗਾਉਣ ਦਾ ਉਪਰਾਲਾ ਨਿਰੰਤਰ ਜਾਰੀ ਰਹੇਗਾ। ਅਰੁਣ ਕੁਮਾਰ ਨੇ ਦੱਸਿਆ ਕਿ ਇਸ ਕੈਂਪ ਦੌਰਾਨ 69 ਉਮੀਦਵਾਰਾਂ ਵੱਲੋਂ ਭਾਗ ਲਿਆ ਗਿਆ। ਇਸ ਕੈਂਪ ਵਿੱਚ 30 ਉਮੀਦਵਾਰਾਂ ਦੀ ਮੌਕੇ ਤੇ ਚੋਣ ਕੀਤੀ ਗਈ ਅਤੇ 29 ਨੂੰ ਦੂਜੇ ਗੇੜ ਦੀ ਇੰਟਰਵਿਊ ਲਈ ਸ਼ਾਰਟਲਿਸਟ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਚੁਣੇ ਗਏ ਉਮੀਦਵਾਰਾਂ ਨੂੰ ਯੋਗਤਾ ਅਤੇ ਅਸਾਮੀ ਅਨੁਸਾਰ ਤਨਖਾਹ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ 9 ਪ੍ਰਾਈਵੇਟ ਕੰਪਨੀਆਂ (ਚੀਮਾ ਬੁਆਇਲਰਜ਼, ਐਕਸਿਸ ਬੈਂਕ, ਏਜ਼ਾਈਲ ਹਰਬਲ, ਯੂਨੀਵਰਸਲ ਇੰਟਰਨੈਸ਼ਨਲ, ਆਈ.ਸੀ.ਆਈ.ਸੀ ਫਾਊਂਡੇਸ਼ਨ, ਸਟਾਰ ਹੈੱਲਥ ਇੰਸ਼ੋਰੈਂਸ, ਐਲ.ਆਈ.ਸੀ, ਮਾਈਕਰੋ ਟਰਨਰ ਅਤੇ ਐਸ.ਬੀ.ਆਈ ਲਾਈਫ ਇੰਸ਼ੋਰੈਂਸ ਆਦਿ) ਵੱਲੋਂ ਵੈਲਡਰ, ਫਿਟਰ, ਇਲੈਕਟ੍ਰੀਸ਼ਨ, ਪੇਂਟਰ, ਟਰਨਰ, ਰਿਲੇਸ਼ਨਸ਼ਿਪ ਮੈਨੇਜਰ, ਸੇਲਜ਼ ਅਫਸਰ, ਇੰਸ਼ੋਰੈਂਸ ਅਡਵਾਈਜ਼ਰ, ਮੈਨੇਜਰ, ਸਹਾਇਕ ਮੈਨੇਜਰ, ਰੂਰਲ ਕਰੀਅਰ ਏਜੈਂਟ ਅਤੇ ਵੈੱਲਨੈਸ ਅਡਵਾਈਜ਼ਰ ਆਦਿ ਅਸਾਮੀਆਂ ਦੀ ਭਰਤੀ ਲਈ ਇੰਟਰਵਿਊ ਲਈ ਗਈ। ਇਸ ਕੈਂਪ ਦੌਰਾਨ ਐਸ.ਡੀ.ਐਮ ਸ੍ਰੀ ਚਮਕੌਰ ਸਾਹਿਬ ਅਮਰੀਕ ਸਿੰਘ ਸਿੱਧੂ ਨੇ ਦੱਸਿਆ ਕਿ ਇਹ ਕੈਂਪ ਜਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਚਮਕੌਰ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ।

# ਪ੍ਰਤੀਨਿਧ ਮਿੰਨੀ ਕਹਾਣੀਆਂ

## ਵਿਰਾਸਤ

ਉਸ ਵੱਲੋਂ ਮੁੱਖ ਮੰਤਰੀ ਦੀ ਕੋਠੀ ਘੇਰਨ ਵਾਲੇ ਜਥੇ ਨਾਲ ਜਾਣ ਦਾ ਐਲਾਨ ਕਰਨ ਤੋਂ ਬਾਅਦ ਘਰ ਵਿਚ ਖਾਮੋਸ਼ੀ ਛਾ ਗਈ।

"ਧੀਏ ਭੋਰਾ ਭਰ ਜਵਾਕ ਨੂੰ ਛੱਡ ਕੇ ਜਾਣਾ ਸਿਆਣਪ ਨਹੀਂ", ਮਾਂ ਨੇ ਉਸ ਦੀ ਕੁੱਛੜ ਵਿਚਲੀ ਛੇ ਕੁ ਮਹੀਨਿਆਂ ਦੀ ਬੱਚੀ ਦਾ ਵਾਸਤਾ ਪਾਇਆ।

"ਨਹੀਂ ਮਾਤਾ, ਜਾਣਾ ਜ਼ਰੂਰੀ ਐ ਨਾਲੇ ਦੇਖ, ਉਨ੍ਹਾਂ ਨੇ ਮੈਨੂੰ ਪਿਛਲੇ ਅੱਠ-ਨੌਂ ਮਹੀਨਿਆਂ ਤੋਂ ਬਿਲਕੁਲ ਵੀ ਧਰਨੇ ਵਿਚ ਆਉਣ ਨੂੰ ਨਹੀਂ ਕਿਹਾ। ਪਰ ਹੁਣ ਜ਼ਰੂਰੀ ਐ।"

"ਦੇਖ ਪੁੱਤ", ਕੋਲ ਬੈਠਾ ਸਾਰੀ ਗੱਲ ਸੁਣ ਰਿਹਾ ਉਸ ਦਾ ਬਾਪ ਬੋਲਿਆ, "ਆਪਣੇ ਘਰ ਜਾ ਕੇ ਕਿਤੇ ਵੀ ਜਾਈਂ, ਪਰ ਮੈਂ ਇਸ ਦੇ ਨਾਲ ਸਹਿਮਤ ਵਿਚ ਨਹੀਂ ਕਿ ਤੂੰ ਇੱਥੋਂ ਧਰਨੇ-ਧੁਰਨਿਆਂ ਵਿਚ ਜਾਮੇਂ, ਕੋਈ ਉੱਨੀ ਇਕੀ ਹੋਗੀ ਤਾਂ ਅਗਲਿਆਂ ਨੇ ਤਾਂ ਮੈਨੂੰ ਕਹਿਣਾ ਕਿ ਸਿਆਣਾ ਬਿਆਣਾ ਹੋ ਕੇ ਰੋਕਿਆ ਨ੍ਹੀ ਗਿਆ?," ਪਿਉ ਨੇ ਉਸ ਦੇ ਸਹੁਰਿਆਂ ਦਾ ਵਾਸਤਾ ਪਾਇਆ।

ਰਾਜਵੀਰ ਪਿਛਲੇ ਪੰਜ ਸਾਲਾਂ ਤੋਂ ਇਕ ਸਰਕਾਰੀ ਦਫਤਰ ਵਿਚ ਕੱਚੀ ਮੁਲਾਜ਼ਮ ਵਜੋਂ ਨੌਕਰੀ ਕਰਦੀ ਆ ਰਹੀ ਸੀ। ਅਜਿਹੇ ਕੱਚੇ ਮੁਲਾਜ਼ਮ ਹੋਰ ਵੀ ਸਨ। ਹੌਲੀ-ਹੌਲੀ ਹੋਰਨਾਂ ਵਿਭਾਗਾਂ ਵਿਚ ਵੀ ਕੰਮ ਕਰਦੇ ਕੱਚੇ ਮੁਲਾਜ਼ਮਾਂ ਦੀ ਇਕ ਜਥੇਬੰਦੀ ਬਣ ਗਈ। ਰਾਜਵੀਰ ਵੀ ਉਸੇ ਜਥੇਬੰਦੀ ਦੀ ਮੈਂਬਰ ਸੀ ਅਤੇ ਜਥੇਬੰਦੀ ਨੇ ਪਿਛਲੇ ਦੋ ਸਾਲਾਂ ਤੋਂ ਆਪਣੀਆਂ ਨੌਕਰੀਆਂ ਪੱਕੀਆਂ ਕਰਵਾਉਣ ਲਈ ਸੰਘਰਸ਼ ਆਰੰਭ ਦਿੱਤਾ ਸੀ। ਰਾਜਵੀਰ ਸਮੇਂ-ਸਮੇਂ 'ਤੇ ਲੱਗਦੇ ਧਰਨਿਆਂ ਵਿਚ ਮੋਹਰੀ ਬਣ ਕੇ ਜਾਂਦੀ ਰਹੀ। ਏਨੇ ਨੂੰ ਉਸ ਦਾ ਵਿਆਹ ਹੋ ਗਿਆ। ਪਤੀ ਵੀ ਯੂਨੀਅਨਨਿਸਟ ਟੱਕਰਿਆ। ਸਾਲ ਕੁ ਬਾਅਦ ਬੱਚਾ ਹੋਣ ਵਾਲਾ ਹੋ ਗਿਆ ਅਤੇ ਹੁਣ ਰਾਜਵੀਰ ਜਣੇਪਾ ਕੱਟਣ ਪੇਕੀਂ ਆਈ ਹੋਈ ਸੀ।

"ਪਰ ਪਾਪਾ, ਜਿਹੜੇ ਮੇਰੇ ਸਾਥੀ ਧਰਨੇ ਵਿਚ ਜਾ ਰਹੇ ਨੇ ਉਨ੍ਹਾਂ ਦੀਆਂ ਵੀ ਬਹੁਤ ਸਮੱਸਿਆਵਾਂ ਨੇ, ਪਰ ਉਹ ਫੇਰ ਵੀ ਜਾ ਰਹੇ ਨੇ", ਰਾਜਵੀਰ ਨੇ ਪਿਤਾ ਨੂੰ ਮਨਾਉਣ ਦੇ ਰੌਂਅ ਵਿਚ ਕਿਹਾ,

"ਨਾਲੇ ਪਾਪਾ ਜੇਕਰ ਸਾਰੇ ਇੰਜ ਹੀ ਸੋਚਣ ਲੱਗ ਗਏ ਤਾਂ ਜਿੱਤ ਲਈ ਬਾਜ਼ੀ ਅਸੀਂ ਸਰਕਾਰ ਤਾਂ ਪਹਿਲਾਂ ਹੀ ਲਾਰੇ 'ਤੇ ਲਾਰੇ ਲਾਈ ਜਾ ਰਹੀ ਹੈ। ਨਾਲੇ ਇਸ ਵਾਰ ਮੁੱਖ ਮੰਤਰੀ ਦੀ ਕੋਠੀ ਘੇਰਨੀ ਐਂ.. ਜਿੰਨਾਂ ਵੱਡਾ ਇਕੱਠ ਹੋਵੇਗਾ, ਓਨਾ ਜ਼ਿਆਦਾ ਪ੍ਰੈਸ਼ਰ ਵਧੇਗਾ ਸਰਕਾਰ 'ਤੇ।"

"ਪਰ ਪੁੱਤ, ਨਿੱਕੀ ਹਾਲੇ ਤੇਰਾ ਦੁੱਧ ਲੈਂਦੀ ਐ, ਉਹ ਕਿਮੇਂ ਸਾਰੂ ਭੁੱਖਣਭਾਣੀ" ਮਾਂ ਨੇ ਸਮਝਾਇਆ।

"ਮਾਤਾ ਕੋਈ ਨਾ ਇਹ ਫੀਡਰ ਲੈ ਲੈਂਦੀ ਐ ਇਕ ਦਿਨ ਫੀਡਰ ਨਾਲ ਹੀ ਸਾਰ ਲੈਣਾ।" ਰਾਜਵੀਰ ਨੇ ਧਰਨੇ ਵਿਚ ਜਾਣ ਦੇ ਫੈਸਲੇ ਨੂੰ ਅਟੱਲ ਕਰਦਿਆਂ ਕਿਹਾ।

ਰਾਤ ਨੂੰ ਰਾਜਵੀਰ ਦੇ ਪਤੀ ਦਾ ਫੋਨ ਉਸ ਦੇ ਪਿਤਾ ਨੂੰ ਆਇਆ। ਪਿਤਾ ਨੇ ਆਪਣੇ ਜਵਾਈ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਛੋਟੀ ਬੱਚੀ ਦਾ ਵਾਸਤਾ ਪਾਇਆ, ਪਰ ਅੱਗੋਂ ਪ੍ਰਾਹੁਣੇ ਨੇ ਫੈਸਲਾ ਇਹ ਸੁਣਾਇਆ ਕਿ ਮਾਤਾ ਨਾਲ ਚਲੀ ਜਾਵੇਗੀ ਅਤੇ ਜਿੰਨਾ ਚਿਰ ਧਰਨਾ ਚੱਲਿਆ, ਛੋਟੀ ਬੱਚੀ ਨੂੰ ਮਾਤਾ ਸਾਂਭ ਲਵੇਗੀ।

ਰਾਜਧਾਨੀ ਵਿਚ ਮੁੱਖ ਮੰਤਰੀ ਦੀ ਕੋਠੀ ਕੋਲ਼ ਪੂਰੇ ਸੂਬੇ ਵਿੱਚੋਂ ਪਹੁੰਚੇ ਹਜ਼ਾਰਾਂ ਹੀ ਕੱਚੇ ਮੁਲਾਜ਼ਮਾਂ ਦਾ ਇਕੱਠ। ਰਾਜਵੀਰ ਆਪਣੀ ਮਾਤਾ ਨੂੰ ਇਕ ਰੁੱਖ ਹੇਠ ਬਿਠਾ ਕੇ ਧਰਨੇ ਵਿਚ ਅਲੋਪ ਹੋ ਗਈ। ਜੋਸ਼ੀਲੀਆਂ ਤਕਰੀਰਾਂ। ਸੂਬਾ ਸਰਕਾਰ ਮੁਰਦਾਬਾਦ ਦੇ ਨਾਅਰੇ। ਮਾਹੌਲ ਪੂਰੀ ਤਰ੍ਹਾਂ ਗਰਮਾ ਗਿਆ। ਸੰਘਰਸ਼ਕਾਰੀ ਕੋਠੀ ਵੱਲ ਵਧਣ ਲੱਗੇ। ਉਹ ਸੁਰੱਖਿਆ ਲਈ ਲਾਏ ਬੈਰੀਗੇਡਾਂ ਨੂੰ ਉਖਾੜਨ ਲੱਗੇ। ਸੁਰੱਖਿਆ ਦਸਤਿਆਂ ਨੇ ਵੇਖਦੇ ਹੀ ਵੇਖਦੇ ਲਾਠੀਚਾਰਜ ਕਰ ਦਿੱਤਾ। ਹਾਹਾਕਾਰ ਮਚ ਗਈ। ਮਿੰਟਾਂ ਵਿਚ ਹੀ ਸਿਰ ਫਟ ਗਏ ਧਰਤੀ ਰੱਤ ਰੰਗੀ ਹੋ ਗਈ। ਪਰ੍ਹਾਂ ਕੁੱਛੜ ਵਿਚ ਛੋਟੀ ਬੱਚੀ ਨੂੰ ਸਾਂਭੀ ਬੈਠੀ ਰਾਜਵੀਰ ਦੀ ਮਾਂ ਦੀਆਂ ਅੱਖਾਂ ਇਕੱਠ ਵਿੱਚੋਂ ਆਪਣੀ ਧੀ ਨੂੰ ਲੱਭਣ ਲੱਗੀਆਂ। ਉਸ ਨੂੰ ਰਾਜਵੀਰ ਨਜ਼ਰ ਨਾ ਆਈ। ਅਚਾਨਕ ਹੀ ਸਿਰ ਵਿੱਚੋਂ ਵਗਦੀਆਂ ਲਹੂ ਦੀਆਂ ਧਰਾਲਾਂ ਕਾਰਨ ਲਿੱਬੜੇ ਚਿਹਰੇ ਨਾਲ ਰਾਜਵੀਰ ਆਪਣੀ ਮਾਂ ਕੋਲ ਆਈ। ਉਸ ਨੇ ਮਾਂ ਦੀ ਕੁੱਛੜ ਵਿੱਚੋਂ ਆਪਣੀ ਨਿੱਕੀ ਧੀ ਨੂੰ ਮਾਂ ਤੋਂ ਫੜਿਆ ਅਤੇ ਆਪਣੇ ਸੀਨੇ ਨਾਲ ਘੁੱਟ ਲਿਆ। ਨਿੱਕੀ ਕੁੜੀ ਨੇ ਗਹੁ ਨਾਲ ਵੇਖਿਆ। ਉਸ ਨੇ ਆਪਣੀ ਮਾਂ ਨੂੰ ਖੂਨ ਨਾਲ ਲੱਥਪੱਥ ਚਿਹਰੇ ਦੇ ਬਾਵਜੂਦ ਪਛਾਣ ਲਿਆ ਸੀ। ਰਾਜਵੀਰ ਆਪਣੀ ਧੀ ਨੂੰ ਚੁੰਮਣ ਲੱਗੀ। ਮਾਂ ਦੇ ਸਿਰ ਵਿੱਚੋਂ ਵਗਦਾ ਲਹੂ ਨਿੱਕੀ ਬੱਚੀ ਦੇ ਮੱਥੇ 'ਤੇ ਲੱਗ ਗਿਆ। ਏਨੇ ਨੂੰ ਰਾਜਵੀਰ ਦੇ ਸਾਥੀ ਆਏ ਅਤੇ ਉਸ ਦੇ ਹੱਥੋਂ ਬਾਲੜੀ ਨੂੰ ਫੜ ਕੇ ਮੁੜ ਉਸ ਦੀ ਮਾਂ ਨੂੰ ਫੜਾ ਦਿੱਤਾ ਅਤੇ ਉਸ ਨੂੰ ਹਸਪਤਾਲ ਵੱਲ ਨੂੰ ਲੈ ਤੁਰੇ। ਆਪਣੀ ਨਾਨੀ ਦੀ ਕੁੱਛੜ ਵਿੱਚੋਂ ਨੰਨ੍ਹੀ ਬਾਲੜੀ ਆਪਣੇ ਸਾਥੀਆਂ ਨਾਲ ਤੁਰੀ ਜਾਂਦੀ ਆਪਣੀ ਮਾਂ ਵੱਲ ਵੇਖ ਕੇ ਮੁਸਕਰਾ ਰਹੀ ਸੀ। ਉਸ ਦੇ ਮੱਥੇ 'ਤੇ ਲੱਗਿਆ ਲਹੂ ਚਮਕ ਰਿਹਾ ਸੀ।

**- ਕਵਿਤਾ ਰਾਜਬੰਸ**

## ਸਰਪਰਾਈਜ਼ ਗਿਫ਼ਟ

ਅੱਜ ਉਸ ਦੇ ਵਿਆਹ ਦੀ ਨੌਵੀਂ ਸਾਲਗਿਰ੍ਹਾ ਸੀ, ਕਿੰਨੀ ਵਾਰ ਤਾਂ ਉਹ ਕੈਲੰਡਰ ਵੇਖ ਚੁੱਕੀ ਸੀ। ਉਸ ਨੂੰ ਬੜੀ ਬੇਸਬਰੀ ਨਾਲ ਗਿਫ਼ਟ ਦੀ ਉਡੀਕ ਸੀ, ਕਦੇ ਸੋਚੇ ਸੂਟ ਹੋਵੇਗਾ ਕਦੇ ਸੋਚੇ ਸੂਟ ਨਹੀਂ, ਸਾੜ੍ਹੀ ਹੋਵੇਗੀ। ਮਨ ਹੀ ਮਨ ਉਹ ਆਪਣੇ ਆਪ ਨੂੰ ਹਰ ਪੁਸ਼ਾਕ ਵਿੱਚ ਸਜੀ ਵੇਖਦੀ ਰਹੀ, ਦਰਅਸਲ ਇੰਨੀ ਖੁਸ਼ ਉਹ ਇਸ ਲਈ ਸੀ ਕਿ ਗਿਫ਼ਟ ਉਹਨੂੰ ਪਹਿਲੀ ਵਾਰ ਮਿਲ ਰਿਹਾ ਸੀ, ਸਾਲਗਿਰਹਾ ਤਾਂ ਪਹਿਲੇ ਵੀ ਬਹੁਤ ਵਾਰੀ ਆਈ, ਪਰ ਉਹਦੇ ਪਤੀ ਨੇ ਗਿਫ਼ਟ ਤਾਂ ਕੀ, ਉਹਨੂੰ ਵਧਾਈ ਤੱਕ ਨਹੀਂ ਸੀ ਕਦੀ ਦਿੱਤੀ। ਉਹ ਹਰ ਸਾਲ ਹੀ ਆਪਣੀ ਕਿਸਮਤ ਨੂੰ ਕੋਸਦੀ ਰਹਿੰਦੀ।

ਕੱਲ੍ਹ ਉਸ ਦੀ ਬੇਟੀ ਨੇ ਕਿਹਾ ਸੀ, 'ਮੰਮੀ! ਪਾਪਾ ਤੁਹਾਨੂੰ ਬਹੁਤ ਵਧੀਆ ਗਿਫ਼ਟ ਦੇਣਗੇ। ਉਹਨੇ ਪਾਪਾ ਨੂੰ ਇਹ ਕਹਿੰਦੇ ਸੁਣਿਆ ਸੀ, ਯਾਰ ਪੌਲੀਥੀਨ 'ਚ ਚੰਗੀ ਤਰ੍ਹਾਂ ਪੈਕ ਕਰਕੇ ਦੇਈਂ ਤੇ ਨਾਲੇ ਮੈਨੂੰ ਦੇਖ ਕੇ ਹੌਲੀ-ਹੌਲੀ ਗੱਲ ਕਰਨ ਲੱਗ ਪਏ ਸੀ ਤਾਂ ਹੀ ਤਾਂ ਉਹਨੂੰ ਪਤਾ ਲੱਗਿਆ।'

ਉਸ ਨੇ ਸੋਚਿਆ 'ਹੱਥ ਨਹੀਂ ਪੈਂਦਾ ਹੋਣਾ ਤਾਂ ਹੀ ਵਿਚਾਰੇ ਕਦੇ ਕੁਝ ਨਹੀਂ ਦੇ ਸਕੇ, ਰਸਮੀ ਮੁਬਾਰਕਬਾਦ ਕਹਿੰਦੇ ਵੀ ਸ਼ਰਮ ਆਉਂਦੀ ਹੋਣੀ ਐਂ। ਮੈਂ ਖਾਹ-ਮਖਾਹ ਗੁੱਸੇ ਹੋ ਜਾਂਦੀ ਹਾਂ, ਹੁਣ ਤਾਂ ਮੈਂ ਆਪਣੀਆਂ ਸਹੇਲੀਆਂ ਨੂੰ ਕਹਾਂਗੀ ਮੇਰੇ ਹਸਬੈਂਡ ਨੇ ਮੈਨੂੰ ਸਰਪ੍ਰਾਈਜ਼ ਗਿਫਟ ਦਿੱਤੈ। ਜਿੱਦਾਂ ਮੈਂ ਈਰਖਾ ਭਰੀਆਂ ਨਜ਼ਰਾਂ ਨਾਲ ਉਨ੍ਹਾਂ ਨੂੰ ਤੱਕਦੀ ਹਾਂ, ਹੁਣ ਏਦਾਂ ਹੀ ਉਹ ਮੈਨੂੰ ਤੱਕਣਗੀਆਂ।'

ਦੁਪਹਿਰ ਵੀ ਲੰਘ ਗਈ, ਪਤੀ ਦੇਵ ਨਹਾ-ਧੋ ਕੇ ਆਰਾਮ ਕਰਨ ਲਈ ਗਏ, ਹੁਣ ਸੋਚੇ 'ਮੈਂ ਕਾਹਲੀ ਕਿਉਂ ਹੋ ਰਹੀ ਆਂ ਸ਼ਾਮ ਨੂੰ ਦੇ ਦੇਣਗੇ, ਸਿੱਧੇ ਹੀ ਗਿਫ਼ਟ ਫੜਾ ਦਿਓ ਤਾਂ ਉਹ ਉਤਸੁਕਤਾ ਨਹੀਂ ਰਹਿੰਦੀ।' ਇੰਨੇ 'ਚ ਕਿਸੇ ਨੇ ਬੂਹਾ ਖੜਕਾਇਆ।

ਉਸ ਨੇ ਬੂਹਾ ਖੋਲ੍ਹਿਆ, ਇੱਕ ਆਦਮੀ ਖੜ੍ਹਾ ਸੀ। ਉਸ ਦੇ ਹੱਥ ਵਿੱਚ ਇੱਕ ਥੈਲਾ ਸੀ, ਉਸ ਨੇ ਅੰਦਰ ਆਉਣ ਲਈ ਕਿਹਾ ਤਾਂ ਉਹ ਬੋਲਿਆ, 'ਮੈਨੂੰ ਜ਼ਰੂਰੀ ਕੰਮ ਹੈ, ਇਹ ਥੈਲਾ ਸਾਹਬ ਨੂੰ ਜ਼ਰਾ ਸੰਭਾਲ ਕੇ ਦੇ ਦੇਣਾ', ਉਹ ਸਮਝ ਗਈ ਇਹੀ ਗਿਫ਼ਟ ਹੈ ਤੇ ਹੋਰ ਤੀਬਰਤਾ ਨਾਲ ਪਤੀ ਦੇ ਉੱਠਣ ਦਾ ਇੰਤਜ਼ਾਰ ਕਰਨ ਲੱਗੀ, ਪਰ ਉਸ ਤੋਂ ਜ਼ਿਆਦਾ ਦੇਰ ਰਿਹਾ ਨਾ ਗਿਆ। ਪਤੀ ਨੂੰ ਦੇਣ ਤੋਂ ਪਹਿਲਾਂ ਹੀ ਉਸ ਨੇ ਥੈਲਾ ਖੋਲ੍ਹ ਕੇ ਵੇਖਿਆ, ਪੌਲੀਥੀਨ ਵਿੱਚ ਸ਼ਰਾਬ ਦੀਆਂ ਦੋ ਬੋਤਲਾਂ ਸਨ ਤੇ ਨਾਲ ਇੱਕ ਚਿੱਠੀ ਸੀ, ਜਿਹਦੇ 'ਚ ਲਿਖਿਆ ਸੀ ਭਾਬੀ ਨੂੰ ਦੋ ਹੋਰ ਬੰਦਿਆਂ ਦਾ ਖਾਣਾ ਬਣਾਉਣ ਲਈ ਕਹਿ ਦੇਈਂ।

ਸਵੇਰ ਤੋਂ ਹਲਚਲ ਨਾਲ ਭਰੇ ਪੈਰ ਲੜਖੜਾਉਂਦੇ ਹੋਏ ਰਸੋਈ 'ਚ ਜਾ ਵੜੇ, ਸਾਹਮਣੇ ਕਮਰੇ 'ਚ ਲਟਕੇ ਕੈਲੰਡਰ ਦੀ ਬੜੇ ਦਿਨਾਂ ਤੋਂ ਇੰਤਜ਼ਾਰ ਕੀਤੀ ਜਾ ਰਹੀ ਤਰੀਕ ਉਸ ਨੂੰ ਘੂਰ-ਘੂਰ ਕੇ ਤੱਕ ਰਹੀ ਸੀ।

**- ਕੰਵਲਜੀਤ ਕੌਰ ਜੁਨੇਜਾ**

## ਤੂੰ ਦੱਸਿਆ ਈ ਨ੍ਹੀਂ

"ਸ਼ੈਰੀ! ਮੈਨੂੰ ਤਾਂ ਬਹੁਤ ਡਰ ਲੱਗ ਰਿਹਾ ਹੈ। ਪਤਾ ਨਹੀਂ, ਤੁਹਾਡੇ ਮੰਮੀ ਦੀ ਮੇਰੇ ਬਾਰੇ ਕੀ ਰਾਏ ਹੋਵੇ?" ਰੂਬੀ ਨੇ ਸ਼ੈਰੀ ਨੂੰ ਕਿਹਾ।

"ਤੂੰ ਤਾਂ ਐਵੇਂ ਹੀ ਡਰੀ ਜਾਂਦੀ ਏਂ। ਮੰਮੀ ਨੂੰ ਮੇਰੇ ਤੇ ਮੇਰੀ ਪਸੰਦ 'ਤੇ ਪੂਰਾ ਭਰੋਸਾ ਹੈ। ਜਦੋਂ ਤੇਰੀ ਫੋਟੋ ਮੰਮੀ ਨੂੰ ਵਿਖਾਈ ਸੀ ਤਾਂ ਦੇਖਦੇ ਹੀ ਮੰਮੀ ਬੋਲੀ ਸੀ, ਬਿਲਕੁੱਲ ਚੰਨ ਦਾ ਟੁਕੜਾ ਏ। ਮੈਨੂੰ ਜਿਹੋ ਜਿਹੀ ਬਹੂ ਦੀ ਹੀ ਤਲਾਸ਼ ਸੀ, ਬਿਲਕੁੱਲ ਵੈਸੀ ਹੈ। ਫਿਰ ਮੰਮੀ ਪੜ੍ਹੇ-ਲਿਖੇ ਤੇ ਅਗਾਂਹਵਧੂ ਵਿਚਾਰਾਂ ਵਾਲੇ ਨੇ। ਬੱਸ ਤੂੰ ਨਾਰਮਲ ਹੋ ਜਾਹ, ਮੰਮੀ ਆਉਂਦੇ ਹੀ ਹੋਣੇ ਨੇ।" ਸ਼ੈਰੀ ਨੇ ਰੂਬੀ ਨੂੰ ਹੌਸਲਾ ਦਿੰਦੇ ਕਿਹਾ।

ਸ਼ੈਰੀ ਦੀ ਕੋਠੀ ਦੇ ਡਰਾਇੰਗ ਰੂਮ ਵਿੱਚ ਬੈਠੇ ਉਹ ਦੋਵੇਂ ਗੱਲਾਂ ਕਰ ਹੀ ਰਹੇ ਸੀ ਕਿ ਸ਼ੈਰੀ ਦੇ ਮੰਮੀ ਆ ਗਏ। ਆਦਰ ਸਹਿਤ ਰੂਬੀ ਨੇ ਉੱਠ ਕੇ ਹੱਥ ਜੋੜ ਕੇ ਸਿਰ ਨਿਵਾਇਆ। ਰੂਬੀ ਨੂੰ ਕਲਾਵੇ ਵਿੱਚ ਲੈਂਦੇ ਸ਼ੈਰੀ ਦੀ ਮੰਮੀ ਨੇ ਕਿਹਾ, "ਤੂੰ ਤਾਂ ਫੋਟੋ ਤੋਂ ਵੱਧ ਸੋਹਣੀ ਤੇ ਸੁਚੱਜੀ ਮੁਟਿਆਰ ਏਂ। ਸ਼ੈਰੀ ਨੇ ਮੈਨੂੰ ਦੱਸਿਆ ਹੈ ਕਿ ਤੂੰ ਤੇ ਸ਼ੈਰੀ ਨੇ ਇੱਕੋ ਕਾਲਜ ਤੋਂ ਬੀ ਟੈਕ ਕੀਤੀ ਹੈ ਤੇ ਹੁਣ ਇੱਕੋ ਕੰਪਨੀ ਵਿੱਚ ਨੌਕਰੀ ਕਰਦੇ ਹੋ। ਚਲੋ ਚੰਗਾ ਹੈ, ਦੋਵਾਂ ਨੇ ਇੱਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣ ਲਿਆ ਹੋਣੈਂ।"

ਰੂਬੀ ਨੇ ਸ਼ਰਮਾਉਂਦਿਆਂ ਹਾਂ ਵਿੱਚ ਸਿਰ ਹਿਲਾਇਆ। ਨੌਕਰਾਣੀ ਚਾਹ ਦੇ ਗਈ ਤੇ ਚਾਹ ਦੀਆਂ ਚੁਸਕੀਆਂ ਲੈਂਦੇ ਹੋਏ ਸ਼ੈਰੀ ਦੀ ਮੰਮੀ ਨੇ ਕਿਹਾ, "ਸ਼ੈਰੀ ਮੇਰਾ ਇਕਲੌਤਾ ਬੇਟਾ ਹੈ। ਮਾਨ ਸਾਹਿਬ (ਸ਼ੈਰੀ ਦੇ ਪਿਤਾ) ਚੰਗੇ ਅਹੁਦੇ 'ਤੇ ਸਨ। ਬਹੁਤ ਜ਼ਮੀਨ-ਜਾਇਦਾਦ ਛੱਡ ਗਏ ਹਨ। ਮੈਂ ਤਾਂ ਉਹਨਾਂ ਦੇ ਤੁਰ ਜਾਣ ਤੋਂ ਬਾਅਦ 'ਲੋਕ ਭਲਾਈ' ਸਮਾਜ ਸੇਵੀ ਸੰਸਥਾ ਨਾਲ ਜੁੜ ਕੇ ਸਮਾਜ ਸੇਵਾ ਕਰ ਰਹੀ ਹਾਂ।"

ਰੂਬੀ ਇੱਕ-ਦਮ ਬੋਲੀ, "ਵਾਹ ਅੰਟੀ! ਮੇਰੇ ਮੰਮੀ ਪਾਪਾ ਵੀ ਇੱਕ ਸਮਾਜ ਸੇਵੀ ਸੰਸਥਾ 'ਏਕ ਨੂਰ' ਚਲਾ ਰਹੇ ਹਨ।"

"ਅੱਛਾ--ਕੀ ਨਾਂਅ ਹੈ ਤੁਹਾਡੇ ਮੰਮੀ ਪਾਪਾ ਦਾ ਹੈ?" ਸ਼ੈਰੀ ਦੀ ਮੰਮੀ ਨੇ ਪੁੱਛਿਆ।

"ਜੀ--ਮੇਰੇ ਪਿਤਾ ਡਾਕਟਰ ਅਸਲਮ ਖਾਨ ਤੇ ਮਾਤਾ ਡਾਕਟਰ ਗੁਰਮੀਤ ਕੌਰ ਹਨ।" ਰੂਬੀ ਨੇ ਮਾਣ ਨਾਲ ਕਿਹਾ।

"ਹੈਂ—ਕਹਿੰਦਿਆਂ ਉਹਨਾਂ ਦੇ ਹੱਥ ਵਿੱਚ ਫੜਿਆ ਚਾਹ ਦਾ ਕੱਪ ਥਰਥਰਾਉਣ ਲੱਗਿਆ ਤੇ ਉਸ ਨੇ ਆਪਣੇ ਆਪ ਨੂੰ ਸੰਭਾਲਦਿਆਂ ਮਰੀ ਆਵਾਜ਼ ਵਿੱਚ ਕਿਹਾ, ਸ਼ੈਰੀ! ਇਹ ਤਾਂ ਤੂੰ ਦੱਸਿਆ ਹੀ ਨ੍ਹੀ ਕਿ--।"

**- ਕੈਲਾਸ਼ ਠਾਕੁਰ**

## ਜੀ.ਬੀ. ਰੋਡ

ਪੰਝੀ ਸਾਲਾਂ ਵਿੱਚ ਰੁਪਿੰਦਰ ਪਹਿਲੀ ਵਾਰ ਦਿੱਲੀ ਆਇਆ। ਬੱਸ ਵਿੱਚ ਬੈਠਿਆਂ ਸੜਕ ਦੇ ਆਲੇ-ਦੁਆਲੇ ਗਗਨ ਚੁੰਭੀਆਂ ਇਮਾਰਤਾਂ ਵੇਖ ਕੇ ਦੰਗ ਰਹਿ ਗਿਆ। ਬੱਸ ਅੱਡੇ 'ਤੇ ਉਤਰਦਿਆਂ ਸਿੱਧਾ ਆਪਣੇ ਟਿਕਾਣੇ ਵੱਲ ਵਧਿਆ। ਹੋਟਲ ਦੇ ਕਮਰੇ 'ਚ ਵੜਦਿਆਂ ਥਕਾਵਟ ਦੇ ਟੁੱਟੇ ਨੂੰ ਪਤਾ ਹੀ ਨਹੀਂ ਚੱਲਿਆ ਕਿ ਕਦੋਂ ਅੱਖ ਲੱਗ ਗਈ। ਅੱਖ ਖੁੱਲ੍ਹੀ ਤਾਂ ਮੋਬਾਇਲ 'ਤੇ ਰਾਤ ਦੇ ਨੌਂ ਵੱਜੇ ਸਨ। ਖਾਣ-ਪੀਣ ਅਤੇ ਸ਼ਹਿਰ ਦੀ ਰੌਣਕ ਮਾਨਣ ਲਈ ਨਹਾ-ਧੋ ਕੇ ਉਹ ਬਾਹਰ ਸੜਕਾਂ 'ਤੇ ਘੁੰਮਣ ਲੱਗਾ।

ਬਜ਼ਾਰਾਂ ਦੀ ਰੌਣਕ ਤੇ ਨਾ ਸੌਣ ਵਾਲੀ ਦਿੱਲੀ ਉਸ ਨੂੰ ਆਕਰਸ਼ਿਤ ਕਰ ਰਹੀ ਸੀ। ਖਾਂਦੇ-ਪੀਂਦੇ, ਘੁੰਮਦੇ-ਘਮਾਉਂਦਿਆਂ ਉਸ ਦਾ ਚੇਤਾ ਜੀ.ਬੀ. ਰੋਡ ਵੱਲ ਚਲਿਆ ਗਿਆ, ਜਿਸ ਦਾ ਜ਼ਿਕਰ ਉਸ ਨੇ ਆਪਣੇ ਮਿੱਤਰਾਂ ਦੀ ਜੁੰਡਲੀ ਵਿੱਚ ਸੁਣਿਆ ਹੋਇਆ ਸੀ। ਪਿੱਛੋਂ ਆਉਂਦੇ ਰਿਕਸ਼ੇ ਨੂੰ ਹੱਥ ਦਿੰਦਿਆਂ ਝਿਜਕ ਜਿਹੀ ਨਾਲ ਪੁੱਛਿਆ, "ਜੀ.ਬੀ. ਰੋਡ ਕਹਾਂ ਕੋ ਹੈ?"

"ਪਾਸ ਈ ਹੈ, ਆਪ ਬੈਠੀਏ" ਰਿਕਸ਼ੇ ਵਾਲੇ ਨੇ ਰੁਪਿੰਦਰ ਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ।

ਚਿਹਰੇ 'ਤੇ ਹਲਕੀ ਮੁਸਕਰਾਹਟ, ਗੱਲ੍ਹਾਂ 'ਤੇ ਲਾਲੀ ਲੈ ਕੇ ਉਹ ਰਿਕਸ਼ੇ ਉੱਪਰ ਬੈਠ ਗਿਆ। ਸੜਕਾਂ ਤੋਂ ਹੁੰਦਾ ਹੋਇਆ ਰਿਕਸ਼ਾ ਤੰਗ ਗਲੀਆਂ ਵਿੱਚੋਂ ਗੁਜ਼ਰ ਰਿਹਾ ਸੀ ਤੇ ਰਿਕਸ਼ੇ ਚਾਲਕ ਦੀਆਂ ਗੱਲਾਂ ਤੋਂ ਜਾਪ ਰਿਹਾ ਸੀ ਕਿ ਜਿਵੇਂ ਉਸ ਨੂੰ ਸਵੇਰ ਤੋਂ ਕੋਈ ਸਵਾਰੀ ਨਾ ਮਿਲੀ ਹੋਵੇ ਤੇ ਰੁਪਿੰਦਰ ਦੇ ਬੈਠਣ ਨਾਲ ਉਸ ਦੀ ਇੱਕ ਵਕ਼ਤ ਦੀ ਰੋਟੀ ਦਾ ਜੁਗਾੜ ਹੋ ਗਿਆ ਹੋਵੇ।

ਅਖੀਰ ਰਿਕਸ਼ੇ ਵਾਲੇ ਨੇ ਇੱਕ ਤੰਗ ਗਲੀ ਦੇ ਕੋਨੇ 'ਤੇ ਇੱਕ ਤੰਗ ਕਮਰੇ ਵਰਗੇ ਘਰ ਤੇ ਬੂਹੇ ਅੱਗੇ ਜਾ ਰਿਕਸ਼ਾ ਰੋਕ ਦਿੱਤਾ।

"ਜਹੀ ਜੀ.ਬੀ. ਰੋਡ ਹੈ?" ਰੁਪਿੰਦਰ ਨੇ ਰਿਕਸ਼ੇ ਵਿੱਚੋਂ ਉੱਤਰਦਿਆਂ ਪੁੱਛਿਆ।

"ਨਹੀਂ ਬਾਬੂ ਜੀ, ਮੇਰਾ ਗਰ ਹੈ, ਦੋ ਪੈਸੇ ਕਮ ਦੇ ਦੇਨਾ, ਆਪ ਜਹੀਂ ਕਰ ਲੀਜੀਏ ਜੋ ਵਹਾਂ ਕਰਨਾ ਥਾ" ਰਗਾਂ ਵਿੱਚ ਦੌੜਦੇ ਲਹੂ ਨੂੰ ਪਾਣੀ ਕਰ ਦੇਣ ਵਾਲੇ ਮਜਬੂਰੀ ਭਿੱਜੇ ਰਿਕਸ਼ੇ ਵਾਲੇ ਦੇ ਸ਼ਬਦਾਂ ਨੂੰ ਸੁਣਦਿਆਂ ਰੁਪਿੰਦਰ ਦੇ ਬੁੱਲ੍ਹਾਂ 'ਤੇ ਸਿੱਕਰੀ ਜੰਮ ਗਈ।

ਉਹ ਬਿਨਾਂ ਕੁਝ ਬੋਲੇ ਪੰਜ ਸੌ ਦਾ ਨੋਟ ਰਿਕਸ਼ੇ ਵਾਲੇ ਦੇ ਹੱਥ 'ਤੇ ਧਰਦਿਆਂ ਓਨੀ ਪੈਰੀਂ ਹੀ ਦਿੱਲੀ ਦੀਆਂ ਤੰਗ ਗਲੀਆਂ 'ਚੋਂ ਕਾਹਲੀ ਨਾਲ ਵਾਪਸੀ ਦੇ ਕਦਮ ਪੁੱਟਣ ਲੱਗਾ।

**- ਗੋਬਿੰਦਰ ਸਿੰਘ ਢੀਂਡਸਾ**

## ਭੁੱਖੀ ਸ਼ੇਰਨੀ

"ਭਵੇਂ ਵੱਡੀ ਉਮਰ ਦੀ ਐ, ਪਰ ਸਰੀਰ ਮੱਖਣ ਵਰਗਾ ਐ।"

"ਸੰਗਮਰਮਰ ਦੀ ਮੂਰਤੀ ਜਾਪਦੀ ਐ।"

"ਪਰ ਹੈ ਭੁੱਖੀ ਸ਼ੇਰਨੀ! ਬੰਦੇ ਨੂੰ ਨਿੰਬੂ ਵਾਂਗ ਨਿਚੋੜ ਕੇ ਸੁੱਟਦੀ ਐ।"

"ਨਰੋਏ ਮੁੰਡੇ ਭਾਲਦੀ ਹੈ।"

ਸਾਹਮਣੇ ਮਕਾਨ ਵਿਚਲੀ ਔਰਤ ਬਾਰੇ ਉਹ ਲੋਕਾਂ ਤੋਂ ਰੋਜ਼ ਹੀ ਸੁਣਦਾ ਸੀ। ਉਹ ਯਾਨੀ ਇਕ ਅੱਲ੍ਹੜ ਮੁੰਡਾ, ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖ ਰਿਹਾ। ਉਹਦਾ ਜੀਅ ਕਰਦਾ ਕਿ ਉਹ ਵੀ ਉਸ ਕੋਲ ਜਾਵੇ।

ਘਰਦਿਆਂ ਤੋਂ ਕਿਤਾਬ ਖਰੀਦਣ ਦੇ ਬਹਾਨੇ ਵੀਹ ਰੁਪਏ ਦਾ ਨੋਟ ਲੈ ਕੇ ਉਸ ਦੇ ਕਦਮ ਉਸ ਮਕਾਨ ਵੱਲ ਵਧ ਤੁਰੇ। ਮਕਾਨ ਅੰਦਰ ਪਹੁੰਚ ਕੇ ਜਦ ਉਸ ਨੇ ਔਰਤ ਦਾ ਦਗਦਾ ਚਿਹਰਾ ਦੇਖਿਆ ਤਾਂ ਉਸ ਦੀਆਂ ਅੱਖਾਂ ਝੁਕ ਗਈਆਂ।

"ਕਿਵੇਂ ਆਇਐਂ!" ਔਰਤ ਨੇ ਸਵਾਲ ਕੀਤਾ ਤਾਂ ਉਹਨੇ ਝਿਜਕਦਿਆਂ ਵੀਹ ਰੁਪਏ ਦਾ ਨੋਟ ਅੱਗੇ ਕਰ ਦਿੱਤਾ।

"ਇੱਧਰ ਮੇਰੇ ਨਾਲ ਅੱਖਾਂ ਮਿਲਾ ਕੇ ਗੱਲ ਕਰ। ਘਰੋਂ ਚੋਰੀ ਕੀਤੇ ਐ ਕਿ ਕਿਤਾਬ ਵਾਸਤੇ ਲਿਆਂਦੇ ਨੇ?"

ਸਖਤ ਆਵਾਜ਼ ਵਿੱਚ ਔਰਤ ਦਾ ਸਵਾਲ ਸੁਣ ਉਸ ਦੇ ਹੋਸ਼ ਗੁੰਮ ਹੋ ਗਏ। ਉਹ ਅੱਖਾਂ ਝੁਕਾਈ ਪੱਥਰ ਦਾ ਬਣਿਆ ਖੜ੍ਹਾ ਰਿਹਾ।

ਉਹ ਅੱਗੇ ਵਧੀ ਤੇ ਨੋਟ ਉਸ ਦੀ ਜੇਬ ਵਿੱਚ ਪਾਉਂਦਿਆਂ ਉਸ ਨੂੰ ਆਪਣੀ ਛਾਤੀ ਨਾਲ ਲਾ ਲਿਆ। ਕੁੱਝ ਚਿਰ ਉਹ ਇੰਜ ਹੀ ਖੜ੍ਹੀ ਰਹੀ ਤੇ ਫਿਰ ਭਾਰੀ ਆਵਾਜ਼ ਵਿੱਚ ਬੋਲੀ, "ਪੁੱਤਰ ਇਹਨਾਂ ਰੁਪਿਆਂ ਦੀ ਕਿਤਾਬ ਹੀ ਖਰੀਦੀਂ ਤੇ ਇਹ ਪੈਸੇ ਲੈ ਕੇ ਫਿਰ ਕਦੇ ਇੱਥੇ ਨਾ ਆਈਂ... ।"

ਉਸ ਨੂੰ ਲੱਗਾ, ਜਿਵੇਂ ਕੋਸੇ ਪਾਣੀ ਦੀਆਂ ਦੋ ਬੂੰਦਾਂ ਉਸ ਦੇ ਸਿਰ ਤੋਂ ਹੁੰਦੀਆਂ ਹੋਈਆਂ ਉਸ ਦੇ ਕੰਨਾਂ ਤੱਕ ਆ ਗਈਆਂ ਸਨ।

**- ਨਰਿੰਦਰ ਬਰਗਾੜੀ**

## ਮੈਂ ਵੀ ਹਾਂ....

"ਸਰਬਜੀਤ....!......! ਸਰਬਜੀਤ.....! ਇੱਧਰ ਆ ਜ਼ਾ।" ਹਰਜੀਤ ਨੇ ਪਤਨੀ ਨੂੰ ਗੁੱਸੇ ਵਿੱਚ ਆਵਾਜ਼ ਮਾਰੀ।

"ਹਾਂ ਜੀ, ਦੱਸੋ! ਕੀ ਹੋ ਗਿਆ?" ਸਰਬਜੀਤ ਰਸੋਈ ਵਿੱਚੋਂ ਹੱਥ ਸਾਫ਼ ਕਰਦਿਆਂ ਬਾਹਰ ਆਈ।

"ਤੈਨੂੰ ਕਿੰਨੀ ਵਾਰ ਕਿਹਾ ਕਿ ਮੈਨੂੰ ਆਲੂ-ਮਟਰ ਦੀ ਸਬਜ਼ੀ ਬਿਲਕੁੱਲ ਪਸੰਦ ਨਹੀਂ ਹੈ।" ਹਰਜੀਤ ਉਸੇ ਤਰ੍ਹਾਂ ਗੁੱਸੇ ਵਿੱਚ ਬੋਲਿਆ।

"ਹਾਂਜੀ, ਪਤੈ ਮੈਨੂੰ!" ਸਰਬਜੀਤ ਨੇ ਆਰਾਮ ਨਾਲ ਕਿਹਾ।

"ਕੀ ਸਵਾਹ ਪਤਾ ਤੈਨੂੰ? ਆਹ ਡੌਂਗੇ ਵਿੱਚ ਆਲੂ-ਮਟਰ ਦੀ ਸਬਜ਼ੀ ਪਾ ਕੇ ਰੱਖੀ ਹੋਈ ਹੈ।" ਮੇਜ਼ 'ਤੇ ਪਏ ਡੌਂਗੇ ਵੱਲ ਇਸ਼ਾਰਾ ਕਰਦਿਆਂ ਹਰਜੀਤ ਅੱਗ ਵਾਂਗ ਭੜਕਿਆ।

"ਹਾਂ ਜੀ, ਮੈਂ ਹੀ ਰੱਖੀ ਹੈ ਆਲੂ-ਮਟਰ ਦੀ ਸਬਜ਼ੀ, ਪਰ ਉਹ ਤੁਹਾਡੇ ਲਈ ਨਹੀਂ ਰੱਖੀ ਹੈ।" ਹਰਜੀਤ ਹਜੇ ਵੀ ਨਿਮਰਤਾ ਨਾਲ ਬੋਲੀ।

"ਮੇਰੇ ਲਈ ਨਹੀਂ ਰੱਖੀ? ਫੇਰ ਹੋਰ ਏਥੇ ਕੌਣ ਹੈ! ਜੀਹਦੇ ਲਈ ਰੱਖ ਕੇ ਗਈ ਹੈਂ?" ਹਰਜੀਤ ਨੇ ਹੋਰ ਵੀ ਚਿੜਦਿਆਂ ਕਿਹਾ।

" 'ਮੈਂ' .... ਮੈਂ ਵੀ ਹਾਂ ਜੀ। ਇਹ ਸਬਜ਼ੀ ਮੇਰੇ ਲਈ ਹੈ, ਕਿਉਂਕਿ ਮੈਨੂੰ ਆਲੂ-ਮਟਰ ਬਹੁਤ ਪਸੰਦ ਹੈ। ਤੇ ਅੱਜ ਆਪਣੇ ਜਨਮ ਦਿਨ 'ਤੇ ਖਾਸ ਆਪਣੇ ਲਈ ਮੈਂ ਇਹ ਸਬਜ਼ੀ ਬਣਾਈ ਹੈ। ਤੁਹਾਡੇ ਲਈ ਦੂਸਰੇ ਡੌਂਗੇ ਵਿੱਚ ਪਨੀਰ ਦੀ ਸਬਜ਼ੀ ਹੈ। ਸ਼ਾਇਦ ਤੁਸੀਂ ਉਹ ਦੇਖੀ ਨਹੀਂ।" ਕਹਿ ਕੇ ਸਰਬਜੀਤ ਆਪਣੀ ਚੁੰਨੀ ਸਵਾਰਦਿਆਂ ਰਸੋਈ ਵੱਲ ਤੁਰ ਗਈ ਤੇ ਹਰਜੀਤ ਦੀ ਜ਼ੁਬਾਨ ਜਿਵੇਂ ਤਾਲੂਏ ਨਾਲ ਲੱਗ ਗਈ ਸੀ।

**- ਮਨਜੀਤ ਕੌਰ ਧੀਮਾਨ**

## ਜਾਗ

ਦੋ-ਤਿੰਨ ਦਿਨਾਂ ਤੋਂ ਡੰਗਰਾਂ ਦਾ ਗੋਹਾ-ਕੂੜਾ ਕਰਨ ਵਾਲੀ ਸੀਤੋ ਕੰਮ ਕਰਨ ਨਹੀਂ ਆਈ ਸੀ। ਹਵੇਲੀ ਵਾਲੇ ਬਚਨ ਸਿੰਘ ਦੀ ਘਰਵਾਲੀ ਕਾਫੀ ਔਖੀ ਹੋਈ ਪਈ ਸੀ, "ਮੈਂ ਕਿਹਾ, ਜੀਤੋ ਦੇ ਬਾਪੂ, ਤੂੰ ਈ ਜਾ ਕੇ ਪਤਾ ਕਰਿਆ ..ਏਸ ਜਾਤ ਨੇ ਵੀ ਹੱਦ ਈ ਕਰਤੀ।"

ਉਹਦੇ ਵਾਰ-ਵਾਰ ਕਹਿਣ ਉੱਤੇ ਬਚਨ ਸਿੰਘ ਜਦੋਂ ਕੈਲੇ ਦੇ ਘਰ ਪਹੁੰਚਿਆ ਤਾਂ ਸੀਤੋ ਘਰ ਹੀ ਸੀ।

"ਕਿਉਂ ਬਈ ਕੈਲਿਆ! ਸੀਤੋ ਕਈ ਦਿਨਾਂ ਤੋਂ ਕੰਮ 'ਤੇ ਨਹੀਂ ਆਈ?"

"ਕੰਮ 'ਤੇ ਤਾਂ ਸਰਦਾਰਾ ਹੁਣ ਕੋਈ ਹਸਾਬ ਕਰਕੇ ਈ ਆਊ।" ਅੱਗੋਂ ਕੈਲੇ ਦੇ ਬੋਲਾਂ ਵਿਚ ਤਲਖੀ ਸੀ।

"ਹਿਸਾਬ ਕਾਹਦਾ ਓਏ? ਅਜੇ ਤਾਂ ਦਿੱਤੀ ਰਕਮ ਦਾ ਵਿਆਜ ਈ ਨੀ ਪੂਰਾ ਹੋਇਆ।"

"ਲੈ, ਅਜੇ ਵਿਆਜ ਈ ਰਹਿ ਗਿਆ..ਪੰਜ ਸਾਲ ਹੋਗੇ ਦੋ ਹਜ਼ਾਰ ਦੇ ਵਿਆਜ 'ਚ ਗੋਹਾ-ਕੂੜਾ ਕਰਦਿਆਂ ਨੂੰ। ਹੁਣ ਤਾਂ ਜੇ ਮਹੀਨੇ ਦੇ ਮਹੀਨੇ ਕੋਈ ਬੱਝਵੇਂ ਪੈਸੇ ਮਿਲਣਗੇ, ਤਾਂ ਈ ਸੀਤੋ ਕੰਮ 'ਤੇ ਆਊ।"

"ਅੱਛਾ, ਤਾਂ ਫੇਰ ਲੱਗੇ ਆਪਣੀ ਜਾਤ ਦਿਖਾਉਣ, ਹਿਸਾਬ ਤਾਂ ਭਾਈ ਪੰਚੈਤ ਈ ਕਰੂ ਫੇਰ।"

"ਪੰਚੈਤ ਵੀ ਤਾਂ ਸਰਦਾਰਾ ਤੇਰੀ ਓਈ ਐ ..ਪਹਿਲਾਂ ਕੇਹੜਾ ਪੰਚੈਤ ਦੇ ਕਰੇ ਹਸਾਬ ਨੀ ਦੇਖੇ..ਜੇ ਐਂ ਈ ਕਰਨੈ ਤਾਂ ਫੇਰ ਮੈਂ ਵੀ ਮਜ਼ਦੂਰ ਜੱਥੇਬੰਦੀ ਵਾਲਿਆਂ ਨੂੰ ਬੁਲਾ ਲੂੰ।"

"ਬੁਲਾ ਲੀਂ, ਬੁਲਾ ਲੀਂ ..ਦੇਖ ਲਾਂਗੇ।" ਕਹਿੰਦਾ ਬਚਨ ਸਿੰਘ ਮੁੜ ਘਰ ਨੂੰ ਚੱਲ ਪਿਆ, ਪਰ ਅੰਦਰੋ-ਅੰਦਰੀ ਸੋਚਦਾ ਜਾ ਰਿਹਾ ਸੀ, ਹੁਣ ਤਾਂ ਇਹਨਾਂ ਕੰਮੀਂ-ਕਮੀਨਾਂ ਦੇ ਵੀ ਖੰਭ ਲੱਗਗੇ, ਪੁਰਾਣਾ ਹਿਸਾਬ ਹੁਣ ਬਹੁਤਾ ਚਿਰ ਨਹੀਂ ਚੱਲਣਾ।

**- ਅਸ਼ਵਨੀ ਖੁਡਾਲ**

## ਚਿੱਬੇ ਚਿੱਬੇ

ਸੜਕ ਦੇ ਰੇਲਵੇ ਫਾਟਕ ਉੱਤੇ ਬੈਠੇ ਭਿਖਾਰੀਆਂ ਨੂੰ ਉਹ ਖੀਰ ਵੰਡਦੀ ਜਾ ਰਹੀ ਸੀ। ਚਿੱਬੇ ਕੌਲੇ, ਵਿੰਗੀਆਂ-ਟੇਢੀਆਂ ਥਾਲੀਆਂ ਦੀ ਲਾਈਨ। ਪਾਣੀ ਵਿਚ ਦੁੱਧ ਪਾ ਕੇ ਬਣਾਈ ਖੀਰ। ਸਿਲਵਰ ਦੇ ਪਤਲੇ ਤੇ ਲੰਮੇ ਸਾਰੇ ਵੱਡੇ ਡੱਬੇ ਵਿੱਚੋਂ ਹਰ ਇਕ ਲਈ ਇਕ-ਇਕ ਨਿੱਕੀ ਜਿਹੀ ਕੜਛੀ ਭਰਦੀ ਸੀ ਤੇ ਅੱਗੇ ਪਏ ਕੌਲੇ ਜਾਂ ਕਰਮੰਡਲ ਵਿਚ ਪਲਟਾ ਦਿੰਦੀ ਸੀ। ਮੰਗਤੇ ਅਸੀਸਾਂ ਦੇ ਰਹੇ ਸਨ।

ਪਿੱਛੇ-ਪਿੱਛੇ ਉਸ ਦੀ ਸਕੂਲ ਪੜ੍ਹਦੀ ਬੇਟੀ ਆ ਰਹੀ ਸੀ।

"ਮੰਮੀ, ਇਕ-ਦੋ ਥਾਲੀਆਂ 'ਚ ਈ ਪਾ ਦਿਓ। ਤੁਸੀਂ ਤਾਂ ਭੋਰਾ-ਭੋਰਾ ਪਾਂਦੇ ਓ। ਇਸ ਨਾਲ ਇਨ੍ਹਾਂ ਦਾ ਕੀ ਬਣੇਗਾ?"

"ਬੇਟੇ, ਇਹ ਸਾਰੇ ਭੁੱਖੇ ਨੇ। ਸਾਰਿਆਂ ਨੂੰ ਕੁਝ ਮਿਲਣਾ ਚਾਹੀਦਾ ਹੈ।"

"ਮੰਮੀ, ਇਹ ਵਾਰੀ ਕਿਉਂ ਨਹੀਂ ਬੰਨ੍ਹ ਲੈਂਦੇ, ਜਿਵੇਂ ਰਿਕਸ਼ੇ, ਟੈਂਪੂ ਵਾਲੇ ਆਪਣੀ ਵਾਰੀ ਸਿਰ ਈ ਸਵਾਰੀ ਚੁੱਕਦੇ ਨੇ। ਇਕ ਭਰਿਆ ਤੇ ਤੁਰਿਆ, ਫੇਰ ਅਗਲੇ ਦੀ ਵਾਰੀ।"

"ਬੇਟੇ, ਇਨ੍ਹਾਂ ਦੀ ਕੋਈ ਯੂਨੀਅਨ ਥੋੜ੍ਹੀ ਏ? ਇਹ ਤਾਂ ਵਿਚਾਰੇ।"

"ਵਿਚਾਰੇ ਅਪਾਹਜ! ਚਿਹਰੇ ਕਿਵੇਂ ਚਿੱਬ ਖੜਿੱਬੇ ਨੇ, ਵਿੰਗੇ-ਟੇਢੇ। ਕਿਸੇ ਦੀ ਅੱਖ ਨਹੀਂ ਤੇ ਕਿਸੇ ਦੀ ਬਾਂਹ ਗਾਇਬ। ਕਿਸੇ ਦੀ ਲੱਤ ਹੈ ਨਹੀਂ ਤੇ ਕਿਸੇ ਦੇ ਚਿਹਰੇ ਦਾ ਅੱਧਾ ਹਿੱਸਾ ਈ ਨਹੀਂ। ਬਿਲਕੁਲ ਭਾਰਤ ਦੇ ਨਕਸ਼ੇ ਵਰਗਾ।"

"ਨਾਲੇ ਪੁੱਤਰ, ਸਾਰਿਆਂ ਨੂੰ ਅਸੀਸਾਂ ਦੇਣ ਦਾ ਵੀ ਤਾਂ ਮੌਕਾ ਮਿਲਣਾ ਚਾਹੀਦੈ।"

"ਤਾਂ ਹੁਣ ਪਤਾ ਲੱਗਾ। ਤੁਸੀਂ ਤਾਂ ਅਸੀਸਾਂ ਲੈਣੀਆਂ ਚਾਹੁੰਦੇ ਹੋ। ਤਾਹੀਓਂ ਤੁਸੀਂ ਗੂੰਗੇ ਭਿਖਾਰੀ ਦੇ ਕੌਲੇ ਵਿਚ ਕੁਝ ਨਹੀਂ ਪਾਇਆ।"

**- ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

# ਵਿਸ਼ਵ ਪ੍ਰਸਿੱਧ ਹੈ ਐਡਮਿੰਟਨ (ਕੈਨੇਡਾ) ਦਾ ਗਲੈਕਸੀ ਲੈਂਡ

**ਬਲਵਿੰਦਰ ਬਾਲਮ**

ਗਲੈਕਸੀ ਲੈਂਡ ਨੂੰ ਦੁਨੀਆ ਦਾ ਸਭ ਤੋਂ ਵੱਡਾ ਅੰਦਰੂਨੀ ਮਨਪ੍ਰਚਾਵਾ ਭੂਮੀਗਤ ਪਾਰਕ ਸਮਝਿਆ ਜਾਂਦਾ ਹੈ। ਇਹ ਇਕ ਵਿਸ਼ਾਲ ਲੰਮੀ-ਚੌੜੀ ਤੇ ਉਚੀ ਤੇਰਾਂ ਮੰਜ਼ਲਾ ਇਮਾਰਤ ਹੈ। ਇਸ ਵਿਚ ਇਕ ਡੂੰਘਾ ਸਮੁੰਦਰ, ਡਾਲਫਿਨ ਸ਼ੋਅ ਅਤੇ ਬਹੁਤ ਵੱਡਾ ਪਾਣੀ ਦਾ ਤਲਾਬ ਹੈ, ਜਿਸ ਵਿਚ ਪਾਣੀ ਦੇ ਝਲਕਾਰੇ ਨਾਲ ਕਈ ਤਰ੍ਹਾਂ ਦੇ ਪ੍ਰਤੀਬਿੰਬ ਬਣਦੇ ਹਨ। ਇਥੇ ਕਈ ਪੂਲ ਬਣੇ ਹੋਏ ਹਨ ਤੇ ਇਕ ਅੰਦਰੂਨੀ ਬੀਚ 'ਚ ਲੋਕ ਦਿਨ ਭਰ ਦੀ ਥਕਾਵਟ ਦੂਰ ਕਰਨ ਲਈ ਆਉਂਦੇ ਹਨ।

ਵੈੱਸਟ ਐਡਮਿੰਟਨ ਮਾਲ ਕੈਨੇਡਾ ਦਾ ਇਕ ਵਿਸ਼ਵ ਪ੍ਰਸਿੱਧ ਇਨਡੋਰ ਬਾਜ਼ਾਰ ਹੈ। ਬੱਚਿਆਂ ਦੇ ਮਨੋਰੰਜਨ ਲਈ ਅਨੇਕਾਂ ਹੀ ਬਿਜਲੀ ਚਾਲਤ ਖੇਡਾਂ ਅਤੇ ਘੁਮਾਓਦਾਰ ਝੂਲੇ ਮੌਜੂਦ ਹਨ। ਕਈ ਮੰਜ਼ਲਾ ਆਲੀਸ਼ਾਨ ਬਾਜ਼ਾਰ। ਦੈਹਿਕ ਤੇ ਭੌਤਿਕ ਸੁੰਦਰਤਾ ਦਾ ਸਵਰਗਨੁਮਾ ਮੇਲਾ, ਜਿਥੇ ਖੂਬਸੂਰਤੀ ਅਪਣੇ ਜਲਵੇ ਵਿਖਾਉਂਦੀ ਹੈ। ਐਲਬਰਟਾ ਦਾ ਅਜਾਇਬਘਰ ਕੈਨੇਡਾ ਦਾ ਮਸ਼ਹੂਰ ਅਜਾਇਬਘਰ ਹੈ, ਜੋ 1967 ਵਿਚ ਸ਼ੁਰੂ ਹੋਇਆ ਸੀ। ਇਸ ਵਿਚ 7 ਸਥਾਨ ਹਨ। ਇਸ ਸਥਾਨ ਵਿਚ ਮਹੱਤਵਪੂਰਨ ਪੌਦਾ ਵਿਗਿਆਨ, ਭੂਗੋਲਿਕ ਜਾਨਵਰ, ਸਮਾਜਕ ਇਤਿਹਾਸ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਪ੍ਰਦਰਸ਼ਨੀਆਂ ਵੀ ਹਨ।

ਸਸਕੈਚਵਨ ਨਹਿਰ ਦੇ ਕਿਨਾਰੇ ਐਲਬਰਟਾ ਦੀ ਵਿਧਾਨ ਸਭਾ ਦੀ ਖੂਬਸੂਰਤ ਇਮਾਰਤ ਹੈ। ਇਸ ਇਮਾਰਤ ਨੂੰ ਐਲਾਨ ਮੈਰਿਕ ਜੈਫਰ ਲੇ ਨੇ ਬਣਾਇਆ ਸੀ। ਇਹ ਇਕ ਬੜੀ ਵਿਕਸਤ ਸ਼ੈਲੀ 'ਚ ਸੁਸ਼ੋਭਿਤ ਇਮਾਰਤ ਹੈ, ਜਿਸ ਦਾ ਫਰਸ਼ ਟੀ ਦੀ ਸ਼ਕਲ 'ਚ ਤਿਆਰ ਕੀਤਾ ਗਿਆ ਹੈ ਤੇ ਪ੍ਰਵੇਸ਼ ਦੁਆਰ 'ਤੇ ਵੱਡੇ-ਵੱਡੇ ਥੰਮ੍ਹ ਉਸਾਰੇ ਗਏ ਹਨ। ਇਮਾਰਤ ਉਪਰ ਇਕ ਵੱਡਾ ਗੁੰਬਦ ਬਣਿਆ ਹੋਇਆ ਹੈ। ਐਡਮਿੰਟਨ ਸ਼ਹਿਰ ਸਭ ਤੋਂ ਪਹਿਲਾਂ 3000 ਬੀ ਸੀ 'ਚ ਹੋਂਦ ਵਿਚ ਆਇਆ ਅਤੇ ਲੱਕੜ, ਪਾਣੀ ਅਤੇ ਜੰਗਲੀ ਜੀਵਨ ਇਥੇ ਉਪਲੱਬਧ ਹੋਇਆ।

1754 ਵਿਚ ਐਂਥਨੀ ਹੈਡੀ, ਜੋ ਕਿ ਹੰਡਸਨਜ਼ ਸ਼ੋਅ ਕੰਪਨੀ ਦਾ ਇਕੋ-ਇਕ ਖੋਜੀ ਸੀ, ਨੇ ਇਸ ਸਥਾਨ 'ਤੇ ਸਭ ਤੋਂ ਪਹਿਲਾਂ ਪਰਵੇਸ਼ ਕੀਤਾ। ਉਸ ਦੇ ਸਫਰ ਦੀ ਮੁਹਿੰਮ ਸਿਰਫ ਵਪਾਰ ਵਾਸਤੇ ਸੀ, ਜਿਸ ਦੌਰਾਨ ਉਹ ਆਦਿਵਾਸੀਆਂ ਨਾਲ 1795 ਤੱਕ ਫੋਰਟ ਐਡਮਿੰਟਨ ਹੰਡਸਨਜ਼ ਬੇ ਕੰਪਨੀ ਅਤੇ ਨਾਰਥ ਵੈੱਸਟ ਕੰਪਨੀ ਵਿਚ ਸਖਤ ਮੁਕਾਬਲਾ ਸੀ। 1795 ਤੱਕ ਫੋਰਟ ਐਡਮਿੰਟਨ ਹੰਡਸਨਜ਼ ਬੇ ਕੰਪਨੀ ਵਾਸਤੇ ਇਕ ਪ੍ਰਮੁੱਖ ਵਪਾਰ ਪੋਸਟ ਦੇ ਰੂਪ ਵਿਚ ਨਦੀ ਦੇ ਉਤਰੀ ਕਿਨਾਰੇ 'ਤੇ ਸਥਾਪਤ ਕਰ ਦਿੱਤਾ ਗਿਆ। ਫੋਰਟ ਦਾ ਨਵਾਂ ਨਾਂਅ ਜਾਨ ਪੀਟਰ ਪਰੂਡਨ ਨੇ ਸੁਝਾਅ ਦੇ ਤੌਰ 'ਤੇ ਦਿੱਤਾ, ਜਿੱਥੇ ਹੰਡਸਨਜ਼ ਬੇ ਕੰਪਨੀ ਦੇ ਡਿਪਟੀ ਗਵਰਨਰ ਜੇਮਜ ਵਿੰਟਰ ਲੇਕ ਅਤੇ ਪਰੂਡਨ ਦੋਵਾਂ ਦਾ ਘਰ ਸੀ।



1876 ਵਿਚ ਸੰਧੀ-6 ਹੋਈ, ਜਿਸ ਵਿਚ ਇਹ ਸ਼ਾਮਲ ਹੈ, ਜੋ ਹੁਣ ਐਡਮਿੰਟਨ ਹੈ, ਕਨਾਡਾ ਦੇ ਆਦਿਵਾਸੀ ਲੋਕਾਂ ਅਤੇ ਰਾਣੀ ਵਿਕਟੋਰੀਆ ਕਨਾਡਾ ਦੀ ਗੱਦੀ ਵਿਚ ਦਸਤਖਤ ਕੀਤੇ ਗਏ ਸਨ। ਇਸ ਸਮਝੌਤੇ ਵਿਚ ਮੈਦਾਨ, ਜੰਗਲ, ਦਰੱਖਤ, ਐਸੀਨੀਬੋਨੀ ਅਤੇ ਫੋਰਟ ਕਾਰਲਟਨ, ਫੋਰਟ ਪਿੱਟ ਅਤੇ ਬੈਟਲ ਰਿਵਰ ਸ਼ਾਮਲ ਹੈ। 1880 ਵਿਚ ਕੈਨੇਡੀਅਨ ਪੈਸੀਫਿਕ ਰੇਲਵੇ ਦੇ ਦੱਖਣੀ ਐਲਬਰਟਾ ਵਿਚ ਆਉਣ ਕਰਕੇ ਐਡਮਿੰਟਨ ਦੀ ਆਰਥਿਕਤਾ ਨੂੰ ਮਦਦ ਮਿਲੀ ਅਤੇ 1891 ਵਿਚ ਕੈਲਗਰੀ ਅਤੇ ਐਡਮਿੰਟਨ ਰੇਲਵੇ ਹੋਂਦ ਵਿਚ ਆਈ।

ਇਮਾਰਤ ਨਾਲ ਇਕ ਰੇਲ ਟਾਊਨ ਐਡਮਿੰਟਨ ਦੇ ਦੱਖਣੀ ਨਦੀ ਦੇ ਪਾਸੇ ਬਣ ਗਿਆ। ਸੀ ਪੀ ਆਰ ਅਤੇ ਸੀ ਐਂਡ ਐੱਫ ਰੇਲਵੇ ਆਉਣ ਨਾਲ ਕਨਾਡਾ, ਯੂਰਪ, ਅਮਰੀਕਾ ਅਤੇ ਸੰਸਾਰ ਦੇ ਹੋਰ ਹਿੱਸੇ ਵਿਚੋਂ ਉਦਯੋਗਪਤੀਆਂ ਨੂੰ ਕਾਫੀ ਮਦਦ ਮਿਲੀ। ਐਡਮਿੰਟਨ ਖੇਤਰ ਦੀ ਉਪਜਾਊ ਮਿੱਟੀ ਅਤੇ ਸਸਤੀ ਜ਼ਮੀਨ ਨੇ ਲੋਕਾਂ ਨੂੰ ਆਕਰਸ਼ਿਤ ਕੀਤਾ, ਜਿਸ ਨਾਲ ਐਡਮਿੰਟਨ ਪ੍ਰਮੁੱਖ ਖੇਤਰੀ ਵਪਾਰਕ ਅਤੇ ਖੇਤੀਬਾੜੀ ਵਜੋਂ ਅੱਗੇ ਵਧਣ ਲੱਗਾ। ਕੁਝ ਲੋਕ, ਜਿਨ੍ਹਾਂ ਕਲਾਨਡਾਈਕ ਗੋਲਡ ਰਸ ਵਿਚ ਲਿਆ ਸੀ, ਉਹ 1897 ਵਿਚ ਦੱਖਣੀ ਐਡਮਿੰਟਨ ਸਟਰੈਥਕਾਨਾ ਦੁਆਰਾ ਲੰਘੇ। ਸਟਰੈਥਕਾਨਾ ਉਤਰੀ ਅਮਰੀਕਾ ਵਿਚ ਉਤਰੀ ਰੇਲਵੇ ਖੇਤਰ ਸੀ, ਪਰ ਕਲਾਨਡਾਈਕ ਦੀ ਯਾਤਰਾ ਕਲਾਨਡਾਈਕਿਸ ਲਈ ਅਜੇ ਵੀ ਬਹੁਤ ਮੁਸ਼ਕਲ ਸੀ ਅਤੇ ਜ਼ਿਆਦਾ ਲੋਕ ਉਤਰੀ ਵੈਨਕੂਵਰ 'ਤੇ ਸਟੀਮ ਸ਼ਿਪ ਲੈ ਕੇ ਜਾਂਦੇ ਸਨ।

ਸੱਤ ਸੌ ਦੀ ਆਬਾਦੀ ਨਾਲ 1892 ਵਿਚ ਇਕ ਸ਼ਹਿਰ ਦੇ ਤੌਰ 'ਤੇ ਫਿਰ 1904 ਵਿਚ 8350 ਦੀ ਆਬਾਦੀ ਦੇ ਨਾਲ ਐਡਮਿੰਟਨ ਸਤੰਬਰ 1905 ਵਿਚ ਐਲਬਰਟਾ ਦੀ ਰਾਜਧਾਨੀ ਬਣ ਗਿਆ। 1 ਨਵੰਬਰ 1905 ਵਿਚ ਕੈਨੇਡੀਅਨ ਉਤਰੀ ਰੇਲਵੇ ਦੇ ਐਡਮਿੰਟਨ ਵਿਚ ਆਉਣ ਨਾਲ ਇਸ ਦੇ ਵਿਕਾਸ ਵਿਚ ਤੇਜ਼ੀ ਨਾਲ ਵਾਧਾ ਹੋਇਆ। 1990 ਦੇ ਸ਼ੁਰੂ ਵਿਚ ਐਡਮਿੰਟਨ ਦੇ ਤੇਜ਼ ਵਿਕਾਸ ਦੇ ਅਸਲ ਜਾਇਦਾਦ ਵਿਚ ਕਿਆਸ ਲਗਾਏ। 1912 ਵਿਚ ਐਡਮਿੰਟਨ ਸ਼ਹਿਰ ਸਟਰੈਸਕਾਨਾ ਦੇ ਨਾਲ ਮਿਲਿਆ, ਜਿਸ ਦੇ ਨਾਲ ਇਹ ਸ਼ਹਿਰ ਪਹਿਲੀ ਵਾਰ ਸਸਕਚੈਕਨ ਨਦੀ ਦੇ ਦੱਖਣ ਵੱਲ ਵਧਿਆ।

ਪਹਿਲੇ ਵਿਸ਼ਵ ਯੁੱਧ ਦੇ ਥੋੜ੍ਹੀ ਦੇਰ ਪਹਿਲਾਂ ਸ਼ਹਿਰ ਦੇ ਵਿਕਾਸ ਵਿਚ ਰੁਕਾਵਟ ਆਈ ਅਤੇ ਸ਼ਹਿਰ ਦੀ ਆਬਾਦੀ 1914 ਵਿਚ 72000 ਤੋਂ ਜ਼ਿਆਦਾ ਅਤੇ ਉਸ ਤੋਂ ਦੋ ਸਾਲ ਬਾਅਦ 54000 ਤੋਂ ਵੀ ਘਟ ਗਈ। ਕਈ ਗਰੀਬ ਪਰਵਾਰ ਸ਼ਹਿਰ ਦੇ ਬਾਹਰ ਫਾਰਮ ਵਿਚ ਚਲੇ ਗਏ ਅਤੇ ਕੁਝ ਲੋਕ ਹਰਿਆਵਲੀ ਵਾਲੇ ਇਲਾਕਿਆ ਵਿਚ ਚਲੇ ਗਏ। ਜੰਗ ਦੌਰਾਨ ਕਨਾਡਾ ਦੀ ਫੌਜ ਲਈ ਭਰਤੀ ਹੋਣ ਕਰਕੇ ਆਬਾਦੀ ਵਿਚ ਗਿਰਾਵਟ ਹੋਈ। 1920 ਤੋਂ 1930 ਤੱਕ ਸ਼ਹਿਰ ਦੀ ਆਬਾਦੀ ਵਿਚ ਹੌਲੀ-ਹੌਲੀ ਸੁਧਾਰ ਆਇਆ ਅਤੇ ਵਿਸ਼ਵ ਯੁੱਧ ਦੂਸਰੇ ਦੇ ਦੌਰਾਨ ਅਤੇ ਬਾਅਦ ਵਿਚ ਫਿਰ ਆਬਾਦੀ ਅਤੇ ਅਰਥ ਵਿਵਸਥਾ ਵਿਚ ਘਾਟਾ ਪਿਆ। ਐਡਮਿੰਟਨ ਕੇਂਦਰੀ ਏਅਰਪੋਰਟ 1929 ਵਿਚ ਖੋਲ੍ਹਿਆ ਗਿਆ ਅਤੇ ਇਹ ਕਨਾਡਾ ਦਾ ਪਹਿਲਾ ਲਾਇਸੈਂਸਸ਼ੁਦਾ ਏਅਰਫੀਲਡ ਸੀ, ਜੋ ਕਿ ਸਾਬਕਾ ਮੇਅਰ ਕੇਨੀ ਬਲੈਚਫੋਰਡ ਦੇ ਸਨਮਾਨ ਵਿਚ ਰੱਖਿਆ ਗਿਆ।

ਪਹਿਲੇ ਐਵੇਟੇਰ, ਜਿਵੇਂ ਕਿ ਵਿਲਫਰਿੱਡ ਰ ਵੇਪ, ਮੇਅ ਅਤੇ ਮੈਕਸਵਰਡ ਨੇ ਬਲੈਚਫੋਰਡ ਫੀਲਡ ਨੂੰ ਉਤਰੀ ਕਨਾਡਾ ਵਿਚ ਭੋਜਨ ਅਤੇ ਦਵਾਈ ਵੰਡਣ ਲਈ ਵਰਤਿਆ। ਦੂਸਰੇ ਵਿਸ਼ਵ ਯੁੱਧ ਦੌਰਾਨ ਐਡਮਿੰਟਨ ਅਲਾਸਕਾ ਹਾਈਵੇ ਅਤੇ ਨਾਰਥ ਵੈੱਸਟ ਰੂਟ ਬਣਾਉਣ ਲਈ ਵਰਤਿਆ ਗਿਆ। ਵੇਖਿਆ ਗਿਆ ਹੈ ਕਿ ਕੈਨੇਡਾ ਸਾਰੇ ਦਾ ਸਾਰਾ ਹੀ ਖੂਬਸੂਰਤ ਅਤੇ ਆਚਾਰ-ਵਿਹਾਰ, ਕਾਨੂੰਨੀ ਪ੍ਰਕਿਰਿਆ ਵਿਚ ਵਿਗਿਆਨਕ, ਭੂਗੋਲਿਕ ਤੇ ਖੂਬਸੂਰਤ ਸਮਾਜਕ ਕਿਰਿਆਵਾਂ ਦਾ ਸੁੰਦਰ ਸੁਮੇਲ ਹੈ ਅਤੇ ਹੋਰ ਸਭ ਤਰ੍ਹਾਂ ਦੀ ਤਰੱਕੀ ਵਿਚ ਖੂਬ ਮੰਜ਼ਲਾਂ ਮਾਰ ਰਿਹਾ ਹੈ।

*ਮੋਬਾਇਲ 98156-25409*

ਸਫ਼ਾ 1 ਦੀ ਬਾਕੀ

## ਨਾਗਰਿਕ ਅਧਿਕਾਰ ਲਹਿਰ ਦੇ ਆਗੂ ਮਾਰਟਿਨ ਲੂਥਰ ਕਿੰਗ...

ਕਾਲਜਾਂ ਵਿੱਚ ਨੌਕਰੀ ਦੇਣ ਲਈ ਮਜਬੂਰ ਕਰਦਾ ਹੈ। ਹਾਲਾਂਕਿ ਸਥਾਨਕ ਪੁਲਸ ਦੁਆਰਾ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ 'ਤੇ ਤਾਕਤਵਰ ਫਾਇਰ ਗੈਸ ਅਤੇ ਜ਼ਹਿਰੀਲਾ ਹਮਲਾ ਕਰਨ ਵਾਲੇ ਕੁੱਤੇ ਛੱਡੇ ਗਏ ਸਨ। ਕਿੰਗ ਨੂੰ ਇਕਾਂਤ ਵਿਚ ਸੁੱਟ ਦਿੱਤਾ ਗਿਆ, ਜਿੱਥੇ ਉਸ ਨੇ 16 ਅਪ੍ਰੈਲ 1963 ਨੂੰ ਬਰਮਿੰਘਮ ਜੇਲ੍ਹ ਤੋਂ ਪੱਤਰ ਲਿਖਿਆ, ਜੋ ਕਿ ਇਕ ਸ਼ਾਂਤੀਪੂਰਨ ਪ੍ਰਦਰਸ਼ਨ ਦੀ ਪੁਸ਼ਟੀ ਸੀ। ਕੌਮੀ ਖਬਰਾਂ 'ਤੇ ਪ੍ਰਸਾਰਨ ਬੇਰਹਿਮੀ ਦੀ ਤਸਵੀਰ ਨੇ ਇਕ ਗੁੱਸੇ ਵਿੱਚ ਭਰੀ ਕੌਮ ਵੱਲੋਂ ਬਹੁਤ ਰੌਲਾ ਪਾਇਆ ਸੀ। ਬਹੁਤ ਸਾਰੇ ਲੋਕਾਂ ਨੇ ਪ੍ਰਦਰਸ਼ਨਕਾਰੀਆਂ ਦੇ ਸਮਰਥਨ ਵਿੱਚ ਪੈਸਾ ਭੇਜਣਾ ਸ਼ੁਰੂ ਕੀਤਾ. ਗੋਰੇ ਵੀ ਸਹਿਕਰਮੀ ਪ੍ਰਦਰਸ਼ਨ ਵਿਚ ਸ਼ਾਮਲ ਹੋਏ। ਕੁਝ ਦਿਨਾਂ ਵਿੱਚ ਰੋਸ ਇਕ ਅਜਿਹਾ ਵਿਸਫੋਟਕ ਬਣ ਗਿਆ ਕਿ ਬਰਮਿੰਘਮ ਗੱਲਬਾਤ ਲਈ ਤਿਆਰ ਹੋ ਗਿਆ। 1963 ਦੀਆਂ ਗਰਮੀਆਂ ਤੱਕ ਦੇਸ਼ ਭਰ ਵਿਚ ਹਜ਼ਾਰਾਂ ਜਨਤਕ ਸਹੂਲਤਾਂ ਜੋੜੀਆਂ ਗਈਆਂ ਅਤੇ ਪਹਿਲੀ ਵਾਰ ਕੰਪਨੀਆਂ ਨੇ ਕਾਲਿਆਂ ਦੀ ਭਾਗੀਦਾਰੀ ਕਰਨੀ ਸ਼ੁਰੂ ਕਰ ਦਿੱਤੀ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਕ ਸਿਆਸੀ ਮਾਹੌਲ ਤਿਆਰ ਕੀਤਾ ਗਿਆ ਸੀ, ਜਿਸ ਵਿਚ ਵਿਸ਼ਾਲ ਸ਼ਹਿਰੀ ਅਧਿਕਾਰਾਂ ਦੇ ਵਿਧਾਨ ਦੀ ਵਿਵਸਥਾ ਤਰਸਯੋਗ ਸੀ। 11 ਜੂਨ 1963 ਨੂੰ ਰਾਸ਼ਟਰਪਤੀ ਜਾਨ ਐੱਫ ਕੈਨੇਡੀ ਨੇ ਸਿਵਲ ਰਾਈਟਸ ਕਾਨੂੰਨ ਪਾਸ ਕਰਨ ਲਈ ਆਪਣੀ ਪ੍ਰਤੀਬੱਧਤਾ ਸਾਬਤ ਕੀਤੀ। 1964 ਦੇ ਸਿਵਲ ਰਾਈਟਸ ਐਕਟ ਦਾ ਖਰੜਾ ਤਿਆਰ ਕਰਕੇ ਜੋ ਕਿ ਕੈਨੇਡੀ ਦੀ ਹੱਤਿਆ ਤੋਂ ਬਾਅਦ ਰਾਸ਼ਟਰਪਤੀ ਲਿਡਨ ਜਾਨਸਨ ਨੇ ਕਾਨੂੰਨ 'ਤੇ ਦਸਤਖਤ ਕੀਤੇ ਸਨ।

### ਵਾਸ਼ਿੰਗਟਨ ਮਾਰਚ

1963 ਦੀਆਂ ਘਟਨਾਵਾਂ ਨੇ ਡੀ ਸੀ ਵਾਸ਼ਿੰਗਟਨ ਵਿਚ ਮਸ਼ਹੂਰ ਮਾਰਚ ਸਮਾਪਤ ਕੀਤਾ। 28 ਅਗਸਤ 1963 ਨੂੰ 2,50,000 ਅਮਰੀਕਨ ਭਾਰੀ ਗਰਮੀ ਦੇ ਬਾਵਜੂਦ ਵੱਖ-ਵੱਖ ਸਿਵਲ ਰਾਈਟਸ ਕਾਰਕੁਨ ਦੇ ਭਾਸ਼ਣ ਸੁਣਨ ਆਏ, ਪਰ ਜ਼ਿਆਦਾਤਰ ਲੋਕਾਂ ਨੇ ਮਾਰਟਿਨ ਲੂਥਰ ਕਿੰਗ ਜੂਨੀਅਰ ਨੂੰ ਸੁਣਿਆ।

### ਰੈਲੀ ਦੀ ਯੋਜਨਾ ਬਣਾਉਣਾ

ਰਾਜਾ, ਚੀਅਰ ਦੇ ਜੇਮਜ ਫਾਰਮਰ, ਨੀਗਰੋ ਅਮਰੀਕਨ ਲੇਬਰ ਕੌਂਸਲ ਦੇ ਏ ਫਿਲਿਪ ਰੈਂਡੋਲਫ, ਐੱਨ ਏ ਏ ਸੀ ਪੀ ਦੇ ਰਾਏ ਵਿਕਿਨਸ, ਐੱਸ ਐੱਨ ਸੀ ਸੀ ਦੇ ਜੌਨ ਲੁਈਸ ਅਤੇ ਨੀਗਰੋ ਔਰਤਾਂ ਦੀ ਕੌਮੀ ਕੌਂਸਲ ਦੇ ਡੋਰੋਥੀ ਮੁਖੀ ਸ਼ਾਮਲ ਸਨ। ਕਿੰਗ ਦੇ ਲੰਮੇ ਸਮੇਂ ਦੇ ਸਿਆਸੀ ਸਲਾਹਕਾਰ ਬਾਏਅਰਡ ਰਸਟਿਨ ਕੋਆਰਡੀਨੇਟਰਸਨ ਕੈਨੇਡੀ ਪ੍ਰਸਾਸਨ ਤੇ ਹਿੰਸਾ ਤੋਂ ਡਰਦੇ ਹੋਏ ਜੌਨ ਲੁਈਸ ਦੇ ਭਾਸ਼ਣ ਦੀ ਸਮਗਰੀ ਨੂੰ ਸੰਪਾਦਤ ਕਰੇਗਾ ਅਤੇ ਗੋਰੇ ਸੰਗਠਨਾਂ ਨੂੰ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਵੇਗਾ। ਇਸ ਸ਼ਮੂਲੀਅਤ ਕਾਰਨ ਕੁਝ ਕੱਟੜਵਾਦੀ ਕਾਲੇ ਘਟਨਾਵਾਂ ਨੂੰ ਗਲਤ ਪ੍ਰਸਤੁਤੀ 'ਤੇ ਵਿਚਾਰ ਕਰਨ ਲਈ ਲੈ ਗਏ। ਮੈਲਕਮ ਐੱਨ ਨੇ ਇਸ ਨੂੰ 'ਵਾਸ਼ਿੰਗਟਨ ਵਿੱਚ ਇੱਕ ਫਰੇਸ' ਲੇਬਲ ਕਰ ਦਿੱਤਾ। ਕਿੰਗ ਨੇ ਇਕ ਪਿਤਾ ਦੇ ਦਿਲ ਦੀ ਗੱਲ ਮੰਨੀ, ਜਿਸ ਵਿਚ ਕਿਹਾ ਗਿਆ ਸੀ ਕਿ ਉਸ ਨੇ ਉਮੀਦ ਨਹੀਂ ਛੱਡੀ, ਕਿਉਂਕਿ ਉਸ ਦਾ ਇਕ ਸੁਪਨਾ ਸੀ, 'ਇਕ ਦਿਨ ਮੇਰੇ ਚਾਰ ਛੋਟੇ ਬੱਚਿਆਂ ਦਾ ਉਨ੍ਹਾਂ ਦੀ ਚਮੜੀ ਦੇ ਰੰਗ ਨਾਲ ਨਿਰਣਾ ਨਹੀਂ ਕੀਤਾ ਜਾਵੇਗਾ', ਪਰ ਆਪਣੇ ਚਰਿੱਤਰ ਦੀ ਸਮਗਰੀ ਉਸ ਦੇ ਭਾਸ਼ਣ ਦੀ ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਭਾਸ਼ਣ ਕਿੰਗ ਕਦੇ ਨਹੀਂ ਦੇਣਾ ਚਾਹੁੰਦਾ ਸੀ। ਇਸ ਤੱਥ ਤੋਂ ਕਿ ਮੇਰੇ ਕੋਲ ਇੱਕ ਡਰੀਮ ਸਪੀਚ ਹੈ, ਉਨ੍ਹਾਂ ਦੇ ਭਾਸ਼ਣਾਂ ਅਤੇ ਭਾਸ਼ਣਾਂ ਦੇ ਭਾਗਾਂ ਵਿੱਚ ਇਸ ਦਾ ਤੱਤ ਵਿਹਾਰ ਨਹੀਂ ਕਰਦਾ। ਜਦੋਂ ਇੱਕ ਆਵਾਜ਼ ਦੀ ਜ਼ਰੂਰਤ ਪੈਂਦੀ ਸੀ, ਮੇਰੇ ਕੋਲ ਇੱਕ ਡਰੀਮ ਹੈ ਤਾਂ ਇਸ ਨੇ ਰੂਹਾਨੀਅਤ, ਦਿਲ ਅਤੇ ਲੋਕਾਂ ਦੀ ਆਸ ਨੂੰ ਸ਼ਾਨਦਾਰ ਢੰਗ ਨਾਲ ਉਭਾਰਿਆ ਹੈ।

### ਸਾਲ ਦਾ ਮੈਨ

ਮਾਰਟਿਨ ਲੂਥਰ ਕਿੰਗ ਜੂਨੀਅਰ ਨੂੰ ਹੁਣ ਸੰਸਾਰ ਭਰ ਵਿਚ ਜਾਣੀ ਜਾਂਦੀ 'ਟਾਈਮ ਮੈਗਜ਼ੀਨ' ਦਾ 1963 'ਮੈਨ ਆਫ ਦਿ ਯੀਅਰ' ਨਾਮਜ਼ਦ ਕੀਤਾ ਗਿਆ। 1964 ਵਿਚ ਕਿੰਗ ਨੇ ਸਭ ਤੋਂ ਵੱਧ ਵੱਕਾਰੀ ਨੋਬਲ ਸ਼ਾਂਤੀ ਪੁਰਸਕਾਰ ਜਿੱਤਿਆ, ਜਿਸ ਨੇ 54,123 ਡਾਲਰ ਦੀ ਆਮਦਨੀ ਨੂੰ ਅੱਗੇ ਵਧਾਇਆ, ਪਰੰਤੂ ਹਰ ਕੋਈ ਰਾਜਾ ਦੀਆਂ ਸਫਲਤਾਵਾਂ ਤੋਂ ਖੁਸ਼ ਨਹੀਂ ਸੀ। ਮੋਂਟਗੋਮਰੀ ਬੱਸ ਬਾਈਕੋਟ ਤੋਂ ਕਿੰਗ ਐੱਫ ਬੀ ਆਈ ਦੇ ਡਾਇਰੈਕਟਰ ਜੇ ਐਗਰ ਹੂਵਰ ਦੀ ਗੁਪਤ ਪੜਤਾਲ ਦਾ ਅਣਪਛਾਤਾ ਵਿਸ਼ਾ ਸੀ। ਹੂਵਰ ਕਿੰਗ ਨੂੰ ਨਿੱਜੀ ਤੌਰ 'ਤੇ 'ਸਭ ਤੋਂ ਖਤਰਨਾਕ' ਕਹਿ ਰਿਹਾ ਸੀ। ਕਿੰਗ ਨੂੰ ਸਾਬਤ ਕਰਨ ਦੀ ਉਮੀਦ ਕਰਨਾ ਕਮਿਊਨਿਟੀ ਪ੍ਰਭਾਵ ਦੇ ਅਧੀਨ ਸੀ। ਹੂਵਰ ਨੇ ਅਟਾਰਨੀ ਜਨਰਲ ਰੌਬਰਟ ਕੈਨੇਡੀ ਨੂੰ ਬੇਨਤੀ ਕੀਤੀ ਕਿ ਉਹ ਲਗਾਤਾਰ ਨਿਗਰਾਨੀ ਅਧੀਨ ਕਿੰਗ ਨੂੰ ਨਿਯੁਕਤ ਕਰੇ। ਸਤੰਬਰ 19 63 ਵਿਚ ਰੌਬਰਟ ਕੈਨੇਡੀ ਨੇ ਫੋਨ 'ਤੇ ਟਕਰਾਓ ਅਤੇ ਰਿਕਾਰਡਰ ਸਥਾਪਤ ਕਰਨ ਲਈ ਹੂਵਰ ਨੂੰ ਕਿੰਗ ਅਤੇ ਉਸ ਦੇ ਸਾਥੀਆਂ ਦੇ ਘਰਾਂ ਅਤੇ ਦਫਤਰਾਂ ਵਿਚ ਤੋੜਨ ਦੀ ਸਹਿਮਤੀ ਦਿੱਤੀ। ਕਿੰਗ ਦੇ ਰਹਿਣ ਵਾਲੇ ਹੋਟਲ ਐੱਫ ਬੀ ਆਈ ਦੀ ਨਿਗਰਾਨੀ ਦੇ ਅਧੀਨ ਸਨ, ਜਿਸ ਨੇ ਕਥਿਤ ਤੌਰ 'ਤੇ ਜਿਨਸੀ ਗਤੀਵਿਧੀਆਂ ਦਾ ਸਬੂਤ ਪੇਸ਼ ਕੀਤਾ ਸੀ, ਪਰ ਕਿਸੇ ਵੀ ਕਮਿਊਨਿਸਟ ਗਤੀਵਿਧੀ ਨੂੰ ਨਹੀਂ।

### ਗਰੀਬੀ ਦੀ ਸਮੱਸਿਆ

1964 ਦੀਆਂ ਸਰਗਰਮੀਆਂ ਨੇ ਕਿੰਗ ਦੀ ਅਹਿੰਸਾ ਨੂੰ ਉੱਤਰੀ ਹਿੱਸੇ ਵਿੱਚ ਚੁਣੌਤੀ ਦਿੱਤੀ, ਜਿਸ ਵਿੱਚ ਕਈ ਸ਼ਹਿਰਾਂ ਵਿੱਚ ਕਾਲੇ ਇਲਾਕਿਆਂ ਵਿੱਚ ਦੰਗੇ ਫੈਲੇ ਹੋਏ ਸਨ। ਦੰਗਿਆਂ ਦੇ ਨਤੀਜੇ ਵਜੋਂ ਜਾਇਦਾਦ ਦੇ ਨੁਕਸਾਨ ਅਤੇ ਜ਼ਿੰਦਗੀ ਦਾ ਨੁਕਸਾਨ ਹੋਇਆ। ਦੰਗੇ ਦੇ ਕਾਰਨ ਕਿੰਗ ਨੂੰ ਅਲੱਗ ਅਤੇ ਗਰੀਬੀ ਨੂੰ ਸਪੱਸ਼ਟ ਸਨ, ਹਾਲਾਂਕਿ ਸਿਵਲ ਰਾਈਟਸ ਨੇ ਕਾਲਿਆਂ ਦੀ ਮਦਦ ਕੀਤੀ ਸੀ, ਜ਼ਿਆਦਾਤਰ ਅਜੇ ਵੀ ਬਹੁਤ ਗਰੀਬੀ ਵਿੱਚ ਰਹਿੰਦੇ ਸਨ। ਨੌਕਰੀਆਂ ਦੇ ਬਿਨਾਂ ਵਧੀਆ ਰਿਹਾਇਸ਼ੀ, ਸਿਹਤ ਸੰਭਾਲ ਜਾਂ ਖਾਣੇ 'ਤੇ ਖਰਚ ਕਰਨਾ ਅਸੰਭਵ ਸੀ। ਉਨ੍ਹਾਂ ਦੇ ਦੁੱਖਾਂ ਵਿਚ ਗੁੱਸਾ, ਨਸ਼ਾ ਅਤੇ ਬਾਅਦ ਵਿਚ ਅਪਰਾਧ ਪੈਦਾ ਹੋਇਆ। ਦੰਗਿਆਂ ਨੇ ਕਿੰਗ ਨੂੰ ਡੂੰਘੇ ਢੰਗ ਨਾਲ ਪਰੇਸ਼ਾਨ ਕੀਤਾ ਅਤੇ ਉਸ ਦਾ ਧਿਆਨ ਗਰੀਬੀ, ਦੁਰਵਿਹਾਰ ਵਿਚ ਤਬਦੀਲ ਹੋ ਗਿਆ, ਪਰ ਉਹ ਸਮਰਥਨ ਹਾਸਲ ਕਰਨ ਵਿਚ ਅਸਮਰਥ ਸੀ। ਫਿਰ ਵੀ ਕਿੰਗ ਨੇ 1966 ਵਿਚ ਗਰੀਬੀ ਵਿਰੁੱਧ ਇਕ ਮੁਹਿੰਮ ਦਾ ਪ੍ਰਬੰਧ ਕੀਤਾ ਅਤੇ ਆਪਣੇ ਪਰਵਾਰ ਨੂੰ ਸ਼ਿਕਾਗੋ ਦੇ ਕਾਲੇ ਹਥੌੜੇ ਵਿਚ ਲਿਆ। ਕਿੰਗ ਨੇ ਦੇਖਿਆ ਕਿ ਦੱਖਣ ਵਿਚ ਵਰਤੀਆਂ ਜਾਣ ਵਾਲੀਆਂ ਸਫਲ ਰਣਨੀਤੀਆਂ ਨੇ ਸ਼ਿਕਾਗੋ ਵਿਚ ਕੰਮ ਨਹੀਂ ਕੀਤਾ। ਇਸ ਦੇ ਨਾਲ ਹੀ ਕਿੰਗ ਦਾ ਅਸਰ ਕਾਲੀ ਸ਼ਹਿਰੀ ਜਨਸੰਖਿਆ ਦੇ ਸਮੇਂ ਦੀ ਵਧਦੀ ਗੜਬੜ ਵਾਲੇ ਸ਼ਾਹੀ ਘਰਾਣੇ ਦੁਆਰਾ ਘਟਾਇਆ ਗਿਆ ਸੀ। ਕਾਲੇ ਲੋਕਾਂ ਨੂੰ ਕਿੰਗ ਦੇ ਮੈਲਕਮ ਐਕਸ ਦੇ ਬੁਨਿਆਦੀ ਸੰਕਲਪਾਂ ਤੋਂ ਦੂਰ ਕਰਨਾ ਸ਼ੁਰੂ ਕਰ ਦਿੱਤਾ। 1965 ਤੋਂ ਲੈ ਕੇ 1967 ਤੱਕ ਕਿੰਗ ਨੇ ਆਪਣੇ ਅਕਾਦਮਿਕ ਗੈਰ-ਇਤਿਹਾਸ ਵਾਲੇ ਸੰਦੇਸ਼ਾਂ ਦੀ ਲਗਾਤਾਰ ਆਲੋਚਨਾ ਕੀਤੀ, ਪਰ ਕਿੰਗ ਨੇ ਅਹਿੰਸਾ ਦੇ ਜ਼ਰੀਏ ਨਸਲੀ ਸਦਭਾਵਨਾ ਦੀਆਂ ਪੱਕੇ ਦ੍ਰਿੜ੍ਹ ਇਰਾਦੇ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ। ਕਿੰਗ ਨੇ ਆਪਣੀ ਆਖਰੀ ਕਿਤਾਬ ਵਿਚ ਬਲਿਊ ਪਾਵਰ ਅੰਦੋਲਨ ਦੇ ਹਾਨੀਕਾਰਕ ਫਲਸਫੇ ਨੂੰ ਸੰਬੋਧਤ ਕੀਤਾ, ਭਾਵੇਂ ਕਿ ਸਿਰਫ 38 ਸਾਲ ਦੀ ਉਮਰ ਵਿੱਚ ਮਾਰਟਿਨ ਲੂਥਰ ਕਿੰਗ ਜੂਨੀਅਰ ਕੀਤੇ ਕਈ ਸਾਲਾਂ ਤੱਕ ਪ੍ਰਦਰਸ਼ਨਾਂ, ਮਾਰਚ, ਜੇਲ੍ਹ ਜਾਣ ਅਤੇ ਮੌਤ ਦੇ ਸਦਾ ਮੌਜੂਦ ਖਤਰੇ ਤੋਂ ਥੱਕਿਆ ਹੋਇਆ ਸੀ, ਪਰ ਉਹ ਆਲੋਚਨਾ ਅਤੇ ਅੱਤਵਾਦੀ ਸਮੂਹਾਂ ਦੇ ਵਿਦਰੋਹ ਤੋਂ ਨਿਰਾਸ਼ ਹੋ ਗਿਆ ਸੀ। ਮਾਰਟਿਨ ਲੂਥਰ ਕਿੰਗ ਦੇ ਆਖਰੀ ਦਿਨ 1968 ਦੀ ਬਸੰਤ ਵਿੱਚ ਕਾਲੇ ਸਫਾਈ ਵਰਕਰਾਂ ਦੀ ਇੱਕ ਕਿਰਿਆ ਦੀ ਹੜਤਾਲ ਦੁਆਰਾ ਖਿੱਚੇ ਗਏ ਕਿੰਗ ਜੌਬ ਸੇਫਟੀ, ਵੱਧ ਤਨਖਾਹ, ਯੂਨੀਅਨ ਮਾਨਤਾ ਅਤੇ ਲਾਭ ਲਈ ਮਾਰਚ ਵਿਚ ਸ਼ਾਮਲ ਹੋ ਗਏ, ਪਰ ਮਾਰਚ ਦੇ ਸ਼ੁਰੂ ਹੋਣ ਤੋਂ ਬਾਅਦ ਇਕ ਦੰਗੇ ਵਿੱਚ 60 ਲੋਕ ਜ਼ਖਮੀ ਹੋਏ ਤੇ ਇਕ ਮਾਰਿਆ ਗਿਆ। ਇਸ ਨੇ ਮਾਰਚ ਨੂੰ ਖਤਮ ਕਰ ਦਿੱਤਾ ਅਤੇ ਉਦਾਸ ਕਿੰਗ ਘਰ ਵਾਪਸ ਆ ਗਿਆ। ਇਸੇ ਅਧਾਰ 'ਤੇ ਕਿੰਗ ਮਹਿਸੂਸ ਕਰਦਾ ਹੈ ਕਿ ਉਹ ਹਿੰਸਾ ਨੂੰ ਸਮਰਪਣ ਕਰ ਰਿਹਾ ਸੀ ਅਤੇ ਮੈਮਫਿਸ ਵਾਪਸ ਆ ਗਿਆ। 3 ਅਪ੍ਰੈਲ, 1968 ਨੂੰ ਕਿੰਗ ਨੇ ਆਖਰੀ ਭਾਸ਼ਣ ਵਿੱਚ ਕਿਹਾ ਕਿ ਉਹ ਇੱਕ ਲੰਮਾ ਜੀਵਨ ਚਾਹੁੰਦੇ ਹਨ, ਪਰ ਉਸ ਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਉਸ ਨੂੰ ਮੈਮਫਿਸ ਵਿੱਚ ਮਾਰ ਦਿੱਤਾ ਜਾਵੇਗਾ। ਕਿੰਗ ਨੇ ਕਿਹਾ ਕਿ ਮੌਤ ਨਾਲ ਹੁਣ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਉਹ 'ਪਹਾੜ ਦੀ ਵਾਦੀ' ਵਿਚ ਸੀ ਅਤੇ ਉਸ ਨੇ 'ਵਾਅਦਾ ਕੀਤੇ ਹੋਏ ਦੇਸ਼' ਨੂੰ ਵੇਖਿਆ ਸੀ। 4 ਅਪ੍ਰੈਲ, 1968 ਦੀ ਦੁਪਹਿਰ ਨੂੰ ਕਿੰਗ ਮੈਮਫਿਸ ਵਿੱਚ ਲੋਰੈਨ ਮੋਤੀ ਦੀ ਬਾਲਕੋਨੀ 'ਤੇ ਚੜ੍ਹ ਰਹੇ ਸਨ। ਇੱਕ ਰਾਈਫਲ ਦਾ ਧਮਾਕਾ, ਜੋ ਬੋਰਡਿੰਗ ਹਾਊਸ ਦੇ ਬਾਹਰੋਂ ਸੀ, ਚੱਲੀ ਗੋਲੀ ਨੇ ਕਿੰਗ ਦੇ ਚਿਹਰੇ ਨੂੰ ਗੰਭੀਰ ਫੱਟੜ ਕਰ ਦਿੱਤਾ ਤੇ ਉੱਥੇ ਹੀ ਡਿੱਗ ਪਏ। ਇਕ ਘੰਟਾ ਬਾਅਦ ਕਿੰਗ ਮਾਰਟਿਨ ਲੂਥਰ ਜੂਨੀਅਰ ਦੀ ਮੌਤ ਹੋ ਗਈ। ਕਿੰਗ ਦੀ ਮੌਤ ਇਕਦਮ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਇਸ ਸੋਗ ਦੀ ਲਹਿਰ ਨਾਲ ਪੂਰੇ ਦੇਸ਼ ਵਿਚ ਦੰਗੇ ਫੈਲ ਗਏ। ਕਿੰਗ ਦੇ ਸਰੀਰ ਨੂੰ ਐਟਲਾਂਟਾ ਵਿਚ ਘਰ ਲਿਆਇਆ ਗਿਆ, ਤਾਂ ਕਿ ਉਹ ਏਬੇਨੇਜਰ ਬੈਪਟਿਸਟ ਚਰਚ ਵਿਖੇ ਲੇਨ-ਇਨ-ਸਟੇਟ ਹੋ ਸਕੇ, ਜਿੱਥੇ ਉਸ ਨੇ ਕਈ ਸਾਲਾਂ ਤੋਂ ਆਪਣੇ ਪਿਤਾ ਨਾਲ ਸਹਿਯੋਗ ਕੀਤਾ ਸੀ। ਮੰਗਲਵਾਰ 9 ਅਪਰੈਲ 1968 ਨੂੰ ਕਿੰਗ ਦੇ ਅੰਤਮ ਸੰਸਕਾਰ 'ਚ ਉੱਚ ਅਧਿਕਾਰੀਆਂ ਅਤੇ ਆਮ ਲੋਕਾਂ ਨੇ ਹਿੱਸਾ ਲਿਆ। ਮਰੇ ਹੋਏ ਨੇਤਾ ਦਾ ਧੰਨਵਾਦ ਕਰਨ ਲਈ ਮਹਾਨ ਸ਼ਬਦ ਬੋਲੇ ਗਏ ਸਨ, ਜਦੋਂ ਏਬੇਨੇਜਰ ਵਿਖੇ ਆਪਣੇ ਆਖਰੀ ਉਪਦੇਸ਼ ਦੀ ਟੇਪ ਰਿਕਾਰਡ ਕੀਤੀ ਗਈ ਸੀ, ਜਿਸ ਵਿੱਚ ਕਿਹਾ ਗਿਆ ਸੀ, ਜੇ ਤੁਹਾਡੇ ਵਿੱਚੋਂ ਕੋਈ ਵੀ ਮੇਰੇ ਦਿਨ ਨੂੰ ਪੂਰਾ ਕਰਦਾ ਹੈ, ਤਾਂ ਮੈਂ ਲੰਮੀ ਅੰਤਮ-ਸੰਸਕਾਸੀ ਨਹੀਂ ਕਰਨਾ ਚਾਹੁੰਦਾ ... ਮੈਂ ਚਾਹੁੰਦਾ ਹਾਂ ਕਿ ਕੋਈ ਉਸ ਦਿਨ ਦਾ ਜ਼ਿਕਰ ਕਰੇ ਕਿ ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਆਪਣੀ ਜ਼ਿੰਦਗੀ ਦੂਜਿਆਂ ਦੀ ਸੇਵਾ ਕਰਨ ਦੀ ਕੋਸ਼ਿਸ਼ ਕੀਤੀ... ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਕਹਿ ਲਵੋ ਕਿ ਮੈਂ ਮਨੁੱਖਤਾ ਨੂੰ ਪਿਆਰ ਕਰਨ ਅਤੇ ਸੇਵਾ ਕਰਨ ਦੀ ਕੋਸ਼ਿਸ਼ ਕੀਤੀ। ਕਿੰਗ ਦੇ ਸਰੀਰ ਨੂੰ ਐਟਲਾਂਟਾ, ਜਾਰਜੀਆ ਦੇ ਕਿੰਗ ਸੈਂਟਰ ਵਿਖੇ ਰੱਖ ਦਿੱਤਾ ਗਿਆ।

ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਗਿਆਰਾਂ ਸਾਲਾਂ ਦੇ ਸੰਖੇਪ ਵਿੱਚ ਬਹੁਤ ਕੁਝ ਹਾਸਲ ਕੀਤਾ। ਛੇ ਲੱਖ ਮੀਲ ਦੀ ਕੀਤੀ ਹੋਈ ਯਾਤਰਾ ਨਾਲ ਕਿੰਗ ਚੰਦਰਮਾ ਤੱਕ ਚਲੇ ਜਾ ਅਤੇ ਆ ਸਕਦਾ ਸੀ, ਇਸ ਦੀ ਬਜਾਏ ਉਸ ਨੇ ਦੁਨੀਆ ਭਰ ਵਿੱਚ 2500 ਭਾਸ਼ਣ ਦਿੱਤੇ, ਪੰਜ ਕਿਤਾਬਾਂ ਲਿਖੀਆਂ, ਸੋਸ਼ਲ ਤਬਦੀਲੀ ਨੂੰ ਪ੍ਰਭਾਵਤ ਕਰਨ ਲਈ ਅੱਠ ਮੁੱਖ ਅਹਿੰਸਾ ਯੋਗ ਸਥਾਨਾਂ ਵਿੱਚ ਹਿੱਸਾ ਲਿਆ ਅਤੇ 20 ਵਾਰ ਤੋਂ ਵੱਧ ਉਸ ਨੂੰ ਗ੍ਰਿਫਤਾਰ ਕੀਤਾ ਗਿਆ। ਨਵੰਬਰ 1983 ਵਿਚ ਰਾਸ਼ਟਰਪਤੀ ਰੋਨਾਲਡ ਰੀਗਨ ਨੇ ਮਾਰਟਿਨ ਲੂਥਰ ਕਿੰਗ ਜੂਨੀਅਰ ਲਈ ਇਕ ਰਾਸ਼ਟਰੀ ਛੁੱਟੀ ਦੇ ਕੇ ਉਸ ਵਿਅਕਤੀ ਦਾ ਜਸ਼ਨ ਮਨਾਉਣ ਲਈ, ਜਿਸ ਨੇ ਅਮਰੀਕਾ ਲਈ ਬਹੁਤ ਕੁਝ ਕੀਤਾ। ਕਿੰਗ ਇਕੋ-ਇਕ ਅਫਰੀਕੀ ਅਮਰੀਕੀ ਅਤੇ ਗੈਰ-ਰਾਸ਼ਟਰਪਤੀ ਹੈ, ਜਿਸ ਦੀ ਕੌਮੀ ਛੁੱਟੀ ਅਮਰੀਕਾ ਵਿੱਚ ਕੀਤੀ ਜਾਂਦੀ ਹੈ।

*ਮੋਬਾਇਲ 98153-06402*

28-May-Sunday.qxd 5/27/2023 10:41 PM Page 2



# ਇਤਿਹਾਸ ਲੋਕਾਂ ਦੇ ਚੇਤਿਆਂ 'ਚ ਜ਼ਿੰਦਾ ਰਹੇਗਾ

# ਜੀ ਐੱਨ ਦੇਵੀ

ਮੁਲਾਕਾਤੀ : ਸ਼ਾਹਿਦ ਤਾਂਤਰੇ

ਅਨੁ : ਬੂਟਾ ਸਿੰਘ ਮਹਿਮੂਦਪੁਰ

ਗਣੇਸ਼ ਨਰਾਇਣ ਦੇਵੀ ਇਕ ਸਾਹਿਤਕ ਆਲੋਚਕ ਅਤੇ ਸੱਭਿਆਚਾਰਕ ਕਾਰਕੁਨ ਹਨ। ਦੇਵੀ ਨੇ ਭਾਸ਼ਾ ਵਿਗਿਆਨ, ਮਾਨਵ-ਵਿਗਿਆਨ ਅਤੇ ਸਾਹਿਤਕ ਆਲੋਚਨਾ ਵਰਗੇ ਮਹੱਤਵਪੂਰਨ ਖੇਤਰਾਂ ਵਿਚ ਕੰਮ ਕੀਤਾ ਹੈ। ਦੇਵੀ ਨੇ ਕਈ ਕਿਤਾਬਾਂ ਅਤੇ ਖੋਜ-ਪੱਤਰ ਲਿਖੇ ਹਨ, ਜੋ ਗਿਆਨ ਅਤੇ ਸੱਤਾ ਦੇ ਸੰਬੰਧਾਂ ਦੀ ਅਤੇ ਇਹ ਛਾਣਬੀਣ ਕਰਦੇ ਹਨ ਕਿ ਕੁਲੀਨ ਵਰਗ ਨੇ ਪੂਰੇ ਮਨੁੱਖੀ ਇਤਿਹਾਸ ਵਿਚ ਗਿਆਨ ਨੂੰ ਪਰਿਭਾਸ਼ਿਤ ਕਿਵੇਂ ਕੀਤਾ ਹੈ ਅਤੇ ਉਸ ਉੱਪਰ ਅਜਾਰੇਦਾਰੀ ਕਿਵੇਂ ਬਣਾਈ ਹੈ। ਉਹ ਵੜੋਦਰਾ ਵਿਚ ਭਾਸ਼ਾ, ਖੋਜ ਅਤੇ ਪ੍ਰਕਾਸ਼ਨ ਕੇਂਦਰ ਅਤੇ ਗੁਜਰਾਤ ਦੇ ਤੇਜਗੜ੍ਹ ਵਿਚ ਆਦਿਵਾਸੀ ਅਕਾਦਮੀ ਦੇ ਸੰਸਥਾਪਕ ਹਨ, ਜੋ ਆਦਿਵਾਸੀ ਸਿੱਖਿਆ 'ਤੇ ਕੰਮ ਕਰਦੇ ਹਨ। 2010 ਵਿਚ ਦੇਵੀ ਨੇ ਪੀਪਲਜ਼ ਲਿੰਗੁਇਸਟਿਕ ਸਰਵੇ ਆਫ਼ ਇੰਡੀਆ ਦੀ ਪ੍ਰਧਾਨਗੀ ਕੀਤੀ, ਜਿਸ ਨੇ 780 ਜੀਵਿਤ ਭਾਰਤੀ ਭਾਸ਼ਾਵਾਂ ਉੱਪਰ ਖੋਜ ਕੀਤੀ ਅਤੇ ਉਨ੍ਹਾਂ ਦਾ ਦਸਤਾਵੇਜ਼ੀਕਰਨ ਕੀਤਾ। ਉਹ ਸਾਹਿਤ ਅਕਾਦਮੀ ਪੁਰਸਕਾਰ, ਸਾਰਕ ਸਾਹਿਤਕ ਪੁਰਸਕਾਰ, ਪ੍ਰਿੰਸ ਕਲਾਜ ਪੁਰਸਕਾਰ, ਅੰਤਰਰਾਸ਼ਟਰੀ ਲਿੰਗੁਆਪੈਕਸ ਐਵਾਰਡ ਅਤੇ ਪਦਮਸ੍ਰੀ ਐਵਾਰਡ ਸਮੇਤ ਕਈ ਹੋਰ ਪੁਰਸਕਾਰਾਂ ਦੇ ਨਾਲ ਨਿਵਾਜੇ ਜਾ ਚੁੱਕੇ ਹਨ।



ਗਣੇਸ਼ ਨਰਾਇਣ ਦੇਵੀ

2015 'ਚ ਦੇਵੀ ਨੇ ਸਾਹਿਤ ਅਕਾਦਮੀ ਇਨਾਮ ਜੇਤੂ ਕੰਨੜ ਲੇਖਕ ਅਤੇ ਤਰਕਸ਼ੀਲ ਐੱਮ.ਐੱਮ. ਕਲਬੁਰਗੀ ਦੇ ਕਤਲ ਉੱਪਰ ਸੰਸਥਾ ਦੀ ਚੁੱਪ ਦੇ ਵਿਰੋਧ 'ਚ ਆਪਣਾ ਸਾਹਿਤ ਅਕਾਦਮੀ ਪੁਰਸਕਾਰ ਵਾਪਸ ਕਰ ਦਿੱਤਾ। ਅਕਤੂਬਰ 2022 'ਚ ਦੇਵੀ ਸਮੇਤ ਲੱਗਭੱਗ ਅੱਸੀ ਵਿਦਵਾਨਾਂ ਦੇ ਇਕ ਆਲਮੀ ਸਮੂਹ ਨੇ 600 ਪੰਨਿਆਂ ਦੀ ਇਕ ਰਿਪੋਰਟ ਜਾਰੀ ਕੀਤੀ, "ਹੋਲੋਸੀਨ ਤੋਂ ਬਾਅਦ ਭਾਰਤ : ਪਿਛਲੇ ਬਾਰਾਂ ਹਜ਼ਾਰ ਸਾਲਾਂ 'ਚ ਵਾਤਾਵਰਣ, ਲੋਕ, ਜੀਵਨ, ਵਿਚਾਰ, ਪ੍ਰਗਟਾਵੇ, ਗਠਨ, ਅੰਦੋਲਨ, ਪਰੰਪਰਾਵਾਂ ਅਤੇ ਪਰਿਵਰਤਨ।" ਇਹ ਭਾਰਤੀ ਇਤਿਹਾਸ ਦੇ 12000 ਸਾਲਾਂ ਦਾ ਦਸਤਾਵੇਜ਼ ਹੈ।

ਕਾਰਵਾਂ ਦੇ ਮਲਟੀਮੀਡੀਆ ਰਿਪੋਰਟਰ ਸ਼ਾਹਿਦ ਤਾਂਤਰੇ ਨੇ ਇਸ ਰਿਪੋਰਟ ਬਾਰੇ, ਨਾਲ ਹੀ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਇਸ ਦੇ ਚੁਣਾਵੀ ਵਿੰਗ, ਭਾਰਤੀ ਜਨਤਾ ਪਾਰਟੀ ਵੱਲੋਂ ਭਾਰਤੀ ਇਤਿਹਾਸ ਨੂੰ ਮੁੜ ਲਿਖਣ ਦੀਆਂ ਕੋਸ਼ਿਸ਼ਾਂ, ਮੁਤਵਾਜ਼ੀ ਗਿਆਨ ਪ੍ਰਣਾਲੀਆਂ, ਸੱਜੇਪੱਖੀਆਂ ਵੱਲੋਂ ਬੀ.ਆਰ. ਅੰਬੇਡਕਰ ਉੱਪਰ ਕਬਜ਼ਾ ਕਰਨ, ਹਿੰਦੀ ਨੂੰ ਪ੍ਰਮੁੱਖਤਾ ਦੇਣ ਆਦਿ ਮੁੱਦਿਆਂ ਉੱਪਰ ਦੇਵੀ ਨਾਲ ਗੱਲਬਾਤ ਕੀਤੀ।




**? ਇਹ ਦੇਖਦੇ ਹੋਏ ਕਿ ਭਾਰਤ ਦੀ ਧਾਰਨਾ ਮੁਕਾਬਲਤਨ ਨਵੀਂ ਹੈ, ਉੱਪਮਹਾਂਦੀਪ ਦੇ ਇਤਿਹਾਸ ਦੇ ਪਿਛਲੇ 12000 ਸਾਲ ਮਹੱਤਵਪੂਰਨ ਕਿਉਂ ਹਨ।**

-19ਵੀਂ ਸਦੀ ਦੌਰਾਨ ਜਦੋਂ-ਜਦੋਂ ਯੂਰਪ ਵਿਚ ਇਤਿਹਾਸ ਦਾ ਅਧਿਐਨ ਸ਼ੁਰੂ ਹੋਇਆ ਅਤੇ ਸਾਡੇ ਲਈ ਇਸ ਦੇ ਦੂਜੇ ਅੱਧ 'ਚ ਇਕ ਪ੍ਰਵਿਰਤੀ ਉੱਭਰੀ, ਜਿਸ ਨੇ ਭਾਰਤੀ ਅਤੀਤ ਨੂੰ ਆਧੁਨਿਕ, ਮੱਧਕਾਲੀ ਅਤੇ ਪ੍ਰਾਚੀਨ ਇਤਿਹਾਸ ਵਿਚ ਵੰਡ ਦਿੱਤਾ। ਜਦੋਂ ਯੂਰਪੀ ਇਤਿਹਾਸ ਰੁਕ ਗਿਆ ਤਾਂ ਉਸ ਸਮੇਂ ਉੱਪਰ ਪੁਰਾਤਨ ਭਾਰਤੀ ਇਤਿਹਾਸ ਰੁਕ ਗਿਆ। ਮੈਕਸ ਮੁਲਰ ਵਰਗੇ ਵਿਦਵਾਨਾਂ ਦਾ ਕਹਿਣਾ ਹੈ ਕਿ ਵੇਦ ਸਾਡੇ ਕੋਲ ਸਾਡੇ ਅਤੀਤ ਦੇ ਸੱਚ ਨੂੰ ਸਥਾਪਤ ਕਰਨ ਲਈ ਹਾਸਲ ਪਹਿਲੀ ਮੌਖਿਕ ਗਵਾਹੀ ਹਨ, ਇਸ ਲਈ ਯੂਰਪੀਅਨ ਇਤਿਹਾਸਕਾਰ ਉੱਥੇ ਹੀ ਰੁਕ ਗਏ। ਉਸੇ ਸਮੇਂ, 1830 ਦੇ ਦਹਾਕੇ ਵਿਚ ਪੁਰਾਤੱਤਵ ਵਿਗਿਆਨ ਉੱਭਰ ਰਿਹਾ ਸੀ ਅਤੇ ਪੁਰਾਤੱਤਵ ਵਿਗਿਆਨੀਆਂ ਨੇ ਵੇਦਾਂ ਤੋਂ ਪਹਿਲੇ ਅਤੀਤ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਇਤਿਹਾਸ ਦਾ ਸਾਡਾ ਅਧਿਐਨ ਉਪ-ਮਹਾਂਦੀਪ ਵਿਚ ਮਨੁੱਖੀ ਆਵਾਸ ਦੇ ਅਨੁਰੂਪ ਨਹੀਂ ਸੀ ਸਗੋਂ ਉਸ ਸਮੇਂ ਦੇ ਅਕਾਦਮਿਕ ਵਿਚਾਰਾਂ ਦੇ ਅਨੁਰੂਪ ਸੀ।

ਇਹ ਬਿਲਕੁਲ ਸਹੀ ਹੈ, ਪਰ ਪਿਛਲੇ ਵੀਹ ਸਾਲਾਂ ਦੌਰਾਨ ਪ੍ਰਾਚੀਨ ਅਨੁਵੰਸ਼ਕੀ ਦੇ ਅਧਿਐਨ ਨੇ ਬਹੁਤ ਉੱਨਤ ਸਥਿਤੀ ਹਾਸਲ ਕਰ ਲਈ ਅਤੇ ਇਸ ਕਾਰਨ ਸੱਜੇਪੱਖੀ ਇਤਿਹਾਸਕਾਰਾਂ ਨੇ ਵੱਡੇ-ਵੱਡੇ ਦਾਅਵੇ ਕਰਨੇ ਸ਼ੁਰੂ ਕਰ ਦਿੱਤੇ ਕਿ ਸਿੰਧੂ ਸੱਭਿਅਤਾ ਦੇ ਪੁਰਾਤੱਤਵੀ ਅਤੀਤ ਅਤੇ ਵੈਦਿਕ ਸੱਭਿਅਤਾ ਦੇ ਇਤਿਹਾਸਕ ਅਤੀਤ ਵਿਚ ਬਹੁਤ ਨਿਰੰਤਰਤਾ ਹੈ। ਪਰ ਭਾਸ਼ਾ ਵਿਗਿਆਨ ਇਸ ਦੀ ਇਜਾਜ਼ਤ ਨਹੀਂ ਦਿੰਦਾ। 1900 ਈਸਾ ਪੂਰਵ ਵਿਚ ਸਿੰਧੂ ਸੱਭਿਅਤਾ ਦਾ ਪਤਨ ਹੋਇਆ ਅਤੇ ਫਿਰ 1400 ਈਸਾ ਪੂਰਵ ਵਿਚ ਵੈਦਿਕ ਸਭਿਅਤਾ ਹੌਲੀ-ਹੌਲੀ ਉੱਭਰੀ ਅਤੇ 7ਵੀਂ ਸਦੀ ਈਸਾ ਪੂਰਵ ਵਿਚ ਪੂਰੀ ਤਰ੍ਹਾਂ ਵਧੀ-ਫੁੱਲੀ। ਇਸ ਤੋਂ ਬਾਅਦ ਬੁੱਧ ਧਰਮ ਆਉਂਦਾ ਹੈ, ਤਾਂ 500 ਸਾਲ ਦਾ ਫ਼ਾਸਲਾ ਹੋ ਗਿਆ। ਇਹ ਕੁਝ ਵੀ ਸਾਬਤ ਨਹੀਂ ਕਰਦਾ ਕਿ ਨਿਰੰਤਰਤਾ ਸੀ।

ਇਤਿਹਾਸ ਨਿਰੰਤਰਤਾ ਦੀ ਕਹਾਣੀ ਹੈ, ਪਰ ਨਾਲ ਹੀ ਅਨਿਰੰਤਰਤਾ ਦੀ ਕਹਾਣੀ ਵੀ ਹੈ। ਸਿੰਧੂ ਸਭਿਅਤਾ ਦੇ ਅਧਿਐਨ ਨੂੰ ਭਾਰਤੀ ਪੂਰਵ-ਇਤਿਹਾਸ ਜਾਂ ਭਾਰਤੀ ਅਤੀਤ ਦੀ ਸ਼ੁਰੂਆਤ ਨਹੀਂ ਬਣਾਇਆ ਜਾ ਸਕਦਾ, ਕਿਉਂਕਿ ਸਿੰਧੂ ਸਭਿਅਤਾ ਇਕ ਸ਼ਹਿਰੀ ਸਭਿਅਤਾ ਸੀ, ਜੋ ਉਦੋਂ ਤੱਕ ਸੰਭਵ ਨਹੀਂ ਹੋ ਸਕਦੀ ਸੀ, ਜਦੋਂ ਤੱਕ ਖੇਤੀਬਾੜੀ ਪਹਿਲਾਂ ਹੀ ਏਨੀ ਵਿਕਸਤ ਨਹੀਂ ਕਰ ਲਈ ਜਾਂਦੀ, ਜੋ ਧਨ ਇਕੱਠਾ ਕਰਨ ਦੀ ਇਜਾਜ਼ਤ ਦੇ ਦੇਵੇ। ਲੱਗਭੱਗ 5000 ਈਸਵੀ ਪੂਰਵ ਵਿਚ ਖੇਤੀ ਈਰਾਨ ਤੋਂ ਭਾਰਤ ਵਿਚ ਆਈ। 7000 ਸਾਲ ਪਿੱਛੇ ਜਾਣਾ ਪਵੇਗਾ, ਪਰ ਉਹ ਲੋਕ ਅਚਾਨਕ ਖੇਤੀਬਾੜੀ ਵੱਲ ਕਿਵੇਂ ਮੁੜੇ, ਜੋ ਕਿ ਸ਼ਿਕਾਰੀ ਅਤੇ ਕੰਦ-ਮੂਲ ਇਕੱਠਾ ਕਰਨ ਵਾਲੇ ਸਨ? ਇਹ ਇਕ ਹੋਰ ਸਵਾਲ ਹੈ, ਜਿਸ ਦਾ ਜਵਾਬ ਦਿੱਤਾ ਜਾਣਾ ਹੈ। ਇਸ ਦੇ ਲਈ ਸਾਨੂੰ ਖ਼ਾਨਾਬਦੋਸ਼ ਸ਼ਿਕਾਰੀ ਭਾਈਚਾਰਿਆਂ ਦੇ ਲਈ ਹੋਰ 1500 ਸਾਲ ਪਿੱਛੇ ਜਾਣਾ ਪਵੇਗਾ ਅਤੇ ਇਹ ਸਾਨੂੰ ਇਕ ਮਹਾਨ ਇਤਿਹਾਸਕ ਘਟਨਾ ਦੇ ਨੇੜੇ ਲੈ ਜਾਂਦਾ ਹੈ।

ਇਹ ਪੌਣ-ਪਾਣੀ ਦਾ ਇਕ ਬਹੁਤ ਹੀ ਮਹੱਤਵਪੂਰਨ ਪਰਿਵਰਤਨ ਸੀ-ਠੰਢੇ ਪੌਣ-ਪਾਣੀ ਵਿਚ ਬਦਲਾਅ ਆਉਣਾ ਸ਼ੁਰੂ ਹੋਇਆ ਅਤੇ ਤਾਪਮਾਨ ਵਧਿਆ। ਇਸ ਨਾਲ ਭਾਰਤ ਦੀ ਧਰਤੀ ਦੇ ਦੋ-ਤਿਹਾਈ ਹਿੱਸੇ ਉੱਪਰ ਬਰਫ਼ ਦੀ ਚਾਦਰ ਪਿਘਲ ਗਈ। ਸਮੇਂ ਦੇ ਉਸ ਪਲ ਨੂੰ ਹੋਲੋਸੀਨ ਯਾਨੀ ਮੌਜੂਦਾ ਯੁੱਗ ਕਿਹਾ ਜਾਂਦਾ ਹੈ ਅਤੇ ਇਹ ਲੱਗਭੱਗ 9500 ਈਸਾ ਪੂਰਵ ਭਾਵ 12000 ਸਾਲ ਪਹਿਲਾਂ ਦਾ ਹੈ। ਇਹ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਵੱਖ-ਵੱਖ ਸਮਿਆਂ 'ਤੇ ਲਗਾਤਾਰ ਪ੍ਰਵਾਸ, ਤਬਦੀਲੀ, ਅਨਿਰੰਤਰਤਾ ਅਤੇ ਨਿਰੰਤਰਤਾ ਦੀ ਕਹਾਣੀ ਹੈ। ਪੰਜਾਬ ਵਿਚ ਜੋ ਵਾਪਰਿਆ, ਉਹ ਉਸੇ ਸਮੇਂ ਉੜੀਸਾ ਜਾਂ ਕੇਰਲਾ ਵਿਚ ਨਹੀਂ ਹੋਇਆ ਅਤੇ ਇਸ ਲਈ ਭਾਰਤ ਦੀਆਂ ਸੱਭਿਅਤਾਵਾਂ ਅਤੇ ਇਸ ਤੋਂ ਬਾਅਦ ਦੀਆਂ ਸ਼ਾਖ਼ਾਵਾਂ ਨੂੰ ਭਾਰਤ ਦੇ ਬਹੁਤ ਸਾਰੇ ਇਤਿਹਾਸਾਂ ਦੇ ਪ੍ਰਸੰਗ 'ਚ ਵੇਖਣਾ ਜ਼ਰੂਰੀ ਹੈ। ਇਹ ਅਕਾਦਮਿਕ ਪਹਿਲੂ ਹੈ।

ਭਾਰਤ ਸਰਕਾਰ ਦੇ ਸੰਸਕ੍ਰਿਤੀ ਮੰਤਰਾਲੇ ਨੇ ਭਾਰਤ ਦੇ ਪਿਛਲੇ 12000 ਸਾਲਾਂ ਦੀ ਸਮੀਖਿਆ ਕਰਨ ਲਈ ਇਕ ਕਮੇਟੀ ਬਣਾਈ ਸੀ ਅਤੇ ਉਸ ਕਮੇਟੀ ਵਿਚ ਸਿਰਫ਼ ਉੱਤਰੀ ਭਾਰਤੀ ਸ਼ਾਮਲ ਸਨ-ਦੱਖਣ, ਉੱਤਰ ਪੂਰਬ ਤੋਂ ਕੋਈ ਨਹੀਂ, ਕੋਈ ਔਰਤ, ਕੋਈ ਈਸਾਈ, ਕੋਈ ਮੁਸਲਮਾਨ, ਕੋਈ ਦਲਿਤ ਨਹੀਂ, ਕੋਈ ਆਦਿਵਾਸੀ ਨਹੀਂ। ਅਜਿਹੀ ਕਮੇਟੀ ਦੇ ਮਨੋਰਥ ਬਾਰੇ ਸ਼ੱਕ ਪੈਦਾ ਹੁੰਦਾ ਹੈ ਕਿ ਇਹ ਐੱਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ ਰਾਹੀਂ ਬੱਚਿਆਂ ਉੱਪਰ ਕੀ ਥੋਪ ਸਕਦੀ ਹੈ ਅਤੇ ਇਹ ਭਾਰਤ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕਿਵੇਂ ਤਬਾਹਕੁੰਨ ਹੋ ਸਕਦੀ ਹੈ। ਭਾਰਤ ਦਾ 12000 ਸਾਲਾਂ ਦਾ ਇਤਿਹਾਸ ਬਹੁਤ ਸਾਰੀਆਂ ਲੜਾਈਆਂ, ਸੰਘਰਸ਼ਾਂ, ਤ੍ਰਾਸਦੀਆਂ ਅਤੇ ਹਿੰਸਕ ਜਨੂੰਨ ਦੇ ਕਈ ਪਲਾਂ ਨਾਲ ਭਰਿਆ ਪਿਆ ਹੈ। ਫਿਰ ਵੀ ਇਸ ਦੇ ਕੇਂਦਰ ਵਿਚ ਸਾਡਾ ਸਾਰਾ ਅਤੀਤ ਸਾਨੂੰ ਸਹਿਣਸ਼ੀਲ, ਦਿਆਲੂ, ਮਾਨਵੀ, ਸਵੈ-ਸੰਜਮੀ ਹੋਣਾ ਸਿਖਾਉਂਦਾ ਹੈ। ਇਸ ਗ਼ੈਰ-ਅਕਾਦਮਿਕ ਵਜ੍ਹਾ ਕਰਕੇ ਵੀ ਪਿਛਲੇ 12000 ਸਾਲਾਂ ਅਤੇ ਇਸ ਤੋਂ ਵੀ ਪਹਿਲਾਂ ਦੇ ਭਾਰਤੀ ਅਤੀਤ ਨੂੰ ਦੇਖਣਾ ਜ਼ਰੂਰੀ ਸੀ।

**? ਹੋਲੋਸੀਨ (8) ਰਿਪੋਰਟ ਜਾਰੀ ਕਰਨ ਸਮੇਂ ਤੁਸੀਂ ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਇਤਿਹਾਸ ਦੇ ਕੁਝ ਪਹਿਲੂਆਂ ਨੂੰ ਸੋਧਣ ਲਈ ਇਕ ਵੱਡੀ ਯੋਜਨਾ ਦੇ ਰੂਪ 'ਚ ਇਤਿਹਾਸ ਨੂੰ ਮੁੜ ਲਿਖਣ ਲਈ 2018 ਵਿਚ ਇਕ ਕਮੇਟੀ ਨਿਯੁਕਤ ਕੀਤੀ। 'ਵੱਡੀ ਯੋਜਨਾ' ਅਤੇ ਉਨ੍ਹਾਂ 'ਕੁਝ ਪਹਿਲੂਆਂ' ਤੋਂ ਤੁਹਾਡਾ ਕੀ ਭਾਵ ਹੈ।**

-ਵੱਡੀ ਯੋਜਨਾ ਇਕ ਬਹਾਦਰੀ ਵਾਲੇ ਕੰਮ ਕਰਨ ਵਾਲੇ ਸ਼ਾਸਨ ਨੂੰ ਦਰਸਾਉਣ ਦੀ ਹੈ। ਇਸ ਬਹਾਦਰੀ ਵਾਲੇ ਕੰਮਾਂ ਕਰਕੇ ਅਨਿਆਂ ਹੋਣਾ ਵੀ ਜ਼ਰੂਰੀ ਹੈ। ਇਕ ਨਾਇਕ ਹਮੇਸ਼ਾ ਅਨਿਆਂ ਅਤੇ ਗ਼ਲਤ ਕੰਮਾਂ ਦਾ ਬਦਲਾ ਲੈਂਦਾ ਹੈ। ਜੇ ਕੋਈ ਇਹ ਕਹਿ ਕੇ ਇਤਿਹਾਸ ਰਚਦਾ ਹੈ ਕਿ ਅਸੀਂ ਸੁਨਹਿਰੀ ਯੁੱਗ ਵਿਚ ਰਹਿੰਦੇ ਸਾਂ ਅਤੇ ਫਿਰ ਇਹ ਹੋਰ ਲੋਕ ਆਏ ਜਿਨ੍ਹਾਂ ਨੇ ਸਾਡੀ ਖ਼ੁਸ਼ੀ ਖੋਹ ਲਈ, ਸਾਡੀ ਵਿਗਿਆਨਕ ਉੱਤਮਤਾ, ਸੋਚ ਦੀ ਉੱਤਮਤਾ ਖੋਹ ਲਈ ਅਤੇ ਸਿਰਫ਼ ਵਿਦੇਸ਼ੀ ਵਿਚਾਰ ਸਾਡੇ ਉੱਪਰ ਥੋਪ ਕੇ ਸਾਨੂੰ ਦੋਇਮ ਦਰਜੇ ਦੇ ਨਾਗਰਿਕ ਬਣਾ ਦਿੱਤਾ ਅਤੇ ਹੁਣ ਜੇਕਰ ਕੋਈ ਇਹ ਦਾਅਵਾ ਕਰੇ ਕਿ ਮੈਂ ਉਨ੍ਹਾਂ ਪਿਛਲੇ ਪਾਪਾਂ ਦਾ ਬਦਲਾ ਲੈਣ, ਭਾਰਤ ਨੂੰ ਸ਼ੁੱਧ ਕਰਨ ਅਤੇ ਇਸ ਨੂੰ ਸਾਰੇ ਵਿਦੇਸ਼ੀ ਵਿਚਾਰਾਂ ਅਤੇ ਸਾਡੇ ਸਮਾਜ ਨੂੰ ਪ੍ਰਦੂਸ਼ਿਤ ਕਰਨ ਵਾਲੇ ਵਿਦੇਸ਼ੀਆਂ ਤੋਂ ਛੁਟਕਾਰਾ ਦਿਵਾਉਣ ਲਈ ਆਇਆ ਹਾਂ, ਤਾਂ ਉਹ ਵਿਅਕਤੀ ਇਕ ਨਾਇਕ ਦੇ ਰੂਪ 'ਚ ਉਭਰੇਗਾ। ਇਸ ਦੇ ਲਈ ਇਤਿਹਾਸ ਨੂੰ ਗ਼ਲਤ ਤਰੀਕੇ ਨਾਲ ਲਿਖਣ ਦੀ ਜ਼ਰੂਰਤ ਪਵੇਗੀ।

ਕਮੇਟੀ ਉਸ ਤਰ੍ਹਾਂ ਦਾ ਸੱਚ ਤਜਵੀਜ਼ ਕਰਨ ਵਾਲੇ ਇਤਿਹਾਸ ਦੇ ਗ੍ਰੰਥਾਂ ਨੂੰ ਪੇਸ਼ ਕਰ ਸਕਦੀ ਹੈ, ਜੋ ਇਤਿਹਾਸ ਦੀ ਸਚਾਈ ਤੋਂ ਬਹੁਤ ਦੂਰ ਹੋਣ। ਸੱਚ ਤਾਂ ਇਹ ਹੈ ਕਿ ਕੋਈ ਹੁਕਮਰਾਨ ਮੁਸਲਮਾਨ ਹੋ ਸਕਦਾ ਹੈ ਪਰ ਉਸ ਦਾ ਜਰਨੈਲ ਹਿੰਦੂ ਹੋ ਸਕਦਾ ਹੈ ਅਤੇ ਕੋਈ ਹੁਕਮਰਾਨ ਹਿੰਦੂ ਹੋ ਸਕਦਾ ਹੈ, ਪਰ ਉਸ ਦਾ ਜਰਨੈਲ ਮੁਸਲਮਾਨ ਹੋ ਸਕਦਾ ਹੈ। ਸੱਚ ਤਾਂ ਇਹ ਹੈ ਕਿ ਕਿਸੇ ਦਰਗਾਹ ਉੱਪਰ ਹਿੰਦੂ, ਮੁਸਲਮਾਨ ਅਤੇ ਈਸਾਈ ਸਾਰੇ ਪੂਜਾ ਕਰਦੇ ਸਨ। ਸੱਚ ਤਾਂ ਇਹ ਹੈ ਕਿ ਇੱਕੋ ਕਵਿਤਾ ਵਿਚ ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾਵਾਂ ਦਾ ਮੇਲ ਹੋ ਸਕਦਾ ਹੈ। ਦੁਨੀਆ ਦੇ ਸਾਰੇ ਹਿੱਸਿਆਂ ਤੋਂ ਲੋਕ ਆਏ ਅਤੇ ਦੱਖਣੀ ਏਸ਼ੀਆ ਨੇ ਉਨ੍ਹਾਂ ਦਾ ਸਵਾਗਤ ਕੀਤਾ, ਕਿਉਂਕਿ ਇਹ ਸਥਾਨ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲਾ ਹੈ, ਪਰ ਜੇ ਕੋਈ ਨਵਾਂ ਇਤਿਹਾਸ ਲੋਕਾਂ ਨੂੰ ਇਸ ਸਥਾਨ ਨੂੰ ਇਕ ਵਿਸ਼ੇਸ਼ ਸਥਾਨ ਦੇ ਤੌਰ 'ਤੇ ਦਿਖਾਉਂਦਾ ਹੈ ਤਾਂ ਇਹ ਸੰਵਿਧਾਨ ਦੀ ਭਾਵਨਾ ਅਤੇ ਭਾਰਤੀ ਸੱਭਿਅਤਾ ਦੀ ਭਾਵਨਾ ਦੀ ਉਲੰਘਣਾ ਹੈ।

**? ਕੀ ਤੁਹਾਨੂੰ ਡਰ ਹੈ ਕਿ ਭਾਰਤ ਵਿਚ ਅਜਿਹਾ ਹੋਵੇਗਾ।**

-ਜੇਕਰ ਇਹ ਕਾਬੂ ਤੋਂ ਬਾਹਰ ਹੋ ਜਾਂਦਾ ਹੈ, ਜੇਕਰ ਕੋਈ ਸਵਾਲ ਨਹੀਂ ਉਠਾਉਂਦਾ, ਜੇਕਰ ਇਸ ਦਾ ਬੌਧਿਕ ਢੰਗ ਨਾਲ ਮੁਕਾਬਲਾ ਨਹੀਂ ਕੀਤਾ ਜਾਂਦਾ ਤਾਂ ਡਰ ਬਣਿਆ ਰਹੇਗਾ। ਇਸ ਨੂੰ ਚੁਣੌਤੀ ਦੇਣ, ਜਾਂਚਣ ਅਤੇ ਪੜਤਾਲ ਕਰਨ ਦੀ ਜ਼ਰੂਰਤ ਹੈ, ਪਰ ਸਿਰਫ਼ ਚੁਣੌਤੀ ਦੇਣਾ ਜਾਂ ਸਵਾਲ ਕਰਨਾ ਹੀ ਕਾਫ਼ੀ ਆਲੰਕਾਰਿਕ ਹੋ ਸਕਦਾ ਹੈ। ਇਸ ਲਈ ਵਿਵਾਦ ਵਿਚ ਪੈਣ ਦੀ ਬਜਾਏ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਕਿਤਾਬਾਂ ਦਾ ਇਕ ਐਸਾ ਸੈੱਟ ਤਿਆਰ ਕਰਨਾ ਹੈ, ਜੋ ਪਿਛਲੇ 12000 ਸਾਲਾਂ ਦੇ ਅਤੀਤ ਦਾ ਵਰਨਣ ਕਰਦਾ ਹੋਵੇ, ਜੋ ਇਤਿਹਾਸ ਦੇ ਵਿਗਿਆਨ, ਤਰਕ ਅਤੇ ਸਪੱਸ਼ਟ ਵਿਦਵਤਾ ਉੱਪਰ ਆਧਾਰਤ ਹੋਵੇ।

ਮੈਂ ਇਹ ਨਹੀਂ ਕਹਿ ਰਿਹਾ ਕਿ ਇਤਿਹਾਸ ਬਾਰੇ ਸਿਰਫ਼ ਮੇਰਾ ਨਜ਼ਰੀਆ ਹੀ ਸਹੀ ਹੈ। ਮੇਰੀ ਸੱਭਿਆਚਾਰ ਮੰਤਰਾਲੇ ਉੱਪਰ ਸਵਾਲ ਉਠਾਉਣ 'ਚ ਕੋਈ ਦਿਲਚਸਪੀ ਨਹੀਂ ਹੈ, ਉਹ ਆਪਣੀ ਸਮਰੱਥਾ ਅਨੁਸਾਰ ਆਪਣਾ ਕੰਮ ਕਰ ਰਿਹਾ ਹੈ। ਮੇਰੀ ਦਿਲਚਸਪੀ ਇਕ ਬਦਲ ਤਿਆਰ ਕਰਨ ਵਿਚ ਹੈ, ਜੋ ਉਨ੍ਹਾਂ ਲਈ ਉਪਲੱਬਧ ਹੋਵੇ, ਜੋ ਵਧੇਰੇ ਵਿਗਿਆਨਕ ਅਤੇ ਵਧੇਰੇ ਤਰਕਸ਼ੀਲ [ਇਤਿਹਾਸ] ਚੁਣਨਾ ਚਾਹੁੰਦੇ ਹਨ।

**? ਕੀ ਇਸ ਕਮੇਟੀ ਨੇ ਤੁਹਾਡੇ ਨਾਲ ਸੰਪਰਕ ਕੀਤਾ ਹੈ।**

-ਨਹੀਂ, ਮੈਂ ਸਿੱਖਿਅਤ ਇਤਿਹਾਸਕਾਰ ਨਹੀਂ ਹਾਂ, ਪਰ ਉਹ ਸਿੱਖਿਅਤ ਇਤਿਹਾਸਕਾਰਾਂ ਨਾਲ ਵੀ ਸੰਪਰਕ ਨਹੀਂ ਕਰ ਰਹੇ। ਉਨ੍ਹਾਂ ਕੋਲ ਜਾਂ ਤਾਂ ਵੱਖ-ਵੱਖ ਸਰਕਾਰੀ ਸੰਸਥਾਵਾਂ ਦੇ ਸਾਬਕਾ ਅਧਿਕਾਰੀ ਹਨ ਜਾਂ ਕੁਝ ਐਸੇ ਲੋਕ ਹਨ, ਜੋ ਨਾਗਪੁਰ [ਆਰ ਐੱਸ ਐੱਸ] ਦੇ ਬਹੁਤ ਕਰੀਬ ਹਨ।



ਸ਼ਾਹਿਦ ਤਾਂਤਰੇ

**? ਇਤਿਹਾਸਕਾਰੀ ਜਾਂ ਇਤਿਹਾਸ ਕਿਵੇਂ ਲਿਖਿਆ ਜਾਂਦਾ ਹੈ, ਇਸ ਦੀ ਪ੍ਰਕਿਰਿਆ ਨੂੰ ਲੈ ਕੇ ਬਹਿਸ ਹੁੰਦੀ ਰਹੀ ਹੈ। ਜਦੋਂ ਅਸੀਂ ਕਹਿੰਦੇ ਹਾਂ ਭਾਰਤ ਦਾ ਇਤਿਹਾਸ ਜਾਂ ਲੋਕਾਂ ਦਾ ਇਤਿਹਾਸ ਜਾਂ ਰਾਜ ਦੀ ਵਿਚਾਰਧਾਰਾ ਤਾਂ ਸਾਡਾ ਕਹਿਣ ਦਾ ਭਾਵ ਕੀ ਹੁੰਦਾ ਹੈ।**

-ਨੌਵੀਂ ਜਾਂ ਦਸਵੀਂ ਸਦੀ ਵਿਚ ਰਾਜਸ਼ੇਖ਼ਰ ਨਾਂਅ ਦੇ ਇਕ ਚਿੰਤਕ ਹੋਏ ਹਨ, ਜਿਸ ਨੇ ਕਾਵਿ ਸਿਧਾਂਤ ਉੱਪਰ ਕਈ ਨਾਟਕ ਅਤੇ ਇਕ ਕਿਤਾਬ ਲਿਖੀ। ਉਸ ਕਿਤਾਬ ਵਿਚ ਉਸ ਨੇ ਇਤਿਹਾਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ। ਇਕ ਕਿਸਮ ਦਾ ਇਤਿਹਾਸ ਇਕੱਲੇ ਬੀਰਾਂ/ਨਾਇਕਾਂ ਦਾ ਹੁੰਦਾ ਹੈ ਅਤੇ ਦੂਜਾ ਅਨੇਕ ਨਾਇਕਾਂ ਦਾ। ਉਸ ਨੇ ਮਿਸਾਲ ਦਿੱਤੀ- ਰਾਮਾਇਣ ਇਕ ਨਾਇਕ ਦੀ ਕਹਾਣੀ ਹੈ ਅਤੇ ਮਹਾਂਭਾਰਤ ਕਈ ਨਾਇਕਾਂ ਦੀ ਕਹਾਣੀ ਹੈ। ਰਾਜਸ਼ੇਖ਼ਰ ਨੇ ਕਿਹਾ ਕਿ ਇਤਿਹਾਸ ਰਚਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਇਸ ਨੂੰ ਕਈ ਨਾਇਕਾਂ ਅਤੇ ਵੰਨ-ਸੁਵੰਨਤਾਵਾਂ ਦਾ ਇਤਿਹਾਸ ਬਣਾ ਦਿੱਤਾ ਜਾਵੇ, ਕਿਉਂਕਿ ਇਤਿਹਾਸਕ ਸੱਚਾਈ ਇਕ ਸਾਂਚੇ ਵਿਚ ਨਹੀਂ ਬਣਦੀ। ਇੱਥੋਂ ਤੱਕ ਕਿ ਜੇ ਇਤਿਹਾਸ ਇਹ ਕਹਿੰਦਾ ਹੈ ਕਿ ਇਕ ਕਾਰਨ ਅਤੇ ਇਕ ਪਰਿਣਾਮ ਹੈ ਤਾਂ ਕਈ ਅਪਵਾਦ ਹੋ ਸਕਦੇ ਹਨ ਅਤੇ ਉਨ੍ਹਾਂ ਅਪਵਾਦਾਂ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਵੀ ਹੋਣੀ ਚਾਹੀਦੀ ਹੈ। ਇਤਿਹਾਸ ਦਾ ਵਹਾਅ ਸਿੱਧਾ ਨਹੀਂ, ਸਗੋਂ ਸਤਲੁਜ ਦੇ ਵਹਿਣ ਵਾਂਗ ਹੈ। ਸਤਲੁਜ ਸ਼ਬਦ ਸ਼ਤਦਰੂ ਤੋਂ ਬਣਿਆ ਹੈ, ਜਿਸ ਦਾ ਭਾਵ ਹੈ 100 ਘੋੜੇ। ਇਤਿਹਾਸ 100 ਘੋੜਿਆਂ ਦੀ ਤਾਕਤ ਨਾਲ ਵੱਖ-ਵੱਖ ਦਿਸ਼ਾਵਾਂ ਵਿਚ ਅੱਗੇ ਵਧਦਾ ਹੈ ਅਤੇ ਇਤਿਹਾਸਕਾਰਾਂ ਦਾ ਕੰਮ ਧਾਰਾਵਾਂ ਦੀ ਬਹੁਤਾਤ ਨੂੰ ਅੱਖੋਂ-ਪਰੋਖੇ ਕੀਤੇ ਬਗ਼ੈਰ ਇਨ੍ਹਾਂ ਸਭ ਨੂੰ ਇਕ ਥਾਂ ਜੋੜਨਾ ਹੈ।



**? ਕੀ ਤੁਹਾਨੂੰ ਲੱਗਦਾ ਹੈ ਕਿ ਭਾਰਤੀ ਇਤਿਹਾਸ ਮੁੜ ਲਿਖਿਆ ਜਾ ਰਿਹਾ ਹੈ? ਜੇ ਹਾਂ, ਤਾਂ ਕਿਉਂ।**

-ਇਹ ਤੱਥ ਹੈ ਕਿ ਸਾਰੇ ਇਤਿਹਾਸਾਂ ਨੂੰ ਹਰ ਸਮੇਂ ਮੁੜ ਲਿਖਿਆ ਜਾਂਦਾ ਹੈ, ਕਿਉਂਕਿ ਇਤਿਹਾਸ ਦਾ ਨਿਰਮਾਣ ਵਰਤਮਾਨ ਵਿਚ ਹੁੰਦਾ ਹੈ ਅਤੇ ਇਹ ਵਰਤਮਾਨ ਦੀ ਮਾਨਸਿਕਤਾ ਦੇ ਅਨੁਕੂਲ ਹੁੰਦਾ ਹੈ-ਸਾਰਾ ਲਿਖਤ ਇਤਿਹਾਸ ਆਪਣੇ ਸਮੇਂ ਦੀ ਇਕ ਉਪਜ ਹੈ। ਹਾਂ, ਇਸ ਨੂੰ ਮੁੜ ਲਿਖਿਆ ਜਾ ਰਿਹਾ ਹੈ, ਪਰ ਇਤਿਹਾਸ ਨੂੰ ਮੁੜ ਲਿਖਣ ਦੇ ਕਈ ਤਰੀਕੇ ਹਨ। ਇਕ ਤਰੀਕਾ ਹੈ ਅਤੀਤ ਦੀਆਂ ਬਾਰੀਕੀਆਂ ਨੂੰ ਸਾਹਮਣੇ ਲਿਆ ਕੇ ਸਮਝ ਨੂੰ ਡੂੰਘਾ ਅਤੇ ਵਿਸ਼ਾਲ ਬਣਾਇਆ ਜਾਵੇ। ਦੂਜਾ ਤਰੀਕਾ ਇਹ ਹੈ ਕਿ ਅਤੀਤ ਨੂੰ ਸੁਧਾਰਿਆ ਜਾਵੇ ਤਾਂ ਜੋ ਵਰਤਮਾਨ ਵਿਚ ਲੋਕਾਂ ਨੂੰ ਹਿਪਨੋਟਾਈਜ਼ ਕੀਤਾ ਜਾ ਸਕੇ ਅਤੇ ਉਨ੍ਹਾਂ ਨੂੰ ਸਵਾਲ ਤੋਂ ਦੂਰ ਕੀਤਾ ਜਾ ਸਕੇ। ਆਮ ਤੌਰ 'ਤੇ ਅਕਾਦਮਿਕ ਇਤਿਹਾਸਕਾਰਾਂ ਨੇ ਸਮਝ ਦਾ ਵਿਸਤਾਰ ਕੀਤਾ ਹੈ ਅਤੇ ਇਤਿਹਾਸਕ ਦ੍ਰਿਸ਼ਟੀ ਦੇ ਦੁਮੇਲ ਨੂੰ ਵਿਸ਼ਾਲ ਕੀਤਾ ਹੈ, ਪਰ ਤਾਨਾਸ਼ਾਹੀ ਰਾਜ ਦੇ ਸਮੇਂ 'ਚ ਇਤਿਹਾਸ ਦੀ ਸਮਝ ਖੜੋਤ ਮਾਰੀ, ਸੁੰਗੜਵੀਂ, ਤੰਗ ਅਤੇ ਰਾਜ ਭਗਤੀ ਵੱਲ ਸੇਧਤ ਹੋ ਜਾਂਦੀ ਹੈ, ਵਫ਼ਾਦਾਰੀ, ਅਤਿ-ਰਾਸ਼ਟਰਵਾਦ ਅਤੇ ਇਹੋ ਜਿਹੀਆਂ ਚੀਜ਼ਾਂ ਪੈਦਾ ਕਰਦੀ ਹੈ।

**? ਕੀ ਤੁਹਾਨੂੰ ਲੱਗਦਾ ਹੈ ਕਿ ਅੱਜ ਮੁਲਕ ਵਿਚ 'ਅਤਿ-ਰਾਸ਼ਟਰਵਾਦ' ਅਤੇ 'ਰਾਜ-ਭਗਤੀ' ਦਾ ਸੰਚਾਰ ਹੋ ਗਿਆ ਹੈ।**

-ਫੈਡਰਲਇਜ਼ਮ ਦੀ ਗੱਲ ਕਰੋ ਤਾਂ ਦੇਸ਼ ਧ੍ਰੋਹ ਬਣ ਜਾਂਦੀ ਹੈ, ਵੰਨ-ਸੁਵੰਨਤਾ ਦੀ ਗੱਲ ਕਰੋ ਤਾਂ ਇਹ ਦੇਸ਼ ਧ੍ਰੋਹ ਬਣ ਜਾਂਦਾ ਹੈ, ਵੱਖਰੇ ਵਿਚਾਰਾਂ ਦੀ ਗੱਲ ਕਰੋ ਤਾਂ ਯੂ.ਏ.ਪੀ.ਏ. ਲੱਗ ਜਾਂਦਾ ਹੈ ਅਤੇ ਸੱਚ ਬੋਲਣ ਦੀ ਕੋਸ਼ਿਸ਼ ਕਰੋ ਤਾਂ ਟਰੌਲ ਉਸ ਵਿਅਕਤੀ ਉੱਪਰ ਟੁੱਟ ਪੈਂਦੇ ਹਨ। ਕਿਉਂਕਿ ਇਹ ਸਭ ਹੋ ਰਿਹਾ ਹੈ ਅਤੇ ਸੰਵਿਧਾਨ ਵਿਚ ਦਰਜ ਨਿਆਂ, ਬਰਾਬਰੀ ਅਤੇ ਆਜ਼ਾਦੀ ਦੇ ਸਿਧਾਂਤਾਂ ਨੂੰ ਸੁੰਗੇੜਿਆ ਜਾ ਰਿਹਾ ਹੈ ਤਾਂ ਇਕ ਬਾਹਰਮੁਖੀ ਨਿਰੀਖਕ ਲਈ ਇਹ ਪੁੱਛਣ ਦਾ ਵਧੀਆ ਕਾਰਨ ਹੈ ਕਿ ਕੀ ਇਹ ਤਾਨਾਸ਼ਾਹੀ ਰਾਜ ਨਹੀਂ ਹੈ। ਮੇਰੇ ਆਲੇ-ਦੁਆਲੇ ਦੇ ਸਾਰੇ ਚਿੰਨ੍ਹ ਮੈਨੂੰ ਇਹ ਸਵਾਲ ਪੁੱਛਣ ਲਈ ਪ੍ਰੇਰਿਤ ਕਰਦੇ ਹਨ ਅਤੇ ਐਸਾ ਕੁਝ ਨਹੀਂ ਹੈ, ਜਿਸ ਨਾਲ ਮੈਂ ਇਸ ਦੋਸ਼ ਦਾ ਖੰਡਨ ਕਰ ਸਕਾਂ ਕਿ ਰਾਜ ਤਾਨਾਸ਼ਾਹੀ ਬਣ ਗਿਆ ਹੈ।



**? ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾਏ ਜਾ ਰਹੇ ਪਾਠਕ੍ਰਮ ਨੂੰ ਕੁਝ ਤਰੀਕਿਆਂ ਨਾਲ ਬਦਲਿਆ ਜਾ ਰਿਹਾ ਹੈ-ਸਕੂਲੀ ਪਾਠ ਪੁਸਤਕਾਂ ਵਿੱਚੋਂ ਮੁਗਲ ਇਤਿਹਾਸ ਨੂੰ ਹਟਾਉਣਾ, ਗੁਜਰਾਤ ਦੰਗਿਆਂ ਦੇ ਹਵਾਲੇ ਅਤੇ ਗਾਂਧੀ ਦੇ ਕਤਲ ਤੋਂ ਬਾਅਦ ਆਰ ਐੱਸ ਐੱਸ ਉੱਪਰ ਪਾਬੰਦੀ ਲੱਗਣ ਵਰਗੀਆਂ ਘਟਨਾਵਾਂ ਨੂੰ ਹਟਾਉਣਾ। ਅਜਿਹਾ ਕਿਉਂ ਹੋ ਰਿਹਾ ਹੈ? ਇਸ ਦੇ ਪਿੱਛੇ ਕੌਣ ਹਨ ਅਤੇ ਉਹ ਕੀ ਹਾਸਲ ਕਰਨਾ ਚਾਹੁੰਦੇ ਹਨ।**

-ਅੱਜ ਇਹ ਤਾਕਤਾਂ ਭਾਰਤ ਦੇ ਅਤੀਤ ਦੇ ਛੇ ਯੁਗਾਂ ਨੂੰ ਸਾਵਰਕਰ ਦੀ ਕਿਤਾਬ, ਭਾਰਤ ਦੇ ਇਤਿਹਾਸ ਦੇ ਛੇ ਸੁਨਹਿਰੀ ਪੰਨੇ (ਸਿਖਸ ਗੋਲਡਨ ਪੇਜਿਜ਼ ਇਨ ਇੰਡੀਅਨ ਹਿਸਟਰੀ) ਅਨੁਸਾਰ ਚਿੱਤਰਤ ਕਰਨ 'ਚ ਰੁਚੀ ਰੱਖਦੀਆਂ ਹਨ ਅਤੇ ਉਸ ਵਿਚ ਮੱਧਕਾਲ, ਜਿਸ ਵਿਚ ਇਸਲਾਮੀ ਕਲਾ, ਇਸਲਾਮੀ ਸਾਮਰਾਜ, ਇਸਲਾਮੀ ਤਰੱਕੀ ਦਾ ਬੋਲਬਾਲਾ ਸੀ, ਨੂੰ ਇਕ ਅੰਧਕਾਰ ਯੁੱਗ ਵਜੋਂ ਦੇਖਿਆ ਜਾਂਦਾ ਹੈ, ਪਰ ਸਿਰਫ਼ ਮੁਗਲ ਕਾਲ ਹੀ ਨਹੀਂ, 1100 ਈਸਵੀ ਤੋਂ ਲੈ ਕੇ ਪੂਰੇ 1000 ਸਾਲ ਭਾਰਤ ਵਿਚ ਬਹੁਤ ਵੱਡੀ ਤਰੱਕੀ ਅਤੇ ਵਿਕਾਸ ਦਾ ਦੌਰ ਰਿਹਾ ਹੈ-ਭਾਵੇਂ ਇਹ ਮੁਸਲਮਾਨਾਂ ਨੇ ਜਾਂ ਹਿੰਦੂਆਂ ਨੇ ਜਾਂ ਜੈਨੀਆਂ ਨੇ ਜਾਂ ਬੋਧੀਆਂ ਨੇ ਜਾਂ ਸਿੱਖਾਂ ਨੇ ਕੀਤਾ, ਪਰ ਹੋਇਆ ਇਹ ਭਾਰਤ ਵਿਚ ਹੀ ਸੀ। ਕਲਾ, ਸੁਹਜ-ਸ਼ਾਸਤਰ, ਇਮਾਰਤਸਾਜ਼ੀ, ਸੰਗੀਤ, ਨਗਰ ਯੋਜਨਾਬੰਦੀ ਦੇ ਪ੍ਰਸੰਗ 'ਚ ਦੇਖੀਏ ਤਾਂ ਅਜਿਹਾ ਹੋਇਆ। ਸ਼ੇਰਸ਼ਾਹ ਸੂਰੀ ਨੇ ਮੁਲਕ ਦਾ ਪਹਿਲਾ ਜ਼ਮੀਨੀ ਸਰਵੇਖਣ ਕਰਵਾਇਆ, ਜ਼ਮੀਨ ਦੀ ਮਾਲਕੀ ਨੂੰ ਤਰਕਸੰਗਤ ਰੂਪ 'ਚ ਤਿਆਰ ਕਰਵਾਇਆ ਅਤੇ ਇਸ ਤਰ੍ਹਾਂ ਸ਼ੋਸ਼ਣ ਨੂੰ ਘਟਾਇਆ। ਪੂਰੇ ਦੌਰ ਨੂੰ ਕਾਲੇ ਯੁੱਗ ਵਜੋਂ ਪੇਸ਼ ਕਰਨਾ ਮੂਰਖ਼ਤਾ ਹੈ ਅਤੇ ਇਹ ਗ਼ਲਤ ਹੈ।

ਮਿਸਾਲ ਵਜੋਂ, ਤਾਮਿਲ ਅਤੇ ਕੰਨੜ ਨੂੰ ਛੱਡ ਕੇ ਸ਼ਾਇਦ ਸਾਰੀਆਂ ਆਧੁਨਿਕ ਭਾਰਤੀ ਭਾਸ਼ਾਵਾਂ ਸ਼ਾਇਦ ਇਸ ਦੌਰ 'ਚ ਵਿਕਸਿਤ ਹੋਈਆਂ, ਭਾਵੇਂ ਉਹ ਬੰਗਾਲੀ, ਉੜੀਆ, ਪੰਜਾਬੀ, ਗੁਜਰਾਤੀ, ਮਰਾਠੀ, ਤੇਲਗੂ, ਮਲਿਆਲਮ ਅਤੇ ਕਸ਼ਮੀਰੀ ਹੋਣ। ਇਸ ਲਈ, ਜੇਕਰ ਆਧੁਨਿਕ ਭਾਰਤੀ ਭਾਸ਼ਾਵਾਂ ਦਾ ਵਿਕਾਸ ਹੁੰਦਾ ਹੈ; ਮਹਾਨ ਸੰਤ ਉੱਭਰਦੇ ਹਨ ਅਤੇ ਇਕ ਸ਼ਾਨਦਾਰ ਸਾਹਿਤਕ ਪਰੰਪਰਾ, ਸੂਫ਼ੀਵਾਦ ਅਤੇ ਭਗਤੀ ਦਾ ਨਿਰਮਾਣ ਕਰਦੇ ਹਨ, ਉਹ ਲੋਕਾਂ ਨੂੰ ਮਹਾਨ ਮਾਨਵਤਾਵਾਦ ਸਿਖਾਉਂਦੇ ਹਨ; ਜ਼ਮੀਨੀ ਸੁਧਾਰ ਪੇਸ਼ ਕੀਤੇ ਜਾਂਦੇ ਹਨ; ਉਸ ਕਾਲ ਨੂੰ ਅੰਧਕਾਰ ਦਾ ਯੁੱਗ ਕਿਵੇਂ ਕਿਹਾ ਜਾ ਸਕਦਾ ਹੈ? ਮੁਲਕ ਵਿੱਚੋਂ ਮੁਸਲਮਾਨ ਹੁਕਮਰਾਨਾਂ ਦੀ ਯਾਦ ਨੂੰ ਮਿਟਾਉਣਾ ਇਕ ਵਿਗਾੜ ਹੈ, ਇਹ ਇਤਿਹਾਸ ਨਹੀਂ ਹੈ। ਇਸੇ ਤਰ੍ਹਾਂ ਬੁੱਧ ਧਰਮ ਅਤੇ ਸਨਾਤਨ ਧਰਮ ਦਾ ਆਪਸੀ ਟਕਰਾਅ ਸਾਡੇ ਇਤਿਹਾਸ ਦਾ ਹਿੱਸਾ ਹੈ, ਪਰ ਜੇਕਰ ਬੁੱਧ ਧਰਮ ਨੂੰ ਪਾਸੇ ਕਰਕੇ ਸਿਰਫ਼ ਸਨਾਤਨ ਨੂੰ ਹੀ ਚਮਕਾਇਆ ਜਾਵੇ ਤਾਂ ਇਹ ਇਤਿਹਾਸ ਦਾ ਮਿਥਕਰਨ ਹੋਵੇਗਾ।

ਇਸੇ ਤਰ੍ਹਾਂ ਇਤਿਹਾਸ ਦੇ ਵੱਖ-ਵੱਖ ਵਿਗਿਆਨਕ ਦ੍ਰਿਸ਼ਟੀਕੋਣ ਸਿੰਧੂ ਸਭਿਅਤਾ ਦੇ ਪਤਨ ਅਤੇ ਵੈਦਿਕ ਸਭਿਅਤਾ ਦੇ ਉਦੈ ਦਰਮਿਆਨ ਖਾਈ ਨੂੰ ਦਰਸਾਉਂਦੇ ਹਨ। ਅਸੀਂ ਨਹੀਂ ਜਾਣਦੇ ਕਿ ਉਨ੍ਹਾਂ 500 ਸਾਲਾਂ ਦੌਰਾਨ ਅਸਲ ਵਿਚ ਕੀ ਹੋਇਆ ਸੀ। ਅਸੀਂ ਬਾਅਦ ਦੀ ਸਿੰਧੂ ਸਭਿਅਤਾ ਬਾਰੇ ਕੁਝ ਜਾਣਦੇ ਹਾਂ, ਇਕ ਵੱਖਰੇ ਰੂਪ 'ਚ ਜਿਸ ਨੂੰ ਗੰਧਾਰ ਕਾਲ ਕਿਹਾ ਜਾਂਦਾ ਹੈ, ਪਰ ਜੇਕਰ ਕੋਈ ਇਹ ਦਾਅਵਾ ਕਰੇ ਕਿ ਸੰਸਕ੍ਰਿਤ ਭਾਸ਼ਾ, ਜੋ 1400 ਈਸਵੀ ਪੂਰਵ ਤੋਂ ਪਹਿਲਾਂ ਭਾਰਤ ਵਿਚ ਨਹੀਂ ਆਈ ਸੀ, ਪਹਿਲਾਂ ਮੌਜੂਦ ਸੀ ਕਿ ਇਹ ਸਿੰਧੂ ਸਭਿਅਤਾ ਦੀ ਭਾਸ਼ਾ ਸੀ, ਜੋ ਸਿੰਧੂ ਸਭਿਅਤਾ ਬਾਰੇ ਵਿਗਿਆਨਕ ਤੌਰ 'ਤੇ ਸਥਾਪਤ ਤਮਾਮ ਸੱਚਾਈਆਂ ਦੇ ਸਾਹਮਣੇ ਨਹੀਂ ਟਿਕਦਾ। ਜਿੱਥੇ ਅਸੀਂ ਇਸ ਬਾਰੇ ਬਹੁਤ ਕੁਝ ਜਾਣਦੇ ਹਾਂ, ਪਰ ਅਸੀਂ ਅਜੇ ਵੀ ਕਾਫ਼ੀ ਨਹੀਂ ਜਾਣਦੇ ਹਾਂ।

ਕੋਈ ਚਾਹੇ ਤਾਂ ਵੀ ਇਤਿਹਾਸ ਨੂੰ ਦੁਬਾਰਾ ਨਹੀਂ ਲਿਖ ਸਕਦਾ। ਜਦੋਂ ਕੋਈ ਵਿਚਾਰਧਾਰਾ ਅੱਤਵਾਦੀ ਰਾਸ਼ਟਰਵਾਦ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਇਹ ਉਸ ਮਾਣਮੱਤੀ ਪਰੰਪਰਾ ਦੀਆਂ ਖ਼ਾਮੀਆਂ ਜਾਂ ਸਾਡੇ ਪੁਰਖਿਆਂ ਦੀਆਂ ਨਾਕਾਮੀਆਂ ਨੂੰ ਦੇਖੇ ਬਿਨਾਂ ਸਿਰਫ਼ ਇਕ ਮਾਣਮੱਤੇ ਅਤੀਤ ਨੂੰ ਚਿੱਤਰਤ ਕਰਨਾ ਚਾਹੁੰਦੀ ਹੈ, ਪਰ ਹਰ ਪੀੜ੍ਹੀ ਨੂੰ ਅਤੀਤ ਤੋਂ ਸਿੱਖਣ ਦੀ ਲੋੜ ਹੈ, ਸਾਡੇ ਪੁਰਖਿਆਂ ਨੇ ਕੀ ਹਾਸਲ ਕੀਤਾ ਅਤੇ ਉਹ ਕਿੱਥੇ ਅਸਫ਼ਲ ਹੋਏ। ਜੇ ਅਜਿਹੇ ਝੂਠੇ ਦਾਅਵਿਆਂ ਨੂੰ ਵਿਦਿਆਰਥੀਆਂ ਦੇ ਹਲਕ 'ਚ ਉਤਾਰ ਦਿੱਤਾ ਗਿਆ ਤਾਂ ਸਮੁੱਚੀ ਨੌਜਵਾਨ ਪੀੜ੍ਹੀ ਨੂੰ ਝੂਠੀ ਤਸਵੀਰ ਮਿਲੇਗੀ, ਉਹ ਇਤਿਹਾਸ ਨੂੰ ਗੰਭੀਰਤਾ ਨਾਲ ਲੈਣ ਤੋਂ ਅਸਮਰੱਥ ਹੋ ਜਾਣਗੇ। ਇਕ ਸਭਿਅਤਾ ਜਾਂ ਇਕ ਕੌਮ, ਜੋ ਆਪਣੇ ਆਪ ਨੂੰ ਆਲੋਚਨਾਤਮਕ ਤੌਰ 'ਤੇ ਦੇਖਣਾ ਨਹੀਂ ਜਾਣਦੀ ਹੈ, ਵਿਕਾਸ ਕਰਨ ਵਿਚ ਅਸਫ਼ਲ ਰਹੇਗੀ। ਲੋਕ ਸਿਰਫ਼ ਕਾਲਪਨਿਕ ਮਹਿਮਾ ਦਾ ਆਨੰਦ ਲੈਣਗੇ ਅਤੇ ਸਵੈ-ਸੰਤੁਸ਼ਟੀ ਦੀ ਝੂਠੀ ਭਾਵਨਾ ਨਾਲ ਭਰੇ ਰਹਿਣਗੇ, ਜਿਸ ਨਾਲ ਖੜੋਤ ਪੈਦਾ ਹੋਵੇਗੀ।

ਚਾਹੇ ਕੋਈ ਪਸੰਦ ਕਰੇ ਜਾਂ ਨਾ ਕਰੇ, ਮਹਾਤਮਾ ਗਾਂਧੀ ਦਾ ਨਾਂਅ ਸਦਾ ਜਿਉਂਦਾ ਰਹੇਗਾ। ਇਹ ਸੱਚ ਹੈ ਕਿ ਉਸ ਦਾ ਕਤਲ ਕੀਤਾ ਗਿਆ ਸੀ, ਜਿਸ ਸ਼ਖ਼ਸ ਨੇ ਗਾਂਧੀ ਨੂੰ ਮਾਰਿਆ, ਉਸ ਦਾ ਨਾਂਅ ਸਭ ਨੂੰ ਪਤਾ ਹੈ, ਉਸ ਦੇ ਮਨਸ਼ੇ ਪਤਾ ਹਨ ਅਤੇ ਜਿਸ ਫ਼ਲਸਫ਼ੇ ਨੇ ਉਸ ਨੂੰ ਗਾਂਧੀ ਦਾ ਕਤਲ ਕਰਨ ਲਈ ਪ੍ਰੇਰਿਤ ਕੀਤਾ, ਉਹ ਪਹਿਲਾਂ ਹੀ ਸਾਰੀ ਦੁਨੀਆ ਨੂੰ ਪਤਾ ਹੈ। ਇਸ ਨੂੰ ਭਵਿੱਖ ਦੇ ਬੱਚਿਆਂ ਤੋਂ ਲੁਕੋਣਾ ਬੇਹੱਦ ਬਚਕਾਨਾ ਹੈ। ਇਸ ਦੀ ਕੋਈ ਵੀ ਅਕਾਦਮਿਕ ਵਾਜਬੀਅਤ ਨਹੀਂ ਹੈ।

ਇਤਿਹਾਸਕ ਤੱਥਾਂ ਯਾਦਾਸ਼ਤ ਅਤੇ ਧਰਾਤਲ ਨੂੰ ਬਰਕਰਾਰ ਰੱਖਣ ਦੇ ਹੋਰ ਸਾਧਨ ਲੱਭ ਲੈਣਗੇ। ਰਮਾਇਣ ਅਤੇ ਮਹਾਂਭਾਰਤ ਦੇ ਮੁਤਵਾਜ਼ੀ ਰੂਪ ਮੌਖਿਕ ਪਰੰਪਰਾਵਾਂ ਵਿਚ ਬਚੇ ਹੋਏ ਹਨ। ਗੁਜਰਾਤ ਕਤਲੇਆਮ ਵਿਚ ਹਜ਼ਾਰਾਂ ਪਰਵਾਰ ਪ੍ਰਭਾਵਤ ਹੋਏ ਸਨ ਅਤੇ ਉਨ੍ਹਾਂ ਵਿੱਚੋਂ ਬਹੁਤੇ ਪਰਵਾਰ ਅਜੇ ਵੀ ਉੱਥੇ ਹਨ। ਇਤਿਹਾਸ ਵਿਚ ਜੋ ਇਸ ਤੱਥ ਨੂੰ ਦਬਾਇਆ ਜਾ ਰਿਹਾ ਹੈ, ਨੇੜ ਭਵਿੱਖ 'ਚ ਉਹ ਹਾਸੋਹੀਣੀ ਕਾਰਵਾਈ ਬਣ ਜਾਵੇਗਾ। ਜਦੋਂ ਇਹ ਸਰਕਾਰ ਜਾਏਗੀ ਤੇ ਕੋਈ ਹੋਰ ਸਰਕਾਰ ਆਏਗੀ ਤਾਂ ਉਹ ਸਰਕਾਰ ਇਨ੍ਹਾਂ ਤੱਥਾਂ ਨੂੰ ਮੁੜ ਸੁਰਜੀਤ ਕਰੇਗੀ। ਇਸ ਨੂੰ ਯਾਦਾਸ਼ਤ ਤੋਂ ਮਿਟਾਇਆ ਨਹੀਂ ਜਾ ਸਕਦਾ। ਜਨਤਾ ਦੀ ਯਾਦਾਸ਼ਤ ਓਨੀ ਕਮਜ਼ੋਰ ਨਹੀਂ, ਜਿੰਨੀ ਹਾਕਮ ਸਮਝ ਰਹੇ ਹਨ। ਉਹ ਚੀਜ਼ਾਂ ਨੂੰ ਬਹੁਤ ਲੰਮੇ ਸਮੇਂ ਤੱਕ ਚੇਤੇ ਰੱਖਦੇ ਹਨ, ਭਾਵੇਂ ਉਹ ਖੁੱਲ੍ਹ ਕੇ ਨਾ ਵੀ ਬੋਲਣ।

(● ਬਾਕੀ ਆਉਂਦੇ ਐਤਵਾਰਤਾ 'ਚ)

# ਬਾਲ ਕੋਨਾ




ਰਿਪੂ ਦੇਵੀ, ਨੌਵੀਂ, ਸਰਕਾਰੀ ਹਾਈ ਸਮਾਰਟ ਸਕੂਲ, ਰਜਿੰਦਰਗੜ੍ਹ, ਫ਼. ਗ. ਸ.

## ਆਵਾਜਾਈ ਦੇ ਨਿਯਮ

ਜ਼ਿੰਦਗੀ ਦੇ ਬਣਾਓ ਅਸੂਲ,
ਸੋਚਣਾ ਨਹੀਂ ਐਵੇਂ ਫਜ਼ੂਲ ,
ਚੰਗੇ ਮਾੜੇ ਨੂੰ ਤੁਸੀਂ ਪਛਾਣੋ,
ਆਵਾਜਾਈ ਦੇ ਨਿਯਮ ਜਾਣੋ।

ਲਾਲ ਬੱਤੀ ਤਾਂ ਰੁੱਕ ਜਾਓ ,
ਦੁਰਘਟਨਾ ਦਾ ਖਤਰਾ ਘਟਾਓ,
ਲਾਲ ਪੀਲੀ ਤੇ ਹਰੀ ਪਛਾਣੋ,
ਆਵਾਜਾਈ ਦੇ ਨਿਯਮ ਜਾਣੋ।

ਪੀਲੀ ਜਗੇ ਤਾਂ ਹੋ ਜਾਓ ਤਿਆਰ,
ਰਹਿਣਾ ਹਰਦਮ ਤੁਸੀਂ ਹੁਸ਼ਿਆਰ,
ਅਨੰਦ ਸੜਕ 'ਤੇ ਸਫਰ ਦਾ ਮਾਣੋ,
ਆਵਾਜਾਈ ਦੇ ਨਿਯਮ ਜਾਣੋ।

ਹਰੀ ਹੋਵੇ ਤਾਂ ਚੱਲੋ ਬੱਚਿਓ,
ਮੰਜ਼ਲ ਲਈ ਕਿੱਲੀ ਨੱਪੋ ਬੱਚਿਓ,
ਬੱਚਿਓ! ਸਮੇਂ ਦੀ ਨਬਜ਼ ਪਛਾਣੋ,
ਆਵਾਜਾਈ ਦੇ ਨਿਯਮ ਜਾਣੋ।

ਸਪੀਡ ਬਰੇਕਰ ਦਾ ਰੱਖੋ ਖਿਆਲ,
ਇਸ ਤੋਂ ਲੰਘਣਾ ਹੌਲੀ ਨਾਲ,
ਕਹੇ 'ਬਾਸਰਕੇ' ਜਵਾਨੀਆਂ ਮਾਣੋ,
ਆਵਾਜਾਈ ਦੇ ਨਿਯਮ ਜਾਣੋ।

— ਮਨਮੋਹਨ ਸਿੰਘ ਬਾਸਰਕੇ






ਐਮਰੀਨ ਕੌਰ ਅਟਵਾਲ, ਦੂਜੀ, ਗੁਰੂ ਨਾਨਕ ਮਿਸ਼ਨ ਸੈਕੰਡਰੀ ਸਕੂਲ, ਡੱਲਾ (ਭੋਗਪੁਰ)




ਸਤਵੀਰ ਕੌਰ, ਦੂਜੀ, ਸੈਕਰਟ ਹਾਰਟ ਸਕੂਲ ਭੈਰੋਂਪੁਰ, ਫ਼. ਗ. ਸ.